ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 190| 27 August to 2 September, 2025 | Ph.: (510) 240-5949 | Email: asrtimes@gmail.com

# ਪੰਜਾਬ ਦਾ ਅਸਲੀ 'ਵਾਰਸ' ਕੌਣ?

## ਅਕਾਲੀ ਦਲ-ਕਾਂਗਰਸ ਦੇ ਸਿਆਸੀ ਚੱਕਰ ਤੋਂ ਬਾਅਦ ਤੀਜੇ ਸਿਆਸੀ ਬਦਲ ਤੋਂ ਵੀ ਨਾਉਮੀਦ ਹੋਏ ਪੰਜਾਬੀ

### ਮੌਸਮ ਵਾਂਗੂੰ ਬਦਲ ਜਾਂਦੀਆਂ ਨੇ ਸਰਕਾਰਾਂ, ਰੁੱਖਾਂ ਵਾਂਗੂੰ ਖੜੇ ਰਹਿੰਦੇ ਨੇ ਪੰਜਾਬੀਆਂ ਦੇ ਮਸਲੇ

**ਜਗਮੋਹਨ ਸਿੰਘ 'ਲੱਕੀ'**



ਪੰਜਾਬੀਆਂ ਦੀ ਯਾਦਦਾਸ਼ਤ ਬਹੁਤ ਤੇਜ਼ ਹੁੰਦੀ ਹੈ। ਇਹ ਹਰ ਤਰ੍ਹਾਂ ਦੀਆਂ ਚੋਣਾਂ ਵੇਲੇ ਚੰਗੀ ਤਰ੍ਹਾਂ ਯਾਦ ਰੱਖਦੇ ਹਨ ਕਿ ਪਿਛਲੀਆਂ ਚੋਣਾਂ 'ਚ ਕਿਹੜੀ ਸਿਆਸੀ ਪਾਰਟੀ ਨੇ ਪੰਜਾਬੀਆਂ ਨਾਲ ਕਿਹੜੇ ਵਾਅਦੇ ਕੀਤੇ ਸਨ ਅਤੇ ਸੱਤਾਪ੍ਰਾਪਤੀ ਤੋਂ ਬਾਅਦ ਸੱਤਾਧਾਰੀ ਧਿਰ ਨੇ ਉਹਨਾਂ ਵਾਅਦਿਆਂ ਨੂੰ ਕਿੰਨਾ ਕੁ ਪੂਰਾ ਕੀਤਾ ਹੈ। ਇਹੋ ਕਾਰਨ ਹੈ ਕਿ ਪੰਜਾਬ ਵਿੱਚ ਅਕਸਰ ਪੰਜ ਸਾਲਾਂ ਬਾਅਦ ਸਰਕਾਰ ਬਦਲ ਜਾਂਦੀ ਹੈ। ਭਾਵੇਂਕਿ ਅਕਾਲੀ ਦਲ ਪੰਜਾਬ ਵਿੱਚ ਲਗਾਤਾਰ ਦਸ ਸਾਲ ਰਾਜ ਭਾਗ ਦਾ ਸੁੱਖ ਮਾਣਦਾ ਰਿਹਾ ਹੈ, ਪਰ ਅਗਲੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬੀ ਕਿਸ ਪਾਰਟੀ ਨੂੰ ਹੁੰਗਾਰਾ ਭਰਦੇ ਹਨ, ਇਹ ਵੀ ਵੇਖਣ ਵਾਲੀ ਗੱਲ ਹੋਵੇਗੀ। ਪੰਜਾਬੀਆਂ ਨੇ ਅਗਲੀਆਂ ਚੋਣਾਂ ਤੋਂ ਪਹਿਲਾਂ ਹੁਣੇ ਹੀ ਸਾਰੀਆਂ ਸਿਆਸੀ ਪਾਰਟੀਆਂ ਦੀ ਕਾਰਗੁਜਾਰੀ ਪਰਖਣੀ ਸ਼ੁਰੂ ਕਰ ਦਿੱਤੀ ਹੈ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਦਮ ਭਰਨ ਵਾਲੀਆਂ ਸਿਆਸੀ ਪਾਰਟੀਆਂ ਦੀ ਭਰਮਾਰ ਹੋਣ ਦੇ ਬਾਵਜੂਦ ਕੋਈ ਵੀ ਸਿਆਸੀ ਪਾਰਟੀ ਪੰਜਾਬ ਦੀ ਸੱਤਾ ਸੰਭਾਲਣ ਤੋਂ ਬਾਅਦ ਵੀ ਅਜੇ ਤੱਕ ਪੰਜਾਬ ਦੇ ਮੁੱਖ ਮਸਲੇ ਹੱਲ ਨਹੀਂ ਕਰ ਸਕੀ। ਪੰਜਾਬੀਆਂ ਨੇ ਪਹਿਲਾਂ ਲਗਾਤਾਰ ਕਈ ਸਾਲ ਵਾਰੋ ਵਾਰੀ ਅਕਾਲੀ ਦਲ ਅਤੇ ਕਾਂਗਰਸ ਦਾ ਰਾਜ ਭਾਗ ਵੇਖਿਆ ਹੈ, ਕਣਕ-ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਵਾਂਗ ਇਹਨਾਂ ਦੋਵਾਂ ਪਾਰਟੀਆਂ ਦੇ ਸਿਆਸੀ ਚੱਕਰ ਤੋਂ ਅੱਕੇ ਪੰਜਾਬੀਆਂ ਨੇ ਆਮ ਆਦਮੀ ਪਾਰਟੀ ਦੇ ਰੂਪ ਵਿੱਚ ਤੀਜਾ ਸਿਆਸੀ ਬਦਲ ਪੰਜਾਬ ਵਿੱਚ ਲਿਆਂਦਾ ਪਰ 'ਆਪ' ਸਰਕਾਰ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਤੋਂ ਵੀ ਪੰਜਾਬ ਦੇ ਵੱਡੀ ਗਿਣਤੀ ਲੋਕ ਨਿਰਾਸ਼ ਹਨ ਅਤੇ ਇਸ ਤੀਜੇ ਸਿਆਸੀ ਬਦਲ ਤੋਂ ਵੀ ਪੰਜਾਬੀ ਹੁਣ ਨਾਉਮੀਦ ਹੋ ਚੱਲੇ ਹਨ। ਵੱਡੀ ਗਿਣਤੀ ਪੰਜਾਬੀਆਂ ਨੂੰ ਹੁਣ ਸਮਝ ਨਹੀਂ ਲੱਗ ਰਹੀ ਕਿ ਉਹ ਆਪਣੇ ਦੁੱਖ ਦਰਦ ਕਿਸ ਨੂੰ ਦੱਸਣ ਅਤੇ ਕਿਸ ਅੱਗੇ








ਆਪਣੀ ਫ਼ਰਿਆਦ ਲੈ ਕੇ ਜਾਣ। ਅਜਿਹੇ ਸਮੇਂ ਪੰਜਾਬੀਆਂ ਨੂੰ ਇੱਕ ਅਜਿਹੀ ਮਜ਼ਬੂਤ ਖੇਤਰੀ ਪਾਰਟੀ ਦੀ ਲੋੜ ਮਹਿਸੂਸ ਹੋ ਰਹੀ ਹੈ, ਜੋ ਕਿ ਪੰਜਾਬੀਆਂ ਦੀ ਬਾਂਹ ਫੜੇ ਅਤੇ ਪੰਜਾਬ ਨੂੰ ਮੁੜ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਉਪਰਾਲੇ ਕਰੇ। ਪੰਜਾਬ ਵਿੱਚ ਬਦਲਦੇ ਮੌਸਮ ਵਾਂਗੂੰ ਸਰਕਾਰਾਂ ਤਾਂ ਸਮੇਂ ਸਮੇਂ 'ਤੇ ਬਦਲ ਜਾਂਦੀਆਂ ਹਨ ਪਰ ਪੰਜਾਬੀਆਂ ਦੇ ਮਸਲੇ ਵਿਸ਼ਾਲ ਰੁੱਖਾਂ ਵਾਂਗ ਉਸੇ ਤਰ੍ਹਾਂ ਖੜੇ ਰਹਿੰਦੇ ਹਨ। ਇਹਨਾਂ ਮਸਲਿਆਂ ਦੇ ਹੱਲ ਹੋਣ ਦੀ ਉਡੀਕ ਵਿੱਚ ਖੁਦ ਵੱਡੀ ਗਿਣਤੀ ਪੰਜਾਬੀ ਵੀ ਇੱਕ ਤਰ੍ਹਾਂ ਦੇ ਰੁੱਖ ਹੀ ਬਣਦੇ ਜਾ ਰਹੇ ਹਨ, ਜੋ ਕਿ ਇਨਸਾਫ਼ ਮਿਲਣ ਦੀ ਉਡੀਕ ਵਿੱਚ ਰੁੱਖਾਂ ਵਾਂਗ ਹੀ ਸੁੱਕਦੇ ਜਾ ਰਹੇ ਹਨ।

ਅਜੇ ਸਾਢੇ ਕੁ ਤਿੰਨ ਸਾਲ ਪਹਿਲਾਂ ਦੀ ਗੱਲ ਹੈ। ਜਦੋਂ ਪੰਜਾਬੀਆਂ ਨੇ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਭਰਪੂਰ ਹੁੰਗਾਰਾ ਭਰਿਆ ਸੀ ਅਤੇ ਇਸ ਪਾਰਟੀ ਨੇ ਚੋਣਾਂ ਵਿੱਚ ਬਹੁਮਤ ਪ੍ਰਾਪਤ ਕਰਕੇ ਪੰਜਾਬ ਵਿੱਚ ਆਪਣੀ ਸਰਕਾਰ ਬਣਾ ਲਈ ਸੀ। ਇਸ ਸਰਕਾਰ ਤੋਂ ਪੰਜਾਬੀਆਂ ਨੂੰ ਬਹੁਤ ਆਸਾਂ ਸਨ ਪਰ ਦੁੱਖ ਦੀ ਗੱਲ ਇਹ ਹੈ ਕਿ ਇਸ ਸਰਕਾਰ ਵੱਲੋਂ ਅਨੇਕਾਂ ਦਾਅਵੇ ਕਰਨ ਦੇ ਬਾਵਜੂਦ ਪੰਜਾਬ ਦੇ ਕਈ ਵੱਡੇ ਮਸਲੇ ਅਜੇ ਵੀ ਪਹਿਲਾਂ ਵਾਂਗ ਖੜੇ ਹਨ। ਇਹ ਠੀਕ ਹੈ ਕਿ ਇਸ ਸਾਲ ਦੇ ਕਾਰਜਕਾਲ ਦੌਰਾਨ ਪੰਜਾਬ ਵਿੱਚ ਜਿੰਨੀਆਂ ਵੀ ਜ਼ਿਮਨੀ ਚੋਣਾਂ ਹੋਈਆਂ, ਉਹਨਾਂ ਵਿੱਚ 'ਬਰਨਾਲਾ' ਨੂੰ ਛੱਡ ਕੇ ਬਾਕੀ ਸਭ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਹੀ ਜਿੱਤ ਹੋਈ। ਇਹ ਪਾਰਟੀ ਪਿਛਲੇ ਦਿਨਾਂ ਦੌਰਾਨ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵੀ ਜਿੱਤ ਚੁੱਕੀ ਹੈ। ਪੰਜਾਬ ਦੇ ਵੱਡੀ ਗਿਣਤੀ ਲੋਕ ਪੰਜਾਬ ਦੀ 'ਆਪ' ਸਰਕਾਰ ਵਿੱਚ ਦਿੱਲੀ ਵਾਲਿਆਂ ਦੀ



ਦਖ਼ਲ-ਅੰਦਾਜ਼ੀ ਨੂੰ ਚੰਗਾ ਨਹੀਂ ਸਮਝ ਰਹੇ। ਉਂਝ ਵੀ ਦਿੱਲੀ ਅਤੇ ਪੰਜਾਬ ਦਾ ਵੈਰ ਤਾਂ ਸਦੀਆਂ ਪੁਰਾਣਾ ਹੈ। ਲੈਂਡ ਪੂਲਿੰਗ ਸਕੀਮ ਕਾਰਨ ਇਹ ਸਰਕਾਰ ਪਹਿਲਾਂ ਹੀ ਪੰਜਾਬ ਦੇ ਕਿਸਾਨਾਂ ਦਾ ਵੱਡਾ ਵਿਰੋਧ ਝੱਲ ਚੁੱਕੀ ਹੈ। ਆਮ ਪੰਜਾਬੀ ਇਹ ਸੋਚ ਰਹੇ ਹਨ ਕਿ ਉਹਨਾਂ ਨੂੰ ਇਸ ਪਾਰਟੀ ਤੋਂ ਜੋ ਉਮੀਦਾਂ ਸਨ, ਉਹ ਅਜੇ ਤੱਕ ਪੂਰੀਆਂ ਨਹੀਂ ਹੋਈਆਂ। ਪੰਜਾਬ ਦੀ ਸਿਆਸਤ ਦੀ ਗੱਲ ਅਕਾਲੀ ਦਲ ਤੋਂ ਬਿਨਾਂ ਅਧੂਰੀ ਹੈ। ਸਿੱਖ ਪੰਥ ਦੀ ਆਨ, ਬਾਨ ਅਤੇ ਸ਼ਾਨ ਰਹੇ ਸ਼੍ਰੋਮਣੀ ਅਕਾਲੀ ਦਲ ਦੀ ਵੱਖ- ਵੱਖ ਧੜਿਆਂ 'ਚ ਹੋਈ ਵੰਡ ਨੇ ਪੰਥਕ ਸਿਆਸਤ ਅੱਗੇ ਵੱਡੇ ਸਵਾਲ ਖੜੇ ਕਰ ਦਿੱਤੇ ਹਨ। ਟੁਕੜੇ-ਟੁਕੜੇ ਹੋਈ ਅਕਾਲੀ ਸਿਆਸਤ ਹਰ ਦਿਨ ਮਿਹਣੋ ਮਿਹਣੀ ਹੋ ਰਹੀ ਹੈ, ਜਿਸ ਕਾਰਨ ਪੰਥਕ ਸ਼ਕਤੀ ਨੂੰ ਖੋਰਾ ਲੱਗਦਾ ਜਾ ਰਿਹਾ ਹੈ। ਅਕਾਲੀ ਦਲ ਦੀ ਅੰਦਰੂਨੀ ਫੁੱਟ ਦਾ ਫਾਇਦਾ ਹਮੇਸ਼ਾ ਦੀ ਤਰ੍ਹਾਂ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਚੁੱਕਿਆ ਜਾ ਰਿਹਾ ਹੈ, ਜਿਸ ਕਾਰਨ ਸਿੱਖਾਂ ਦੇ ਅਹਿਮ ਮਸਲੇ ਪਹਿਲਾਂ ਦੀ ਤਰ੍ਹਾਂ ਲਮਕ ਰਹੇ ਹਨ। ਵੱਖ- ਵੱਖ ਧੜਿਆਂ ਵੱਲੋਂ ਆਪਣੇ ਆਪ ਨੂੰ ਅਸਲੀ ਸ਼੍ਰੋਮਣੀ ਅਕਾਲੀ ਦਲ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਆਮ ਸਿੱਖ ਇਸ ਸਮੇਂ ਵੱਡੀ ਦੁਚਿੱਤੀ ਵਿੱਚ ਹਨ, ਉਹਨਾਂ ਨੂੰ ਸਮਝ ਨਹੀਂ ਆ ਰਹੀ ਕਿ ਸਾਰੇ ਅਕਾਲੀ ਧੜਿਆਂ ਵਿਚੋਂ ਕਿਹੜਾ ਅਸਲੀ ਅਕਾਲੀ ਦਲ ਹੈ। ਅਕਾਲੀ ਆਗੂਆਂ ਦੀ ਆਪਸੀ ਧੜੇਬੰਦੀ ਹੀ ਇਸ ਪਾਰਟੀ ਦੇ ਨਿਘਾਰ ਦਾ ਮੁੱਖ ਕਾਰਨ ਹੈ, ਜਿਸ ਕਾਰਨ ਇਹ ਪਾਰਟੀ ਸੱਤਾ ਤੋਂ ਅਜੇ ਬਹੁਤ ਦੂਰ ਹੈ। ਸਮੇਂ ਸਮੇਂ 'ਤੇ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਵੱਲ ਆਸ ਭਰੀਆਂ ਨਜ਼ਰਾਂ ਨਾਲ ਵੇਖਦੇ ਹਨ ਪਰ ਆਪਸੀ ਖਿੱਚੋਤਾਣ ਵਿੱਚ ਉਲਝੇ ਅਕਾਲੀ ਆਗੂਆਂ ਕੋਲ ਪੰਜਾਬੀਆਂ ਦੀ ਗੱਲ ਸੁਣਨ ਦਾ ਸਮਾਂ ਹੀ ਨਹੀਂ ਹੈ। ਪੰਥ ਦੀ ਵੱਡੀ 'ਸ਼ਕਤੀ' ਬਣਨ ਦੀ ਥਾਂ ਅਕਾਲੀ ਦਲ ਖੁਦ ਹੀ ਇਸ ਸਮੇਂ ਖੇਰੂੰ ਖੇਰੂੰ ਹੋਇਆ ਪਿਆ ਹੈ। ਸਿੱਖ ਵਿਰੋਧੀ ਹੋਣ ਦਾ ਠੱਪਾ ਲੱਗਣ ਦੇ ਬਾਵਜੂਦ ਕਾਂਗਰਸ ਪਾਰਟੀ ਪੰਜਾਬ ਵਿੱਚ ਅਨੇਕਾਂ ਵਾਰ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੀ ਹੈ। ਇਸ ਸਮੇਂ ਵੀ ਕਾਂਗਰਸ ਪਾਰਟੀ ਪੰਜਾਬ ਵਿੱਚ ਪੂਰੀ ਤਰ੍ਹਾਂ ਸਰਗਰਮ ਹਨ। ਇਸ ਦੇ ਨਾਲ ਹੀ ਇਸ ਪਾਰਟੀ ਦੀ ਅੰਦਰੂਨੀ ਫੁੱਟ ਵੀ ਜਨਤਕ ਹੋ ਚੁੱਕੀ ਹੈ। ਪੰਜਾਬ ਕਾਂਗਰਸ ਦੇ ਕਈ ਆਗੂ ਆਪਣੇ ਆਪ ਨੂੰ ਪੰਜਾਬ ਦੇ ਅਗਲੇ ਮੁੱਖ ਮੰਤਰੀ ਦਾ ਉਮੀਦਵਾਰ ਹੋਣ ਦਾ ਭਰਮ ਪਾਲੀ ਬੈਠੇ ਹਨ। ਇਸ ਪਾਰਟੀ ਦੇ ਕਈ ਆਗੂ ਪੰਜਾਬੀਆਂ ਦੇ ਮਸਲਿਆਂ ਪ੍ਰਤੀ ਸੰਜੀਦਗੀ ਨਾਲ ਆਵਾਜ਼ ਉਠਾਉਣ ਦੀ ਥਾਂ ਇੱਕ ਦੂਜੇ ਨੂੰ ਠਿੱਬੀ ਲਾਉਣ ਅਤੇ ਪੰਜਾਬ ਦੀ 'ਆਪ' ਸਰਕਾਰ ਦੀ

(ਬਾਕੀ ਸਫ਼ਾ 30 'ਤੇ)

### ਪੰਜਾਬੀ ਖ਼ੁਦ ਬਣਦੇ ਨੇ ਆਪਣੇ 'ਵਾਰਸ'

ਪੰਜਾਬੀਆਂ ਨੂੰ ਇਹ ਮਾਣ ਜਾਂਦਾ ਹੈ ਕਿ ਕਿਸੇ ਵੀ ਔਕੜ ਵੇਲੇ ਇਹ ਸਰਕਾਰ ਜਾਂ ਕਿਸੇ ਹੋਰ ਵੱਲ ਸਹਾਇਤਾ ਲਈ ਨਹੀਂ ਵੇਖਦੇ ਸਗੋਂ ਆਪਣੇ 'ਵਾਰਸ' ਖੁਦ ਬਣਦੇ ਹਨ ਅਤੇ ਇੱਕ ਦੂਜੇ ਦੀ ਸਹਾਇਤਾ ਲਈ ਅੱਗੇ ਆਉਂਦੇ ਹਨ। ਪੰਜਾਬ ਦੇ ਅਸਲੀ 'ਵਾਰਸ' ਤਾਂ ਖੁਦ 'ਪੰਜਾਬੀ' ਹਨ, ਜੋ ਕਿ ਵੱਖ- ਵੱਖ ਧਰਮਾਂ, ਜਾਤਾਂ, ਗੋਤਾਂ ਤੇ ਵਰਗਾਂ ਵਿੱਚ ਵੰਡੇ ਹੋਣ ਦੇ ਬਾਵਜੂਦ ਏਕਤਾ ਦੇ ਇੱਕ ਸੂਤਰ ਵਿੱਚ ਬੱਝੇ ਹੋਏ ਹਨ। ਰੁੱਤ ਬਦਲਣ ਦੇ ਨਾਲ ਖੇਤਾਂ 'ਚ ਫਸਲ ਤਬਦੀਲੀ ਦੇ ਨਾਲ ਪੰਜਾਬੀ ਸਿਆਸਤ 'ਚ ਵੀ ਵੱਡਾ ਬਦਲਾਓ ਲਿਆ ਦਿੰਦੇ ਹਨ।

# ‘ਗ਼ੈਰ ਕਾਨੂੰਨੀ ਪਰਵਾਸ’ ਨੂੰ ਕਦੋਂ ਪਵੇਗੀ ਠੱਲ੍ਹ?

## ਵੇਖੋ ਖਾਂ ਉਹ ਮਾਪੇ, ਜਿਨ੍ਹਾਂ ਦੇ ਧੀਆਂ-ਪੁੱਤਰ ‘ਡੌਂਕੀ’ ਲਗਾਉਂਦਿਆਂ ਹਮੇਸ਼ਾ ਲਈ ਗੁੰਮ ਹੋ ਗਏ



## ਟਰੰਪ ਦੀ ਸਖ਼ਤੀ ਤੋਂ ਬਾਅਦ ਅਮਰੀਕਾ ਦੀ ‘ਡੌਂਕੀ’ ਲਗਾਉਣ ਵਾਲਿਆਂ ਦੀ ਗਿਣਤੀ ਘਟੀ

**ਅੰਮ੍ਰਿਤਸਰ ਟਾਈਮਜ਼**

**ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗ਼ੈਰ ਕਾਨੂੰਨੀ ਪਰਵਾਸ ਨੂੰ ਰੋਕਣ ਲਈ ਸਖ਼ਤ ਕਾਨੂੰਨ ਲਾਗੂ ਕਰ ਦਿੱਤੇ ਹਨ, ਜਿਸ ਕਾਰਨ ਅਮਰੀਕਾ ਦੀ ‘ਡੌਂਕੀ’ ਲਗਾਉਣ ਵਾਲਿਆਂ ਦੀ ਗਿਣਤੀ ਤਾਂ ਘੱਟ ਗਈ ਹੈ ਪਰ ਇਸ ਦੇ ਬਾਵਜੂਦ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਸਮੇਤ ਹੋਰ ਮੁਲਕਾਂ ਨੂੰ ਗ਼ੈਰ ਕਾਨੂੰਨੀ ਪਰਵਾਸ ਅਜੇ ਵੀ ਚੋਰੀ ਛਿਪੇ ਹੋ ਰਿਹਾ ਹੈ। ਅਸਲ ਵਿੱਚ ਵਿਦੇਸ਼ਾਂ ਦੇ ਸਖ਼ਤ ਕਾਨੂੰਨ ਵੀ ਪੰਜਾਬੀਆਂ ਦੇ ਗ਼ੈਰ ਕਾਨੂੰਨੀ ਪਰਵਾਸ ਨੂੰ ਰੋਕਣ ਵਿੱਚ ਅਸਮਰਥ ਹਨ। ਪੰਜਾਬੀ ਤਾਂ ਹਵਾਈ ਜਹਾਜ਼ ਦੇ ਟਾਇਰਾਂ ’ਚ ਬੈਠ ਕੇ ਵੀ ਵਿਦੇਸ਼ ਜਾਣ ਦਾ ਯਤਨ ਕਰਦੇ ਹਨ। ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਦਾਅਵਾ ਕਰਨ ਵਾਲੀ ਮੌਜੂਦਾ ਪੰਜਾਬ ਸਰਕਾਰ ਵੀ ਪੰਜਾਬੀਆਂ ਦੇ ਪਰਵਾਸ ਅਤੇ ਗ਼ੈਰ ਕਾਨੂੰਨੀ ਪਰਵਾਸ ਨੂੰ ਅਜੇ ਤੱਕ ਠੱਲ੍ਹ ਨਹੀਂ ਪਾ ਸਕੀ। ਹੁਣ ਉਹਨਾਂ ਮਾਪਿਆਂ ਬਾਰੇ ਕੀ ਲਿਖਾਂ?, ਜਿਨ੍ਹਾਂ ਦੇ ਨੌਜਵਾਨ ਧੀਆਂ-ਪੁੱਤਰ ਵਿਦੇਸ਼ ਜਾਣ ਦੀ ਇੱਛਾ ਵਿੱਚ ‘ਡੌਂਕੀ’ ਲਗਾਉਂਦਿਆਂ ਵਿਦੇਸ਼ੀ ਜੰਗਲਾਂ ਦੇ ਖ਼ਤਰਨਾਕ ਰਸਤਿਆਂ ਵਿੱਚ ਸਦਾ ਲਈ ਗੁੰਮ ਹੋ ਗਏ। ਅਜਿਹੇ ਮਾਪੇ ਗੁੰਮ ਸੁੰਮ ਹੋਏ ਉਸ ਸਮੇਂ ਨੂੰ ਕੋਸਦੇ ਹਨ, ਜਦੋਂ ਉਹਨਾਂ ਦੇ ਧੀਆਂ ਪੁੱਤਰਾਂ ਨੇ ਵਿਦੇਸ਼ ਜਾਣ ਲਈ ਆਪਣੇ ਜੱਦੀ ਘਰਾਂ ਨੂੰ ਅਲਵਿਦਾ ਕਿਹਾ ਸੀ।**







ਅਮਰੀਕਾ ’ਚ ਪਿਛਲੇ ਦਿਨੀਂ ਇੱਕ ਪੰਜਾਬੀ ਡਰਾਈਵਰ ਵੱਲੋਂ ਟਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਦਿਆਂ ਟਰੱਕ ਗਲਤ ਦਿਸ਼ਾ ’ਚ ਮੋੜ ਦੇਣ ਕਾਰਨ ਵਾਪਰੇ ਹਾਦਸੇ ’ਚ ਤਿੰਨ ਵਿਅਕਤੀਆਂ ਦੀ ਮੌਕੇ ’ਤੇ ਹੀ ਮੌਤ ਹੋ ਜਾਣ ਤੋਂ ਬਾਅਦ ਸਬੰਧਿਤ ਪੰਜਾਬੀ ਡਰਾਇਵਰ ਨੂੰ ਅਮਰੀਕਾ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ। ਕਿਹਾ ਜਾ ਰਿਹਾ ਹੈ ਕਿ ਇਹ ਪੰਜਾਬੀ ਨੌਜਵਾਨ ਕੁਝ ਸਮਾਂ ਪਹਿਲਾਂ ਪੰਜਾਬ ਤੋਂ ‘ਡੌਂਕੀ’ ਲਗਾ ਕੇ ਅਮਰੀਕਾ ਗਿਆ ਸੀ। ਇਸ ਘਟਨਾ ਤੋਂ ਬਾਅਦ ਪੰਜਾਬੀਆਂ ਦੇ ਅਮਰੀਕਾ ਵੱਲ ਪਰਵਾਸ ਅਤੇ ਗ਼ੈਰ ਕਾਨੂੰਨੀ ਪਰਵਾਸ (‘ਡੌਂਕੀ’ ਲਗਾਉਣ) ਦਾ ਮੁੱਦਾ ਇੱਕ ਵਾਰ ਫੇਰ ਉਭਰ ਕੇ ਸਾਹਮਣੇ ਆ ਗਿਆ ਹੈ। ਅਸਲ ’ਚ ਪਰਵਾਸ ਅਤੇ ਗ਼ੈਰ ਕਾਨੂੰਨੀ ਪਰਵਾਸ ਇੱਕੋ ਸਿੱਕੇ ਦੇ ਦੋ ਪਾਸੇ ਹਨ। ਜਿੱਥੇ ਵੱਡੀ ਗਿਣਤੀ ਪੰਜਾਬੀ ਜਾਇਜ਼ ਤਰੀਕਿਆਂ ਨਾਲ ਪਰਵਾਸ ਕਰਕੇ ਪੰਜਾਬ ਨੂੰ ਛੱਡ ਕੇ ਵਿਦੇਸ਼ਾਂ ’ਚ ਜਾ ਰਹੇ ਹਨ, ਉਥੇ ਵੱਡੀ ਗਿਣਤੀ ਪੰਜਾਬੀ ਗ਼ੈਰ ਕਾਨੂੰਨੀ ਪਰਵਾਸ ਕਰਨ ਲਈ ਵੀ ਮਜਬੂਰ ਹਨ। ਯੂ.ਐਨ.ਓ. ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਵਿਚੋਂ ਹਰ ਸਾਲ 20 ਹਜ਼ਾਰ ਤੋਂ ਵੱਧ ਵਿਅਕਤੀ ਯੂਰਪੀ ਮੁਲਕਾਂ ਨੂੰ ਗ਼ੈਰ ਕਾਨੂੰਨੀ ਤਰੀਕਿਆਂ ਨਾਲ ਪਰਵਾਸ ਕਰਨ ਲਈ ਤਿਆਰ ਰਹਿੰਦੇ ਹਨ। ਪੰਜਾਬ ਵਿਚੋਂ ਗ਼ੈਰ ਕਾਨੂੰਨੀ ਪਰਵਾਸ ਰੋਕਣ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਨੌਕਰੀ ਲਈ ਨਿਪੁੰਨ ਬਣਾਉਣ ਦੇ ਮਾਮਲੇ ਵਿੱਚ ਸੂਬੇ ਦੀ ਕਾਰਗੁਜ਼ਾਰੀ ਅਜੇ ਫਿੱਕੀ ਨਜ਼ਰ ਆ ਰਹੀ ਹੈ। ਪੰਜਾਬ ਸਰਕਾਰ ਨੇ ਕਾਗ਼ਜ਼ਾਂ ਦਾ ‘ਢਿੱਡ’ ਭਰਨ ਲਈ ਤਾਂ ਕਾਫ਼ੀ ਭੱਜ-ਨੱਠ ਕੀਤੀ ਹੈ ਪਰ ਇਸ ਨੂੰ ਅਮਲੀ ਜਾਮਾ ਪਹਿਨਾਏ ਜਾਣ ਦੀ ਲੋੜ ਹੈ, ਨਹੀਂ ਤਾਂ ਗ਼ੈਰ ਕਾਨੂੰਨੀ ਪਰਵਾਸ ਹੋਰ ਪਤਾ ਨਹੀਂ ਕਿੰਨੀਆਂ ਮਾਵਾਂ ਦੀਆਂ ਕੁੱਖਾਂ ਸੁੰਨੀਆਂ ਕਰ ਦੇਵੇ। ਇੱਕ ਰਿਪੋਰਟ ਮੁਤਾਬਕ ਪਿਛਲੇ 20 ਸਾਲਾਂ ਦੌਰਾਨ ਮਨੁੱਖੀ ਤਸਕਰੀ ਕਰਨ ਵਾਲੇ (**ਬਾਕੀ ਸਫ਼ਾ 30 ’ਤੇ**)

## ਅਮਰੀਕਾ ’ਚ 7.25 ਲੱਖ ਗ਼ੈਰ ਕਾਨੂੰਨੀ ਭਾਰਤੀ

ਅਮਰੀਕਾ ’ਚ ਭਾਰਤੀਆਂ ਦੇ ਵੱਡੀ ਗਿਣਤੀ ’ਚ ਨਾਜਾਇਜ਼ ਤੌਰ ’ਤੇ ਰਹਿਣ ਦਾ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ। ਅਮਰੀਕਾ ’ਚ ਨਾਜਾਇਜ਼ ਤੌਰ ’ਤੇ ਰਹਿ ਰਹੇ ਪਰਵਾਸੀਆਂ ਦੀ ਤੀਜੀ ਸਭ ਤੋਂ ਵੱਡੀ ਆਬਾਦੀ ਭਾਰਤੀਆਂ ਦੀ ਹੈ। ਮੌਜੂਦਾ ਸਮੇਂ ’ਚ ਕਰੀਬ 7.25 ਲੱਖ ਭਾਰਤੀ ਅਮਰੀਕਾ ਦੇ ਵੱਖ- ਵੱਖ ਸੂਬਿਆਂ ’ਚ ਨਾਜਾਇਜ਼ ਤੌਰ ’ਤੇ ਰਹਿ ਰਹੇ ਹਨ। ਅਮਰੀਕਾ ’ਚ ਨਾਜਾਇਜ਼ ਤੌਰ ’ਤੇ ਰਹਿਣ ਵਾਲਿਆਂ ’ਚ ਮੈਕਸੀਕੋ ਤੇ ਅਲ ਸਲਵਾਡੋਰ ਦੇ ਲੋਕ ਕ੍ਰਮਵਾਰ ਪਹਿਲੇ ਤੇ ਦੂਜੇ ਨੰਬਰ ’ਤੇ ਹਨ।

## ਅਮਰੀਕਾ ਹੁਣ ਨਹੀਂ ਦੇਵੇਗਾ ਪਰਵਾਸੀ ਟਰੱਕ ਡਰਾਇਵਰਾਂ ਨੂੰ ‘ਵਰਕ ਵੀਜ਼ਾ’

ਅਮਰੀਕਾ ਸਰਕਾਰ ਹੁਣ ਸੜਕ ਸੁਰੱਖਿਆ ਅਤੇ ਭਾਸ਼ਾ ਸਮਰੱਥਾ (ਅੰਗਰੇਜ਼ੀ ਪੜ੍ਹਨ-ਸਮਝਣ ਦੀ ਸਮਰੱਥਾ) ਨੂੰ ਪਹਿਲ ਦੇ ਰਹੀ ਹੈ। ਅਧਿਕਾਰੀਆਂ ਮੁਤਾਬਿਕ ਇਹੀ ਕਾਰਕ ਸੜਕ ਹਾਦਸੇ ਰੋਕਣ ਲਈ ਅਹਿਮ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਵਿੱਚ ਮੌਜੂਦਾ ਸਮੇਂ 60 ਹਜ਼ਾਰ ਤੋਂ ਵੱਧ ਟਰੱਕ ਡਰਾਈਵਰਾਂ ਦੀ ਕਮੀ ਹੈ। ਇਸ ਦੇ ਬਾਵਜੂਦ ਅਮਰੀਕੀ ਸਰਕਾਰ ਨੇ ਵਪਾਰਕ ਟਰੱਕ ਡਰਾਈਵਰਾਂ ਨੂੰ ਦਿੱਤੇ ਜਾਣ ਵਾਲੇ ਵਰਕ ਵੀਜ਼ਾ ’ਤੇ ਤੁਰੰਤ ਪ੍ਰਭਾਵ ਨਾਲ ਰੋਕ ਲਗਾਉਣ ਦਾ ਫ਼ੈਸਲਾ ਲਿਆ ਹੈ। ਇਸ ਫ਼ੈਸਲੇ ਦਾ ਅਸਰ ਭਾਰਤ ਸਣੇ ਕਈ ਦੇਸ਼ਾਂ ਦੇ ਉਨ੍ਹਾਂ ਚਾਲਕਾਂ ’ਤੇ ਪਵੇਗਾ, ਜੋ ਅਮਰੀਕੀ ਟਰਾਂਸਪੋਰਟ ਸੈਕਟਰ ’ਚ ਕੰਮ ਕਰਨ ਦੀ ਉਮੀਦ ’ਚ ਬੈਠੇ ਸਨ।

ਜ਼ਿਕਰਯੋਗ ਹੈ ਕਿ ਕੁੱਝ ਦਿਨ ਪਹਿਲਾਂ ਇੱਕ ਪੰਜਾਬੀ ਡਰਾਈਵਰ ਨੇ ਟਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਦਿਆਂ ਟਰੱਕ ਗਲਤ ਦਿਸ਼ਾ ’ਚ ਮੋੜ ਦਿੱਤਾ ਸੀ, ਜਿਸ ਕਾਰਨ ਇੱਕ ਕਾਰ ’ਚ ਸਵਾਰ ਤਿੰਨ ਜਣੇ ਦਰੜੇ ਗਏ ਅਤੇ ਉਨ੍ਹਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। ਅਮਰੀਕੀ ਸਰਕਾਰ ਦਾ ਫ਼ੈਸਲਾ ਹੁਣ ਇਸ ਘਟਨਾ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਅਮਰੀਕੀ ਵਿਦੇਸ਼ ਮੰਤਰੀ ਮਾਰਕ ਰੂਬਿਓ ਨੇ ਇਹ ਐਲਾਨ ਕੀਤਾ ਕਿ ਇਹ ਕਦਮ ਕਿਸੇ ਖਾਸ ਦੇਸ਼ ਨੂੰ ਨਿਸ਼ਾਨਾ ਬਣਾਉਣ ਲਈ ਨਹੀਂ ਹੈ, ਬਲਕਿ ਵਿਦੇਸ਼ ਤੋਂ ਆਉਣ ਵਾਲੇ ਟਰੱਕ ਡਰਾਈਵਰਾਂ ਦੀ ਯੋਗਤਾ ਅਤੇ ਸੁਰੱਖਿਆ ਮਾਪਦੰਡਾਂ ਦੀ ਸਮੀਖਿਆ ਲਈ ਚੁੱਕਿਆ ਗਿਆ ਹੈ।

ਉਨ੍ਹਾਂ ਸੋਸ਼ਲ ਮੀਡੀਆ ’ਤੇ ਲਿਖਿਆ, “ਅਮਰੀਕੀ ਸੜਕਾਂ ’ਤੇ ਵੱਡੇ ਟਰੱਕ ਚਲਾਉਣ ਵਾਲੇ ਵਿਦੇਸ਼ੀ ਡਰਾਈਵਰਾਂ ਦੀ ਗਿਣਤੀ ਵਧਣ ਨਾਲ ਆਮ ਲੋਕਾਂ ਦੀ ਜਾਨ ਨੂੰ ਖ਼ਤਰਾ ਵਧ ਰਿਹਾ ਹੈ ਅਤੇ ਨਾਲ ਹੀ ਅਮਰੀਕੀ ਟਰੱਕ ਡਰਾਈਵਰਾਂ ਦੀ ਰੋਜ਼ੀ-ਰੋਟੀ ਵੀ ਪ੍ਰਭਾਵਿਤ ਹੋ ਰਹੀ ਹੈ।”

## ਟਰੱਕ ਡਰਾਈਵਰ ਹਰਜਿੰਦਰ ਸਿੰਘ ਸਬੰਧੀ ਪਟੀਸ਼ਨ ਨੂੰ ਭਰਵਾਂ ਹੁੰਗਾਰਾ

ਫਲੋਰਿਡਾ ਵਿੱਚ ਇੱਕ ਘਾਤਕ ਹਾਦਸੇ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਭਾਰਤੀ ਮੂਲ ਦੇ ਟਰੱਕ ਡਰਾਈਵਰ ਹਰਜਿੰਦਰ ਸਿੰਘ ਲਈ ਨਿਰਪੱਖ ਸਜ਼ਾ ਦੀ ਮੰਗ ਕਰਨ ਵਾਲੀ ਇੱਕ ਪਟੀਸ਼ਨ ਨੂੰ ਭਾਰੀ ਹੁੰਗਾਰਾ ਮਿਲਿਆ ਹੈ, ਜਿਸ ’ਤੇ ਕੁਝ ਹੀ ਦਿਨਾਂ ਵਿੱਚ 2.6 ਮਿਲੀਅਨ ਤੋਂ ਵੱਧ ਪ੍ਰਮਾਣਿਤ ਦਸਤਖਤ ਹੋ ਚੁੱਕੇ ਹਨ।

ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਰਤੌਲ ਦੇ ਮੂਲ ਨਿਵਾਸੀ 28 ਸਾਲਾ ਹਰਜਿੰਦਰ ਸਿੰਘ ਨੂੰ ਫਲੋਰਿਡਾ ਵਿੱਚ 12 ਅਗਸਤ ਨੂੰ ਇੱਕ ਹਾਦਸੇ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ’ਤੇ ਕਥਿਤ ਤੌਰ ’ਤੇ ਗ਼ੈਰ-ਕਾਨੂੰਨੀ ਯੂ-ਟਰਨ ਲੈਣ ਦਾ ਦੋਸ਼ ਹੈ, ਜਿਸ




ਕਾਰਨ ਇੱਕ ਕਾਰ ਟ੍ਰੇਲਰ ਨਾਲ ਟਕਰਾ ਗਈ ਅਤੇ ਤਿੰਨ ਲੋਕਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। ਕਥਿਤ ਤੌਰ ’ਤੇ ਹਰਜਿੰਦਰ 2018 ਵਿੱਚ ਗ਼ੈਰ-ਕਾਨੂੰਨੀ ਤਰੀਕੇ ਨਾਲ (**ਬਾਕੀ ਸਫ਼ਾ 30 ’ਤੇ**)

### ਆਸਟ੍ਰੇਲੀਆਈ ਲੜਕੀ ਨੇ ਟਰੱਕ ਡਰਾਈਵਰ ਹਰਜਿੰਦਰ ਸਿੰਘ ਦੇ ਖ਼ਿਲਾਫ਼ ਪਟੀਸ਼ਨ ਪਾਈ

**ਸ਼ੋਸ਼ਲ ਮੀਡੀਆ ’ਤੇ ਪੰਜਾਬੀ ਭਾਈਚਾਰੇ ਦੇ ਆਗੂਆਂ ਵੱਲੋਂ ਦਾਅਵਾ**

ਇੱਕ ਪਾਸੇ ਅਮਰੀਕਾ ’ਚ ਟਰੱਕ ਡਰਾਈਵਰ ਹਰਜਿੰਦਰ ਸਿੰਘ ਦੀ ਰਿਹਾਈ ਅਤੇ ਘੱਟ ਸਜ਼ਾ ਲਈ ਪਟੀਸ਼ਨ ਪਾਈ ਹੋਈ ਹੈ, ਜਿਸ ਉਪਰ ਲੱਖਾਂ ਲੋਕਾਂ ਵੱਲੋਂ ਆਪਣੇ ਦਸਤਖ਼ਤ ਕੀਤੇ ਹੋਏ ਹਨ, ਦੂਜੇ ਪਾਸੇ ਆਸਟ੍ਰੇਲੀਆ ਦੀ ਹਿੰਦੂ ਲੜਕੀ ਮਨੀਸ਼ਾ ਕੌਸ਼ਲ ਨੇ ਇੱਕ ਅਜਿਹੀ ਪਟੀਸ਼ਨ ਪਾਈ ਹੈ, ਜਿਸ ਵਿੱਚ ਟਰੱਕ ਡਰਾਈਵਰ ਹਰਜਿੰਦਰ ਸਿੰਘ ਨੂੰ (**ਬਾਕੀ ਸਫ਼ਾ 30 ’ਤੇ**)

### ਗ਼ੈਰ ਕਾਨੂੰਨੀ ਪਰਵਾਸ ਦੇ ਕਾਰਨ

ਪੰਜਾਬ ਵਿੱਚ ਰੁਜ਼ਗਾਰ ਦੀ ਘਾਟ, ਹਰ ਪਾਸੇ ਫੈਲੇ ਨਸ਼ੇ, ਅਮਨ ਕਾਨੂੰਨ ਦੀ ਸਥਿਤੀ, ਹਰ ਦਿਨ ਹੁੰਦੇ ਸੱਚੇ-ਝੂਠੇ ਪੁਲਿਸ ਮੁਕਾਬਲੇ, ਦਸਤਾਰਧਾਰੀ ਸਿੱਖ ਨੌਜਵਾਨਾਂ ਨੂੰ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਵੱਲੋਂ ਹਰ ਸਮੇਂ ਸ਼ੱਕੀ ਨਜ਼ਰਾਂ ਨਾਲ ਘੂਰਨਾ ਤੇ ਬਿਨਾ ਕਾਰਨ ਤੰਗ ਪ੍ਰੇਸ਼ਾਨ ਕਰਨਾ, ਨਵੰਬਰ ਮਹੀਨੇ ਦੌਰਾਨ ਪੰਜਾਬ ਵਿੱਚ ਹਰ ਪਾਸੇ ਫੈਲਦਾ ਪਰਾਲੀ ਦਾ ਧੂੰਆਂ, ਖੂਨ ਪੀਣੀਆਂ ਸੜਕਾਂ, ਆਪੋਧਾਪੀ ਦਾ ਮਾਹੌਲ, ਈਰਖ਼ਾਬਾਜ਼ੀ, ਆਪਸੀ ਸਾੜਾ, ਹਰ ਪਾਸੇ ਫੈਲਿਆ ਭ੍ਰਿਸ਼ਟਾਚਾਰ, ਪੰਜਾਬ ’ਚ ਮਿਹਨਤਾਂ ਦਾ ਮੁੱਲ ਨਾ ਪੈਣਾ ਵਰਗੇ ਅਜਿਹੇ ਕਾਰਨ ਹਨ, ਜਿਨ੍ਹਾਂ ਕਰਕੇ ਪੰਜਾਬੀ ਪੰਜਾਬ ਨੂੰ ਬੇਦਾਅਵਾ ਦੇ ਰਹੇ ਹਨ। ਇਸ ਤੋਂ ਇਲਾਵਾ ਕਈ ਸਾਲ ਪਹਿਲਾਂ ਵਿਦੇਸ਼ ਗਈ ਪੰਜਾਬੀਆਂ ਵੱਲੋਂ ਆਪਣੇ ਪਿੰਡਾਂ ਵਿੱਚ ਪਾਈਆਂ ਗਈਆਂ ਆਲੀਸ਼ਾਨ ਕੋਠੀਆਂ, ਮਹੱਲਾਂ ਵਰਗੇ ਘਰਾਂ ਨੂੰ ਵੇਖ ਕੇ ਅਤੇ ਐਨ.ਆਰ.ਆਈ. ਪੰਜਾਬੀਆਂ ਦੀ ਸ਼ਾਨੋ ਸ਼ੌਕਤ ਵੇਖ ਕੇ ਆਮ ਪੰਜਾਬੀ ਵੀ ਵਿਦੇਸ਼ ਜਾਣ ਨੂੰ ਤਰਜੀਹ ਦਿੰਦੇ ਹਨ।


# ਅਮਰੀਕਾ ਨੇ ਭਾਰਤੀ ਵਸਤਾਂ ’ਤੇ ਲਾਗੂ ਕੀਤਾ 25 ਫ਼ੀਸਦੀ ਵਾਧੂ ਟੈਰਿਫ਼

## ਭਾਰਤ ਵੱਲੋਂ ਬਰਾਮਦ ਕੀਤੇ ਜਾਂਦੇ ਕੱਪੜਿਆਂ, ਗਹਿਣਿਆਂ, ਝੀਂਗਿਆਂ, ਚਮੜੇ ਨਾਲ ਬਣੀਆਂ ਵਸਤਾਂ, ਜੁੱਤੀਆਂ, ਪਸ਼ੂ ਉਤਪਾਦਾਂ, ਰਸਾਇਣਾਂ, ਇਲੈਕਟ੍ਰੀਕਲ ਅਤੇ ਮਕੈਨੀਕਲ ਮਸ਼ੀਨਰੀ ਜਿਹੇ ਖੇਤਰਾਂ ’ਤੇ ਪਵੇਗਾ ਅਮਰੀਕੀ ਟੈਰਿਫ਼ ਦਾ ਅਸਰ

ਵਾਸ਼ਿੰਗਟਨ/ਏ.ਟੀ.ਨਿਊਜ਼: ਭਾਰਤੀ ਵਸਤਾਂ ’ਤੇ ਅਮਰੀਕਾ ’ਚ ਵਾਧੂ 25 ਫ਼ੀਸਦੀ ਟੈਰਿਫ਼ ਅੱਜ ਬੁੱਧਵਾਰ ਤੋਂ ਲਾਗੂ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ਵੱਲੋਂ ਰੂਸ ਤੋਂ ਤੇਲ ਖ਼ਰੀਦਣ ਤੋਂ ਬਾਜ਼ ਨਾ ਆਉਣ ਕਾਰਨ 25 ਫ਼ੀਸਦੀ ਵਾਧੂ ਟੈਰਿਫ਼ ਲਗਾਉਣ ਦਾ ਐਲਾਨ ਕੀਤਾ ਸੀ। ਇਸ ਨਾਲ ਭਾਰਤੀ ਵਸਤਾਂ ’ਤੇ ਟੈਰਿਫ਼ ਵਧ ਕੇ 50 ਫ਼ੀਸਦੀ ਹੋ ਜਾਵੇਗਾ। ਜੁਲਾਈ ’ਚ ਐਲਾਨਿਆ ਗਿਆ 25 ਫ਼ੀਸਦੀ ਟੈਰਿਫ਼ ਪਹਿਲਾਂ ਹੀ 7 ਅਗਸਤ ਤੋਂ ਲਾਗੂ ਹੋ ਚੁੱਕਿਆ ਹੈ। ਵਾਧੂ ਟੈਰਿਫ਼ ਲਾਗੂ ਹੋਣ ਨਾਲ ਭਾਰਤ ਦੀ ਅਮਰੀਕਾ ਨੂੰ ਬਰਾਮਦਗੀ ’ਤੇ 48.2 ਅਰਬ ਡਾਲਰ ਤੋਂ ਵੱਧ ਦਾ ਅਸਰ ਪੈਣ ਦੀ ਸੰਭਾਵਨਾ ਹੈ। ਭਾਰਤ ਤੋਂ ਇਲਾਵਾ ਅਮਰੀਕਾ ਨੇ ਬ੍ਰਾਜ਼ੀਲ ’ਤੇ 50 ਫ਼ੀਸਦੀ ਟੈਰਿਫ਼ ਲਗਾਇਆ ਹੈ ਅਮਰੀਕੀ ਹੋਮਲੈਂਡ ਸਕਿਉਰਿਟੀ ਵਿਭਾਗ ਨੇ ਨੋਟੀਫ਼ਿਕੇਸ਼ਨ ਜਾਰੀ ਕਰਕੇ 25 ਫ਼ੀਸਦੀ ਵਾਧੂ ਟੈਰਿਫ਼ ਅਮਲ ’ਚ ਆਉਣ ਦੀ ਜਾਣਕਾਰੀ ਦਿੱਤੀ ਹੈ। ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੇ ਉਤਪਾਦਾਂ ਦੀ ਦਰਾਮਦ ’ਤੇ ਡਿਊਟੀ ਦੀ ਇੱਕ ਨਵੀਂ ਦਰ ਨਿਰਧਾਰਤ ਕੀਤੀ ਗਈ ਹੈ। ਆਦੇਸ਼ ’ਚ ਕਿਹਾ ਗਿਆ ਹੈ ਕਿ ਵਧਿਆ ਹੋਇਆ ਟੈਰਿਫ਼ ਉਨ੍ਹਾਂ ਭਾਰਤੀ ਉਤਪਾਦਾਂ ’ਤੇ ਲਾਗੂ ਹੋਵੇਗਾ ਜਿਨ੍ਹਾਂ ਨੂੰ 27 ਅਗਸਤ ਨੂੰ ‘ਈਸਟਰਨ ਡੇਅਲਾਈਟ ਟਾਈਮ’ ਮੁਤਾਬਕ ਰਾਤ 12 ਵਜ ਕੇ ਇੱਕ ਮਿੰਟ ਜਾਂ ਉਸ ਤੋਂ ਬਾਅਦ ਖਪਤ ਲਈ ਮੁਲਕ ’ਚ ਲਿਆਂਦਾ ਗਿਆ ਹੈ ਜਾਂ ਗੁਦਾਮ ’ਚੋਂ ਕੱਢਿਆ ਗਿਆ ਹੈ। ਆਦੇਸ਼ ਅਨੁਸਾਰ ਭਾਰਤੀ ਉਤਪਾਦਾਂ ’ਤੇ ਵਾਧੂ ਟੈਰਿਫ਼ ਰਾਸ਼ਟਰਪਤੀ ਦੇ ਕਾਰਜਕਾਰੀ ਆਦੇਸ਼ 14329 ਦੀ ਧਾਰਾ 3 ਨੂੰ ਪ੍ਰਭਾਵੀ ਬਣਾਉਣ ਲਈ ਲਗਾਏ ਜਾ ਰਹੇ ਹਨ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਨੇ ਇਸ ਮਹੀਨੇ ਦੇ ਸ਼ੁਰੂ ’ਚ ਕਿਹਾ ਸੀ ਕਿ ਰਾਸ਼ਟਰਪਤੀ ਟਰੰਪ ਨੇ ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗ ਖ਼ਤਮ ਕਰਨ ਲਈ ਭਾਰਤ ’ਤੇ ਪਾਬੰਦੀਆਂ ਲਗਾਈਆਂ ਹਨ। ਅਮਰੀਕੀ ਵਿੱਤ ਮੰਤਰੀ ਸਕੌਟ ਬੇਸੈਂਟ ਨੇ ਭਾਰਤ ’ਤੇ ਰੂਸੀ ਤੇਲ ਦੀ ਖ਼ਰੀਦ ਮਗਰੋਂ ਉਸ ਨੂੰ ਦੁਬਾਰਾ ਬਾਜ਼ਾਰ ’ਚ ਵੇਚ ਕੇ ‘ਮੁਨਾਫ਼ਾ’ ਕਮਾਉਣ ਦਾ ਦੋਸ਼ ਲਗਾਇਆ ਹੈ।

**ਕਈ ਖੇਤਰਾਂ ’ਤੇ ਪਵੇਗਾ ਅਸਰ**

ਅਮਰੀਕੀ ਟੈਰਿਫ਼ ਦਾ ਅਸਰ ਭਾਰਤ ਵੱਲੋਂ ਬਰਾਮਦ ਕੀਤੇ ਜਾਂਦੇ ਕੱਪੜਿਆਂ, ਗਹਿਣਿਆਂ, ਝੀਂਗਿਆਂ, ਚਮੜੇ ਨਾਲ ਬਣੀਆਂ ਵਸਤਾਂ, ਜੁੱਤੀਆਂ, ਪਸ਼ੂ ਉਤਪਾਦਾਂ, ਰਸਾਇਣਾਂ, ਇਲੈਕਟ੍ਰੀਕਲ ਅਤੇ ਮਕੈਨੀਕਲ ਮਸ਼ੀਨਰੀ ਜਿਹੇ ਖੇਤਰਾਂ ’ਤੇ ਪਵੇਗਾ। ਫ਼ਾਰਮਾ, ਊਰਜਾ ਅਤੇ ਇਲੈਕਟ੍ਰਾਨਿਕ ਵਸਤਾਂ ਨਾਲ ਜੁੜੇ ਸੈਕਟਰ ਹਾਲੇ ਡਿਊਟੀਆਂ ਤੋਂ ਬਚੇ ਹੋਏ ਹਨ।




## ਭਾਰਤੀ ਸ਼ੇਅਰ ਬਾਜ਼ਾਰ ਵਿੱਚ ਮੰਦੀ

ਮੁੰਬਈ/ਏ.ਟੀ.ਨਿਊਜ਼: ਅਮਰੀਕਾ ਵੱਲੋਂ 25 ਫ਼ੀਸਦੀ ਵਾਧੂ ਟੈਰਿਫ਼ ਲਗਾਏ ਜਾਣ ਤੋਂ ਇੱਕ ਦਿਨ ਪਹਿਲਾਂ ਭਾਰਤੀ ਸ਼ੇਅਰ ਬਾਜ਼ਾਰ ਮੂਧੇ ਮੂੰਹ ਡਿੱਗ ਗਿਆ। ਬੀਐੱਸਈ ਸੈਂਸੈਕਸ 849.37 ਅੰਕ ਡਿੱਗ ਕੇ 80,786.54 ’ਤੇ ਬੰਦ ਹੋਇਆ। ਇਸੇ ਤਰ੍ਹਾਂ ਐੱਨਐੱਸਈ ਨਿਫਟੀ 255.70 ਅੰਕਾਂ ਦੇ ਨੁਕਸਾਨ ਨਾਲ 24,712.05 ’ਤੇ ਪਹੁੰਚ ਗਿਆ। ਮਾਹਿਰਾਂ ਮੁਤਾਬਕ ਟਰੰਪ ਵੱਲੋਂ ਫੈੱਡ ਗਵਰਨਰ ਨੂੰ ਲਾਂਭੇ ਕਰਨ ਅਤੇ ਵਿਦੇਸ਼ੀ ਫੰਡਾਂ ਦੀ ਨਿਕਾਸੀ ਕਾਰਨ ਸ਼ੇਅਰ ਬਾਜ਼ਾਰ ’ਚ ਗਿਰਾਵਟ ਦਰਜ ਕੀਤੀ ਗਈ ਹੈ।

## ਡਿਜੀਟਲ ਟੈਕਸਾਂ ਵਾਲੇ ਮੁਲਕਾਂ ’ਤੇ ਹੋਰ ਟੈਰਿਫ਼ ਲਗਾਉਣਗੇ ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡਿਜੀਟਲ ਟੈਕਸ ਲਗਾਉਣ ਵਾਲੇ ਮੁਲਕਾਂ ਨੂੰ ਧਮਕੀ ਦਿੱਤੀ ਹੈ। ਟਰੰਪ ਨੇ ਕਿਹਾ ਕਿ ਜੇ ਇਹ ਮੁਲਕ ਅਜਿਹੇ ਕਾਨੂੰਨ ਨਹੀਂ ਹਟਾਉਂਦੇ ਹਨ ਤਾਂ ਉਨ੍ਹਾਂ ਵੱਲੋਂ ਬਰਾਮਦ ਵਸਤਾਂ ’ਤੇ ‘ਵਾਧੂ ਟੈਰਿਫ਼’ ਲਗਾਏ ਜਾਣਗੇ। ਸੂਤਰਾਂ ਨੇ ਪਹਿਲਾਂ ਕਿਹਾ ਸੀ ਕਿ ਟਰੰਪ ਪ੍ਰਸ਼ਾਸਨ ਯੂਰਪੀ ਯੂਨੀਅਨ ਦੇ ਮੈਂਬਰਾਂ ਵੱਲੋਂ ਇਤਿਹਾਸਕ ਡਿਜੀਟਲ ਸੇਵਾਵਾਂ ਐਕਟ ਲਾਗੂ ਕਰਨ ਲਈ ਜ਼ਿੰਮੇਵਾਰ ਅਧਿਕਾਰੀਆਂ ’ਤੇ ਪਾਬੰਦੀਆਂ ਲਗਾਉਣ ਬਾਰੇ ਵਿਚਾਰ ਕਰ ਰਿਹਾ ਹੈ। ਬਹੁਤ ਸਾਰੇ ਮੁਲਕਾਂ ਨੇ ਖਾਸ ਕਰਕੇ ਯੂਰਪ ਵਿੱਚ ਡਿਜੀਟਲ ਸੇਵਾ ਪ੍ਰੋਵਾਈਡਰਾਂ ਦੇ ਵਿਕਰੀ ਮਾਲੀਏ ’ਤੇ ਟੈਕਸ ਲਗਾਏ ਗਏ ਹਨ, ਜਿਨ੍ਹਾਂ ਵਿੱਚ ਅਲਫ਼ਾਬੇਟ ਦਾ ਗੂਗਲ, ਮੇਟਾ ਦਾ ਫ਼ੇਸਬੁੱਕ, ਐਪਲ ਅਤੇ ਐਮਾਜ਼ੋਨ ਸ਼ਾਮਲ ਹਨ।

# ਅਮਰੀਕੀ ਟੈਰਿਫ਼ ਨਾਲ ਖ਼ਤਰੇ ’ਚ ਪਈਆਂ ਡੇਢ ਲੱਖ ਨੌਕਰੀਆਂ

ਭਾਰਤ ਦੀ ਨਿਟਵੀਅਰ ਰਾਜਧਾਨੀ ਤਿਰੂਪੁਰ ਇੱਕ ਵੱਡੇ ਸੰਕਟ ਦਾ ਸਾਹਮਣਾ ਕਰ ਰਹੀ ਹੈ। ਅਮਰੀਕਾ ਵੱਲੋਂ 25% ਵਾਧੂ ਟੈਰਿਫ਼ ਲਗਾਉਣਾ ਇੱਥੋਂ ਦੇ ਨਿਰਯਾਤਕਾਂ ਲਈ ਇੱਕ ਵੱਡਾ ਝਟਕਾ ਹੋ ਸਕਦਾ ਹੈ। ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਸ ਫ਼ੈਸਲੇ ਨਾਲ ਲਗਭਗ 1.5 ਲੱਖ ਨੌਕਰੀਆਂ ਖ਼ਤਰੇ ਵਿੱਚ ਪੈ ਸਕਦੀਆਂ ਹਨ ਅਤੇ ਲਗਭਗ 12,000 ਕਰੋੜ ਰੁਪਏ ਦੇ ਸਾਲਾਨਾ ਨਿਰਯਾਤ ਪ੍ਰਭਾਵਿਤ ਹੋਣਗੇ।




ਤਿਰੂਪੁਰ, ਜੋ ਕਿ ਦੇਸ਼ ਦੇ ਕੁੱਲ ਨਿਟਵੀਅਰ ਨਿਰਯਾਤ ਦਾ 68% ਹੈਂਡਲ ਕਰਦਾ ਹੈ, ਨੇ 2025 ਵਿੱਚ 44,747 ਕਰੋੜ ਦਾ ਨਿਰਯਾਤ ਟਰਨਓਵਰ ਦਰਜ ਕੀਤਾ। ਇੱਥੇ ਲਗਭਗ 10 ਲੱਖ ਲੋਕ ਰੁਜ਼ਗਾਰ ਪ੍ਰਾਪਤ ਕਰਦੇ ਹਨ ਅਤੇ ਅਮਰੀਕਾ ਇਸਦਾ ਸਭ ਤੋਂ ਵੱਡਾ ਖਰੀਦਦਾਰ ਹੈ, ਜੋ ਕੁੱਲ ਨਿਰਯਾਤ ਦਾ 40% ਬਣਦਾ ਹੈ, ਪਰ ਇਹ ਡਿਊਟੀ, ਜੋ 27 ਅਗਸਤ ਤੋਂ ਲਾਗੂ ਹੋਣ ਜਾ ਰਹੀ ਹੈ, ਉਦਯੋਗ ਲਈ ਇੱਕ ਵੱਡੀ ਚੁਣੌਤੀ ਬਣ ਗਈ ਹੈ।

**ਨਿਰਯਾਤਕਾਂ ਦੀਆਂ ਮੁਸ਼ਕਿਲਾਂ**

ਤਿਰੂਪੁਰ ਐਕਸਪੋਰਟਰਜ਼ ਐਸੋਸੀਏਸ਼ਨ (ਟੀ.ਈ.ਏ.) ਦੇ ਪ੍ਰਧਾਨ ਕੇ.ਐਮ. ਸੁਬਰਾਮਨੀਅਮ ਨੇ ਕਿਹਾ ਕਿ ਇੱਕ ਆਰਡਰ ਚੱਕਰ ਲਗਭਗ 120 ਦਿਨਾਂ ਦਾ ਹੁੰਦਾ ਹੈ ਅਤੇ ਪਹਿਲਾਂ ਹੀ 4,000 ਕਰੋੜ ਰੁਪਏ ਦੇ ਆਰਡਰ ਪ੍ਰਭਾਵਿਤ ਹੋ ਚੁੱਕੇ ਹਨ। ਉਸਨੇ ਕਿਹਾ ‘ਅਮਰੀਕਾ ਤੋਂ 12,000 ਕਰੋੜ ਰੁਪਏ ਦੇ ਨਿਰਯਾਤ ਹੁਣ ਸਿੱਧੇ ਖ਼ਤਰੇ ਵਿੱਚ ਹਨ’। ਟੀ.ਈ.ਏ. ਦੇ ਸੰਯੁਕਤ ਸਕੱਤਰ ਕੁਮਾਰ ਦੁਰਗਾਸਾਮੀ ਦੇ ਅਨੁਸਾਰ ‘ਭਾਰਤ ਪਹਿਲਾਂ ਹੀ ਵੀਅਤਨਾਮ ਅਤੇ ਬੰਗਲਾਦੇਸ਼ ਨਾਲੋਂ 5–6% ਮਹਿੰਗਾ ਸੀ, ਪਰ ਪੁਰਾਣਾ ਰਿਸ਼ਤਾ ਕੰਮ ਕਰਦਾ ਸੀ। ਹੁਣ 25% ਵਾਧੂ ਟੈਰਿਫ਼ ਨੇ ਇਸ ਮਾਡਲ ਨੂੰ ਅਸੰਭਵ ਬਣਾ ਦਿੱਤਾ ਹੈ।’

**ਨੌਕਰੀਆਂ ਅਤੇ ਵਿਕਲਪਕ ਬਾਜ਼ਾਰਾਂ ਲਈ ਖ਼ਤਰਾ**

ਤਿਰੂਪੁਰ ਵਿੱਚ ਲਗਭਗ 2,500 ਨਿਰਯਾਤਕ ਅਤੇ 20,000 ਤੋਂ ਵੱਧ ਫ਼ੈਕਟਰੀਆਂ ਸਰਗਰਮ ਹਨ। ਬੁਣਾਈ, ਰੰਗਾਈ, ਪੈਕੇਜਿੰਗ ਅਤੇ ਸਿਲਾਈ ਨਾਲ ਸਬੰਧਤ ਪੂਰਾ ਈਕੋਸਿਸਟਮ ਹੁਣ ਸੰਕਟ ਵਿੱਚ ਹੈ। ਜੇਕਰ ਆਰਡਰ ਬੰਦ ਹੋ ਜਾਂਦੇ ਹਨ, ਤਾਂ 1–1.5 ਲੱਖ ਲੋਕ ਬੇਰੁਜ਼ਗਾਰ ਹੋ ਸਕਦੇ ਹਨ।

ਨਿਰਯਾਤਕ ਹੁਣ ਬ੍ਰਿਟੇਨ, ਯੂਰਪੀਅਨ ਯੂਨੀਅਨ ਅਤੇ ਆਸਟ੍ਰੇਲੀਆ ਵਰਗੇ ਬਾਜ਼ਾਰਾਂ ਵੱਲ ਦੇਖ ਰਹੇ ਹਨ। ਹਾਲ ਹੀ ਵਿੱਚ ਹੋਏ ਯੂਕੇ ਐਫ਼ਟੀਏ ਅਤੇ ਪ੍ਰਸਤਾਵਿਤ ਈਯੂ ਐਫ਼ਟੀਏ ਤੋਂ ਕੁਝ ਉਮੀਦਾਂ ਹਨ, ਪਰ ਮਾਹਰਾਂ ਦਾ ਮੰਨਣਾ ਹੈ ਕਿ ਇਹ ਬਾਜ਼ਾਰ ਅਮਰੀਕਾ ਦੀ ਖਪਤ ਨਾਲ ਮੇਲ ਨਹੀਂ ਖਾ ਸਕਦੇ।

**ਸਰਕਾਰ ਤੋਂ ਮਦਦ ਦੀ ਮੰਗ**

ਨਿਰਯਾਤਕ ਕੇਂਦਰ ਅਤੇ ਰਾਜ ਸਰਕਾਰਾਂ ਤੋਂ ਰਾਹਤ ਪੈਕੇਜ ਦੀ ਮੰਗ ਕਰ ਚੁੱਕੇ ਹਨ। ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਪਹਿਲਾਂ ਹੀ ਕੇਂਦਰ ਨੂੰ ਇੱਕ ਪੱਤਰ ਲਿਖ ਚੁੱਕੇ ਹਨ ਜਿਸ ਵਿੱਚ ਬ੍ਰਾਜ਼ੀਲ ਦੀ ਤਰਜ਼ ’ਤੇ ਸਹਾਇਤਾ ਦਾ ਸੁਝਾਅ ਦਿੱਤਾ ਗਿਆ ਹੈ। ਉਦਯੋਗ ਨੇ ਦੋ ਸਾਲਾਂ ਦੀ ਕਰਜ਼ਾ ਰੋਕ, ਕ੍ਰੈਡਿਟ ਸੀਮਾ ਵਿੱਚ 20–30% ਵਾਧਾ ਅਤੇ ਫ਼ੈਕਟਰੀਆਂ ਚਲਾਉਣ ਲਈ ਸਬਸਿਡੀ ਦੀ ਮੰਗ ਕੀਤੀ ਹੈ।

**ਉਦਯੋਗ ਦੀ ਉਡੀਕ**

ਮਾਹਿਰਾਂ ਦਾ ਮੰਨਣਾ ਹੈ ਕਿ ਤਿਰੂਪੁਰ ਦਾ ਫ਼ੈਸ਼ਨ ਅਤੇ ਨਿਟਵੀਅਰ ਈਕੋਸਿਸਟਮ ਵਿਸ਼ਵ ਪੱਧਰ ’ਤੇ ਵਿਲੱਖਣ ਹੈ ਅਤੇ ਇਸਨੂੰ ਰਾਤੋ-ਰਾਤ ਬਦਲਣਾ ਆਸਾਨ ਨਹੀਂ ਹੈ। ਇਸੇ ਲਈ ਉਦਯੋਗ ਨੂੰ ਉਮੀਦ ਹੈ ਕਿ ਇਹ ਸੰਕਟ ਜ਼ਿਆਦਾ ਦੇਰ ਨਹੀਂ ਰਹੇਗਾ। ਹਾਲਾਂਕਿ, ਇਸ ਵੇਲੇ 2,000–3,000 ਕਰੋੜ ਰੁਪਏ ਦੇ ਸ਼ਿਪਮੈਂਟ ਫ਼ਸੇ ਹੋਏ ਹਨ ਅਤੇ ਆਯਾਤਕਾਂ ਨਾਲ ਗੱਲਬਾਤ ਚੱਲ ਰਹੀ ਹੈ।

## ਸਾਨੂੰ ਸਵੈ-ਨਿਰਭਰ ਬਣਨਾ ਚਾਹੀਦੈ: ਮੋਦੀ

### ਪ੍ਰਧਾਨ ਮੰਤਰੀ ਵੱਲੋਂ ਛੋਟੇ ਕਾਰੋਬਾਰੀਆਂ ਨੂੰ ਰਾਹਤ ਪੈਕਿਜ ਦੇਣ ਦਾ ਐਲਾਨ



ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਰੂਸੀ ਤੇਲ ਅਤੇ ਹਥਿਆਰਾਂ ਦੀ ਖਰੀਦ ਕਾਰਨ ਭਾਰਤ ’ਤੇ 25% ਵਾਧੂ ਟੈਰਿਫ਼ ਲਗਾਉਣ ਦੇ ਹੁਕਮ ਜਾਰੀ ਕਰਨ ਨਾਲ ਭਾਰਤ ‘ਇੰਡੋ-ਪੈਸੀਫਿਕ ਵਿੱਚ ਅਮਰੀਕਾ ਦੇ ਸਭ ਤੋਂ ਮਜ਼ਬੂਤ ਭਾਈਵਾਲਾਂ ਵਿੱਚੋਂ ਇੱਕ’ ਦੁਨੀਆ ਵਿੱਚ ਸਭ ਤੋਂ ਵੱਧ ਟੈਰਿਫ਼ ਲਗਾਉਣ ਵਾਲੇ ਦੇਸ਼ਾਂ ਵਿੱਚ ਸ਼ਾਮਲ ਹੋ ਗਿਆ ਹੈ। ਇਹ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਦੇ ਨਿਰਯਾਤ ਅਤੇ ਵਿਕਾਸ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਕਿਉਂਕਿ ਅਮਰੀਕਾ ਹਾਲ ਹੀ ਵਿੱਚ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਸੀ। ਟੈਰਿਫ਼ ਦਰਾਂ ਵਿੱਚ ਵਾਧੇ ਨੇ ਭਾਰਤ ਸਰਕਾਰ ਨੂੰ ਸਖ਼ਤ ਕਾਰਵਾਈ ਕਰਨ ਲਈ ਮਜਬੂਰ ਕੀਤਾ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ, ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਦੇ ਆਰਥਿਕ ਪ੍ਰਭਾਵ ਨੂੰ ਘਟਾਉਣ ਲਈ ਟੈਕਸਾਂ ਵਿੱਚ ਕਟੌਤੀ ਕਰਨ ਦਾ ਵਾਅਦਾ ਕੀਤਾ ਸੀ। ਉਨ੍ਹਾਂ ਘਰੇਲੂ ਸਵੈ-ਨਿਰਭਰਤਾ ਲਈ ਵੀ ਸੱਦਾ ਦਿੱਤਾ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਹੈ ਕਿ ਦਿਵਾਲੀ ਦਾ ਤੋਹਫ਼ਾ ਆਮ ਆਦਮੀ ਅਤੇ ਏਸ਼ੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਨੂੰ ਸ਼ਕਤੀ ਦੇਣ ਵਾਲੇ ਲੱਖਾਂ ਛੋਟੇ ਕਾਰੋਬਾਰਾਂ ਲਈ ‘ਵੱਡੇ ਟੈਕਸ ਲਾਭਾਂ’ ਦੇ ਰੂਪ ਵਿੱਚ ਆ ਰਿਹਾ ਹੈ।

ਮੋਦੀ ਨੇ ਛੋਟੇ ਦੁਕਾਨਦਾਰਾਂ ਅਤੇ ਕਾਰੋਬਾਰੀਆਂ ਨੂੰ ਆਪਣੀਆਂ ਦੁਕਾਨਾਂ ਦੇ ਬਾਹਰ ‘ਸਵਦੇਸ਼ੀ’ ਜਾਂ ‘ਮੇਡ ਇਨ ਇੰਡੀਆ’ ਬੋਰਡ ਲਗਾਉਣ ਦੀ ਅਪੀਲ ਕੀਤੀ।

ਉਹਨਾਂ ਕਿਹਾ ਕਿ ਸਾਨੂੰ ਸਵੈ-ਨਿਰਭਰ ਬਣਨਾ ਚਾਹੀਦਾ ਹੈ। ਦੁਨੀਆ ਭਰ ਵਿੱਚ ਆਰਥਿਕ ਸਵਾਰਥ ਵਧ ਰਿਹਾ ਹੈ ਅਤੇ ਸਾਨੂੰ ਆਪਣੀਆਂ ਮੁਸ਼ਕਿਲਾਂ ਦਾ ਅਫ਼ਸੋਸ ਨਹੀਂ ਕਰਨਾ ਚਾਹੀਦਾ ਸਗੋਂ ਉਨ੍ਹਾਂ ਤੋਂ ਉੱਪਰ ਉੱਠਣਾ ਚਾਹੀਦਾ ਹੈ ਅਤੇ ਦੂਜਿਆਂ ਨੂੰ ਸਾਨੂੰ ਆਪਣੇ ਚੁੰਗਲ ਵਿੱਚ ਨਹੀਂ ਫ਼ਸਾਉਣ ਦੇਣਾ ਚਾਹੀਦਾ।

ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਦੇਸ਼ ਵਾਸੀਆਂ ਨੂੰ ਸੁਨੇਹਾ ਦਿੰਦਿਆਂ ਕਿਹਾ ਹੈ ਕਿ ਹਰ ਤਰ੍ਹਾਂ ਦਾ ਸਮਾਨ ਭਾਰਤ ਵਿੱਚ ਬਣਾਓ ਅਤੇ ਭਾਰਤ ਵਿੱਚ ਵੇਚੋ।

ਮਾਹਰਾਂ ਦਾ ਕਹਿਣਾ ਹੈ ਕਿ ਸਰਕਾਰ ਲੰਬੇ ਸਮੇਂ ਤੋਂ ਲਟਕ ਰਹੇ ਟੈਕਸ ਸੁਧਾਰਾਂ ਨੂੰ ਅੱਗੇ ਵਧਾ ਕੇ ਕੁਝ ਝਟਕੇ ਨੂੰ ਘਟਾਉਣ ਵਿੱਚ ਮਦਦ ਕਰ ਸਕਦੀ ਹੈ ਜੋ ਲੋਕਾਂ ਦੇ ਹੱਥਾਂ ਵਿੱਚ ਤੁਰੰਤ ਵਧੇਰੇ ਪੈਸਾ ਪਾਉਂਦੇ ਹਨ।

ਅਤੇ ਇਸ ਲਈ, ਇਸ ਸਾਲ ਦੇ ਸ਼ੁਰੂ ਵਿੱਚ ਬਜਟ ਵਿੱਚ 12 ਬਿਲੀਅਨ ਡਾਲਰ ਦੀ ਆਮਦਨ ਟੈਕਸ ਛੋਟ ਦਾ ਐਲਾਨ ਕਰਨ ਤੋਂ ਬਾਅਦ, ਮੋਦੀ ਹੁਣ ਭਾਰਤ ਦੇ ਅਸਿੱਧੇ ਟੈਕਸ ਢਾਂਚੇ ਵਿੱਚ ਸੁਧਾਰ ਕਰਨ ਨੂੰ ਨਿਸ਼ਾਨਾ ਬਣਾ ਰਹੇ ਹਨ। ਪ੍ਰਧਾਨ ਮੰਤਰੀ ਵਸਤੂਆਂ ਅਤੇ ਸੇਵਾਵਾਂ ਟੈਕਸ (ਜੀ.ਐਸ.ਟੀ.) ਵਿੱਚ ਕਮੀ ਅਤੇ ਸਰਲੀਕਰਨ ਦਾ ਐਲਾਨ ਕਰ ਚੁੱਕੇ ਹਨ।

## ਅਮਰੀਕੀ ਟੈਰਿਫ਼ ਦੀ ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਨਿਖੇਧੀ

ਭਾਰਤੀ ਵਿਦੇਸ਼ ਮੰਤਰਾਲੇ ਨੇ ਟਰੰਪ ਵੱਲੋਂ ਟੈਰਿਫ਼ ਵਧਾਏ ਜਾਣ ਦੇ ਐਲਾਨ ਤੋਂ ਬਾਅਦ ਇੱਕ ਬਿਆਨ ਜਾਰੀ ਕਰ ਕੇ ਕਿਹਾ ਹੈ, ‘ਅਮਰੀਕਾ ਨੇ ਹਾਲ ਦੇ ਦਿਨਾਂ ਵਿੱਚ ਭਾਰਤ ਨੂੰ ਰੂਸ ਤੋਂ ਤੇਲ ਦੀ ਬਰਾਮਦਗੀ ਕਾਰਨ ਨਿਸ਼ਾਨਾ ਬਣਾਇਆ ਹੈ। ਅਸੀਂ ਪਹਿਲਾਂ ਹੀ ਇੰਨਾਂ ਮੁੱਦਿਆਂ ’ਤੇ ਸਥਿਤੀ ਸਪੱਸ਼ਟ ਕਰ ਦਿੱਤੀ ਹੈ, ਜਿਸ ਵਿੱਚ ਇਹ ਤੱਥ ਵੀ ਸ਼ਾਮਲ ਹੈ ਕਿ ਸਾਡੀਆਂ ਦਰਾਮਦਗੀਆਂ, ਬਾਜ਼ਾਰ ਕਾਰਕਾਂ ’ਤੇ ਅਧਾਰਤ ਹਨ ਅਤੇ ਭਾਰਤ ਦੇ 100 ਕਰੋੜ ਲੋਕਾਂ ਦੀ ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਸਮੁੱਚੇ ਉਦੇਸ਼ ਨਾਲ ਕੀਤੀਆਂ ਜਾਂਦੀਆਂ ਹਨ।’

‘ਇਸ ਲਈ ਇਹ ਬਹੁਤ ਹੀ ਮੰਦਭਾਗਾ ਹੈ ਕਿ ਅਮਰੀਕਾ ਨੂੰ ਭਾਰਤ ’ਤੇ ਵਾਧੂ ਟੈਰਿਫ਼ ਲਗਾਉਣ ਦੀ ਚੋਣ ਕੀਤੀ ਕਿਉਂਕਿ ਕਈ ਹੋਰ ਦੇਸ਼ ਵੀ ਆਪਣੇ ਰਾਸ਼ਟਰੀ ਹਿੱਤ ਵਿੱਚ ਕਾਰਵਾਈਆਂ ਕਰ ਰਹੇ ਹਨ।’

ਬਿਆਨ ਵਿੱਚ ਅੱਗੇ ਲਿਖਿਆ ਹੈ, ‘ਅਸੀਂ ਦੁਹਰਾਉਂਦੇ ਹਾਂ ਕਿ ਇਹ ਕਾਰਵਾਈਆਂ ਅਨੁਚਿਤ, ਗ਼ੈਰ-ਵਾਜਬ ਅਤੇ ਤਰਕਹੀਣ ਹਨ। ਭਾਰਤ ਆਪਣੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਲਈ ਜ਼ਰੂਰੀ ਸਾਰੇ ਕਦਮ ਚੁੱਕੇਗਾ’।

# ਅਮਰੀਕਾ ਕਰੇਗਾ ਨਸ਼ੇੜੀ ਗ੍ਰੀਨ ਕਾਰਡ ਹੋਲਡਰਾਂ ਨੂੰ ਵੀ ਦੇਸ਼ ਨਿਕਾਲਾ ਦੇਣ ਦੀ ਵਿਵਸਥਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਵ੍ਹਾਈਟ ਹਾਊਸ ਉਸ ਬਿੱਲ ਦੇ ਸਮਰਥਨ ਵਿੱਚ ਹੈ, ਜਿਸਦੇ ਤਹਿਤ ਨਸ਼ੇ 'ਚ ਡਰਾਈਵਿੰਗ ਕਰਨ (ਡੀ. ਯੂ. ਆਈ.) ਦੇ ਅਪਰਾਧ ਵਿੱਚ ਫੜੇ ਗਏ ਗ੍ਰੀਨ ਕਾਰਡ ਹੋਲਡਰਾਂ ਨੂੰ ਵੀ ਦੇਸ਼ ਨਿਕਾਲਾ ਦੇਣ ਦੀ ਵਿਵਸਥਾ ਹੈ। ਇਹ ਬਿੱਲ ਜੁਲਾਈ ਦੇ ਅੰਤ ਵਿਚ ਸੈਨੇਟ ਵੱਲੋਂ ਪਾਸ ਕੀਤਾ ਗਿਆ ਸੀ। ਹੁਣ ਅਮਰੀਕਾ ਵਿੱਚ ਰਹਿਣ ਵਾਲੇ ਪ੍ਰਵਾਸੀ ਭਾਈਚਾਰਿਆਂ ਅਤੇ ਖਾਸ ਕਰ ਕੇ ਭਾਰਤੀ ਮੂਲ ਦੇ ਲੋਕਾਂ ਵਿੱਚ ਇਸ ਬਾਰੇ ਬਹੁਤ ਬੇਚੈਨੀ ਹੈ।



ਇਮੀਗ੍ਰੇਸ਼ਨ ਅਟਾਰਨੀ ਜੋਸਫ਼ ਤਸਾਂਗ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਹੁਣ ਇਕ ਡੀ. ਯੂ. ਆਈ. ਗ੍ਰੀਨ ਕਾਰਡ ਹੋਲਡਰ ਨੂੰ ਵੀ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ, ਭਾਵੇਂ ਉਸਨੇ 10 ਸਾਲ ਪਹਿਲਾਂ ਅਪਰਾਧ ਕੀਤਾ ਹੋਵੇ! ਜੇਕਰ ਇਹ ਕਾਨੂੰਨ ਬਣ ਜਾਂਦਾ ਹੈ, ਤਾਂ ਕੋਈ ਵੀ ਜੋ ਸੰਯੁਕਤ ਰਾਜ ਦਾ ਨਾਗਰਿਕ ਨਹੀਂ ਹੈ, ਭਾਵੇਂ ਉਨ੍ਹਾਂ ਕੋਲ ਗ੍ਰੀਨ ਕਾਰਡ ਹੋਵੇ, ਅੰਤਰਰਾਸ਼ਟਰੀ ਵਿਦਿਆਰਥੀ ਵੀਜ਼ਾ ਹੋਵੇ, ਜਾਂ ਐੱਚ-1ਬੀ ਵਰਕ ਵੀਜ਼ਾ ਹੋਵੇ, ਜੇਕਰ ਉਨ੍ਹਾਂ ਕੋਲ ਡੀ. ਯੂ. ਆਈ. ਰਿਕਾਰਡ ਹੈ ਤਾਂ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇਗਾ।

ਵ੍ਹਾਈਟ ਹਾਊਸ ਨਾਲ ਜੁੜੇ ਪ੍ਰਬੰਧਨ ਅਤੇ ਬਜਟ ਦਫ਼ਤਰ ਨੇ ਅਧਿਕਾਰਤ ਤੌਰ 'ਤੇ ਕਿਹਾ ਹੈ ਕਿ ਉਹ ਇਸ ਬਿੱਲ ਦਾ ਸਮਰਥਨ ਕਰਦਾ ਹੈ। ਇਹ ਬਿੱਲ ਐੱਚ. ਆਰ. 875 ਸਾਡੇ ਸਮਾਜ ਨੂੰ ਡੀ. ਯੂ. ਆਈਜ਼ ਐਕਟ ਤੋਂ ਬਚਾਉਂਦਾ ਹੈ। ਭਾਵ ਕਿ ਇਹ ਅਮਰੀਕੀਆਂ ਲਈ ਨਹੀਂ ਹੋਵੇਗਾ। ਹੁਣ ਇਸ ਬਿੱਲ ਨੂੰ ਸੈਨੇਟ ਦੀ ਨਿਆਂ ਕਮੇਟੀ ਅਤੇ ਇਮੀਗ੍ਰੇਸ਼ਨ ਮਾਹਿਰਾਂ ਨੂੰ ਸਮਰਥਨ ਲਈ ਭੇਜਿਆ ਜਾ ਰਿਹਾ ਹੈ।

## ਟਰੰਪ ਨੇ ਆਪਣੇ ਸਹਿਯੋਗੀ ਗੋਰ ਨੂੰ ਭਾਰਤ 'ਚ ਅਮਰੀਕਾ ਦਾ ਰਾਜਦੂਤ ਨਾਮਜ਼ਦ ਕੀਤਾ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਨੇੜਲੇ ਸਾਥੀ ਸਰਜੀਓ ਗੋਰ ਨੂੰ ਭਾਰਤ 'ਚ ਅਗਲੇ ਅਮਰੀਕੀ ਰਾਜਦੂਤ ਵਜੋਂ ਨਾਮਜ਼ਦ ਕੀਤਾ ਹੈ।, ਜੋ ਕਿ ਇਸ ਸਮੇਂ 'ਵ੍ਹਾਈਟ ਹਾਊਸ ਪ੍ਰੈਜ਼ੀਡੈਂਸ਼ੀਅਲ ਪਰਸੋਨਲ ਆਫਿਸ' ਦੇ ਡਾਇਰੈਕਟਰ ਹਨ।




ਟਰੰਪ ਨੇ ਸੋਸ਼ਲ ਮੀਡੀਆ 'ਤੇ ਪੋਸਟ ਵੀ ਕਿਹਾ, ਸਰਜੀਓ ਗੋਰ ਮੇਰੇ ਬਹੁਤ ਚੰਗੇ ਦੋਸਤ ਹਨ ਅਤੇ ਕਈ ਸਾਲਾਂ ਤੋ ਮੇਰੇ ਨਾਲ ਹਨ। ਗੋਰ ਨੂੰ ਭਾਰਤ ਵਿੱਚ ਅਮਰੀਕਾ ਦੇ ਅਗਲੇ ਰਾਜਦੂਤ ਵਜੋਂ ਨਾਮਜ਼ਦ ਕਰਨ 'ਤੇ ਮੈਨੂੰ ਬਹੁਤ ਖੁਸ਼ੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਸਰਜੀਓ ਗੋਰ ਦੱਖਣੀ ਅਤੇ ਮੱਧ ਏਸ਼ੀਆਈ ਮਾਮਲਿਆਂ ਲਈ ਵਿਸ਼ੇਸ਼ ਦੂਤ ਵਜੋਂ ਵੀ ਕੰਮ ਕਰਨਗੇ। ਇਹ ਐਲਾਨ ਅਮਰੀਕਾ ਅਤੇ ਭਾਰਤ ਵਿਚਕਾਰ ਟੈਰਿਫ ਨੂੰ ਲੈ ਕੇ ਚੱਲ ਰਹੇ ਤਣਾਅ ਦੇ ਵਿਚਕਾਰ ਕੀਤਾ ਗਿਆ ਹੈ। ਟਰੰਪ ਨੇ ਕਿਹਾ ਕਿ ਗੋਰ ਅਤੇ ਉਨ੍ਹਾਂ ਦੀ ਟੀਮ ਨੇ 'ਰਿਕਾਰਡ ਸਮੇਂ' (**ਬਾਕੀ ਸਫ਼ਾ 30 'ਤੇ**)

## ਭਾਰਤ ਨੂੰ ਅਹਿਮ ਅਤੇ ਲੋਕਤੰਤਰੀ ਭਾਈਵਾਲ ਵਜੋਂ ਦੇਖੇ ਅਮਰੀਕਾ: ਹੇਲੀ

ਨਿਊਯਾਰਕ/ਏ.ਟੀ.ਨਿਊਜ਼: ਰਿਪਬਲਿਕਨ ਪਾਰਟੀ ਦੀ ਆਗੂ ਨਿੱਕੀ ਹੇਲੀ ਨੇ ਕਿਹਾ ਹੈ ਕਿ ਭਾਰਤ ਨਾਲ ਸਬੰਧਾਂ 'ਚ ਨਿਘਾਰ ਨੂੰ ਰੋਕਣਾ ਅਮਰੀਕਾ ਦੀ ਤਰਜੀਹ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਨੂੰ ਅਹਿਮ ਅਤੇ ਲੋਕਤੰਤਰੀ ਭਾਈਵਾਲ ਵਜੋਂ ਦੇਖਿਆ ਜਾਣਾ ਚਾਹੀਦਾ ਹੈ।



ਭਾਰਤ-ਅਮਰੀਕੀ ਆਗੂ ਨੇ 'ਨਿਊਜ਼ਵੀਕ' ਮੈਗਜ਼ੀਨ 'ਚ ਪ੍ਰਕਾਸ਼ਿਤ ਲੇਖ 'ਚ ਇਹ ਟਿੱਪਣੀ ਕੀਤੀ ਹੈ। ਉਨ੍ਹਾਂ ਦਾ ਇਹ ਬਿਆਨ ਅਜਿਹੇ ਸਮੇਂ 'ਚ ਆਇਆ ਹੈ, ਜਦੋਂ ਭਾਰਤੀ ਵਸਤਾਂ 'ਤੇ 50 ਫ਼ੀਸਦੀ ਟੈਰਿਫ਼ ਲਗਾਉਣ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਫ਼ੈਸਲੇ ਮਗਰੋਂ ਦੋਵੇਂ ਮੁਲਕਾਂ ਵਿਚਾਲੇ ਸਬੰਧਾਂ 'ਚ ਤਣਾਅ ਪੈਦਾ ਹੋ ਗਿਆ ਹੈ। ਹੇਲੀ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਦੀ ਵਿਦੇਸ਼ ਨੀਤੀ ਦੇ ਟੀਚਿਆਂ 'ਚ ਚੀਨ ਨੂੰ ਰੋਕਣਾ (**ਬਾਕੀ ਸਫ਼ਾ 30 'ਤੇ**)

## ਅਮਰੀਕਾ ਸਰਕਾਰ ਨੇ ਇੰਟੈੱਲ ਕਾਰਪੋਰੇਸ਼ਨ 'ਚ 10 ਫ਼ੀਸਦੀ ਹਿੱਸੇਦਾਰੀ ਖ਼ਰੀਦੀ

ਨਵੀਂ ਦਿੱਲੀ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਵੀਂ ਚਿੱਪ ਰਣਨੀਤੀ ਤਹਿਤ ਅਮਰੀਕਾ ਸਰਕਾਰ ਨੇ ਇੰਟੈੱਲ ਕਾਰਪੋਰੇਸ਼ਨ 'ਚ 10 ਫ਼ੀਸਦੀ ਹਿੱਸੇਦਾਰੀ ਖਰੀਦ ਲਈ ਹੈ। ਇਸ ਸੌਦੇ ਤੋਂ ਬਾਅਦ ਵਾਸ਼ਿੰਗਟਨ ਕੋਲ ਹੁਣ ਇੰਟੈੱਲ ਦੇ 433.3 ਮਿਲੀਅਨ ਸ਼ੇਅਰ ਹਨ, ਜੋ ਕੰਪਨੀ ਦੀ ਕੁੱਲ ਹਿੱਸੇਦਾਰੀ ਦਾ ਲੱਗਭਗ 9.9 ਫ਼ੀਸਦੀ ਹੈ। ਇਹ ਸੌਦਾ 8.9 ਅਰਬ ਡਾਲਰ (ਲੱਗਭਗ 74,000 ਕਰੋੜ ਰੁਪਏ) 'ਚ ਹੋਇਆ ਹੈ, ਜਿਸ ਦੀ ਫ਼ੰਡਿੰਗ ਅਮਰੀਕਾ ਦੇ ਚਿੱਪਸ ਐਂਡ ਸਾਇੰਸ ਐਕਟ ਅਤੇ ਸੁਰੱਖਿਅਤ ਇਨਕਲੇਵ ਪ੍ਰੋਗਰਾਮ ਤਹਿਤ ਮਿਲਣ ਵਾਲੀ ਗ੍ਰਾਂਟ ਤੋਂ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਇੰਟੈੱਲ ਨੂੰ ਸਰਕਾਰ ਵੱਲੋਂ 2.2 ਅਰਬ ਡਾਲਰ ਦੀ ਮਦਦ ਵੀ ਮਿਲ ਚੁੱਕੀ ਹੈ। ਇਸ ਤਰ੍ਹਾਂ ਸਰਕਾਰ ਦਾ ਕੁੱਲ ਨਿਵੇਸ਼ ਹੁਣ 11.1 ਅਰਬ ਡਾਲਰ ਤੱਕ ਪਹੁੰਚ ਗਿਆ ਹੈ।




ਹਾਲਾਂਕਿ, ਇਸ ਹਿੱਸੇਦਾਰੀ ਦੇ ਬਾਵਜੂਦ ਸਰਕਾਰ ਨੂੰ ਬੋਰਡ 'ਚ ਕੋਈ ਸੀਟ ਜਾਂ ਮੈਨੇਜਮੈਂਟ ਅਧਿਕਾਰ ਨਹੀਂ ਮਿਲੇਗਾ।

**ਟਰੰਪ ਬੋਲੇ- 'ਚਿੱਪ ਬਣਾਉਣਾ ਦੇਸ਼ ਲਈ ਜ਼ਰੂਰੀ'**

ਟਰੰਪ ਨੇ ਇਸ ਨੂੰ ਅਮਰੀਕਾ ਅਤੇ ਇੰਟੈੱਲ ਲਈ 'ਸ਼ਾਨਦਾਰ ਸੌਦਾ' ਦੱਸਿਆ। ਉਨ੍ਹਾਂ ਕਿਹਾ, ਲੀਡਿੰਗ-ਐੱਜ ਚਿੱਪਸ ਦਾ ਨਿਰਮਾਣ ਸਾਡੇ ਦੇਸ਼ ਦੇ ਭਵਿੱਖ ਲਈ ਅਹਿਮ ਹੈ। ਸੈਮੀਕੰਡਕਟਰ ਉਤਪਾਦਨ ਰਾਸ਼ਟਰੀ ਸੁਰੱਖਿਆ ਦਾ ਮੁੱਦਾ ਹੈ।

**ਇੰਟੈੱਲ ਸੀ. ਈ. ਓ. ਦਾ ਬਿਆਨ**

ਇੰਟੈੱਲ ਦੇ ਸੀ. ਈ. ਓ. ਲਿਪ-ਬੁ ਟਾਨ ਨੇ ਕਿਹਾ ਕਿ ਕੰਪਨੀ ਅਮਰੀਕਾ 'ਚ ਆਪਣੇ ਮੈਨੂਫ਼ੈਕਚਰਿੰਗ ਆਧਾਰ ਨੂੰ ਹੋਰ ਵਧਾਉਣ ਲਈ ਵਚਨਬੱਧ ਹੈ। ਉਨ੍ਹਾਂ ਨੇ ਏਰੀਜ਼ੋਨਾ 'ਚ ਨਵੀਆਂ ਫ਼ੈਕਟਰੀਆਂ ਦੇ ਵਿਸਥਾਰ ਦੀ ਯੋਜਨਾ ਦਾ ਵੀ ਜ਼ਿਕਰ ਕੀਤਾ।

ਵਿਸ਼ਲੇਸ਼ਕਾਂ ਮੁਤਾਬਕ ਅਮਰੀਕਾ ਸਰਕਾਰ ਦਾ ਇਹ ਕਦਮ ਸਿੱਧੇ ਤੌਰ 'ਤੇ ਕਿਸੇ ਵੱਡੇ ਕਾਰਪੋਰੇਟ 'ਚ ਹਿੱਸੇਦਾਰੀ ਲੈਣ ਦੀ ਉਦਾਹਰਣ ਹੈ, ਜੋ ਆਮਤੌਰ 'ਤੇ ਜੰਗ ਜਾਂ ਵਿੱਤੀ ਸੰਕਟ ਦੇ ਸਮੇਂ ਹੀ ਦੇਖਣ ਨੂੰ ਮਿਲਦਾ ਹੈ। ਹਾਲ ਦੇ ਸਾਲਾਂ 'ਚ ਚਿੱਪ ਦੀ ਕਮੀ ਨਾਲ ਪੂਰੀ ਦੁਨੀਆ ਦੀ ਇੰਡਸਟਰੀ ਪ੍ਰਭਾਵਿਤ ਹੋਈ ਸੀ। (**ਬਾਕੀ ਸਫ਼ਾ 30 'ਤੇ**)

## ਅਮਰੀਕੀ ਟੈਰਿਫ਼ ਕਾਰਨ ਬਰਤਾਨਵੀਂ ਕੰਪਨੀਆਂ ਨੂੰ ਹੋਵੇਗਾ 'ਲੱਖਾਂ ਪੌਂਡ' ਦਾ ਆਰਥਿਕ ਨੁਕਸਾਨ

ਵਾਸ਼ਿੰਗਟਨ/ਏ.ਟੀ.ਨਿਊਜ਼: ਭਾਰਤ-ਰੂਸ ਤੋਂ ਬਾਅਦ ਹੁਣ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬ੍ਰਿਟੇਨ ਲਈ ਵੀ ਸਖ਼ਤ ਰੂਪ ਅਖ਼ਤਿਆਰ ਕਰ ਲਿਆ ਹੈ। ਉਨ੍ਹਾਂ ਨੇ ਉੱਥੋਂ ਆਉਣ ਵਾਲੇ ਸੈਂਕੜੇ ਉਤਪਾਦਾਂ 'ਤੇ 25 ਫ਼ੀਸਦੀ ਤੱਕ ਟੈਰਿਫ਼ ਲਗਾਉਣ ਦਾ ਐਲਾਨ ਕੀਤਾ ਹੈ। ਇਹ ਫ਼ੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ ਅਤੇ ਯੂਰਪ ਵਿਚਕਾਰ ਵਪਾਰਕ ਤਣਾਅ ਲਗਾਤਾਰ ਵਧ ਰਿਹਾ ਹੈ। ਟਰੰਪ ਨੇ ਬ੍ਰਿਟੇਨ ਤੋਂ ਆਯਾਤ ਕੀਤੇ ਜਾਣ ਵਾਲੇ 400 ਤੋਂ ਵੱਧ ਉਤਪਾਦ ਸ਼੍ਰੇਣੀਆਂ 'ਤੇ 25 ਫ਼ੀਸਦੀ ਤੱਕ ਟੈਰਿਫ਼ ਲਗਾ ਕੇ ਇੱਕ ਅਚਾਨਕ ਕਦਮ ਚੁੱਕਿਆ ਹੈ, ਜਿਸ ਵਿੱਚ ਸਟੀਲ ਅਤੇ ਐਲੂਮੀਨੀਅਮ ਸ਼ਾਮਲ ਹਨ। ਪ੍ਰਭਾਵਿਤ ਉਤਪਾਦਾਂ ਵਿੱਚ ਸ਼ੈਂਪੂ, ਵਾਸ਼ਿੰਗ ਮਸ਼ੀਨਾਂ, ਮੋਟਰਸਾਈਕਲਾਂ, ਨਿਰਮਾਣ ਮਸ਼ੀਨਰੀ ਵਰਗੀਆਂ ਸ਼੍ਰੇਣੀਆਂ ਸ਼ਾਮਲ ਹਨ।



ਜੇਮਸ ਸੀਰੀਜ਼ (ਜੇਸੀਬੀ) ਵਰਗੀਆਂ ਕੰਪਨੀਆਂ ਨੇ ਕਿਹਾ ਹੈ ਕਿ ਇਸ ਕਦਮ ਨਾਲ ਉਨ੍ਹਾਂ ਨੂੰ 'ਲੱਖਾਂ ਪੌਂਡ' ਦਾ ਆਰਥਿਕ ਨੁਕਸਾਨ ਹੋਵੇਗਾ। ਇਸਦਾ ਪ੍ਰਭਾਵ ਅਮਰੀਕਾ ਨੂੰ ਨਿਰਯਾਤ ਕੀਤੀਆਂ ਗਈਆਂ ਲਗਭਗ 30,000 ਮਸ਼ੀਨਾਂ 'ਤੇ ਖਾਸ ਤੌਰ 'ਤੇ ਭਾਰੀ ਹੈ, ਜਿਸ ਵਿੱਚ 45 ਮਿਲੀਅਨ ਡਾਲਰ ਦਾ ਹਾਲੀਆ ਇਕਰਾਰਨਾਮਾ ਵੀ ਸ਼ਾਮਲ ਹੈ। ਅਮਰੀਕੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਾਰਵਾਈ 'ਧਾਰਾ 232' ਦੇ ਤਹਿਤ ਕੀਤੀ ਗਈ ਹੈ, ਅਤੇ ਇਸ ਦਾ ਉਦੇਸ਼ ਅਮਰੀਕਾ ਵਿੱਚ ਸਟੀਲ ਅਤੇ ਐਲੂਮੀਨੀਅਮ ਉਦਯੋਗ ਦੀ ਰੱਖਿਆ ਕਰਨਾ ਹੈ।

**ਵਪਾਰ ਸਮਝੌਤੇ 'ਤੇ ਪ੍ਰਭਾਵ**

ਮਈ 2025 ਵਿੱਚ ਬ੍ਰਿਟੇਨ ਅਤੇ ਅਮਰੀਕਾ ਵਿਚਕਾਰ ਇੱਕ 'ਪ੍ਰਗਤੀਸ਼ੀਲ' ਵਪਾਰ ਸਮਝੌਤਾ ਹੋਇਆ ਸੀ, ਜਿਸ ਵਿੱਚ ਬ੍ਰਿਟਿਸ਼ ਸਟੀਲ ਅਤੇ ਐਲੂਮੀਨੀਅਮ 'ਤੇ ਲਗਾਏ ਗਏ 25 ਫ਼ੀਸਦੀ ਟੈਰਿਫ਼ ਨੂੰ ਜ਼ੀਰੋ ਕਰਨਾ ਸੀ। ਇਸ ਨਵੇਂ ਆਦੇਸ਼ ਨੇ ਉਸ ਸਮਝੌਤੇ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ। ਅਮਰੀਕੀ ਪ੍ਰਸ਼ਾਸਨ ਨੇ ਇਹ ਕਦਮ 'ਚੁੱਪਚਾਪ' ਚੁੱਕਿਆ, ਜਿਸ ਕਾਰਨ ਕਈ ਬ੍ਰਿਟਿਸ਼ ਉਦਯੋਗਾਂ ਵਿੱਚ ਹੰਗਾਮਾ ਹੋਇਆ।

**ਬ੍ਰਿਟੇਨ ਦਾ ਜਵਾਬ**

ਬ੍ਰਿਟਿਸ਼ ਵਣਜ ਮੰਤਰਾਲੇ ਅਤੇ ਉਦਯੋਗ ਸੰਗਠਨਾਂ ਨੇ ਕਿਹਾ ਹੈ ਕਿ ਉਹ ਇਸ ਮੁੱਦੇ ਦਾ ਹੱਲ ਲੱਭਣ ਅਤੇ ਉਦਯੋਗਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਅਮਰੀਕਾ ਨਾਲ ਗੱਲਬਾਤ ਕਰਨਗੇ। ਬ੍ਰਿਟਿਸ਼ ਚੈਂਬਰਜ਼ ਆਫ਼ ਕਾਮਰਸ ਨੇ ਵੀ ਇਸ ਨੀਤੀ 'ਤੇ ਪ੍ਰਤੀਕਿਰਿਆ ਦਿੱਤੀ ਅਤੇ ਖੁਲਾਸਾ ਕੀਤਾ ਕਿ ਅਮਰੀਕੀ ਸਪਲਾਈ ਚੇਨ ਨਾਲ ਜੁੜੇ ਯੂ. ਕੇ. ਉਦਯੋਗਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਅਦਾਕਾਰ ਮੈਥੀਊ ਪੈਰੀ ਦੀ ਮੌਤ ਦੇ ਮਾਮਲੇ ਵਿੱਚ ਪੰਜਾਬਣ ਜਸਵੀਨ ਸੰਘਾ ਨੇ ਗੁਨਾਹ ਕਬੂਲਿਆ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕਾ ਤੇ ਬਰਤਾਨੀਆ ਦੀ ਦੋਹਰੀ ਨਾਗਰਿਕਤਾ ਰੱਖਣ ਵਾਲੀ ਪੰਜਾਬਣ 42 ਸਾਲਾ ਜਸਵੀਨ ਸੰਘਾ, ਜਿਸ ਨੂੰ ਕੈਟਾਮਾਈਨ ਕੁਈਨ ਵੀ ਕਿਹਾ ਜਾਂਦਾ ਹੈ, ਨੇ 2023 ਵਿੱਚ ਅਦਾਕਾਰ ਮੈਥੀਊ ਪੈਰੀ ਦੀ ਓਵਰਡੋਜ਼ ਕਾਰਨ ਹੋਈ ਮੌਤ ਦੇ ਮਾਮਲੇ ਵਿੱਚ ਆਪਣੇ ਵਿਰੁੱਧ ਲੱਗੇ ਸੰਘੀ ਦੋਸ਼ਾਂ ਨੂੰ ਮੰਨ ਲਿਆ ਹੈ। ਇਹ ਜਾਣਕਾਰੀ ਇਸਤਗਾਸਾ ਪੱਖ ਨੇ ਦਿੱਤੀ ਹੈ। ਸੰਘਾ ਨੇ ਡਰੱਗ ਰੱਖਣ ਤੇ ਕੈਟਾਮਾਈਨ ਵੰਡਣ, ਜਿਸ ਕਾਰਨ ਮੌਤ ਹੋਈ, ਸਮੇਤ ਹੋਰ ਦੋਸ਼ਾਂ ਨੂੰ ਕਬੂਲ ਕਰ ਲਿਆ ਹੈ। ਜਾਂਚਕਾਰਾਂ ਅਨੁਸਾਰ ਸੰਘਾ ਨੇ ਪੈਰੀ ਨੂੰ ਕਈ ਵਾਰ ਕੈਟਾਮਾਈਨ ਦੀ ਸਪਲਾਈ ਕੀਤੀ ਹਾਲਾਂ ਕਿ ਉਹ ਜਾਣਦੀ ਸੀ ਕਿ ਅਦਾਕਾਰ ਨੂੰ ਡਰੱਗ ਦੀ ਆਦਤ ਹੈ। ਲਾਸ ਏਂਜਲਸ ਕਾਊਂਟੀ ਜਾਂਚਕਾਰ ਨੇ ਪੁਸ਼ਟੀ ਕੀਤੀ ਸੀ ਕਿ 28 ਅਕਤੂਬਰ.2023 ਨੂੰ ਪੈਰੀ ਦੀ ਮੌਤ ਦਾ ਮੁੱਢਲਾ ਕਾਰਨ ਜ਼ਹਿਰੀਲਾ ਕੈਟਾਮਾਈਨ ਸੀ। ਸੰਘਾ ਨੂੰ ਸਜ਼ਾ ਸੁਣਾਉਣ ਦੀ ਤਰੀਕ ਅਜੇ ਤੈਅ ਨਹੀਂ ਹੋਈ ਹੈ। ਇਸਤਗਾਸਾ ਪੱਖ ਅਨੁਸਾਰ ਉਸ ਨੂੰ 45 ਸਾਲ ਤੱਕ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਕਾਲੀ ਸਿਆਸਤ ਵਿੱਚ ਭਾਜਪਾ ਬਾਰੇ ਦੁਬਿਧਾ ਕਿਉਂ ?

## ਭਾਜਪਾ ਬਾਦਲ ਦਲ ਦੇ ਨਿਸ਼ਾਨੇ ਉੱਪਰ ਕਿਉਂ ?

## ਕੀ ਭਾਜਪਾ- ਅਕਾਲੀ ਗਠਜੋੜ ਹੋਵੇਗਾ ?

ਜਲੰਧਰ/ਏ.ਟੀ.ਨਿਊਜ਼: ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਅਤੇ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਨਵੇਂ ਬਣੇ ਅਕਾਲੀ ਦਲ ਵਿਚਕਾਰ ਸਿਆਸੀ ਜੰਗ ਤੇਜ਼ ਹੋਣ ਨਾਲ, ਸੁਖਬੀਰ ਸਿੰਘ ਬਾਦਲ ਦੀ ਅਗਵਾਈ ਦੇ ਖੇਮੇ ਵਿੱਚ 'ਕੇਂਦਰ', 'ਕੇਂਦਰੀ ਤਾਕਤਾਂ' ਅਤੇ 'ਏਜੰਸੀਆਂ' ਵਿਰੁੱਧ ਨਕਾਰਾਤਮਿਕ ਬਿਆਨਬਾਜ਼ੀ ਦਾ ਰੁਝਾਨ ਵਧ ਰਿਹਾ ਹੈ, ਜੋ ਭਾਜਪਾ ਦੀ ਕਥਿਤ ਸ਼ਮੂਲੀਅਤ ਵੱਲ ਇਸ਼ਾਰਾ ਕਰਦਾ ਹੈ। ਨਾਲ ਹੀ, ਇੱਕ ਦੁਬਿਧਾ ਵੀ ਸਾਹਮਣੇ ਆ ਰਹੀ ਹੈ: ਜਿੱਥੇ ਦੋਹਾਂ ਖੇਮਿਆਂ ਦੇ ਆਗੂ ਅਤੇ ਕਾਰਕੁਨ ਭਾਜਪਾ ਨਾਲ ਭਵਿੱਖ ਵਿੱਚ ਗਠਜੋੜ ਦੀ ਸੰਭਾਵਨਾ ਲਈ ਖੁੱਲ੍ਹੇ ਦਿਖਾਈ ਦਿੰਦੇ ਨੇ, ਉੱਥੇ ਵਿਸ਼ਾਲ ਸਿੱਖ ਭਾਈਚਾਰਾ ਭਾਜਪਾ ਬਾਰੇ ਸੁਚੇਤ ਰਹਿੰਦਾ ਹੈ।

ਸੁਖਬੀਰ ਦਾ ਖੇਮਾ ਇਸ ਤਰ੍ਹਾਂ ਦੇ ਹਮਲਿਆਂ ਨੂੰ ਹੋਰ ਤੇਜ਼ ਕਰ ਰਿਹਾ ਹੈ, ਕਿਉਂਕਿ ਉਹ ਸਿੱਖ ਜਨਤਾ ਵਿੱਚ ਭਾਜਪਾ ਬਾਰੇ ਵਧਦੀਆਂ ਚਿੰਤਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੈ ਅਤੇ ਇਸ ਭਾਵਨਾ ਨੂੰ ਵਿਰੋਧੀ ਗਿਆਨੀ ਹਰਪ੍ਰੀਤ ਸਿੰਘ ਵਾਲੇ ਖੇਮੇ ਨੂੰ ਬਦਨਾਮ ਕਰਨ ਲਈ ਵਰਤਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹਨਾਂ ਚਿੰਤਾਵਾਂ ਦੇ ਪਿਛੋਕੜ ਵਿੱਚ, 2024 ਦੀਆਂ ਲੋਕ ਸਭਾ ਚੋਣਾਂ ਵਿੱਚ ਇਹ ਸਾਹਮਣੇ ਆਇਆ ਕਿ ਸਿੱਖ ਵੋਟਰਾਂ ਨੇ ਭਾਜਪਾ ਨੂੰ ਰੋਕਣ ਲਈ ਕਾਂਗਰਸ ਵੱਲ ਝੁਕਾਅ ਦਿਖਾਇਆ ਹੈ।

**2024 ਦੀਆਂ ਚੋਣਾਂ ਅਤੇ ਸੁਖਬੀਰ ਦੇ ਹਮਲੇ**

2024 ਦੀਆਂ ਆਮ ਚੋਣਾਂ ਦੀ ਮੁਹਿੰਮ ਦੌਰਾਨ, ਸੁਖਬੀਰ ਨੇ ਭਾਜਪਾ 'ਤੇ ਹਮਲਾ ਕਰਦਿਆਂ ਇਲਜ਼ਾਮ ਲਾਇਆ ਕਿ ਭਗਵੀਂ ਪਾਰਟੀ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਪੰਜਾਬ ਤੋਂ ਬਾਹਰ ਮਹੱਤਵਪੂਰਨ ਗੁਰਦੁਆਰਾ ਸੰਸਥਾਵਾਂ 'ਤੇ ਕਬਜ਼ਾ ਕਰ ਰਹੇ ਨੇ। ਚੋਣਾਂ ਤੋਂ ਬਾਅਦ ਅਕਾਲੀ ਦਲ ਵਿੱਚ ਵੰਡ ਪੈਣ 'ਤੇ, ਸੁਖਬੀਰ ਦੇ ਖੇਮੇ ਨੇ ਸਿੱਧੇ ਤੌਰ 'ਤੇ ਭਾਜਪਾ ਨੂੰ ਅਤੇ 'ਕੇਂਦਰੀ ਤਾਕਤਾਂ' ਜਾਂ 'ਏਜੰਸੀਆਂ' ਦਾ ਜ਼ਿਕਰ ਕਰਕੇ ਉਸ ਨੂੰ ਹਟਾਉਣ ਦੀ ਸਾਜ਼ਿਸ਼ ਦਾ ਦੋਸ਼ ਲਾਇਆ। ਜਦੋਂ ਬਾਬਾ



ਹਰਨਾਮ ਸਿੰਘ ਧੁੰਮਾ ਦੀ ਅਗਵਾਈ ਵਾਲੇ ਦਮਦਮੀ ਟਕਸਾਲ ਨੇ ਮਾਰਚ ਵਿੱਚ ਦੋ ਤਖ਼ਤ ਜਥੇਦਾਰਾਂ ਦੀ ਵਿਵਾਦਤ ਬਰਖ਼ਾਸਤਗੀ ਦੇ ਵਿਰੋਧ ਵਿੱਚ ਖੁਦ ਨੂੰ ਕੇਂਦਰ ਵਿੱਚ ਰੱਖਣ ਦੀ ਕੋਸ਼ਿਸ਼ ਕੀਤੀ, ਤਾਂ ਸੁਖਬੀਰ ਦੇ ਖੇਮੇ ਨੇ ਉਸ 'ਤੇ ਭਾਜਪਾ ਨਾਲ ਮਿਲੀਭੁਗਤ ਦਾ ਇਲਜ਼ਾਮ ਲਾਇਆ ਅਤੇ ਉਸ ਨੂੰ 'ਕੇਂਦਰ ਸਰਕਾਰ ਅਤੇ ਏਜੰਸੀਆਂ ਦਾ ਸਾਧਨ' ਕਰਾਰ ਦਿੱਤਾ।

ਗਿਆਨੀ ਹਰਪ੍ਰੀਤ ਸਿੰਘ ਦੇ ਖੇਮੇ ਦੀ ਸਥਿਤੀ ਜਿਵੇਂ-ਜਿਵੇਂ ਗਿਆਨੀ ਹਰਪ੍ਰੀਤ ਸਿੰਘ ਦਾ ਖੇਮਾ ਇਹਨਾਂ ਹਮਲਿਆਂ ਦਾ ਸਾਹਮਣਾ ਕਰ ਰਿਹਾ ਹੈ, ਉਹ ਵੀ ਸੰਭਵ ਤੌਰ 'ਤੇ ਭਾਜਪਾ ਵਿਰੁੱਧ ਤਿੱਖੇ ਸੁਰ ਅਪਣਾ ਸਕਦੇ ਨੇ, ਅਤੇ ਉਹਨਾਂ ਦੇ ਬਿਆਨਾਂ ਵਿੱਚ ਵੀ ਤਿੱਖਾਪਣ ਵਧ ਸਕਦਾ ਹੈ। ਪਰ ਇਹ ਰੁਝਾਨ ਦੇਖਣ ਨੂੰ ਨਹੀਂ ਮਿਲਿਆ।

ਭਾਜਪਾ ਦੀ ਕਿਸ ਧੜੇ ਨਾਲ ਗੱਠਜੋੜ ਦੀ ਸੰਭਾਵਨਾ ਦੋਹਾਂ ਖੇਮਿਆਂ ਦੇ ਆਗੂਆਂ ਅਤੇ ਕਾਰਕੁਨਾਂ ਨਾਲ ਪੁੱਛ-ਗਿੱਛ ਤੋਂ ਪਤਾ ਲੱਗਦਾ ਹੈ ਕਿ ਉਹ ਭਗਵੀਂ ਪਾਰਟੀ ਨਾਲ ਇੱਕ ਪਾਸੇ ਦੇ ਗਠਜੋੜ ਦੀ ਸੰਭਾਵਨਾ ਵੇਖਦੇ ਨੇ। ਪਰ ਦੋਹਾਂ ਖੇਮਿਆਂ ਦੇ ਲੋਕ ਮੰਨਦੇ ਨੇ ਕਿ ਸਿੱਖ ਭਾਈਚਾਰੇ ਦਾ ਇੱਕ ਵੱਡਾ ਹਿੱਸਾ ਕਾਂਗਰਸ ਨਾਲੋਂ ਭਾਜਪਾ ਬਾਰੇ ਜ਼ਿਆਦਾ ਚਿੰਤਤ ਹੈ ਤੇ ਕਾਂਗਰਸ ਨਾਲੋਂ ਵੱਡੇ ਦੁਸ਼ਮਣ ਵਜੋਂ ਵੇਖਦਾ ਹੈ।

ਦੋਹਾਂ ਧੜਿਆਂ ਵਾਲੇ ਪਾਸੇ ਜੋ ਅਕਾਲੀ ਆਗੂ ਅਤੇ ਕੁਝ ਕਾਰਕੁਨ ਸੱਤਾ ਦੇ ਢਾਂਚੇ ਨਾਲ ਜੁੜੇ ਹੋਏ ਸਨ ਅਤੇ ਜਦੋਂ ਗਠਜੋੜ ਦੀਆਂ ਸੰਭਾਵਨਾਵਾਂ ਬਾਰੇ ਪੁੱਛਿਆ ਜਾਂਦਾ ਹੈ, ਤਾਂ ਉਹ ਭਾਜਪਾ ਨਾਲ ਗੱਠਜੋੜ ਦੇ ਪੱਖ ਵਿੱਚ ਸਕਾਰਾਤਮਕ ਸੁਰ ਵਿੱਚ ਜਵਾਬ ਦਿੰਦੇ ਨੇ। ਪਰ ਪੰਥਕ ਹਲਕਿਆਂ ਵਿੱਚ ਭਾਜਪਾ ਦੇ ਉਲਟ ਰੁਝਾਨ ਦੇਖਣ ਨੂੰ ਮਿਲਿਆ। ਉਸ ਦਾ ਕਾਰਨ ਭਾਜਪਾ ਸਰਕਾਰ ਵੱਲੋਂ ਬੰਦੀ ਸਿੱਖ ਨਾ ਛੱਡਣਾ,ਰਾਜਧਾਨੀ ਤੇ ਦਰਿਆਈ ਪਾਣੀਆਂ ਦੇ ਮਸਲੇ ਹੱਲ ਨਾ ਕਰਨਾ ਹੈ।

ਇਸ ਸਥਿਤੀ ਵਿੱਚ, ਭਾਜਪਾ ਜਾਂ 'ਕੇਂਦਰੀ ਤਾਕਤਾਂ', 'ਏਜੰਸੀਆਂ' ਦੇ ਵਿਰੁੱਧ ਵਧਦੀ ਬਾਦਲ ਅਕਾਲੀ ਦਲ ਵੱਲੋਂ ਨਕਾਰਾਤਮਿਕ ਬਿਆਨਬਾਜ਼ੀ ਵਿਸ਼ਾਲ ਸਿੱਖ ਭਾਈਚਾਰੇ ਵਿੱਚ ਭਾਜਪਾ ਪ੍ਰਤੀ ਹੋਰ ਕੁੜੱਤਣ ਪੈਦਾ ਕਰ ਸਕਦੀ ਹੈ, ਜਿਸ ਨਾਲ ਭਾਜਪਾ ਨਾਲ ਗਠਜੋੜ ਦੀ ਗੁੰਜਾਇਸ਼ ਅਤੇ ਇਸ ਦੇ ਫਾਇਦਿਆਂ ਦੀ ਸੰਭਾਵਨਾ ਘਟ ਸਕਦੀ ਹੈ।

ਇੱਕ ਹੋਰ ਮਹੱਤਵਪੂਰਨ ਕਾਰਕ ਸਿੱਖ ਕਿਸਾਨਾਂ ਵਿੱਚ ਭਾਜਪਾ ਪ੍ਰਤੀ ਨਕਾਰਾਤਮਿਕ ਭਾਵਨਾ ਹੈ, ਜੋ ਅਕਾਲੀ ਦਲ ਦਾ ਸਭ ਤੋਂ ਵੱਡਾ ਸਮਰਥਕ ਵਰਗ ਹਨ। ਖੇਤੀ ਅੰਦੋਲਨ ਦੌਰਾਨ ਇਹ ਨਾਰਾਜ਼ਗੀ ਸਪੱਸ਼ਟ ਸੀ। ਸਿਰਫ਼ ਆਮ ਆਦਮੀ ਪਾਰਟੀ (ਆਪ) ਦੀ ਜ਼ਮੀਨੀ ਪੂਲਿੰਗ ਨੀਤੀ, ਜੋ ਹੁਣ ਵਾਪਸ ਲਈ ਜਾ ਚੁੱਕੀ ਹੈ, ਨੇ ਕਿਸਾਨਾਂ ਵਿੱਚ ਇਸੇ ਤਰ੍ਹਾਂ ਦੀ ਨਕਾਰਾਤਮਿਕਤਾ ਪੈਦਾ ਕੀਤੀ ਸੀ।

# ਕਾਂਗਰਸ ਹਾਈਕਮਾਂਡ ਦੀ ਸਖ਼ਤੀ: ਅਨੁਸ਼ਾਸਨਹੀਣਤਾ ਵਿਰੁੱਧ ਕਾਰਵਾਈ ਦੀ ਚਿਤਾਵਨੀ

## ਰਾਜਾ ਵੜਿੰਗ ਨਾਲ ਸੀਨੀਅਰ ਆਗੂਆਂ ਦੀ ਨਾਰਾਜ਼ਗੀ, ਹਾਈਕਮਾਂਡ ਕੋਲ ਸ਼ਿਕਾਇਤ ਲਗਾਈ

## ਸਿਆਸੀ ਮਾਹਿਰਾਂ ਦੀ ਰਾਏ: 2027 ਲਈ ਕਾਂਗਰਸ ਵਿੱਚ ਏਕਤਾ ਜ਼ਰੂਰੀ

ਪੰਜਾਬ ਕਾਂਗਰਸ ਵਿੱਚ ਧੜੇਬੰਦੀ ਅਤੇ ਅਨੁਸ਼ਾਸਨਹੀਣਤਾ ਨੂੰ ਖ਼ਤਮ ਕਰਨ ਲਈ ਹਾਈਕਮਾਂਡ ਵੱਲੋਂ ਕਈ ਯਤਨ ਕੀਤੇ ਜਾ ਰਹੇ ਨੇ। ਹਾਲ ਹੀ ਵਿੱਚ ਦਿੱਲੀ ਵਿੱਚ ਹੋਈ ਮੀਟਿੰਗ ਵਿੱਚ ਪਾਰਟੀ ਦੇ ਕੌਮੀ ਜਨਰਲ ਸਕੱਤਰ ਵੇਣੂ ਗੋਪਾਲ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਪੰਜਾਬ ਤੋਂ ਸੱਦੇ ਗਏ ਕਰੀਬ ਦੋ ਦਰਜਨ ਆਗੂਆਂ ਨੂੰ ਸਪੱਸ਼ਟ ਕਿਹਾ ਕਿ ਅਨੁਸ਼ਾਸਨਹੀਣਤਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਪਾਰਟੀ ਨੂੰ ਕਮਜ਼ੋਰ ਕਰਨ ਵਾਲੀ ਕਿਸੇ ਵੀ ਕਾਰਵਾਈ ਵਿਰੁੱਧ ਸਖ਼ਤ ਕਦਮ ਚੁੱਕੇ ਜਾਣਗੇ। ਇਸ ਮੀਟਿੰਗ ਵਿੱਚ ਆਗੂਆਂ ਨੂੰ ਇਕੱਠੇ ਹੋ ਕੇ ਚੱਲਣ ਅਤੇ 2027 ਵਿਧਾਨ ਸਭਾ ਚੋਣਾਂ ਲਈ ਹੁਣ ਤੋਂ ਹੀ ਤਿਆਰੀਆਂ ਸ਼ੁਰੂ ਕਰਨ ਲਈ ਕਿਹਾ ਗਿਆ। ਪਾਰਟੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਕੋਈ ਵੀ ਵਿਅਕਤੀ ਪਾਰਟੀ ਤੋਂ ਵੱਡਾ ਨਹੀਂ ਹੈ ਅਤੇ ਅਨੁਸ਼ਾਸਨਹੀਣਤਾ ਵਿਰੁੱਧ ਕਾਰਵਾਈ ਹੋਵੇਗੀ। ਹਾਈਕਮਾਂਡ ਨੇ ਪੰਜਾਬ ਕਾਂਗਰਸ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰਨ ਲਈ ਨਿਰਦੇਸ਼ ਦਿੱਤੇ ਨੇ ਅਤੇ ਘਰ-ਘਰ ਜਾ ਕੇ ਕੈਂਪੇਨ ਸ਼ੁਰੂ ਕਰਨ ਦੀ ਗੱਲ ਕੀਤੀ ਗਈ ਹੈ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਟਵੀਟ ਕਰ ਕੇ ਕਿਹਾ ਕਿ ਮੀਟਿੰਗ ਵਿੱਚ ਮਿਸ਼ਨ 2027 ਦੀ ਰਣਨੀਤੀ ਤੇ ਵਿਚਾਰ ਕੀਤਾ ਗਿਆ ਅਤੇ ਪਾਰਟੀ ਨੂੰ ਇਕਜੁੱਟ ਕਰਨ ਲਈ ਕੰਮ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਪਾਰਟੀ ਨੇ ਨਵੇਂ ਚਿਹਰੇ ਲਿਆਉਣ ਦੀ ਗੱਲ ਵੀ ਕੀਤੀ ਹੈ,



ਜਿਵੇਂ ਕਿ 2027 ਚੋਣਾਂ ਲਈ 60-70 ਨਵੇਂ ਉਮੀਦਵਾਰਾਂ ਨੂੰ ਮੌਕਾ ਦੇਣ ਦੀ ਯੋਜਨਾ ਹੈ। ਹਾਈਕਮਾਂਡ ਨੇ ਪਹਿਲਾਂ ਵੀ ਅਜਿਹੇ ਯਤਨ ਕੀਤੇ ਨੇ, ਜਿਵੇਂ ਕਿ ਭੁਪੇਸ਼ ਬਘੇਲ ਨੇ ਕਿਹਾ ਕਿ ਪਾਰਟੀ ਵਿੱਚ ਧੜੇਬੰਦੀ ਲਈ ਕੋਈ ਥਾਂ ਨਹੀਂ ਅਤੇ ਸੰਗਠਨ ਨੂੰ ਮਜ਼ਬੂਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਇਸ ਨਾਲ ਪੰਜਾਬ ਵਿੱਚ ਪਾਰਟੀ ਨੂੰ ਇਕੱਠਾ ਕਰਨ ਅਤੇ ਆਮ ਆਦਮੀ ਪਾਰਟੀ ਸਰਕਾਰ ਵਿਰੁੱਧ ਮਜ਼ਬੂਤ ਵਿਰੋਧੀ ਮੁਹਿੰਮ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਾਈਕਮਾਂਡ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਮੌਜੂਦਾ ਸਰਕਾਰ ਨੇ ਲੋਕਾਂ ਦਾ ਭਰੋਸਾ ਗੁਆ ਲਿਆ ਹੈ ਅਤੇ ਲੋਕ ਕਾਂਗਰਸ ਵੱਲ ਵੇਖ ਰਹੇ ਨੇ, ਪਰ ਧੜੇਬੰਦੀ ਨੂੰ ਖ਼ਤਮ ਕਰਨਾ ਜ਼ਰੂਰੀ ਹੈ। ਹਾਈਕਮਾਂਡ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਧੜੇਬੰਦੀ ਕਾਰਨ ਪਾਰਟੀ ਨੂੰ ਨੁਕਸਾਨ ਹੋਇਆ ਅਤੇ ਪੰਜਾਬ ਵਿੱਚ ਵੀ ਅਜਿਹਾ ਨਹੀਂ ਹੋਣਾ ਚਾਹੀਦਾ।

ਇਸ ਮੀਟਿੰਗ ਵਿੱਚ ਕਈ ਆਗੂਆਂ ਪ੍ਰਤਾਪ ਸਿੰਘ ਬਾਜਵਾ, ਭਾਰਤ ਭੂਸ਼ਨ ਆਸ਼ੂ, ਚਰਨਜੀਤ ਸਿੰਘ ਚੰਨੀ, ਸੀਨੀਅਰ ਆਗੂ ਬੀਬੀ ਰਜਿੰਦਰ ਕੌਰ ਭੱਠਲ, ਸੁਖਪਾਲ ਸਿੰਘ ਖਹਿਰਾ ਅਤੇ ਪਰਗਟ ਸਿੰਘ ਅਤੇ ਹੋਰਾਂ ਨੇ ਇਤਰਾਜ਼ ਉਠਾਏ ਕਿ ਪਾਰਟੀ ਪ੍ਰੋਗਰਾਮਾਂ ਬਾਰੇ ਉਨ੍ਹਾਂ ਨੂੰ ਸੂਚਿਤ ਨਹੀਂ ਕੀਤਾ ਜਾਂਦਾ।

ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਹਾਰ ਤੋਂ ਬਾਅਦ ਆਸ਼ੂ ਨੇ ਅੰਦਰੂਨੀ ਧੜੇਬੰਦੀ ਨੂੰ ਜ਼ਿੰਮੇਵਾਰ ਠਹਿਰਾਇਆ ਸੀ ਅਤੇ ਵੜਿੰਗ ਨੂੰ ਨਿਸ਼ਾਨੇ 'ਤੇ ਰੱਖਿਆ ਸੀ।

ਸੀਨੀਅਰ ਆਗੂਆਂ ਵਲੋਂ ਵੜਿੰਗ ਉੱਪਰ ਧੜੇਬੰਦੀ ਵਧਾਉਣ ਦੇ ਦੋਸ਼ ਲਗਾਏ ਜਾ ਰਹੇ ਹਨ ਅਤੇ ਉਨ੍ਹਾਂ ਦੀ ਪਤਨੀ ਅਮ੍ਰਿਤਾ ਵੜਿੰਗ ਨੂੰ ਚੋਣ ਵਿੱਚ ਉਤਾਰਨ ਨੂੰ ਵੀ ਨਿੱਜੀ ਹਿੱਤ ਵਜੋਂ ਵੇਖਿਆ ਜਾਂਦਾ ਹੈ।

(ਬਾਕੀ ਸਫ਼ਾ 30 'ਤੇ)

# ਤਮਿਲ ਸਿੱਖ ਸੰਗਤ ਦੀ ਮੰਗ: ਘੱਟ ਗਿਣਤੀ ਦਰਜੇ ਦੀ ਜ਼ਰੂਰਤ

## ਅਧਿਕਾਰੀਆਂ ਦੀ ਨਾਲਾਇਕੀ ਕਾਰਨ ਭਾਈਚਾਰਕ ਸਰਟੀਫਿਕੇਟਾਂ ਵਿੱਚ ਆ ਰਹੀ ਹੈ ਸਮੱਸਿਆ

## ਕਿਰਪਾਨ ਨੂੰ ਲੈ ਕੇ ਪੁਲਿਸ ਨੇ ਪ੍ਰੇਸ਼ਾਨੀ ਵਧਾਈ

**ਤਾਮਿਲਨਾਡੂ ਵਿੱਚ ਸਿੱਖ ਭਾਈਚਾਰੇ ਦੀਆਂ ਸਮੱਸਿਆਵਾਂ ਸੰਵਿਧਾਨਕ ਅਧਿਕਾਰਾਂ, ਸੱਭਿਆਚਾਰਕ ਪਛਾਣ ਅਤੇ ਸਮਾਜਕ ਮਾਨਤਾ ਨਾਲ ਜੁੜੀਆਂ ਹਨ। ਤਾਮਿਲ ਸਿੱਖ ਸੰਗਤ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਸਰਕਾਰ ਨੂੰ ਸਪੱਸ਼ਟ ਨੀਤੀਆਂ ਅਤੇ ਅਧਿਕਾਰੀਆਂ ਨੂੰ ਜਾਗਰੂਕਤਾ ਦੀ ਜ਼ਰੂਰਤ ਹੈ। ਸਟੇਟ ਮਾਈਨੋਰਿਟੀ ਕਮਿਸ਼ਨ ਦੇ ਯਤਨਾਂ ਨਾਲ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਸਿੱਖਾਂ ਦੀਆਂ ਸਮੱਸਿਆਵਾਂ ਦਾ ਜਲਦੀ ਹੱਲ ਹੋਵੇਗਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਸੰਵਿਧਾਨਕ ਅਧਿਕਾਰ ਮਿਲਣਗੇ।**





ਤਮਿਲ ਸਿੱਖ ਸੰਗਤ ਦੇ ਮੁਖੀ ਸਰਦਾਰ ਜੀਵਨ ਸਿੰਘ, ਜੋ ਕਿ ਬਹੁਜਨ ਦ੍ਰਵਿੜ ਪਾਰਟੀ (ਬੀਡੀਪੀ) ਦੇ ਕੌਮੀ ਪ੍ਰਧਾਨ ਵੀ ਹਨ, ਨੇ ਦੱਸਿਆ ਕਿ ਸੂਬੇ ਦੇ ਦੱਖਣੀ ਜ਼ਿਲ੍ਹਿਆਂ, ਖਾਸਕਰ ਤੂਤੀਕੋਰਿਨ ਵਿੱਚ, ਵੱਡੀ ਗਿਣਤੀ ਵਿੱਚ ਲੋਕ ਸਿੱਖ ਧਰਮ ਨੂੰ ਅਪਣਾ ਰਹੇ ਹਨ। ਉਨ੍ਹਾਂ ਦੀ ਮੁੱਖ ਮੰਗ ਹੈ ਕਿ ਸਰਕਾਰ ਤਾਮਿਲ ਸਿੱਖਾਂ ਨੂੰ ਘੱਟ ਗਿਣਤੀ ਦਾ ਦਰਜਾ ਦੇਵੇ, ਜਿਸ ਨਾਲ ਉਨ੍ਹਾਂ ਨੂੰ ਸੰਵਿਧਾਨਕ ਅਧਿਕਾਰ ਮਿਲ ਸਕਣ। ਸੰਵਿਧਾਨ ਦੇ ਅਨੁਛੇਦ 25 ਤੋਂ 28 ਤੱਕ ਸਿੱਖਾਂ ਨੂੰ ਆਪਣੇ ਧਰਮ ਦੀ ਪਾਲਣਾ ਕਰਨ ਅਤੇ ਆਪਣੀ ਪਛਾਣ ਸਥਾਪਤ ਕਰਨ ਦਾ ਅਧਿਕਾਰ ਦਿੰਦੇ ਹਨ। ਪਰ ਸਰਕਾਰੀ ਅਧਿਕਾਰੀਆਂ ਦੀ ਨਾਲਾਇਕੀ ਅਤੇ ਸਖ਼ਤ ਰਵੱਈਏ ਕਾਰਨ ਸਿੱਖਾਂ ਨੂੰ ਆਪਣੀ ਪਛਾਣ ਸਾਬਤ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜੀਵਨ ਸਿੰਘ ਨੇ ਕਿਹਾ ਕਿ ਭਾਈਚਾਰਕ ਸਰਟੀਫਿਕੇਟ ਵਿੱਚ ਸਿੱਖ ਧਰਮ ਦਾ ਸਪੱਸ਼ਟ ਜ਼ਿਕਰ ਹੋਣਾ ਚਾਹੀਦਾ ਹੈ, ਨਾਲ ਹੀ ਸਮਾਜਕ ਸਥਿਤੀ (ਜਿਵੇਂ ਕਿ ਅਨੁਸੂਚਿਤ ਜਾਤੀ, ਪੱਛੜੀ ਜਾਤੀ ਜਾਂ ਹੋਰ) ਦਾ ਵੀ ਜ਼ਿਕਰ ਹੋਣਾ ਜ਼ਰੂਰੀ ਹੈ। ਪਰ ਮੌਜੂਦਾ ਸਮੇਂ ਵਿੱਚ ਰੈਵੇਨਿਊ ਅਧਿਕਾਰੀ ਅਜਿਹੀਆਂ ਅਰਜ਼ੀਆਂ ਨੂੰ ਰੱਦ ਕਰ ਰਹੇ ਹਨ, ਜਿਸ ਨਾਲ ਸਿੱਖ ਭਾਈਚਾਰੇ ਵਿੱਚ ਨਿਰਾਸ਼ਾ ਪੈਦਾ ਹੋ ਰਹੀ ਹੈ। ਸਿੱਖਾਂ ਦੀ ਇਹ ਮੰਗ ਸਿਰਫ਼ ਇੱਕ ਕਾਨੂੰਨੀ ਮਸਲਾ ਨਹੀਂ, ਸਗੋਂ ਉਨ੍ਹਾਂ ਦੀ ਸਭਿਆਚਾਰਕ ਅਤੇ ਧਾਰਮਿਕ ਪਛਾਣ ਦਾ ਸਵਾਲ ਹੈ।

ਤਮਿਲਨਾਡੂ ਵਿੱਚ ਸਿੱਖ ਧਰਮ ਨੂੰ ਅਪਣਾਉਣ ਵਾਲੇ ਲੋਕਾਂ ਦੀ ਗਿਣਤੀ ਭਾਵੇਂ ਘੱਟ ਹੋਵੇ, ਪਰ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸੰਗਤ ਦਾ ਮੰਨਣਾ ਹੈ ਕਿ ਜੇਕਰ ਸਰਕਾਰ ਉਨ੍ਹਾਂ ਨੂੰ ਘੱਟ ਗਿਣਤੀ ਦਾ ਦਰਜਾ ਦੇ ਦਿੰਦੀ ਹੈ, ਤਾਂ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਸੌਖਾ ਹੋ ਸਕਦਾ ਹੈ। ਇਸ ਦੇ ਨਾਲ ਹੀ, ਸਿੱਖਾਂ ਦੇ ਸੰਵਿਧਾਨਕ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਲਈ ਸਰਕਾਰ ਨੂੰ ਇੱਕ ਸਪੱਸ਼ਟ ਨੀਤੀ ਬਣਾਉਣ ਦੀ ਜ਼ਰੂਰਤ ਹੈ।

**ਭਾਈਚਾਰਕ ਸਰਟੀਫਿਕੇਟਾਂ ਦੀ ਸਮੱਸਿਆ: ਅਧਿਕਾਰੀਆਂ ਦੀ ਨਾਲਾਇਕੀ**

ਤਮਿਲ ਸਿੱਖ ਸੰਗਤ ਦੇ ਮੈਂਬਰਾਂ ਨੇ ਦੱਸਿਆ ਕਿ ਸਿੱਖ ਧਰਮ ਅਪਣਾਉਣ ਵਾਲੇ ਲੋਕਾਂ ਨੂੰ ਭਾਈਚਾਰਕ ਸਰਟੀਫਿਕੇਟ ਜਾਰੀ ਕਰਨ ਵਿੱਚ ਰੈਵੇਨਿਊ ਅਧਿਕਾਰੀਆਂ ਦੀ ਨਾਲਾਇਕੀ ਅਤੇ ਸਖ਼ਤੀ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਕ ਉਦਾਹਰਣ ਵਜੋਂ, ਕੋਰਕਈ ਪੀ. ਪਾਲਣੀ ਸਿੰਘ, ਜਿਨ੍ਹਾਂ ਨੇ ਦੋ ਸਾਲ ਪਹਿਲਾਂ ਸਿੱਖ ਧਰਮ ਅਪਣਾਇਆ, ਨੇ ਦੱਸਿਆ ਕਿ ਉਨ੍ਹਾਂ ਨੇ ਵਿਰੁਧੁਨਗਰ ਦੇ ਕਾਰੀਆਪੱਟੀ ਤਹਿਸੀਲਦਾਰ ਦਫ਼ਤਰ ਵਿੱਚ ਸਰਟੀਫਿਕੇਟ ਬਦਲਣ ਲਈ ਅਰਜ਼ੀ ਦਿੱਤੀ ਸੀ। ਪਰ ਅਧਿਕਾਰੀਆਂ ਨੇ ਉਨ੍ਹਾਂ ਨੂੰ ਸਿੱਖ ਧਰਮ ਦੀ ਬਜਾਏ ਹਿੰਦੂ-ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਰੀ ਕਰ ਦਿੱਤਾ, ਜਿਸ ਨੂੰ ਉਨ੍ਹਾਂ ਨੇ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ।

ਪਾਲਣੀ ਸਿੰਘ, ਜਿਨ੍ਹਾਂ ਦਾ ਪਹਿਲਾਂ ਨਾਂ ਪੀ. ਪਾਲਣੀਚਾਮੀ ਸੀ, ਨੇ ਦੱਸਿਆ ਕਿ ਤਹਿਸੀਲਦਾਰ ਨੇ ਉਨ੍ਹਾਂ 'ਤੇ ਧੋਖਾਧੜੀ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਖੇਤਰ ਵਿੱਚ ਕੋਈ ਗੁਰਦੁਆਰਾ ਨਹੀਂ ਹੈ, ਜਦਕਿ ਅਧਿਕਾਰੀ ਨੇ ਇਸ ਦੀ ਪੜਤਾਲ ਲਈ ਮੌਕੇ 'ਤੇ ਜਾਣ ਦੀ ਜ਼ਹਿਮਤ ਵੀ ਨਹੀਂ ਕੀਤੀ। ਇਸ ਤੋਂ ਇਲਾਵਾ, ਅਧਿਕਾਰੀ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਦੇ ਸ੍ਰੀ ਦਰਬਾਰ ਸਾਹਿਬ ਤੋਂ ਪਰਿਵਰਤਨ ਸਰਟੀਫਿਕੇਟ ਲਿਆਉਣ ਲਈ ਕਿਹਾ, ਜੋ ਕਿ ਪ੍ਰਕਿਰਿਆ ਨੂੰ ਹੋਰ ਜਟਿਲ ਬਣਾਉਂਦਾ ਹੈ।

(ਬਾਕੀ ਸਫ਼ਾ 30 'ਤੇ)

# ਗੁਰਦੁਆਰਾ ਕਰਤਾਰਪੁਰ ਸਾਹਿਬ 'ਚ ਆਇਆ ਹੜ੍ਹ ਦਾ ਪਾਣੀ

ਚੰਡੀਗੜ੍ਹ/ਏ.ਟੀ.ਨਿਊਜ਼: ਪਾਕਿਸਤਾਨ ਵਿੱਚ ਰਾਵੀ ਦਰਿਆ ਵਿੱਚ ਛੱਡੇ ਗਏ ਪਾਣੀ ਕਾਰਨ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦਾ ਵੱਡਾ ਹਿੱਸਾ ਹੜ੍ਹਾਂ ਵਿੱਚ ਡੁੱਬ ਗਿਆ ਹੈ। ਸਿੱਖ ਸ਼ਰਧਾਲੂਆਂ ਲਈ ਆਸਥਾ ਦਾ ਕੇਂਦਰ ਇਹ ਪਵਿੱਤਰ ਸਥਾਨ ਇਸ ਸਮੇਂ ਹੜ੍ਹਾਂ ਦੇ ਪਾਣੀ ਵਿੱਚ ਡੁੱਬਿਆ ਹੋਇਆ ਹੈ।

ਗੁਰਦੁਆਰੇ ਦੇ ਅਹਾਤੇ ਵਿੱਚ ਦੋ ਤੋਂ ਤਿੰਨ ਫੁੱਟ ਤੱਕ ਪਾਣੀ ਇਕੱਠਾ ਹੋ ਗਿਆ ਹੈ। ਦਰਬਾਰ ਸਾਹਿਬ ਦੀਆਂ ਮੁੱਖ ਪੌੜੀਆਂ ਦੀਆਂ ਚਾਰ ਪੌੜੀਆਂ ਪਾਣੀ ਵਿੱਚ ਡੁੱਬ ਗਈਆਂ ਹਨ ਅਤੇ ਪਾਣੀ ਦਾ ਪੱਧਰ ਲਗਾਤਾਰ ਵੱਧ ਰਿਹਾ ਹੈ। ਬਾਹਰ ਸਥਿਤ ਮਜ਼ਾਰ ਪੂਰੀ ਤਰ੍ਹਾਂ





ਡੁੱਬ ਚੁੱਕੀ ਹੈ, ਜਦੋਂ ਕਿ ਜ਼ਮੀਨੀ ਮੰਜ਼ਿਲ 'ਤੇ ਬਣੀ ਸਮਾਧ ਵੀ ਪਾਣੀ ਵਿੱਚ ਡੁੱਬ ਗਈ ਹੈ।

ਹਾਲਾਂਕਿ ਰਾਹਤ ਦੀ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤਰ ਸਰੂਪ ਅਤੇ ਸੇਵਾਦਾਰ ਸੁਰੱਖਿਅਤ ਹਨ, ਜਿਨ੍ਹਾਂ ਨੂੰ ਉੱਪਰਲੀ ਮੰਜ਼ਿਲ 'ਤੇ ਰੱਖਿਆ ਗਿਆ ਹੈ। ਪਾਕਿਸਤਾਨੀ ਪ੍ਰਸ਼ਾਸਨ ਨੇ ਹਾਲਾਤ ਵਿਗੜਨ 'ਤੇ ਸ਼ਰਧਾਲੂਆਂ ਅਤੇ ਸੇਵਾਦਾਰਾਂ ਨੂੰ ਕੱਢਣ ਲਈ ਹੈਲੀਕਾਪਟਰਾਂ ਅਤੇ ਵਾਹਨਾਂ ਦਾ ਪ੍ਰਬੰਧ ਕਰਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।

ਹੜ੍ਹ ਨੇ ਗੁਰਦੁਆਰੇ ਦੇ ਆਲੇ-ਦੁਆਲੇ ਦੇ ਪਿੰਡਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਕਰਤਾਰਪੁਰ ਸਾਹਿਬ-ਨਾਰੋਵਾਲ ਸੜਕ 'ਤੇ ਪਾਣੀ ਭਰਨ ਕਾਰਨ ਆਵਾਜਾਈ ਠੱਪ ਹੋ ਗਈ ਹੈ ਅਤੇ ਲੋਕਾਂ ਦਾ ਆਮ ਜੀਵਨ ਪ੍ਰਭਾਵਿਤ ਹੋਇਆ ਹੈ।

ਕਾਬਿਲੇਗੌਰ ਹੈ ਕਿ ਕਰਤਾਰਪੁਰ ਲਾਂਘਾ, ਜੋ ਭਾਰਤ ਦੇ ਡੇਰਾ ਬਾਬਾ ਨਾਨਕ (ਪੰਜਾਬ) ਨੂੰ ਪਾਕਿਸਤਾਨ ਦੇ ਕਰਤਾਰਪੁਰ ਸਾਹਿਬ ਨਾਲ ਜੋੜਦਾ ਹੈ ਅਤੇ 2019 ਵਿੱਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਖੋਲ੍ਹਿਆ ਗਿਆ ਸੀ, 22 ਅਪਰੈਲ 2025 ਤੋਂ ਬੰਦ ਹੈ। ਜੰਮੂ-ਕਸ਼ਮੀਰ ਵਿੱਚ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਨੇ ਸਰਹੱਦ ਪਾਰ ਆਵਾਜਾਈ 'ਤੇ ਪਾਬੰਦੀ ਲਗਾ ਦਿੱਤੀ ਸੀ।।

# ਵੈਸ਼ਨੋ ਦੇਵੀ ਮੰਦਿਰ ਨੇੜੇ ਢਿੱਗਾਂ ਡਿੱਗਣ ਕਾਰਨ 32 ਵਿਅਕਤੀਆਂ ਦੀ ਮੌਤ ਤੇ 20 ਜ਼ਖ਼ਮੀ

ਜੰਮੂ/ਏ.ਟੀ.ਨਿਊਜ਼: ਜੰਮੂ ਖੇਤਰ ਦੇ ਜੰਮੂ, ਡੋਡਾ ਤੇ ਰਿਆਸੀ ਜ਼ਿਲ੍ਹਿਆਂ 'ਚ ਅੱਜ ਪਏ ਮੋਹਲੇਧਾਰ ਮੀਂਹ ਕਾਰਨ ਕਈ ਮੌਤਾਂ ਹੋਣ ਦੀ ਘਟਨਾ ਸਾਹਮਣੇ ਆਈ ਹੈ। ਇਨ੍ਹਾਂ ਘਟਨਾਵਾਂ 'ਚ ਕਈ ਵਿਅਕਤੀ ਜ਼ਖ਼ਮੀ ਵੀ ਹੋਏ ਹਨ।

ਤਾਜ਼ਾ ਰਿਪੋਰਟ ਅਨੁਸਾਰ ਸ਼ਰਧਾਲੂਆਂ ਦੇ ਰਸਤੇ ਵੈਸ਼ਨੋ ਦੇਵੀ ਮੰਦਰ ਦੇ ਨੇੜੇ ਢਿੱਗਾਂ ਡਿੱਗਣ ਕਾਰਨ ਘੱਟੋ-ਘੱਟ 32 ਵਿਅਕਤੀਆਂ ਦੀ ਮੌਤ ਹੋ ਗਈ ਅਤੇ 20 ਹੋਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਜੰਮੂ ਵਿੱਚ ਵਿਦਿਅਕ ਅਦਾਰਿਆਂ ਨੂੰ ਬੰਦ ਕਰਨ ਦੇ ਹੁਕਮ ਵੀ ਦਿੱਤੇ, ਜਿਸ ਬਾਰੇ ਮੌਸਮ ਅਧਿਕਾਰੀਆਂ ਨੇ ਕਿਹਾ ਕਿ ਮੰਗਲਵਾਰ ਨੂੰ 368 ਮਿਲੀਮੀਟਰ (14.5 ਇੰਚ) ਮੀਂਹ ਨਾਲ ਹੜ੍ਹ ਆਇਆ।

ਭਾਰੀ ਮੀਂਹ ਕਾਰਨ ਜੰਮੂ 'ਚ ਸਾਰੇ ਜਲ ਸਰੋਤ ਖਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਹੇ ਹਨ ਜਿਸ ਕਾਰਨ 24 ਤੋਂ ਵੱਧ ਪੁਲ ਤੇ ਘਰ ਨੁਕਸਾਨੇ ਗਏ ਹਨ ਅਤੇ ਸ਼ਹਿਰ ਤੇ ਹੋਰਨਾਂ ਥਾਵਾਂ



'ਚ ਪਾਣੀ ਭਰ ਗਿਆ ਹੈ। ਭਾਰੀ ਮੀਂਹ ਦੀ ਪੇਸ਼ੀਨਗੋਈ ਦੇ ਮੱਦੇਨਜ਼ਰ ਜੰਮੂ ਡਿਵੀਜ਼ਨ 'ਚ ਸਾਰੇ ਸਕੂਲ 27 ਤੱਕ ਬੰਦ ਕਰ ਦਿੱਤੇ ਗਏ ਹਨ।

ਮਾਤਾ ਵੈਸ਼ਨੋ ਦੇਵੀ ਯਾਤਰਾ ਵੀ ਮੁਲਤਵੀ ਕਰ ਦਿੱਤੀ ਗਈ।

ਅਰਧਕੁਆਰੀ ਸਥਿਤ ਇੰਦਰਪ੍ਰਸਥ ਭੋਜਨਾਲਿਆ ਨੇੜੇ ਬਚਾਅ ਮੁਹਿੰਮ ਜਾਰੀ ਹੈ। ਉਨ੍ਹਾਂ ਦੱਸਿਆ ਕਿ ਪਹਾੜੀ 'ਤੇ ਸਥਿਤ ਮੰਦਰ ਤੱਕ ਜਾਣ ਵਾਲੇ 12 ਕਿਲੋਮੀਟਰ ਲੰਮੇ ਰਾਹ ਦੇ ਤਕਰੀਬਨ ਅੱਧੇ ਰਸਤੇ 'ਤੇ ਇਹ ਘਟਨਾ ਵਾਪਰੀ ਹੈ। ਪੰਜਾਬ ਦੇ ਮੁਹਾਲੀ ਦੀ ਰਹਿਣ ਵਾਲੀ ਕਿਰਨ ਵੀ ਉਨ੍ਹਾਂ ਵਿਅਕਤੀਆਂ 'ਚ ਸ਼ਾਮਲ ਸੀ ਜੋ ਡਿੱਗਦੇ ਪੱਥਰਾਂ, ਦਰੱਖਤਾਂ ਤੇ ਚੱਟਾਨਾਂ ਵਿਚਾਲੇ ਘਿਰ ਗਈ ਸੀ। ਹਾਦਸੇ 'ਚ ਵਾਲ-ਵਾਲ ਬਚੀ ਕਿਰਨ ਨੇ ਦੱਸਿਆ ਕਿ ਉਨ੍ਹਾਂ ਦਾ ਪੰਜ ਵਿਅਕਤੀਆਂ ਦਾ ਗਰੁੱਪ ਸੀ ਜਿਨ੍ਹਾਂ 'ਚੋਂ ਤਿੰਨ ਵਿਅਕਤੀ ਜ਼ਖ਼ਮੀ ਹੋਏ ਹਨ। ਇਸੇ ਵਿਚਾਲੇ ਡੋਡਾ ਜ਼ਿਲ੍ਹੇ 'ਚ ਮੀਂਹ ਕਾਰਨ ਵਾਪਰੀਆਂ ਘਟਨਾਵਾਂ 'ਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਦੋ ਮੌਤਾਂ ਗੰਡੋਹ 'ਚ ਜਦਕਿ ਦੋ ਹੋਰ ਡੋਡਾ ਦੇ ਠਾਠਰੀ ਤੇ ਭੱਦਰਵਾਹ ਇਲਾਕਿਆਂ 'ਚ ਹੋਈਆਂ। ਜਾਣਕਾਰੀ ਅਨੁਸਾਰ ਦੋ ਵਿਅਕਤੀ ਦੀ ਮੌਤ ਘਰ ਡਿੱਗਣ ਕਾਰਨ ਜਦਕਿ ਦੋ ਹੋਰਾਂ ਦੀ ਮੌਤ ਅਚਾਨਕ ਆਏ ਹੜ੍ਹ ਕਾਰਨ ਹੋਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਭਾਰੀ ਮੀਂਹ ਕਾਰਨ ਜੰਮੂ-ਸ੍ਰੀਨਗਰ ਤੇ ਕਿਸ਼ਤਵਾੜ-ਡੋਡਾ ਕੌਮੀ ਰਾਜਮਾਰਗਾਂ 'ਤੇ ਆਵਾਜਾਈ ਰੋਕ ਦਿੱਤੀ ਗਈ ਹੈ ਜਦਕਿ ਕਈ ਪਹਾੜੀ ਸੜਕਾਂ ਢਿੱਗਾਂ ਡਿੱਗਣ ਜਾਂ ਅਚਾਨਕ ਆਏ ਹੜ੍ਹ ਕਾਰਨ ਬੰਦ ਹੋ ਗਈਆਂ ਹਨ ਜਾਂ ਨੁਕਸਾਨੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਮੀਂਹ ਕਾਰਨ ਕਈ ਘਰ ਤੇ ਪੁਲ ਨੁਕਸਾਨੇ ਗਏ ਹਨ। ਉਨ੍ਹਾਂ ਦੱਸਿਆ ਕਿ ਕਿਸ਼ਤਵਾੜ, ਰਿਆਸੀ, ਰਾਜੌਰੀ, ਰਾਮਬਨ ਤੇ ਪੁਣਛ ਜ਼ਿਲ੍ਹਿਆਂ ਦੇ ਉੱਚੇ ਇਲਾਕਿਆਂ ਤੋਂ ਵੀ ਜਨਤਕ ਤੇ ਨਿੱਜੀ ਜਾਇਦਾਦਾਂ ਨੂੰ ਨੁਕਸਾਨ ਪੁੱਜਣ ਦੀ ਸੂਚਨਾ ਮਿਲੀ ਹੈ। ਅਧਿਕਾਰੀਆਂ ਨੇ ਕਿਹਾ ਕਿ ਮਾਧੋਪੁਰ ਬੈਰਾਜ ਇੱਕ ਲੱਖ ਕਿਊਸਿਕ ਦੇ ਨਿਸ਼ਾਨ ਨੂੰ ਪਾਰ ਕਰ ਗਿਆ ਹੈ ਅਤੇ ਲਗਾਤਾਰ ਵਧ ਰਿਹਾ ਹੈ, ਜਿਸ ਕਾਰਨ ਕਠੂਆ ਜ਼ਿਲ੍ਹੇ ਵਿੱਚ ਰਾਵੀ ਨਦੀ ਦੇ ਨਾਲ-ਨਾਲ ਕਈ ਨੀਵੇਂ ਇਲਾਕਿਆਂ ਵਿੱਚ ਭਾਰੀ ਹੜ੍ਹ ਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਵੱਖ ਵੱਖ ਸੁਰੱਖਿਆ ਏਜੰਸੀਆਂ 'ਚ ਸਿਪਾਹੀਆਂ ਦੀ ਭਰਤੀ ਮੁਹਿੰਮ ਵੀ ਮੁਅੱਤਲ ਕਰ ਦਿੱਤੀ ਗਈ ਹੈ।

ਅਧਿਕਾਰੀਆਂ ਨੇ ਕਿਹਾ ਕਿ ਤਰਾਨਾ ਨਦੀ, ਉਝ ਦਰਿਆ, ਮੱਗਰ ਖੱਡ, ਸਾਹਰ ਖੱਡ, ਰਾਵੀ ਦਰਿਆ ਅਤੇ ਕਠੂਆ ਵਿੱਚ ਉਨ੍ਹਾਂ ਦੀਆਂ ਸਹਾਇਕ ਨਦੀਆਂ ਵਿੱਚ ਪਾਣੀ ਦਾ ਪੱਧਰ ਇੱਕੋ ਸਮੇਂ ਵਧ ਰਿਹਾ ਹੈ ਅਤੇ ਖ਼ਤਰੇ ਦੇ ਨਿਸ਼ਾਨ ਨੇੜੇ ਹੈ। ਅਧਿਕਾਰੀਆਂ ਨੇ ਕਿਹਾ ਕਿ ਤਵੀ ਨਦੀ ਊਧਮਪੁਰ ਜ਼ਿਲ੍ਹੇ ਵਿੱਚ ਖ਼ਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਈ ਹੈ। ਜੰਮੂ ਵਿੱਚ ਚਨਾਬ ਵੀ ਚੇਤਾਵਨੀ ਦੇ ਪੱਧਰ ਨੇੜੇ ਵਗ ਰਿਹਾ ਹੈ ਜਦਕਿ ਸਾਂਬਾ ਵਿੱਚ ਬਸੰਤਰ ਨਦੀ ਖ਼ਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਈ।

## ਮਾਮਲਾ ਬਲਾਤਕਾਰ ਤੇ ਵਿਦੇਸ਼ੀ ਫੰਡਿੰਗ ਦਾ

# ਪੁਲਿਸ ਕੇਸ ਅਤੇ ਅਦਾਲਤੀ ਕਾਰਵਾਈਆਂ 'ਚ ਫਸਿਆ ਪਾਸਟਰ ਬਜਿੰਦਰ ਸਿੰਘ

ਜੈਪੁਰ ਤੇ ਚੰਡੀਗੜ੍ਹ ਤੋਂ ਆਈਆਂ ਤਾਜ਼ਾ ਖ਼ਬਰਾਂ ਵਿੱਚ ਪੰਜਾਬ ਦੇ ਨਾਮੀ ਪਾਸਟਰ ਬਜਿੰਦਰ ਸਿੰਘ ਨੂੰ ਰਾਜਸਥਾਨ ਪੁਲਿਸ ਨੇ ਧਰਮ ਤਬਦੀਲੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਹੈ। ਇਹ ਉਹੀ ਬਜਿੰਦਰ ਸਿੰਘ ਹੈ ਜੋ ਪਹਿਲਾਂ ਬਲਾਤਕਾਰ ਦੇ ਇੱਕ ਵੱਡੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਮਾਨਸਾ ਜੇਲ੍ਹ ਵਿੱਚ ਕੱਟ ਰਿਹਾ ਸੀ। ਬੀਤੇ ਦਿਨੀਂ ਰਾਜਸਥਾਨ ਦੀ ਭਰਤਪੁਰ ਪੁਲਿਸ ਨੇ ਉਸ ਨੂੰ ਪ੍ਰੋਡਕਸ਼ਨ ਵਾਰੰਟ ਤੇ ਲਿਆ ਕੇ ਅਦਾਲਤ ਵਿੱਚ ਪੇਸ਼ ਕੀਤਾ ਤੇ ਹੁਣ ਉਸ ਨੂੰ 15 ਦਿਨਾਂ ਦੀ ਨਿਆਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਇਹ ਮਾਮਲਾ 12 ਫਰਵਰੀ 2024 ਨੂੰ ਭਰਤਪੁਰ ਦੇ ਸੋਨਾਰ ਹਵੇਲੀ ਵਿੱਚ ਸਾਹਮਣੇ ਆਇਆ ਸੀ, ਜਿੱਥੇ ਗਰੀਬ ਤੇ ਬਿਮਾਰ ਲੋਕਾਂ ਨੂੰ ਧਰਮ ਪਰਿਵਰਤਨ ਲਈ ਉਕਸਾਇਆ ਜਾਂਦਾ ਸੀ ਜੋ ਕਿ ਜ਼ਿਆਦਾਤਰ ਸਿੱਖ ਧਰਮ ਨਾਲ ਸਬੰਧਤ ਸਨ। ਪੁਲਿਸ ਨੇ ਐਫ.ਆਈ.ਆਰ. ਦਰਜ ਕੀਤੀ ਤੇ ਜਾਂਚ ਵਿੱਚ ਬਜਿੰਦਰ ਦੀ ਭੂਮਿਕਾ ਸਾਹਮਣੇ ਆਈ। ਉਸ ਨੂੰ ਗਰੀਬਾਂ ਨੂੰ ਪੈਸੇ ਦੇ ਕੇ ਧਰਮ ਬਦਲਵਾਉਣ ਵਾਲੇ ਨੈੱਟਵਰਕ ਨਾਲ ਜੋੜਿਆ ਗਿਆ ਹੈ ਤੇ ਵਿਦੇਸ਼ ਤੋਂ ਫੰਡਿੰਗ ਵੀ ਆਉਂਦੀ ਸੀ ਉਸ ਦੇ ਖਾਤਿਆਂ ਵਿੱਚ।

**ਕੌਣ ਹੈ ਬਜਿੰਦਰ ਸਿੰਘ ?, ਕਿਵੇਂ ਪਾਸਟਰ ਬਣਿਆ ?, ਡੇਰਾ ਖੋਲ੍ਹਿਆ**

## ਡੇਰੇ ਅਤੇ ਚਮਤਕਾਰਾਂ ਦੀ ਹਕੀਕਤ ਕੀ ਹੈ ?, ਕਿਵੇਂ ਕਰਦਾ ਸੀ ਗਰੀਬ ਸਿੱਖਾਂ ਦੀਆਂ ਧਰਮ ਤਬਦੀਲੀਆਂ ?

ਬਜਿੰਦਰ ਦਾ ਜਨਮ 10 ਸਤੰਬਰ 1982 ਨੂੰ ਹਰਿਆਣਾ ਦੇ ਯਮੁਨਾਨਗਰ ਵਿੱਚ ਇੱਕ ਜੱਟ ਸਿੱਖ ਘਰਾਣੇ ਵਿੱਚ ਹੋਇਆ ਸੀ। ਉਸ ਨੇ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਪਰ ਜਵਾਨੀ ਵਿੱਚ ਗਲਤ ਸੰਗਤ ਵਿੱਚ ਪੈ ਕੇ ਮਰਡਰ ਕੇਸ ਵਿੱਚ ਜੇਲ੍ਹ ਗਿਆ। ਉੱਥੇ ਇੱਕ ਪਾਸਟਰ ਨਾਲ ਮੁਲਾਕਾਤ ਹੋਈ ਤੇ ਉਹ ਕ੍ਰਿਸਚੀਅਨ ਬਣ ਗਿਆ। 2012 ਵਿੱਚ ਜੇਲ੍ਹ ਤੋਂ ਬਾਹਰ ਆ ਕੇ ਉਸ ਨੇ ਪ੍ਰੀਚਿੰਗ ਸ਼ੁਰੂ ਕੀਤੀ ਤੇ ਆਪਣੇ ਆਲੇ-ਦੁਆਲੇ ਲੱਖਾਂ ਫਾਲੋਅਰਜ਼ ਇਕੱਠੇ ਕਰ ਲਏ। ਪਰ ਇਸ ਸਭ ਦੇ ਪਿੱਛੇ ਇੱਕ ਹਨੇਰਾ ਪਾਸਾ ਵੀ ਸੀ। ਬਲਾਤਕਾਰ ਦੇ ਮਾਮਲੇ ਵਿੱਚ ਉਸ ਨੂੰ 1 ਅਪ੍ਰੈਲ 2025 ਨੂੰ ਉਮਰ ਕੈਦ ਦੀ ਸਜ਼ਾ ਮਿਲੀ। ਪੀੜਤ ਔਰਤ ਨੇ ਦੱਸਿਆ ਕਿ ਬਜਿੰਦਰ ਨੇ ਉਸ ਨੂੰ ਵਿਦੇਸ਼ ਭੇਜਣ ਦੇ ਬਹਾਨੇ ਆਪਣੇ ਘਰ ਬੁਲਾਇਆ, ਨਸ਼ੀਲੀ ਵਸਤੂ ਦੇ ਕੇ ਰੇਪ ਕੀਤਾ ਤੇ ਵੀਡੀਓ ਬਣਾ ਕੇ ਬਲੈਕਮੇਲ ਕੀਤਾ। ਇਹ ਕੰਮ ਕਈ ਵਾਰੀ ਹੋਇਆ ਤੇ ਅਦਾਲਤ ਨੇ ਉਸ ਨੂੰ ਦੋਸ਼ੀ ਠਹਿਰਾਇਆ ਸੀ। ਔਰਤ ਨੇ ਦੱਸਿਆ ਕਿ ਉਹ ਚਰਚ ਵਿੱਚ ਵਲੰਟੀਅਰ ਸੀ ਤੇ ਬਜਿੰਦਰ ਨੇ ਉਸ ਨੂੰ ਆਪਣੀ ਪਾਵਰ ਵਰਤ ਕੇ ਫਸਾਇਆ। ਇਸ ਤੋਂ ਇਲਾਵਾ ਹੋਰ ਵੀ ਔਰਤਾਂ ਨੇ ਉਸ ਉਪਰ ਸੈਕਸੂਅਲ



ਹਰੈੱਸਮੈਂਟ ਦੇ ਦੋਸ਼ ਲਾਏ ਸਨ, ਜਿਵੇਂ ਫਰਵਰੀ 2025 ਵਿੱਚ ਇੱਕ 21 ਸਾਲਾਂ ਦੀ ਔਰਤ ਨੇ ਕਪੂਰਥਲਾ ਵਿੱਚ ਐਫ.ਆਈ.ਆਰ. ਦਰਜ ਕਰਵਾਈ। ਬਜਿੰਦਰ ਨੇ ਆਪਣੇ ਆਲੇ-ਦੁਆਲੇ ਇੱਕ ਵੱਡਾ ਨੈੱਟਵਰਕ ਬਣਾਇਆ ਸੀ ਜਿੱਥੇ ਉਹ ਔਰਤਾਂ ਨੂੰ ਆਪਣੀ ਪਾਵਰ ਵਰਤ ਕੇ ਨਿਸ਼ਾਨਾ ਬਣਾਉਂਦਾ ਸੀ। ਅਦਾਲਤ ਨੇ ਕਿਹਾ ਕਿ ਉਸ ਨੇ ਪਾਸਟਰ ਵਜੋਂ ਆਪਣੀ ਪੋਜ਼ੀਸ਼ਨ ਦਾ ਗਲਤ ਫਾਇਦਾ ਚੁੱਕਿਆ ਤੇ ਔਰਤਾਂ ਦੀ ਇੱਜ਼ਤ ਨੂੰ ਤਹਿਸ-ਨਹਿਸ ਕੀਤਾ ਸੀ। ਪੀੜਤ ਨੇ ਦੱਸਿਆ ਕਿ ਉਸ ਨੂੰ ਪੈਸੇ ਤੇ ਸਿਆਸੀ ਪ੍ਰੈੱਸ਼ਰ ਨਾਲ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਲੜਦੀ ਰਹੀ ਤੇ ਅਦਾਲਤ ਨੇ ਉਸ ਨੂੰ ਇਨਸਾਫ਼ ਦਿੱਤਾ।

**ਡੇਰੇ ਅਤੇ ਚਮਤਕਾਰਾਂ ਦੀ ਹਕੀਕਤ**

ਬਜਿੰਦਰ ਸਿੰਘ ਦਾ ਡੇਰਾ ਜਾਂ ਚਰਚ ਮੁੱਖ ਤੌਰ 'ਤੇ ਪੰਜਾਬ ਵਿੱਚ ਹੈ। ਉਸ ਨੇ 'ਚਰਚ ਆਫ਼ ਗਲੋਰੀ ਐਂਡ ਵਿਜ਼ਡਮ' ਨਾਂ ਦਾ ਚਰਚ ਬਣਾਇਆ ਜੋ ਤਾਜਪੁਰ, ਜਲੰਧਰ ਤੇ ਮਾਜਰੀ, ਮੋਹਾਲੀ ਵਿੱਚ ਵੱਡੇ ਆਕਾਰ ਵਿੱਚ ਹੈ। ਉਸ ਨੇ ਦਾਅਵਾ ਕੀਤਾ ਸੀ ਕਿ ਉਸ ਦੇ 260 ਬ੍ਰਾਂਚਾਂ ਹਨ ਦੁਨੀਆ ਭਰ ਵਿੱਚ ਜਿਵੇਂ ਅਮਰੀਕਾ, ਯੂਕੇ, ਕੈਨੇਡਾ ਤੇ ਦੁਬਈ ਵਿੱਚ। ਇਹ ਚਰਚ ਐਤਵਾਰ ਤੇ ਵੀਰਵਾਰ ਨੂੰ ਵੱਡੇ ਪ੍ਰੋਗਰਾਮ ਕਰਦੇ ਸਨ ਜਿੱਥੇ ਹਜ਼ਾਰਾਂ ਲੋਕ ਆਉਂਦੇ ਸਨ। ਬਜਿੰਦਰ ਨੂੰ 'ਯੇਸ਼ੂ ਯੇਸ਼ੂ ਪ੍ਰੋਫੈੱਟ' ਕਿਹਾ ਜਾਂਦਾ ਸੀ ਤੇ ਉਹ ਚਮਤਕਾਰ ਵਿਖਾਉਂਦਾ ਸੀ। ਉਹ ਬਿਮਾਰ ਲੋਕਾਂ ਤੇ ਹੱਥ ਰੱਖ ਕੇ ਜਾਂ ਪਾਣੀ ਛਿੜਕ ਕੇ ਚੀਕਦਾ ਸੀ 'ਹਲੇਲੂਯਾ' ਤੇ 'ਯੇਸ਼ੂ ਯੇਸ਼ੂ' ਤੇ ਦਾਅਵਾ ਕਰਦਾ ਸੀ ਲੋਕ ਠੀਕ ਹੋ ਗਏ। ਉਸ ਨੇ ਵੀਡੀਓ ਵਿੱਚ ਵਿਖਾਇਆ ਕਿ ਉਹ ਮਰੇ ਬੱਚੇ ਨੂੰ ਜਿਉਂਦਾ ਕਰ ਰਿਹਾ ਹੈ ਪਰ ਬਾਅਦ ਵਿੱਚ ਪਤਾ ਲੱਗਾ ਕਿ ਬੱਚੇ ਨੂੰ ਨਸ਼ੀਲੀ ਵਸਤੂ ਦੇ ਕੇ ਬੇਹੋਸ਼ ਕੀਤਾ ਗਿਆ ਸੀ। ਉਹ ਕਹਿੰਦਾ ਸੀ ਕਿ ਬਿਮਾਰੀਆਂ ਬੁਰੀ ਆਤਮਾ ਕਰਕੇ ਹੁੰਦੀਆਂ ਹਨ ਤੇ ਪ੍ਰੇਅਰ ਨਾਲ ਠੀਕ ਹੋ ਜਾਂਦੀਆਂ ਹਨ। ਉਸ ਨੇ ਕੈਂਸਰ, ਏਡਜ਼, ਪੈਰਾਲਿਸਿਸ ਵਰਗੀਆਂ ਬਿਮਾਰੀਆਂ ਠੀਕ ਕੀਤੀਆਂ ਵਿਖਾਈਆਂ ਪਰ ਇਹ ਸਭ ਫੇਕ ਸੀ। ਲੋਕ ਡਾਕਟਰਾਂ ਨੂੰ ਛੱਡ ਕੇ ਉਸ ਕੋਲ ਆਉਂਦੇ ਸਨ ਤੇ ਬਾਅਦ ਵਿੱਚ ਨਿਰਾਸ਼ ਹੁੰਦੇ ਸਨ। ਇੱਕ ਫੈਮਿਲੀ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਨੂੰ ਕੈਂਸਰ ਸੀ, ਬਜਿੰਦਰ ਨੇ ਪੈਸੇ ਲੈ ਕੇ ਠੀਕ ਕਰਨ ਦਾ ਵਾਅਦਾ ਕੀਤਾ, ਪੂਰੀ ਫੈਮਿਲੀ ਨੂੰ ਇਸਾਈ ਧਰਮ ਵਿੱਚ ਕਨਵਰਟ ਕਰਵਾਇਆ ਸੀ, ਪਰ ਧੀ ਮਰ ਗਈ। ਉਸ ਨੇ ਯੂਟਿਊਬ ਤੇ ਲੱਖਾਂ ਫਾਲੋਅਰਜ਼ ਬਣਾਏ ਤੇ ਬਾਲੀਵੁੱਡ ਸਟਾਰਸ ਨੂੰ ਆਪਣੇ ਪ੍ਰੋਗਰਾਮਾਂ ਵਿੱਚ ਬੁਲਾਉਂਦਾ ਸੀ। ਪੰਜਾਬ ਵਿੱਚ ਦਲਿਤ ਤੇ ਗਰੀਬ ਲੋਕ ਉਸ ਨੂੰ ਮੰਨਦੇ ਸਨ, ਕਿਉਂਕਿ ਉਹ ਵਾਅਦੇ ਕਰਦਾ ਸੀ ਕਿ ਪ੍ਰੇਅਰ ਨਾਲ ਅਮੀਰ ਬਣ ਜਾਓਗੇ ਤੇ ਬਿਮਾਰੀਆਂ ਖ਼ਤਮ ਹੋ ਜਾਣਗੀਆਂ। (ਬਾਕੀ ਸਫ਼ਾ 30 'ਤੇ)

# ਸੁਰੱਖਿਅਤ ਸਮਾਰਕ ਦਾ ਦਰਜਾ ਹੋਣ ਦੇ ਬਾਵਜੂਦ ਤਬਾਹੀ ਦੀ ਕਗਾਰ ’ਤੇ ਸਿੱਖ ਧਰੋਹਰ

## ਪਾਕਿ ਸਰਕਾਰ ਦੀ ਲਾਪਰਵਾਹੀ ਕਾਰਨ ਖ਼ਤਰੇ ਵਿੱਚ ਸਿੱਖ ਵਿਰਾਸਤ


ਗੁੱਜਰਾਂਵਾਲਾ/ਲਾਹੌਰ/ਏ.ਟੀ.ਨਿਊਜ਼: ਪਾਕਿਸਤਾਨ ਵਿੱਚ ਸਿੱਖ ਧਰਮ ਦੀ ਵਿਰਾਸਤੀ ਧਰੋਹਰ ਨੂੰ ਬਚਾਉਣ ਲਈ ਅੰਤਰਰਾਸ਼ਟਰੀ ਪੱਧਰ ’ਤੇ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਨੇ, ਪਰ ਹਕੀਕਤ ਵਿੱਚ ਹਾਲਤ ਚਿੰਤਾਜਨਕ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸਰਦਾਰ ਮਹਾਂ ਸਿੰਘ ਦੀ ਗੁੱਜਰਾਂਵਾਲਾ ਵਿੱਚ ਸਥਿਤ ਸਮਾਧ ਖੰਡਰ ਬਣ ਚੁੱਕੀ ਹੈ। ਪਾਕਿ ਸਰਕਾਰ ਨੇ ਇਸ ਨੂੰ ਸੁਰੱਖਿਅਤ ਸਮਾਰਕ ਐਲਾਨ ਕੇ ਵੀ ਕੋਈ ਧਿਆਨ ਨਹੀਂ ਦਿੱਤਾ। ਇਸੇ ਤਰ੍ਹਾਂ ਹਜ਼ਾਰਾਂ ਗੁਰਦੁਆਰੇ ਤੇ ਸਿੱਖ ਜਰਨੈਲਾਂ ਦੀਆਂ ਸਮਾਧਾਂ ਅਣਦੇਖੀ ਕਾਰਨ ਤਬਾਹੀ ਵੱਲ ਵਧ ਰਹੀਆਂ ਨੇ। ਡਾ. ਸਤਪ੍ਰੀਤ ਸਿੰਘ ਵਰਗੇ ਵਿਦਵਾਨਾਂ ਦਾ ਕਹਿਣਾ ਹੈ ਕਿ 500 ਤੋਂ ਵੱਧ ਇਤਿਹਾਸਕ ਗੁਰਦੁਆਰੇ ਨੇ, ਪਰ ਸਿਰਫ਼ ਥੋੜ੍ਹੇ ਜਿਹੇ ਚੱਲ ਰਹੇ ਨੇ। ਇਹ ਸਥਿਤੀ ਨਾ ਸਿਰਫ਼ ਸਿੱਖ ਕੌਮ ਲਈ ਚਿੰਤਾ ਦੀ ਗੱਲ ਹੈ, ਸਗੋਂ ਪਾਕਿਸਤਾਨ ਦੀ ਸੱਭਿਆਚਾਰਕ ਵਿਰਾਸਤ ਨੂੰ ਵੀ ਖ਼ਤਰੇ ਵਿੱਚ ਪਾ ਰਹੀ ਹੈ।

**ਪਾਕਿ ਵਿੱਚ ਕਿੰਨੀਆਂ ਸਿੱਖ ਵਿਰਾਸਤਾਂ ਖ਼ਤਰੇ ਵਿੱਚ?**

ਪਾਕਿਸਤਾਨ ਵਿੱਚ ਸਿੱਖ ਵਿਰਾਸਤ ਦੀ ਹਾਲਤ ਬਹੁਤ ਨਾਜ਼ੁਕ ਹੈ। ਇੱਕ ਰਿਪੋਰਟ ਮੁਤਾਬਕ, 171 ਗੁਰਦੁਆਰੇ ਖਸਤਾ ਹਾਲਤ ਵਿੱਚ ਨੇ। ਮਾਨਸੂਨ ਦੀਆਂ ਬਾਰਿਸ਼ਾਂ ਤੇ ਹੜ੍ਹਾਂ ਨੇ ਕਈ ਇਤਿਹਾਸਕ ਥਾਂਵਾਂ ਨੂੰ ਨੁਕਸਾਨ ਪਹੁੰਚਾਇਆ ਹੈ, ਜਿਵੇਂ ਕਿ ਪਿਛਲੇ ਸਾਲਾਂ ਵਿੱਚ ਹੋਇਆ ਸੀ। ਇਸ ਤੋਂ ਇਲਾਵਾ, ਫਿਰਕੂਆਂ ਵੱਲੋਂ ਧਾਰਮਿਕ ਅੱਤਿਆਚਾਰ ਤੇ ਮੌਬ ਅਟੈਕ ਵੀ ਵਧ ਰਹੇ ਨੇ। ਮਿਸਾਲ ਵਜੋਂ, 2020 ਵਿੱਚ ਨਨਕਾਣਾ ਸਾਹਿਬ ਵਿੱਚ ਗੁਰਦੁਆਰੇ ’ਤੇ ਹਮਲਾ ਹੋਇਆ ਸੀ। ਯੂਨਾਈਟਿਡ ਸਿੱਖਸ ਵਰਗੀਆਂ ਸੰਸਥਾਵਾਂ ਨੇ ਚਿਤਾਵਨੀ ਦਿੱਤੀ ਸੀ ਕਿ ਪਾਕਿ ਦੇ ਪੇਸ਼ਾਵਰ, ਲਾਹੌਰ ਤੇ ਨਨਕਾਣਾ ਸਾਹਿਬ ਵਰਗੇ ਖੇਤਰਾਂ ਵਿੱਚ ਕਈ ਗੁਰਦੁਆਰੇ ਗੰਦਗੀ ਤੇ ਅਣਦੇਖੀ ਕਾਰਨ ਤਬਾਹ ਹੋ ਰਹੇ ਨੇ। ਇਹਨਾਂ ਵਿੱਚੋਂ ਬਹੁਤੀਆਂ ਥਾਂਵਾਂ ਗੁਰੂ ਨਾਨਕ ਦੇਵ ਜੀ ਨਾਲ ਜੁੜੀਆਂ ਹੋਈਆਂ ਨੇ, ਜੋ ਪਾਕਿ ਨੂੰ ਟੂਰਿਜ਼ਮ ਲਈ ਵੀ ਲਾਭਦਾਇਕ ਬਣਾ ਸਕਦੀਆਂ ਨੇ, ਪਰ ਸਰਕਾਰੀ ਅਣਦੇਖੀ ਕਾਰਨ ਇਹ ਵਿਰਾਸਤਾਂ ਖ਼ਤਰੇ ਵਿੱਚ ਨੇ। ਖੋਜਕਰਤਾਵਾਂ ਮੁਤਾਬਕ, 250 ਤੋਂ ਵੱਧ ਗੁਰਦੁਆਰੇ ਤੇ ਸਮਾਧਾਂ ਸੰਭਾਲ ਦੀ ਘਾਟ ਕਾਰਨ ਖੰਡਰ ਬਣ ਚੁੱਕੀਆਂ ਨੇ।

**ਕਿਹੜੀਆਂ ਇਤਿਹਾਸਕ ਇਮਾਰਤਾਂ ਸੁਰੱਖਿਅਤ ਸਮਾਰਕ ਐਲਾਨੀਆਂ:**

ਪਾਕਿ ਸਰਕਾਰ ਨੇ ਕਈ ਸਿੱਖ ਵਿਰਾਸਤੀ ਥਾਂਵਾਂ ਨੂੰ ਸੁਰੱਖਿਅਤ ਸਮਾਰਕ ਐਲਾਨ ਕੀਤਾ ਹੈ, ਪਰ ਅਸਲ ਵਿੱਚ ਇਹਨਾਂ ਦੀ ਸੰਭਾਲ ਨਹੀਂ ਹੋ ਰਹੀ। ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ, ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ), ਗੁਰਦੁਆਰਾ ਨਨਕਾਣਾ ਸਾਹਿਬ, ਗੁਰਦੁਆਰਾ ਡੇਰਾ ਸਾਹਿਬ (ਲਾਹੌਰ), ਗੁਰਦੁਆਰਾ ਰੋੜੀ ਸਾਹਿਬ (ਗੁੱਜਰਾਂਵਾਲਾ), ਗੁਰਦੁਆਰਾ ਬਾਬੇ ਦੀ ਬੇਰੀ (ਸਿਆਲਕੋਟ), ਗੁਰਦੁਆਰਾ ਭਾਈ ਜੋਗਾ ਸਿੰਘ (ਪੇਸ਼ਾਵਰ) ਆਦਿ ਸੁਰੱਖਿਅਤ ਨੇ। ਇਸ ਤੋਂ ਇਲਾਵਾ, ਲਾਹੌਰ ਫੋਰਟ ਵਿੱਚ 100 ਤੋਂ ਵੱਧ ਮੋਨੂਮੈਂਟਸ ਸਿੱਖ ਯੁੱਗ ਦੇ ਨੇ, ਜਿਵੇਂ ਅਕਾਲੀ ਫੂਲਾ ਸਿੰਘ ਦੀ ਸਮਾਧ (ਨੌਸ਼ਹਿਰਾ), ਬਾਲਾਹਿਸਾਰ ਫੋਰਟ ਤੇ ਗੋਰ ਘੱਟਰੀ। ਪੰਜਾਬ ਸੂਬੇ ਵਿੱਚ ਯੂਨੈਸਕੋ ਲਿਸਟ ਵਿੱਚ ਲਾਹੌਰ ਫੋਰਟ ਤੇ ਸ਼ਾਲਾਮਾਰ ਗਾਰਡਨ ਵੀ ਸ਼ਾਮਲ ਨੇ, ਜੋ ਸਿੱਖ ਵਿਰਾਸਤ ਨਾਲ ਜੁੜੇ ਨੇ। ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਨੈਸ਼ਨਲ ਸਿੱਖ ਸੈਕਰਡ ਸਾਈਟ ਐਲਾਨ ਕੀਤਾ ਗਿਆ ਹੈ। ਪਰ ਅਸਲੀ ਹਾਲਤ ਬਹੁਤ ਖ਼ਰਾਬ ਹੈ। ਮਹਾਂ ਸਿੰਘ ਦੀ ਸਮਾਧ ਨੂੰ ਵੀ ਸੁਰੱਖਿਅਤ ਐਲਾਨ ਕੀਤਾ ਗਿਆ, ਪਰ ਇਹ ਢਹਿ ਚੁੱਕੀ ਹੈ ਤੇ ਗੰਦਗੀ ਨਾਲ ਭਰੀ ਹੈ। 1992 ਵਿੱਚ ਬਾਬਰੀ ਮਸਜਿਦ ਵਿਵਾਦ ਦੌਰਾਨ ਇਸ ਨੂੰ ਤੋੜਿਆ ਗਿਆ ਸੀ। ਗੁੱਜਰਾਂਵਾਲਾ ਪ੍ਰਸ਼ਾਸਨ ਨੇ 4-5 ਸਾਲ ਪਹਿਲਾਂ ਇਸ ਨੂੰ ਕਬਜ਼ਾ ਮੁਕਤ ਕਰਨ ਦਾ ਵਾਅਦਾ ਕੀਤਾ ਸੀ, ਪਰ ਕੁਝ ਨਹੀਂ ਹੋਇਆ। ਹੋਰ ਥਾਂਵਾਂ ਜਿਵੇਂ ਗੁਰਦੁਆਰਾ ਗਹਵਿੰਡੀ, ਹੁਦਿਆਰਾ ਤੇ ਜਹਮਾਨ ਵੀ ਬਾਰਡਰ ਨੇੜੇ ਖੰਡਰ ਨੇ।





**ਮਹਾਂ ਸਿੰਘ ਦਾ ਇਤਿਹਾਸ ਵਿੱਚ ਯੋਗਦਾਨ**

ਸਰਦਾਰ ਮਹਾਂ ਸਿੰਘ ਦਾ ਜਨਮ 1756 ਜਾਂ 1760 ਵਿੱਚ ਗੁੱਜਰਾਂਵਾਲਾ ਵਿੱਚ ਹੋਇਆ ਸੀ। ਉਹ ਸੁੱਕਰਚੱਕੀਆ ਮਿਸਲ ਦੇ ਮੁਖੀ ਸਰਦਾਰ ਚੜ੍ਹਤ ਸਿੰਘ ਤੇ ਮਾਈ ਦੇਸਾਂ ਕੌਰ ਦੇ ਵੱਡੇ ਪੁੱਤਰ ਸਨ। ਬਚਪਨ ਤੋਂ ਹੀ ਫ਼ੌਜੀ ਮੁਹਿੰਮਾਂ ਵਿੱਚ ਸ਼ਾਮਲ ਹੋਏ ਤੇ 1770 ਵਿੱਚ ਪਿਤਾ ਦੀ ਮੌਤ ਤੋਂ ਬਾਅਦ ਮਿਸਲ ਦੇ ਮੁਖੀ ਬਣੇ। ਉਹਨਾਂ ਨੇ ਦੋ ਵਿਆਹ ਕੀਤੇ: ਪਹਿਲਾ ਮਾਈ ਮਨ ਕੌਰ ਨਾਲ ਤੇ ਦੂਜਾ ਰਾਜ ਕੌਰ ਨਾਲ, ਜਿਸ ਤੋਂ ਰਣਜੀਤ ਸਿੰਘ ਪੈਦਾ ਹੋਇਆ। ਮਹਾਂ ਸਿੰਘ ਨੇ ਸਿੱਖ ਇਤਿਹਾਸ ਵਿੱਚ ਵੱਡਾ ਯੋਗਦਾਨ ਪਾਇਆ। ਉਹਨਾਂ ਨੇ ਰੋਹਤਾਸ ਫੋਰਟ ਤੇ ਕੋਟਲੀ ਅਹੰਗਰਾਂ ਜਿੱਤੇ, ਰਸੂਲ ਨਗਰ ਨੂੰ ਘੇਰਾ ਪਾਇਆ ਤੇ ਚੱਠਾ ਕਬੀਲੇ ਨੂੰ ਹਰਾਇਆ। ਭੰਗੀ ਮਿਸਲ ਨੂੰ ਕਮਜ਼ੋਰ ਕੀਤਾ ਤੇ ਕਨਹੀਆ ਮਿਸਲ ਨਾਲ ਲੜਾਈਆਂ ਵਿੱਚ ਜਿੱਤੇ, ਜਿਸ ਨਾਲ ਸੁੱਕਰਚੱਕੀਆ ਮਿਸਲ ਮਜ਼ਬੂਤ ਹੋਈ। ਉਹਨਾਂ ਨੇ ਜੰਮੂ ਨੂੰ ਜਿੱਤਿਆ ਤੇ ਜੱਸਾ ਸਿੰਘ ਰਾਮਗੜ੍ਹੀਆ ਨਾਲ ਗਠਜੋੜ ਕੀਤਾ। ਰਣਜੀਤ ਸਿੰਘ ਨੂੰ ਨਕਾਈ ਤੇ ਕਨਹੀਆ ਮਿਸਲ ਦੀਆਂ ਰਾਜਕੁਮਾਰੀਆਂ ਨਾਲ ਵਿਆਹ ਕਰਵਾ ਕੇ ਸਿੱਖ ਕਨਫੈਡਰੇਸੀ ਨੂੰ ਮਜ਼ਬੂਤ ਕੀਤਾ। ਉਹਨਾਂ ਦੀ ਮੌਤ 1792 ਵਿੱਚ ਗੁੱਜਰਾਂਵਾਲਾ ਫੋਰਟ ਵਿੱਚ ਹੋਈ। ਉਹਨਾਂ ਦੇ ਇਤਿਹਾਸਕ ਯੋਗਦਾਨ ਨੇ ਸਿੱਖ ਰਾਜ ਦੀ ਨੀਂਹ ਰੱਖੀ।

**ਮੌਜੂਦਾ ਵਿਰਾਸਤ ਦਾ ਮਹੱਤਵ ਤੇ ਬਚਾਅ ਦੀ ਲੋੜ**

ਮਹਾਂ ਸਿੰਘ ਦੀ ਸਮਾਧ ਦਾ ਮਹੱਤਵ ਇਹ ਹੈ ਕਿ ਇਹ ਗੁੱਜਰਾਂਵਾਲਾ ਵਿੱਚ ਸਿੱਖ ਯੁੱਗ ਦੀ ਨਿਸ਼ਾਨੀ ਹੈ। ਇਸ ਨੂੰ 1823 ਵਿੱਚ ਜਰਨੈਲ ਹਰੀ ਸਿੰਘ ਨਲੂਆ ਨੇ ਬਣਵਾਇਆ ਸੀ, ਜੋ ਰਣਜੀਤ ਸਿੰਘ ਦੀ ਇੱਛਾ ਅਨੁਸਾਰ 12 ਹਜ਼ਾਰ ਰੁਪਏ ਖਰਚ ਕੇ ਬਣੀ। ਇਹ ਸਮਾਧ ਸਿੱਖ ਵੀਰਤਾ ਤੇ ਏਕਤਾ ਦੀ ਪ੍ਰਤੀਕ ਹੈ, ਜੋ ਪਾਕਿ ਨੂੰ ਟੂਰਿਜ਼ਮ ਰਾਹੀਂ ਆਰਥਿਕ ਲਾਭ ਦੇ ਸਕਦੀ ਹੈ। ਪਰ ਅੱਜ ਇਹ ਢਹਿ ਚੁੱਕੀ ਹੈ ਤੇ ਗੰਦਗੀ ਨਾਲ ਭਰੀ ਹੈ। ਇਸੇ ਤਰ੍ਹਾਂ ਪੂਰੀ ਸਿੱਖ ਵਿਰਾਸਤ ਦਾ ਮਹੱਤਵ ਇਤਿਹਾਸਕ ਤੇ ਧਾਰਮਿਕ ਹੈ। ਇਹ ਥਾਂਵਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਰਣਜੀਤ ਸਿੰਘ ਯੁੱਗ ਨੂੰ ਜੋੜਦੀਆਂ ਨੇ, ਜੋ ਕੌਮੀ ਏਕਤਾ ਤੇ ਵਿਰਾਸਤ ਨੂੰ ਬਚਾਉਂਦੀਆਂ ਨੇ। ਪਾਕਿ ਨੂੰ ਆਰਥਿਕ ਲਾਭ ਲਈ ਵੀ ਇਹਨਾਂ ਨੂੰ ਬਚਾਉਣਾ ਚਾਹੀਦਾ ਹੈ। ਯੂਨੈਸਕੋ ਨੇ ਵੀ ਡਿਜ਼ਾਸਟਰ ਰਿਸਕ ਰਿਡਕਸ਼ਨ ਲਈ ਵਰਕਸ਼ਾਪ ਕੀਤੀ ਹੈ। ਵਿਰਾਸਤੀ ਆਰਗੇਨਾਈਜ਼ੇਸ਼ਨਾਂ ਨੇ ਅਪੀਲ ਕੀਤੀ ਹੈ ਕਿ ਸਿੱਖ ਵਿਰਾਸਤ ਨੂੰ ਬਚਾਉਣ ਲਈ ਤੁਰੰਤ ਕਦਮ ਚੁੱਕੇ ਜਾਣ। ਇਹ ਨਾ ਸਿਰਫ਼ ਧਾਰਮਿਕ, ਸਗੋਂ ਸੱਭਿਆਚਾਰਕ ਤੌਰ ’ਤੇ ਵੀ ਮਹੱਤਵਪੂਰਨ ਹੈ, ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਇਤਿਹਾਸ ਤੋਂ ਵਾਂਝੀਆਂ ਰਹਿ ਜਾਣਗੀਆਂ। ਪਾਕਿ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਪੰਜਾਬੀ ਵਿਦਿਆਰਥੀ ਝੱਲ ਰਹੇ ਨੇ ਕਰਜ਼ੇ ਦੀ ਮਾਰ


## ਮਹਿੰਗੀ ਸਿੱਖਿਆ ਤੇ ਨੌਕਰੀਆਂ ਦੀ ਘਾਟ ਨੇ ਵਧਾਈ ਚਿੰਤਾ

ਪੰਜਾਬ 'ਚ ਨਾ ਸਿਰਫ਼ ਕਿਸਾਨ ਹੀ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ, ਸਗੋਂ ਉਚੇਰੀ ਸਿੱਖਿਆ ਹਾਸਲ ਕਰਨ ਵਾਲੇ ਵਿਦਿਆਰਥੀ ਵੀ ਕਰਜ਼ਿਆਂ ਦੀ ਮਾਰ ਝੱਲ ਰਹੇ ਹਨ। ਮਹਿੰਗੀ ਸਿੱਖਿਆ ਪ੍ਰਣਾਲੀ ਨੇ ਵਿਦਿਆਰਥੀਆਂ ਨੂੰ ਬੈਂਕਾਂ ਤੋਂ ਵਿੱਦਿਅਕ ਲੋਨ ਚੁੱਕਣ ਲਈ ਮਜਬੂਰ ਕਰ ਦਿੱਤਾ ਹੈ। ਤਾਜ਼ਾ ਅੰਕੜਿਆਂ ਮੁਤਾਬਕ, ਪੰਜਾਬ ਦੇ ਵਿਦਿਆਰਥੀ ਹਰ ਸਾਲ ਪਬਲਿਕ ਸੈਕਟਰ ਦੀਆਂ ਬੈਂਕਾਂ ਤੋਂ ਔਸਤਨ 500 ਕਰੋੜ ਰੁਪਏ ਦਾ ਕਰਜ਼ਾ ਚੁੱਕਦੇ ਹਨ। ਇਸ ਤੋਂ ਇਲਾਵਾ, ਪ੍ਰਾਈਵੇਟ ਅਤੇ ਸਹਿਕਾਰੀ ਬੈਂਕਾਂ ਤੋਂ ਲਏ ਜਾਣ ਵਾਲੇ ਵਿੱਦਿਅਕ ਲੋਨ ਦਾ ਅੰਕੜਾ ਵੱਖਰਾ ਹੈ। ਚਿੰਤਾਜਨਕ ਗੱਲ ਇਹ ਹੈ ਕਿ ਇਨ੍ਹਾਂ ਵਿੱਦਿਅਕ ਲੋਨਾਂ ਵਿਚੋਂ ਬਹੁਤੇ ਵਿਦਿਆਰਥੀ ਡਿਫਾਲਟਰ ਹੋ ਜਾਂਦੇ ਹਨ, ਭਾਵ ਉਹ ਸਮੇਂ ਸਿਰ ਕਰਜ਼ਾ ਨਹੀਂ ਮੋੜ ਪਾਉਂਦੇ।

**ਵਿਦਿਆਰਥੀਆਂ 'ਤੇ ਕਰਜ਼ੇ ਦਾ ਵਧਦਾ ਬੋਝ**

ਪੰਜਾਬ 'ਚ ਪਬਲਿਕ ਸੈਕਟਰ ਦੀਆਂ ਬੈਂਕਾਂ ਤੋਂ ਪਿਛਲੇ ਚਾਰ ਸਾਲਾਂ ਵਿੱਚ ਵਿਦਿਆਰਥੀਆਂ ਨੇ 2114.36 ਕਰੋੜ ਰੁਪਏ ਦਾ ਵਿੱਦਿਅਕ ਲੋਨ ਲਿਆ ਹੈ। ਸਾਲ 2021-22 'ਚ ਇਹ ਅੰਕੜਾ 436.67 ਕਰੋੜ ਰੁਪਏ ਸੀ, ਜਦਕਿ 2022-23 ਤੋਂ 2024-25 ਦੇ ਤਿੰਨ ਸਾਲਾਂ ਵਿੱਚ ਇਹ ਰਕਮ ਵਧ ਕੇ 1677.69 ਕਰੋੜ ਰੁਪਏ ਹੋ ਗਈ। ਜਦੋਂ ਨਵੇਂ ਦਾਖਲਿਆਂ ਦਾ ਸੀਜ਼ਨ ਸ਼ੁਰੂ ਹੁੰਦਾ ਹੈ, ਤਾਂ ਬੈਂਕਾਂ ਵਿੱਚ ਵਿੱਦਿਅਕ ਲੋਨ ਲੈਣ ਵਾਲੇ ਵਿਦਿਆਰਥੀਆਂ ਦੀਆਂ ਲੰਮੀਆਂ ਕਤਾਰਾਂ ਲੱਗ ਜਾਂਦੀਆਂ ਹਨ।

ਬਹੁਤੇ ਵਿਦਿਆਰਥੀ ਵਿਦੇਸ਼ ਵਿੱਚ ਪੜ੍ਹਾਈ ਲਈ ਕਰਜ਼ਾ ਚੁੱਕਦੇ ਹਨ, ਜਿਨ੍ਹਾਂ ਵਿੱਚ ਕੈਨੇਡਾ, ਆਸਟ੍ਰੇਲੀਆ ਅਤੇ ਅਮਰੀਕਾ ਵਰਗੇ ਦੇਸ਼ ਪ੍ਰਮੁੱਖ ਹਨ। ਇਸ ਤੋਂ ਇਲਾਵਾ, ਪੰਜਾਬ ਵਿੱਚ ਮੈਡੀਕਲ, ਇੰਜਨੀਅਰਿੰਗ ਅਤੇ ਨਰਸਿੰਗ ਵਰਗੀਆਂ ਪ੍ਰੋਫ਼ੈਸ਼ਨਲ ਡਿਗਰੀਆਂ ਹਾਸਲ ਕਰਨ ਵਾਲੇ ਵਿਦਿਆਰਥੀ ਵੀ ਵਿੱਦਿਅਕ ਲੋਨ 'ਤੇ ਨਿਰਭਰ ਹਨ। ਪਬਲਿਕ ਸੈਕਟਰ ਦੀਆਂ ਬੈਂਕਾਂ ਵੱਲੋਂ ਵੱਖ-ਵੱਖ ਸਕੀਮਾਂ ਤਹਿਤ ਲੋਨ ਦਿੱਤੇ ਜਾਂਦੇ ਹਨ, ਜਿਨ੍ਹਾਂ ਵਿੱਚ ਕਈ ਵਾਰ ਜਾਇਦਾਦ ਗਹਿਣੇ ਰੱਖਣ ਦੀ ਵੀ ਲੋੜ ਨਹੀਂ ਹੁੰਦੀ। ਸਟੇਟ ਬੈਂਕ ਪਟਿਆਲਾ ਦੇ ਅਧਿਕਾਰੀ ਨਰੇਸ਼ ਰੁਪਾਣਾ ਦੱਸਦੇ ਹਨ ਕਿ ਜ਼ਿਆਦਾਤਰ ਲੋੜਵੰਦ ਪਰਿਵਾਰਾਂ ਦੇ ਵਿਦਿਆਰਥੀ ਹੀ ਇਹ ਲੋਨ ਚੁੱਕਦੇ ਹਨ, ਜਿਨ੍ਹਾਂ 'ਚ ਛੋਟੇ ਅਤੇ ਮੱਧ ਵਰਗ ਦੇ ਕਿਸਾਨਾਂ ਤੋਂ ਇਲਾਵਾ ਮਜ਼ਦੂਰ ਵਰਗ ਦੀ ਵੀ ਚੰਗੀ-ਖਾਸੀ ਗਿਣਤੀ ਸ਼ਾਮਲ ਹੈ।




**ਦੇਸ਼ ਭਰ ਵਿੱਚ ਵਿੱਦਿਅਕ ਲੋਨ ਦੀ ਸਥਿਤੀ**

ਕੇਂਦਰੀ ਵਿੱਤ ਮੰਤਰਾਲੇ ਦੇ ਅੰਕੜਿਆਂ ਮੁਤਾਬਕ, ਪਿਛਲੇ ਤਿੰਨ ਸਾਲਾਂ 'ਚ ਦੇਸ਼ ਭਰ 'ਚ ਪਬਲਿਕ ਸੈਕਟਰ ਦੀਆਂ ਬੈਂਕਾਂ ਨੇ ਵਿਦਿਆਰਥੀਆਂ ਨੂੰ 32,311 ਕਰੋੜ ਰੁਪਏ ਦਾ ਵਿੱਦਿਅਕ ਲੋਨ ਜਾਰੀ ਕੀਤਾ ਹੈ, ਜਿਸ ਵਿੱਚ ਸਟੇਟ ਬੈਂਕ ਆਫ਼ ਇੰਡੀਆ ਦੀ ਸਭ ਤੋਂ ਵੱਡੀ ਹਿੱਸੇਦਾਰੀ ਹੈ। ਇਸ ਤੋਂ ਬਾਅਦ ਯੂਨੀਅਨ ਬੈਂਕ ਆਫ਼ ਇੰਡੀਆ ਨੇ 14,558 ਕਰੋੜ ਅਤੇ ਬੈਂਕ ਆਫ਼ ਬੜੌਦਾ ਨੇ 8,468 ਕਰੋੜ ਰੁਪਏ ਦੇ ਵਿੱਦਿਅਕ ਲੋਨ ਜਾਰੀ ਕੀਤੇ ਹਨ।

ਪੰਜਾਬ ਦੇ ਨਾਲ-ਨਾਲ ਹੋਰ ਸੂਬਿਆਂ ਵਿੱਚ ਵੀ ਵਿੱਦਿਅਕ ਲੋਨ ਦੀ ਵੰਡ ਜਾਰੀ ਹੈ। ਮਹਾਰਾਸ਼ਟਰ ਵਿੱਚ ਪਿਛਲੇ ਤਿੰਨ ਸਾਲਾਂ ਵਿੱਚ 11,426 ਕਰੋੜ, ਹਰਿਆਣਾ 'ਚ 2,316 ਕਰੋੜ ਅਤੇ ਰਾਜਸਥਾਨ ਵਿੱਚ 1,990 ਕਰੋੜ ਰੁਪਏ ਦੇ ਵਿੱਦਿਅਕ ਲੋਨ ਵੰਡੇ ਗਏ ਹਨ। ਚੰਡੀਗੜ੍ਹ ਯੂਟੀ 'ਚ ਇਹ ਅੰਕੜਾ 224 ਕਰੋੜ ਰੁਪਏ ਹੈ।

**ਵਿਦੇਸ਼ੀ ਪੜ੍ਹਾਈ ਲਈ ਕਰਜ਼ਾ**

ਪੰਜਾਬ ਦੇ ਵਿਦਿਆਰਥੀਆਂ 'ਚ ਵਿਦੇਸ਼ ਵਿੱਚ ਪੜ੍ਹਾਈ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਦਾਖਲੇ ਲਈ ਮੋਟੀ ਫ਼ੀਸ ਅਤੇ ਰਹਿਣ-ਸਹਿਣ ਦੇ ਖਰਚਿਆਂ ਕਾਰਨ ਵਿਦਿਆਰਥੀਆਂ ਨੂੰ ਵੱਡੀ ਰਕਮ ਦੇ ਲੋਨ ਚੁੱਕਣੇ ਪੈਂਦੇ ਹਨ। ਅੰਕੜਿਆਂ ਮੁਤਾਬਕ, ਪੰਜਾਬ ਦੇ ਵਿਦਿਆਰਥੀਆਂ 'ਤੇ ਪਬਲਿਕ ਸੈਕਟਰ ਦੀਆਂ ਬੈਂਕਾਂ ਦੇ 2,114.36 ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਹੈ, ਜਿਸ ਵਿੱਚ ਵਿਦੇਸ਼ੀ ਪੜ੍ਹਾਈ ਲਈ ਲਏ ਗਏ ਲੋਨਾਂ ਦਾ ਵੱਡਾ ਹਿੱਸਾ ਸ਼ਾਮਲ ਹੈ। ਇਸ ਤੋਂ ਇਲਾਵਾ, ਪ੍ਰਾਈਵੇਟ ਅਤੇ ਸਹਿਕਾਰੀ ਬੈਂਕਾਂ ਤੋਂ ਲਏ ਲੋਨਾਂ ਦਾ ਅੰਕੜਾ ਇਸ ਨਾਲੋਂ ਵੀ ਵੱਧ ਸਕਦਾ ਹੈ, ਪਰ ਇਸ ਬਾਰੇ ਸਪੱਸ਼ਟ ਜਾਣਕਾਰੀ ਨਹੀਂ ਹੈ।

**ਪ੍ਰੋਫ਼ੈਸ਼ਨਲ ਡਿਗਰੀਆਂ ਅਤੇ ਨੌਕਰੀਆਂ ਦੀ ਸਥਿਤੀ**

ਪ੍ਰੋਫ਼ੈਸ਼ਨਲ ਡਿਗਰੀਆਂ ਜਿਵੇਂ ਮੈਡੀਕਲ, ਇੰਜਨੀਅਰਿੰਗ ਅਤੇ ਨਰਸਿੰਗ ਦੀ ਪੜ੍ਹਾਈ ਮਹਿੰਗੀ ਹੋਣ ਕਾਰਨ ਵਿਦਿਆਰਥੀਆਂ ਨੂੰ ਲੋਨ ਚੁੱਕਣਾ ਪੈਂਦਾ ਹੈ, ਪਰ ਸਵਾਲ ਇਹ ਹੈ ਕਿ ਕੀ ਇਹ ਡਿਗਰੀਆਂ ਨੌਕਰੀਆਂ ਦੀ ਗਰੰਟੀ ਦਿੰਦੀਆਂ ਹਨ? ਸਾਬਕਾ ਸੈਨੇਟ ਮੈਂਬਰ ਅਤੇ ਪ੍ਰਿੰਸੀਪਲ ਤਰਲੋਕ ਬੰਧੂ ਦਾ ਕਹਿਣਾ ਹੈ ਕਿ ਸਰਕਾਰਾਂ ਸਸਤੀ ਅਤੇ ਗੁਣਵੱਤਾ ਵਾਲੀ ਸਿੱਖਿਆ ਮੁਹੱਈਆ ਕਰਾਉਣ 'ਚ ਨਾਕਾਮ ਰਹੀਆਂ ਹਨ। ਉਨ੍ਹਾਂ ਅਨੁਸਾਰ, ਉਚੇਰੀ ਸਿੱਖਿਆ ਹਾਸਲ ਕਰਨ ਤੋਂ ਬਾਅਦ ਵੀ ਬਹੁਤ ਸਾਰੇ ਨੌਜਵਾਨਾਂ ਨੂੰ ਨੌਕਰੀ ਨਹੀਂ ਮਿਲਦੀ, ਜਿਸ ਕਾਰਨ ਲੋਨ ਦੀ ਅਦਾਇਗੀ ਪਰਿਵਾਰਾਂ ਲਈ ਸੰਕਟ ਬਣ ਜਾਂਦੀ ਹੈ।

ਪੰਜਾਬ ਵਿਚ ਨੌਕਰੀਆਂ ਦੀ ਘਾਟ ਅਤੇ ਪ੍ਰਾਈਵੇਟ ਸੈਕਟਰ ਵਿਚ ਘੱਟ ਤਨਖਾਹਾਂ ਵਾਲੀਆਂ ਨੌਕਰੀਆਂ ਕਾਰਨ ਵਿਦਿਆਰਥੀਆਂ ਦਾ ਭਵਿੱਖ ਅਸੁਰੱਖਿਅਤ ਹੋ ਰਿਹਾ ਹੈ। ਮੈਡੀਕਲ ਅਤੇ ਇੰਜਨੀਅਰਿੰਗ ਵਰਗੀਆਂ ਡਿਗਰੀਆਂ ਵਾਲੇ ਨੌਜਵਾਨ ਵੀ ਅਕਸਰ ਬੇਰੁਜ਼ਗਾਰੀ ਦਾ ਸਾਹਮਣਾ ਕਰਦੇ ਹਨ। ਵਿਦੇਸ਼ ਵਿਚ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੀ ਸਥਿਤੀ ਵੀ ਕੋਈ ਖਾਸ ਵਧੀਆ ਨਹੀਂ, ਕਿਉਂਕਿ ਵਿਦੇਸ਼ੀ ਡਿਗਰੀਆਂ ਦੀ ਮਾਨਤਾ ਅਤੇ ਮੁਕਾਬਲੇਬਾਜ਼ੀ ਵਾਲੇ ਜੌਬ ਮਾਰਕੀਟ ਵਿੱਚ ਨੌਕਰੀ ਮਿਲਣੀ ਅਸਾਨ ਨਹੀਂ ਹੁੰਦੀ।

**ਸਰਕਾਰੀ ਨੀਤੀਆਂ 'ਤੇ ਸਵਾਲ**

ਸਿੱਖਿਆ ਮਾਹਿਰ ਅਤੇ ਸਮਾਜ ਸੇਵੀ ਸੰਸਥਾਵਾਂ ਦਾ ਮੰਨਣਾ ਹੈ ਕਿ ਸਰਕਾਰ ਨੂੰ ਸਿੱਖਿਆ ਨੂੰ ਸਸਤਾ ਕਰਨ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ। ਸਸਤੀ ਸਿੱਖਿਆ ਅਤੇ ਵਧੀਆ ਨੌਕਰੀਆਂ ਦੇ ਮੌਕਿਆਂ ਦੀ ਘਾਟ ਕਾਰਨ ਵਿਦਿਆਰਥੀਆਂ ਨੂੰ ਕਰਜ਼ੇ ਦੇ ਜੰਜਾਲ ਵਿੱਚ ਫਸਣਾ ਪੈ ਰਿਹਾ ਹੈ। ਸਰਕਾਰੀ ਅਤੇ ਪ੍ਰਾਈਵੇਟ ਸੰਸਥਾਵਾਂ 'ਚ ਮਹਿੰਗੀਆਂ ਫ਼ੀਸਾਂ ਨੇ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਹੋਰ ਵਧਾ ਦਿੱਤੀਆਂ ਹਨ।

ਅੰਤ ਵਿੱਚ, ਪੰਜਾਬ ਦੇ ਵਿਦਿਆਰਥੀਆਂ 'ਤੇ ਵਿੱਦਿਅਕ ਕਰਜ਼ੇ ਦਾ ਬੋਝ ਅਤੇ ਨੌਕਰੀਆਂ ਦੀ ਅਨਿਸ਼ਚਿਤਤਾ ਨੇ ਸਮਾਜਿਕ ਅਤੇ ਆਰਥਿਕ ਸੰਕਟ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਜੇਕਰ ਸਰਕਾਰ ਨੇ ਸਮੇਂ ਸਿਰ ਇਸ ਮੁੱਦੇ 'ਤੇ ਧਿਆਨ ਨਾ ਦਿੱਤਾ, ਤਾਂ ਆਉਣ ਵਾਲੇ ਸਮੇਂ 'ਚ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਮੁਸ਼ਕਿਲਾਂ ਹੋਰ ਵਧ ਸਕਦੀਆਂ ਹਨ।

# ਸਿੱਖ ਗੁਰੂਆਂ ਨੇ ਸਨਾਤਨ ਧਰਮ ਅਤੇ ਭਾਰਤੀ ਸੱਭਿਆਚਾਰ ਦੀ ਰੱਖਿਆ ਲਈ ਆਪਣੇ ਜੀਵਨ ਦਾ ਬਲੀਦਾਨ ਦਿੱਤਾ: ਯੋਗੀ

ਗੋਰਖਪੁਰ (ਉੱਤਰ ਪ੍ਰਦੇਸ਼)/ਏ.ਟੀ.ਨਿਊਜ਼: ਉੱਤਰ ਪਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਿਹਾ ਕਿ ਸਿੱਖ ਗੁਰੂਆਂ ਨੇ ਆਪਣਾ ਬਲੀਦਾਨ ਦੇ ਕੇ ਸਨਾਤਨ ਦੀ ਰੱਖਿਆ ਕੀਤੀ। ਯੋਗੀ ਨੇ ਇੱਥੇ ਪੈਡਲੇਗੰਜ ਸਥਿਤ ਗੁਰਦੁਆਰੇ ਵਿੱਚ ਕਰਵਾਏ ਗਏ ਇੱਕ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਤਿਹਾਸ ਵਿੱਚ ਉਹੀ ਜਾਤੀ ਅਤੇ ਕੌਮ ਜਿਊਂਦੀ ਰਹਿੰਦੀ ਹੈ, ਜੋ ਆਪਣੇ ਪੁਰਖਿਆਂ ਦੀ ਬਹਾਦਰੀ ਅਤੇ ਬਲੀਦਾਨ ਨੂੰ ਜ਼ਿੰਦਗੀ ਦਾ ਹਿੱਸਾ ਬਣਾਉਂਦੀ ਹੈ।

ਇੱਕ ਅਧਿਕਾਰਤ ਬਿਆਨ ਮੁਤਾਬਕ, ਮੁੱਖ ਮੰਤਰੀ ਨੇ ਕਿਹਾ, "ਸਿੱਖ ਗੁਰੂਆਂ ਨੇ ਹਮੇਸ਼ਾ ਸਨਾਤਨ ਧਰਮ ਅਤੇ ਭਾਰਤੀ ਸੱਭਿਆਚਾਰ ਦੀ ਰੱਖਿਆ ਲਈ ਆਪਣੇ ਜੀਵਨ ਦਾ ਬਲੀਦਾਨ ਦਿੱਤਾ। ਉਨ੍ਹਾਂ ਦੀ ਬਹਾਦਰੀ, ਤਿਆਗ ਅਤੇ ਬਲੀਦਾਨ ਦੇਸ਼ ਦੀ ਆਤਮਾ ਵਿੱਚ ਅੱਜ ਵੀ ਜਿਊਂਦੇ ਹਨ।" ਇਸ ਮੌਕੇ ਉਨ੍ਹਾਂ ਸੈਰ-ਸਪਾਟਾ ਵਿਕਾਸ ਕਾਰਜਾਂ, ਗੁਰਦੁਆਰੇ ਦੀ ਇਮਾਰਤ ਦੇ ਨਵੀਨੀਕਰਨ ਅਤੇ ਬੁਨਿਆਦੀ ਸਹੂਲਤਾਂ ਦੇ ਵਿਸਤਾਰ ਕਾਰਜਾਂ ਦਾ ਉਦਘਾਟਨ ਕੀਤਾ। ਯੋਗੀ ਨੇ ਖ਼ਾਸ ਤੌਰ 'ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਬਲੀਦਾਨ ਦੇ 350ਵੇਂ ਸਾਲ ਵਿੱਚ ਦੇਸ਼ ਭਰ 'ਚ ਪ੍ਰੋਗਰਾਮ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਰਿਹਾਇਸ਼ ਤੋਂ ਨਗਰ ਕੀਰਤਨ ਰਾਹੀਂ ਇਸ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਯੋਗੀ ਨੇ ਗੁਰੂ ਗੋਬਿੰਦ ਸਿੰਘ ਦੇ ਚਾਰੋਂ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ



ਬਾਬਾ ਫਤਹਿ ਸਿੰਘ ਦੇ ਬਲੀਦਾਨ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਬਲੀਦਾਨ ਭਾਰਤੀ ਇਤਿਹਾਸ ਦਾ ਮਾਣਮੱਤਾ ਅਧਿਆਏ ਹੈ।

ਪਵਿੱਤਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਕਰਵਾਏ ਗਏ ਸਮਾਗਮ ਵਿੱਚ ਮੁੱਖ ਮੰਤਰੀ ਨੇ ਗੁਰਬਾਣੀ ਕੀਰਤਨ ਸਰਵਣ ਕੀਤਾ ਅਤੇ ਸੰਗਤ ਵਿੱਚ ਸ਼ਾਮਲ ਹੋਏ। ਗੁਰਦੁਆਰਾ ਕਮੇਟੀ ਵੱਲੋਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ। ਸਿੱਖ ਗੁਰੂਆਂ ਦੀ ਰਵਾਇਤ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਹਰੇਕ ਗੁਰੂ ਨੇ ਸਨਾਤਨ ਧਰਮ ਅਤੇ ਦੇਸ਼ ਦੀ ਰੱਖਿਆ ਲਈ ਆਪਣਾ ਸਭ ਕੁਝ ਵਾਰ ਦਿੱਤਾ।

ਉਨ੍ਹਾਂ ਕਿਹਾ ਕਿ ਜਦੋਂ ਵੀ ਭਾਰਤੀ ਸਭਿਆਚਾਰ 'ਤੇ ਸੰਕਟ ਆਇਆ, ਸਿੱਖ ਗੁਰੂਆਂ ਨੇ ਅੱਗੇ ਵਧ ਕੇ ਆਪਣੇ ਬਲੀਦਾਨ ਨਾਲ ਉਸ ਨੂੰ ਬਚਾਇਆ। ਯੋਗੀ ਆਦਿੱਤਿਆਨਾਥ ਨੇ ਕਿਹਾ ਕਿ ਪੈਡਲੇਗੰਜ ਦਾ ਇਹ ਗੁਰਦੁਆਰਾ ਸਾਲਾਂ ਤੋਂ ਸਿੱਖ ਸੰਗਤ ਦੀ ਆਸਥਾ ਦਾ ਕੇਂਦਰ ਰਿਹਾ ਹੈ। ਪਹਿਲਾਂ ਇੱਥੇ ਸੁਵਿਧਾਵਾਂ ਦੀ ਘਾਟ ਸੀ, ਪਰ ਹੁਣ ਸੈਰ ਸਪਾਟਾ ਵਿਭਾਗ ਅਤੇ ਸਰਕਾਰ ਦੀ ਮਦਦ ਨਾਲ ਇਸ ਨੂੰ ਆਧੁਨਿਕ ਰੂਪ ਦਿੱਤਾ ਗਿਆ ਹੈ। ਯੋਗੀ ਨੇ ਗੋਰਖਪੁਰ ਵਿੱਚ ਸਿੱਖ ਭਾਈਚਾਰੇ ਦੀ ਭੂਮਿਕਾ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਹ ਸਮਾਗਮ ਪੂਰਬੀ ਉੱਤਰ ਪ੍ਰਦੇਸ਼ ਦੇ ਸਿੱਖ ਭਾਈਚਾਰੇ ਨੂੰ ਇਕਜੁੱਟ ਕਰਨ ਦਾ ਮੌਕਾ ਹੈ। ਇਸ ਮੌਕੇ ਸੰਸਦ ਮੈਂਬਰ ਰਵੀ ਕਿਸ਼ਨ ਸ਼ੁਕਲਾ, ਮੇਅਰ ਡਾ. ਕਮਲੇਸ਼ ਸ੍ਰੀਵਾਸਤਵ, ਭਾਜਪਾ ਦੇ ਸੂਬਾ ਮੀਤ ਪ੍ਰਧਾਨ ਤੇ ਐੱਮਐੱਲਸੀ ਡਾ. ਧਰਮਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

# ਸਮੁੱਚੇ ਸਿੱਖ ਪੰਥ ਵਿੱਚ ਹੋਣੀ ਚਾਹੀਦੀ ਹੈ ਏਕਤਾ : ਬਾਬਾ ਹਰਨਾਮ ਸਿੰਘ

ਅੰਮ੍ਰਿਤਸਰ/ਏ.ਟੀ.ਨਿਊਜ਼: ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਨੇ ਕਿਹਾ ਕਿ ਸਮੁੱਚੇ ਸਿੱਖ ਪੰਥ ਵਿੱਚ ਏਕਤਾ ਹੋਣੀ ਚਾਹੀਦੀ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਿਆਨੀ ਹਰਨਾਮ ਸਿੰਘ ਨੇ ਜਿੱਥੇ ਸਮੁੱਚੇ ਜਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ, ਉੱਥੇ ਉਨ੍ਹਾਂ ਕਿਹਾ ਕਿ ਸਿੱਖੀ 'ਤੇ ਵੱਡੇ ਹਮਲੇ ਹੋ ਰਹੇ ਹਨ ਜਿਸ ਲਈ ਸਮੁੱਚੇ ਸਿੱਖ ਪੰਥ ਨੂੰ ਇਕੱਠਾ ਹੋਣਾ ਚਾਹੀਦਾ ਹੈ। ਗਿਆਨੀ ਹਰਪ੍ਰੀਤ ਸਿੰਘ ਵੱਲੋਂ ਨਵੇਂ ਅਕਾਲੀ ਦਲ ਦੇ ਪ੍ਰਧਾਨ ਬਨਣ 'ਤੇ ਉਨ੍ਹਾਂ ਕਿਹਾ ਕਿ ਜਿਨ੍ਹਾਂ ਲੀਹਾਂ 'ਤੇ ਸ਼੍ਰੋਮਣੀ ਅਕਾਲੀ ਦਲ ਨੂੰ ਖੜ੍ਹਾ ਕੀਤਾ ਸੀ, ਕਿਤੇ ਨਾ ਕਿਤੇ ਅਕਾਲੀ ਦਲ ਦੇ ਕੁਝ ਆਗੂ ਉਸ ਸਿਧਾਂਤ ਤੋਂ ਪਿੱਛੇ ਹਟੇ ਹਨ, ਜਿਸ



ਨਾਲ ਸਾਡਾ ਵੱਡਾ ਨੁਕਸਾਨ ਹੋ ਰਿਹਾ ਹੈ। ਇਨ੍ਹਾਂ ਨੂੰ ਗੁਰਮਤਿ ਦੇ ਦਾਇਰੇ ਵਿੱਚ ਰਹਿ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰੰਪਰਾ, ਮਾਨ ਮਰਿਆਦਾ ਅਨੁਸਾਰ ਸਿੱਖੀ ਸਿਧਾਂਤਾਂ ਅਨੁਸਾਰ ਕੌਮ ਦੀ ਚੜ੍ਹਦੀ ਕਲਾ ਲਈ ਕਾਰਜ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਆਪਸੀ ਮਤਭੇਦ ਖ਼ਤਮ ਕਰਨੇ ਚਾਹੀਦੇ ਹਨ, ਤਾਂ ਜੋ ਸ਼੍ਰੋਮਣੀ ਅਕਾਲੀ ਦਲ ਸੰਸਥਾ ਨੂੰ ਢਾਹ ਨਾ ਲੱਗੇ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਵੱਡੀ ਗਿਣਤੀ ਸੰਗਤਾਂ ਨੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਪ੍ਰਕਾਸ਼ ਪੁਰਬ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਗਏ ਗੁਰਮਤਿ ਸਮਾਗਮਾਂ ਸਮੇਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ ਅਤੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ।

ਇਸ ਦੌਰਾਨ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸਿੱਖ ਪਰੰਪਰਾ ਅਨੁਸਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜਾਏ ਗਏ ਇਸ ਨਗਰ ਕੀਰਤਨ ਦੀ ਰਵਾਨਗੀ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ



ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜ ਪਿਆਰੇ, ਨਿਸ਼ਾਨਚੀ ਤੇ ਨਗਾਰਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਸਤਿਕਾਰ ਦਿੱਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਥਕ ਸ਼ਖ਼ਸੀਅਤਾਂ ਅਤੇ ਸੰਗਤਾਂ ਪੁੱਜੀਆਂ ਹੋਈਆਂ ਸਨ। ਇਸ ਮੌਕੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸੰਗਤਾਂ ਨੂੰ ਪਹਿਲੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਿੱਖ ਦੇ ਜੀਵਨ ਦਾ ਅਧਾਰ ਹੈ। ਹਰ ਸਿੱਖ ਦਾ ਫ਼ਰਜ਼ ਹੈ ਕਿ ਉਹ ਪਾਵਨ ਗੁਰਬਾਣੀ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਜੀਵਨ ਬਤੀਤ ਕਰੇ। ਉਨ੍ਹਾਂ ਸੰਗਤਾਂ ਨੂੰ ਪ੍ਰੇਰਣਾ ਕੀਤੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਨੂੰ ਆਪਣੇ ਜੀਵਨ ਵਿਚ ਢਾਲ ਕੇ ਗੁਰਮਤਿ ਰਹਿਣੀ ਅਨੁਸਾਰ ਜੀਵਨ ਬਤੀਤ ਕਰਨ।

(ਬਾਕੀ ਸਫ਼ਾ 30 'ਤੇ)


**ਦਰਪਣ ਝੂਠ ਨਹੀਂ ਬੋਲਦਾ**

# ਸਿੱਖ ਪੰਥ ਵਿੱਚ ਦਲਿਤ ਜਾਤੀ ਦੇ ਸਿੱਖਾਂ ਨੂੰ ਹਮੇਸ਼ਾ ਮਿਲਿਆ ਸਤਿਕਾਰ

## ਧਾਰਮਿਕ ਅਤੇ ਸਿਆਸੀ ਅਹੁਦਿਆਂ 'ਤੇ ਦਲਿਤ ਸਿੱਖ ਆਗੂਆਂ ਦਾ ਮਾਣ ਰਖਿਆ

## ਫ਼ਿਰ ਵੀ ਭਗਵਿਆਂ ਵੱਲੋਂ ਸਿੱਖ ਪੰਥ ਉੱਪਰ ਜਾਤੀਵਾਦੀ ਹੋਣ ਦੇ ਦੋਸ਼ ਕਿਉਂ ਲਗਾਏ ਜਾਂਦੇ ਨੇ ?

ਸਿੱਖ ਧਰਮ ਦੀ ਨੀਂਹ ਹੀ ਜਾਤੀ ਪਾਤ ਨੂੰ ਨਕਾਰਨ ਵਾਲੀ ਹੈ। ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਇਹ ਗੱਲ ਕਹੀ ਸੀ ਕਿ ਨਾ ਕੋਈ ਹਿੰਦੂ ਹੈ ਤੇ ਨਾ ਮੁਸਲਮਾਨ, ਨਾ ਹੀ ਕੋਈ ਜਾਤੀ ਹੈ, ਸਭ ਇੱਕ ਅਕਾਲ ਪੁਰਖ ਦੇ ਬੰਦੇ ਹਨ। ਇਹ ਫ਼ਲਸਫ਼ਾ ਸਿੱਖ ਪੰਥ ਨੂੰ ਬਰਾਬਰੀ ਦਾ ਸੰਦੇਸ਼ ਦਿੰਦਾ ਹੈ। ਇਸ ਨੂੰ ਅਮਲੀ ਰੂਪ ਵਿੱਚ ਗੁਰੂ ਸਾਹਿਬਾਨ ਨੇ ਲੰਗਰ, ਸਰੋਵਰ, ਸੇਵਾ ਪ੍ਰਥਾ ਨਾਲ ਵਿਖਾਇਆ, ਜਿੱਥੇ ਅਮੀਰ ਗਰੀਬ, ਉੱਚ ਨੀਚ ਸਭ ਬਰਾਬਰ ਹਨ। ਭਾਰਤੀ ਰਾਜਨੀਤੀ ਵਿੱਚ ਵੀ ਜਾਤੀ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ, ਪਰ ਦਲਿਤਾਂ ਨੂੰ ਕਦੇ ਮਾਣ ਨਹੀਂ ਮਿਲਿਆ ਜੋ ਸਿੱਖ ਧਰਮ ਤੇ





ਰਾਜਨੀਤੀ ਵਿੱਚ ਮਿਲਿਆ ਹੈ। 2011 ਦੀ ਮਰਦਮਸ਼ੁਮਾਰੀ ਮੁਤਾਬਕ ਪੰਜਾਬ ਦੀ ਸਿੱਖ ਆਬਾਦੀ ਦਾ ਇੱਕ ਤਿਹਾਈ ਹਿੱਸਾ ਅਨੁਸੂਚਿਤ ਜਾਤੀਆਂ ਵਿੱਚੋਂ ਹੈ, ਪਰ ਉਹਨਾਂ ਨੂੰ ਸਿਆਸੀ ਨੁਮਾਇੰਦਗੀ ਤੇ ਸਤਿਕਾਰ ਅਕਾਲੀ ਰਾਜਨੀਤੀ ਵਿੱਚ ਬਾਕੀ ਸਿਆਸੀ ਧਿਰਾਂ ਨਾਲੋਂ ਵਧ ਮਿਲਦਾ ਹੈ। ਸ਼੍ਰੋਮਣੀ ਕਮੇਟੀ ਵਿੱਚ ਦਲਿਤ ਜਾਤਾਂ ਵਾਲੇ ਆਗੂ ਮੁੱਖ ਅਹੁਦਿਆਂ ਉੱਪਰ ਹਨ। ਗਿਆਨੀ ਹਰਪ੍ਰੀਤ ਸਿੰਘ, ਜੋ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ, ਅਨੁਸੂਚਿਤ ਜਾਤੀ ਵਿੱਚੋਂ ਨੇ ਅਤੇ ਉਹਨਾਂ ਨੂੰ ਕਦੇ ਜਾਤੀ ਨੂੰ ਲੈ ਕੇ ਵਿਤਕਰਾ ਨਹੀਂ ਸਹਿਣਾ ਪਿਆ। ਉਹਨਾਂ ਨੇ ਖੁਦ ਕਿਹਾ ਕਿ ਸਿੱਖ ਪੰਥ ਵਿੱਚ ਜਾਤੀ ਨੂੰ ਮਹੱਤਵ ਨਹੀਂ ਦਿੱਤਾ ਜਾਂਦਾ, ਸਿਰਫ਼ ਗੁਰੂ ਦੇ ਫ਼ਲਸਫ਼ੇ ਪ੍ਰਤੀ ਸਮਰਪਣ ਤੇ ਗੁਣਾਂ ਨੂੰ ਵੇਖਿਆ ਜਾਂਦਾ ਹੈ। ਉਹਨਾਂ ਦੇ ਪਿਤਾ ਵੀ ਗ੍ਰੰਥੀ ਸਨ ਅਤੇ ਉਹਨਾਂ ਨੇ ਆਪਣੀ ਮਿਹਨਤ ਨਾਲ ਉੱਚ ਅਹੁਦੇ ਹਾਸਲ ਕੀਤੇ ਹਨ। ਸਿੱਖ ਧਰਮ ਨੇ ਉਹਨਾਂ ਨੂੰ ਬਹੁਤ ਮਾਣ ਬਖਸ਼ਿਆ ਹੈ।

ਇਸੇ ਤਰ੍ਹਾਂ ਬੀਬੀ ਜਗੀਰ ਕੌਰ, ਜੋ ਐਸ.ਜੀ.ਪੀ.ਸੀ. ਦੀ ਪਹਿਲੀ ਮਹਿਲਾ ਪ੍ਰਧਾਨ ਬਣੀ, ਬੀ.ਸੀ. ਪਿਛੋਕੜ ਵਿੱਚੋਂ ਨੇ ਅਤੇ ਉਹਨਾਂ ਨੇ ਕਿਹਾ ਕਿ ਪੰਥ ਵਿੱਚ ਜਾਤੀ ਨੂੰ ਕਦੇ ਵਿਚਾਰ ਨਹੀਂ ਕੀਤਾ ਜਾਂਦਾ। ਭਾਈ ਰਣਜੀਤ ਸਿੰਘ,ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ, ਰਾਮਗੜ੍ਹੀਆ ਪਿਛੋਕੜ ਵਿੱਚੋਂ ਨੇ ਅਤੇ ਬੀ.ਸੀ. ਵਿੱਚ ਸ਼ਾਮਲ ਨੇ। ਗਿਆਨੀ ਭਗਵਾਨ ਸਿੰਘ, ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ, ਦਲਿਤ ਜਾਤੀ ਵਿੱਚੋਂ ਨੇ। ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸਾਬਕਾ ਐਸ.ਜੀ.ਪੀ.ਸੀ. ਪ੍ਰਧਾਨ , ਬੀ.ਸੀ. ਨੇ।

ਗ੍ਰੰਥੀਆਂ, ਰਾਗੀਆਂ ਅਤੇ ਪ੍ਰਚਾਰਕਾਂ ਵਿੱਚ ਵੱਡੀ ਗਿਣਤੀ ਐਸ.ਸੀ. ਅਤੇ ਬੀ.ਸੀ. ਵਿੱਚੋਂ ਨੇ। ਭਾਈ ਨਿਰਮਲ ਸਿੰਘ, ਜੋ ਪਦਮ ਸ਼੍ਰੀ ਅਵਾਰਡੀ ਰਾਗੀ ਸਨ, ਮਜ਼ਹਬੀ ਸਿੱਖ ਨੇ ਅਤੇ ਉਹਨਾਂ ਨੂੰ ਪੂਰੇ ਪੰਥ ਵਿੱਚ ਸਤਿਕਾਰ ਮਿਲਿਆ। ਸਰੂਪ ਸਿੰਘ ਕਡਿਆਣਾ, ਢਾਡੀ ਜਥੇ ਦੇ ਆਗੂ ਹਨ। ਉਹਨਾਂ ਨੇ ਕਿਹਾ ਕਿ ਪੰਥ ਵਿੱਚ ਉਹਨਾਂ ਨੂੰ ਕਦੇ ਜਾਤੀ ਨੂੰ ਲੈ ਕੇ ਵਿਤਕਰਾ ਨਹੀਂ ਸਹਿਣਾ ਪਿਆ।

ਇਹਨਾਂ ਉਦਾਹਰਣਾਂ ਨਾਲ ਪਤਾ ਲੱਗਦਾ ਹੈ ਕਿ ਸਿੱਖ ਪੰਥ ਵਿੱਚ ਮਿਹਨਤ ਅਤੇ ਸਮਰਪਣ ਨਾਲ ਨੀਵੀਂਆਂ ਜਾਤਾਂ ਵਾਲੇ ਆਗੂ ਵੀ ਉੱਚ ਅਹੁਦੇ ਹਾਸਲ ਕਰ ਸਕਦੇ ਨੇ ਅਤੇ ਮਾਣ ਮਾਣ ਸਕਦੇ ਨੇ।

# ਵਿਸ਼ਵ 'ਚ ਇਸਾਈਆਂ ਦੀ ਮੌਜੂਦਾ ਗਿਣਤੀ ਕਿਉਂ ਘੱਟ ਰਹੀ ਹੈ ?

## ਇਸਾਈ ਧਰਮ ਛੱਡਣ ਵਾਲੇ ਲੋਕ ਕਿੱਥੇ ਜਾ ਰਹੇ ਹਨ ?

## ਭਵਿੱਖ ਵਿੱਚ ਇਸਾਈ ਧਰਮ ਦੀ ਸਥਿਤੀ ਕੀ ਹੋਵੇਗੀ ?

ਅੱਜ ਦੀ ਤੇਜ਼ ਰਫ਼ਤਾਰ ਵਾਲੀ ਦੁਨੀਆ ਵਿੱਚ ਧਰਮਾਂ ਦੀ ਡੈਮੋਗ੍ਰਾਫ਼ੀ ਵਿੱਚ ਤੇਜ਼ੀ ਨਾਲ ਬਦਲਾਅ ਆ ਰਹੇ ਨੇ। ਪਿਊ ਰਿਸਰਚ ਸੈਂਟਰ ਵੱਲੋਂ ਜੂਨ 2025 ਵਿੱਚ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ, 2020 ਤੱਕ ਵਿਸ਼ਵ ਵਿੱਚ ਇਸਾਈਆਂ ਦੀ ਗਿਣਤੀ 2.3 ਅਰਬ ਤੱਕ ਪਹੁੰਚ ਗਈ ਸੀ, ਜੋ ਕਿ 2010 ਵਿੱਚ 2.1 ਅਰਬ ਸੀ। ਇਹ ਵਾਧਾ 6 ਫ਼ੀਸਦੀ ਦੇ ਕਰੀਬ ਹੈ, ਪਰ ਵਿਸ਼ਵ ਆਬਾਦੀ ਦੇ ਹਿੱਸੇ ਵਜੋਂ ਇਸਾਈਆਂ ਦਾ ਅਨੁਪਾਤ ਘਟ ਕੇ 28.8 ਫ਼ੀਸਦੀ ਰਹਿ ਗਿਆ ਹੈ। ਇਸ ਵਿੱਚ ਮੁੱਖ ਤੌਰ 'ਤੇ ਯੂਰਪ ਅਤੇ ਅਮਰੀਕਾ ਵਰਗੇ ਪੱਛਮੀ ਦੇਸ਼ਾਂ ਵਿੱਚ ਇਸਾਈ ਧਰਮ ਨੂੰ ਛੱਡਣ ਵਾਲੇ ਲੋਕਾਂ ਦੀ ਵਧਦੀ ਗਿਣਤੀ ਕਾਰਨ ਹੈ।

ਹੁਣ 2025 ਵਿੱਚ, ਵੱਖ-ਵੱਖ ਅਨੁਮਾਨਾਂ ਅਨੁਸਾਰ ਇਸਾਈਆਂ ਦੀ ਗਿਣਤੀ ਲਗਭਗ 2.4 ਤੋਂ 2.6 ਅਰਬ ਦੇ ਵਿਚਕਾਰ ਹੋਣ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ। ਲਾਈਫ਼ ਵੇ ਰਿਸਰਚ ਵੱਲੋਂ ਫ਼ਰਵਰੀ 2025 ਵਿੱਚ ਜਾਰੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਸ਼ਵ ਵਿੱਚ ਇਸਾਈਆਂ ਦੀ ਗਿਣਤੀ 2.64 ਅਰਬ ਤੋਂ ਵੱਧ ਹੈ ਅਤੇ ਇਹ 2050 ਤੱਕ 3 ਅਰਬ ਨੂੰ ਪਾਰ ਕਰ ਜਾਵੇਗੀ। ਪਰ ਪਿਊ ਰਿਸਰਚ ਦੇ ਪੁਰਾਣੇ ਅਨੁਮਾਨਾਂ ਅਨੁਸਾਰ, 2050 ਤੱਕ ਇਹ ਗਿਣਤੀ 2.9 ਅਰਬ ਹੋਵੇਗੀ। ਵਿਸ਼ਵ ਆਬਾਦੀ ਹੁਣ ਲਗਭਗ 8.1 ਅਰਬ ਹੈ, ਜਿਸ ਵਿੱਚ ਇਸਾਈਆਂ ਦਾ ਹਿੱਸਾ ਘਟਦਾ ਜਾ ਰਿਹਾ ਹੈ।



ਸਬ-ਸਹਾਰਨ ਅਫ਼ਰੀਕਾ ਵਿੱਚ ਇਸਾਈ ਆਬਾਦੀ ਵਿੱਚ ਤੇਜ਼ ਵਾਧਾ ਵੇਖਿਆ ਜਾ ਰਿਹਾ ਹੈ, ਜਿੱਥੇ 2020 ਤੱਕ ਵਿਸ਼ਵ ਦੇ 30.7 ਫ਼ੀਸਦੀ ਇਸਾਈ ਵੱਸ ਰਹੇ ਸਨ, ਜਦਕਿ ਯੂਰਪ ਵਿੱਚ ਇਹ ਅੰਕੜਾ ਘਟ ਕੇ 22.3 ਫ਼ੀਸਦੀ ਰਹਿ ਗਿਆ। ਇਸ ਤੋਂ ਇਲਾਵਾ, ਅਮਰੀਕਾ ਵਿੱਚ ਇਸਾਈਆਂ ਦਾ ਅਨੁਪਾਤ 14 ਅੰਕ ਘਟ ਗਿਆ ਅਤੇ ਆਸਟ੍ਰੇਲੀਆ ਵਿੱਚ 20 ਅੰਕ। ਇਹ ਬਦਲਾਅ ਵਿਸ਼ਵ ਡੈਮੋਗ੍ਰਾਫ਼ੀ ਨੂੰ ਨਵਾਂ ਰੂਪ ਦੇ ਰਹੇ ਨੇ। ਇਸਾਈ ਬਹੁਗਿਣਤੀ ਵਾਲੇ ਦੇਸ਼ਾਂ ਦੀ ਗਿਣਤੀ 2010 ਵਿੱਚ 124 ਤੋਂ ਘਟ ਕੇ 2020 ਵਿੱਚ 120 ਹੋ ਗਈ ਹੈ। ਬ੍ਰਿਟੇਨ, ਫ਼ਰਾਂਸ, ਆਸਟ੍ਰੇਲੀਆ ਅਤੇ ਉਰੂਗਵੇ ਵਰਗੇ ਦੇਸ਼ਾਂ ਵਿੱਚ ਇਸਾਈ ਆਬਾਦੀ 50 ਫ਼ੀਸਦੀ ਤੋਂ ਹੇਠਾਂ ਆ ਗਈ ਹੈ। ਇਸ ਨਾਲ ਧਰਮ ਨਿਰਪੇਖਤਾ ਵੱਲ ਰੁਝਾਨ ਵਧ ਰਿਹਾ ਹੈ।

ਇਹਨਾਂ ਬਦਲਾਵਾਂ ਨੂੰ ਸਮਝਣ ਲਈ ਅਸੀਂ ਵੱਖ-ਵੱਖ ਅਧਿਐਨਾਂ ਨੂੰ ਵੇਖਦੇ ਹਾਂ। ਅਮਰੀਕਾ ਵਿੱਚ ਪਿਊ ਰਿਸਰਚ ਦੇ ਫ਼ਰਵਰੀ 2025 ਦੇ ਸਰਵੇ ਅਨੁਸਾਰ, ਇਸਾਈਆਂ ਦਾ ਅਨੁਪਾਤ 62 ਫ਼ੀਸਦੀ ਹੈ, ਜੋ ਕਿ 2007 ਵਿੱਚ 78 ਫ਼ੀਸਦੀ ਸੀ। ਹਾਲਾਂ ਕਿ ਹੁਣ ਇਹ ਗਿਰਾਵਟ ਰੁਕ ਗਈ ਵਾਂਗ ਲੱਗ ਰਹੀ ਹੈ। ਫ਼ਿਰ ਵੀ, ਨੌਜਵਾਨ ਪੀੜ੍ਹੀ ਵਿੱਚ ਧਰਮ ਛੱਡਣ ਵਾਲੇ ਵੱਧ ਰਹੇ ਨੇ। ਇਸ ਨਾਲ ਵਿਸ਼ਵ ਪੱਧਰ 'ਤੇ ਇਸਾਈ ਧਰਮ ਦੀ ਸਥਿਤੀ ਬਾਰੇ ਚਿੰਤਾ ਵਧ ਰਹੀ ਹੈ। ਇਸ ਅਧਿਐਨ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਅਫ਼ਰੀਕਾ ਅਤੇ ਏਸ਼ੀਆ ਵਿੱਚ ਵਾਧਾ ਜਾਰੀ ਹੈ, ਜਿੱਥੇ ਜਨਮ ਦਰ ਵੱਧ ਹੈ ਅਤੇ ਧਰਮ ਪ੍ਰਚਾਰ ਵੀ ਤੇਜ਼ ਹੈ। ਪਰ ਪੱਛਮੀ ਦੁਨੀਆ ਵਿੱਚ ਇਹ ਉਲਟ ਹੈ।

# ਸੰਸਦ ਵਿੱਚ 11 ਸਾਲਾਂ ਵਿੱਚ ਪਹਿਲੀ ਵਾਰ ਵਿਰੋਧੀਆਂ ਦੀ ਨਾਅਰੇਬਾਜ਼ੀ ਬਾਰੇ ਭਾਜਪਾ ਚੁੱਪ ਕਿਉਂ ?

## 130ਵਾਂ ਸੰਵਿਧਾਨ ਸੋਧ ਬਿੱਲ: ਭਾਜਪਾ ਦੀ ਨੀਅਤ 'ਤੇ ਸਵਾਲ ਖੜੇ ਹੋਏ

ਸੰਸਦ ਦੇ ਮਾਨਸੂਨ ਸੈਸ਼ਨ ਦੇ ਆਖਰੀ ਦਿਨ ਲੋਕ ਸਭਾ ਅਤੇ ਰਾਜ ਸਭਾ ਵਿੱਚ ਵਿਰੋਧੀ ਧਿਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਲੋਕ ਸਭਾ ਵਿੱਚ 'ਵੋਟ ਚੋਰ, ਗੱਦੀ ਛੱਡੋ' ਅਤੇ ਰਾਜ ਸਭਾ ਵਿੱਚ 'ਤੜੀਪਾਰ ਵਾਪਸ ਜਾਓ' ਵਰਗੇ ਨਾਅਰੇ ਗੂੰਜੇ। ਇਹ ਨਾਅਰੇਬਾਜ਼ੀ ਕੋਈ ਨਵੀਂ ਗੱਲ ਨਹੀਂ ਸੀ, ਪਰ ਇਸ ਵਾਰ ਖਾਸ ਗੱਲ ਇਹ ਰਹੀ ਕਿ ਭਾਜਪਾ ਦੇ ਸੰਸਦ ਮੈਂਬਰਾਂ ਨੇ ਇਸ ਨਾਅਰੇਬਾਜ਼ੀ ਦਾ ਬਿਲਕੁਲ ਵੀ ਜਵਾਬ ਨਹੀਂ ਦਿੱਤਾ। ਪਿਛਲੇ 11 ਸਾਲਾਂ ਵਿੱਚ ਇਹ ਪਹਿਲਾ ਮੌਕਾ ਸੀ ਜਦੋਂ ਸੱਤਾਧਾਰੀ ਪਾਰਟੀ ਨੇ ਵਿਰੋਧੀ ਧਿਰ ਦੇ ਨਾਅਰੇਬਾਜ਼ੀ ਨੂੰ ਨਜ਼ਰ ਅੰਦਾਜ਼ ਕੀਤਾ। ਵਿਰੋਧੀ ਧਿਰ ਨੇ ਇਸ ਚੁੱਪ ਨੂੰ ਭਾਜਪਾ ਦੀ ਕਮਜ਼ੋਰੀ ਵਜੋਂ ਦਰਸਾਇਆ, ਜਦਕਿ ਭਾਜਪਾ ਨੇ ਇਸ ਨੂੰ ਆਪਣੀ ਸੁਚੱਜੀ ਰਣਨੀਤੀ ਦੱਸਿਆ।

ਨਿਰਪੱਖ ਸੂਤਰਾਂ ਦਾ ਮੰਨਣਾ ਹੈ ਕਿ ਇਸ ਘਟਨਾ ਨੇ ਸੰਸਦ ਵਿੱਚ ਨਵੇਂ ਯੁੱਗ ਦੀ ਸ਼ੁਰੂਆਤ ਨੂੰ ਉਜਾਗਰ ਕੀਤਾ, ਜਿੱਥੇ ਨਾਅਰੇਬਾਜ਼ੀ ਨੂੰ ਨਜ਼ਰ ਅੰਦਾਜ਼ ਕਰਕੇ ਸਰਕਾਰ ਨੇ ਆਪਣੇ ਬਿੱਲਾਂ ਨੂੰ ਅੱਗੇ ਵਧਾਉਣ 'ਤੇ ਧਿਆਨ ਕੇਂਦਰਿਤ ਕੀਤਾ।

ਇਥੇ ਜ਼ਿਕਰਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਤਿੰਨ ਬਿੱਲਾਂ ਨੇ ਸਿਆਸੀ ਹਲਚਲ ਮਚਾ ਦਿੱਤੀ ਹੈ। ਇਹ ਬਿੱਲ ਪ੍ਰਧਾਨ ਮੰਤਰੀ, ਕੇਂਦਰੀ ਮੰਤਰੀਆਂ, ਮੁੱਖ ਮੰਤਰੀਆਂ ਅਤੇ ਸੂਬਾਈ ਮੰਤਰੀਆਂ ਨੂੰ 30 ਦਿਨਾਂ ਦੀ ਨਜ਼ਰਬੰਦੀ ਜਾਂ ਗ੍ਰਿਫ਼ਤਾਰੀ 'ਤੇ ਅਹੁਦੇ ਤੋਂ ਹਟਾਉਣ ਦੀ ਵਿਵਸਥਾ ਕਰਦੇ ਹਨ, ਜੇਕਰ ਉਨ੍ਹਾਂ 'ਤੇ ਪੰਜ ਸਾਲ ਜਾਂ ਵੱਧ ਦੀ ਸਜ਼ਾ ਵਾਲਾ ਜੁਰਮ ਹੋਵੇ। ਇੱਕ ਬਿੱਲ ਸੰਵਿਧਾਨ ਸੋਧ ਨਾਲ ਜੁੜਿਆ ਹੈ, ਜਿਸ ਨੂੰ ਪਾਸ ਕਰਨ ਲਈ ਦੋ-ਤਿਹਾਈ ਬਹੁਮਤ ਅਤੇ ਅੱਧੇ ਸੂਬਿਆਂ ਦੀ ਮਨਜ਼ੂਰੀ ਚਾਹੀਦੀ ਹੈ। ਭਾਜਪਾ ਦਾ ਮੰਤਵ ਰਾਜਨੀਤੀ ਵਿੱਚ ਭ੍ਰਿਸ਼ਟਾਚਾਰ ਅਤੇ ਅਪਰਾਧੀਕਰਨ ਨੂੰ ਖਤਮ ਕਰਨਾ ਦੱਸਿਆ ਜਾ ਰਿਹਾ ਹੈ। ਸਰਕਾਰ ਨੇ ਕਿਹਾ ਕਿ ਇਹ ਬਿੱਲ ਸੁਪਰੀਮ ਕੋਰਟ ਦੇ ਹਾਲੀਆ ਫ਼ੈਸਲਿਆਂ ਨੂੰ ਧਿਆਨ ਵਿੱਚ ਰੱਖ ਕੇ ਲਿਆਂਦੇ ਗਏ ਹਨ, ਜਿੱਥੇ ਕੋਰਟ ਨੇ ਜੇਲ੍ਹ ਵਿੱਚ ਰਹਿੰਦੇ ਨੇਤਾਵਾਂ ਨੂੰ ਅਹੁਦੇ 'ਤੇ ਬਣੇ ਰਹਿਣ 'ਤੇ ਇਤਰਾਜ਼ ਕੀਤਾ ਸੀ। ਉਦਾਹਰਣ ਵਜੋਂ ਲਾਲੂ ਯਾਦਵ, ਸੇਂਥਿਲ ਬਾਲਾਜੀ ਅਤੇ ਅਰਵਿੰਦ ਕੇਜਰੀਵਾਲ ਵਰਗੇ ਕੇਸਾਂ ਦਾ ਜ਼ਿਕਰ ਕੀਤਾ ਗਿਆ। ਭਾਜਪਾ ਨੇ ਇਸ ਨੂੰ ਨੈਤਿਕਤਾ ਅਤੇ ਇਮਾਨਦਾਰੀ ਵਾਲਾ ਕਦਮ ਦੱਸਿਆ, ਪਰ ਵਿਰੋਧੀ ਧਿਰ ਨੇ ਇਸ ਨੂੰ ਰਾਜਨੀਤਕ ਸਾਜ਼ਿਸ਼ ਕਿਹਾ। ਭਾਜਪਾ ਨੂੰ ਪਤਾ ਹੈ ਕਿ ਇਹ ਬਿੱਲ ਪਾਸ ਹੋਣੇ ਮੁਸ਼ਕਲ ਹਨ, ਫ਼ਿਰ ਵੀ ਇਨ੍ਹਾਂ ਨੂੰ ਲਿਆਉਣ ਪਿੱਛੇ ਰਾਜਨੀਤਕ ਮੰਤਵ ਦਿਖਾਈ ਦਿੰਦੇ ਹਨ। ਇਹ ਵਿਰੋਧੀ ਧਿਰ ਨੂੰ ਭ੍ਰਿਸ਼ਟਾਚਾਰ ਦੇ ਸਮਰਥਕ ਵਜੋਂ ਪੇਸ਼ ਕਰਨ ਦੀ ਚਾਲ ਹੋ ਸਕਦੀ ਹੈ। ਭਾਜਪਾ ਦੀ ਪ੍ਰਚਾਰ ਮਸ਼ੀਨਰੀ ਇਸ ਨੂੰ ਵਰਤ ਕੇ ਜਨਤਾ ਨੂੰ ਸੰਦੇਸ਼ ਦੇ ਸਕਦੀ ਹੈ ਕਿ ਵਿਰੋਧੀ ਇਮਾਨਦਾਰੀ ਵਾਲੇ ਕਾਨੂੰਨਾਂ ਨੂੰ ਰੋਕ ਰਹੇ ਹਨ। ਇਸ ਨਾਲ ਭਾਜਪਾ ਆਪਣੇ ਆਪ ਨੂੰ ਭ੍ਰਿਸ਼ਟਾਚਾਰ ਵਿਰੋਧੀ ਪਾਰਟੀ ਵਜੋਂ ਪ੍ਰੋਜੈਕਟ ਕਰ ਰਹੀ ਹੈ, ਭਾਵੇਂ ਉਸ ਦੇ ਵਿਧਾਇਕਾਂ 'ਤੇ ਵੀ ਅਪਰਾਧਿਕ ਕੇਸ ਹਨ। ਏਡੀਆਰ ਰਿਪੋਰਟ ਮੁਤਾਬਕ ਭਾਜਪਾ ਵਿਧਾਇਕਾਂ 'ਤੇ ਸਭ ਤੋਂ ਵੱਧ ਕੇਸ ਹਨ, ਜਿਵੇਂ ਕੇ. ਸੁਰੇਂਦਰਨ 'ਤੇ 243 ਕੇਸ। ਇਸ ਨਾਲ ਭਾਜਪਾ ਦੇ ਮੰਤਵ 'ਤੇ ਸਵਾਲ ਉੱਠ ਰਹੇ ਹਨ।

## ਵੋਟ ਚੋਰੀ ਦਾ ਮੁੱਦਾ ਕਿਉਂ ਉੱਠਿਆ, ਰਾਹੁਲ ਗਾਂਧੀ ਦੀ ਵੋਟ ਅਧਿਕਾਰ ਯਾਤਰਾ ਕਿਉਂ ਸ਼ੁਰੂ ਕੀਤੀ ?

ਬਿਹਾਰ ਵਿੱਚ ਚੋਣ ਕਮਿਸ਼ਨ ਨੇ 2025 ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਵੋਟਰ ਸੂਚੀ ਦੀ ਵਿਸ਼ੇਸ਼ ਤੀਬਰ ਨਿਰੀਖਣ (ਐੱਸ.ਆਈ.ਆਰ.) ਸ਼ੁਰੂ ਕੀਤੀ ਹੈ। ਇਹ ਪ੍ਰਕਿਰਿਆ 1 ਜੁਲਾਈ 2025 ਨੂੰ ਯੋਗਤਾ ਮਿਤੀ ਵਜੋਂ ਰੱਖ ਕੇ ਚੱਲ ਰਹੀ ਹੈ। ਇਸ ਵਿੱਚ ਘਰ-ਘਰ ਜਾ ਕੇ ਵੇਰੀਫ਼ਿਕੇਸ਼ਨ ਕੀਤੀ ਜਾਂਦੀ ਹੈ ਤਾਂ ਜੋ ਵੋਟਰ ਸੂਚੀ ਨੂੰ ਸਾਫ਼-ਸੁਥਰਾ ਬਣਾਇਆ ਜਾ ਸਕੇ।

ਅੰਤਿਮ ਸੂਚੀ 30 ਸਤੰਬਰ ਜਾਂ 1 ਅਕਤੂਬਰ ਨੂੰ ਜਾਰੀ ਹੋਵੇਗੀ। ਹੁਣ ਤੱਕ 65 ਲੱਖ ਨਾਂ ਕੱਟੇ ਗਏ ਹਨ, ਜਿਨ੍ਹਾਂ ਵਿੱਚ ਦੂਹਰੇ ਨਾਂ, ਮਰੇ ਹੋਏ ਲੋਕ ਅਤੇ ਸ਼ਿਫ਼ਟ ਹੋ ਚੁੱਕੇ ਵੋਟਰ ਸ਼ਾਮਲ ਹਨ। ਚੋਣ ਕਮਿਸ਼ਨ ਨੇ ਕਿਹਾ ਹੈ ਕਿ ਇਹ ਨਿਰੀਖਣ ਸਾਰੇ ਯੋਗ ਨਾਗਰਿਕਾਂ ਨੂੰ ਵੋਟ ਦੇ ਅਧਿਕਾਰ ਨੂੰ ਯਕੀਨੀ ਬਣਾਉਣ ਲਈ ਹੈ। ਪਰ ਵਿਰੋਧੀ ਪਾਰਟੀਆਂ ਇਸ ਨੂੰ ਵੋਟ ਚੋਰੀ ਦਾ ਤਰੀਕਾ ਦੱਸ ਰਹੀਆਂ ਹਨ। ਸੁਪਰੀਮ ਕੋਰਟ ਨੇ ਵੀ ਕਮਿਸ਼ਨ ਨੂੰ ਕੱਟੇ ਨਾਂਵਾਂ



ਦੀ ਸੂਚੀ ਜਨਤਕ ਕਰਨ ਦੇ ਹੁਕਮ ਦਿੱਤੇ ਹਨ। ਇਸ ਮੁੱਦੇ ਨੂੰ ਲੈ ਕੇ ਰਾਹੁਲ ਗਾਂਧੀ ਅਤੇ ਤੇਜਸਵੀ ਯਾਦਵ ਬਿਹਾਰ ਵਿੱਚ 'ਵੋਟ ਅਧਿਕਾਰ ਯਾਤਰਾ' ਕਰ ਰਹੇ ਹਨ ਤਾਂ ਜੋ ਲੋਕਾਂ ਨੂੰ ਵੋਟਰ ਸੂਚੀ ਵਿੱਚ ਨਾਂ ਕੱਟਣ ਵਿਰੁੱਧ ਜਾਗਰੂਕ ਕੀਤਾ ਜਾ ਸਕੇ। ਰਾਹੁਲ ਨੇ 7 ਅਗਸਤ ਨੂੰ ਪ੍ਰੈੱਸ ਕਾਨਫ਼ਰੰਸ ਵਿੱਚ ਕਰਨਾਟਕ ਦੇ ਇੱਕ ਵਿਧਾਨ ਸਭਾ ਹਲਕੇ ਵਿੱਚ ਇੱਕ ਇਮਾਰਤ ਵਿੱਚ 600 ਵੋਟਰ ਹੋਣ ਦਾ ਸਬੂਤ ਦਿੱਤਾ ਸੀ। ਉਨ੍ਹਾਂ ਨੇ ਦੋਸ਼ ਲਾਇਆ ਸੀ ਕਿ ਭਾਜਪਾ ਚੋਣ ਕਮਿਸ਼ਨ ਨਾਲ ਮਿਲ ਕੇ ਵਿਰੋਧੀ ਵੋਟਰਾਂ ਨੂੰ ਕੱਟ ਰਹੀ ਹੈ। ਇਹ ਸੰਘਰਸ਼ ਵੋਟ ਦੇ ਅਧਿਕਾਰ ਨੂੰ ਬਚਾਉਣ ਅਤੇ ਜਮਹੂਰੀਅਤ ਨੂੰ ਮਜ਼ਬੂਤ ਕਰਨ ਲਈ ਹੈ।

# ਪੰਜਾਬ ਵਿੱਚ ਹਿੰਦੂਤਵੀ,ਅਕਾਲੀ ਰਾਜਨੀਤੀ ਬਨਾਮ ਪੰਥਕ ਰਾਜਨੀਤੀ ਦਾ ਭਵਿੱਖ ਕੀ ਹੈ ?

## ਕੀ ਬਾਦਲ ਅਕਾਲੀ ਜਾਂ ਬਾਗੀ ਅਕਾਲੀ ਧੜਾ ਸਿੱਖ ਪੰਥ ਦਾ ਸਮਰਥਨ ਹਾਸਿਲ ਕਰ ਸਕੇਗਾ ?



ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
9815700916

ਪੰਜਾਬ, ਜਿਹੜਾ ਭਾਰਤੀ ਸੰਘ ਦਾ ਇਕੱਲਾ ਸਿੱਖ ਬਹੁਗਿਣਤੀ ਵਾਲਾ ਸੂਬਾ ਹੈ, ਅੱਜ ਵੀ ਆਪਣੀ ਵਿਲੱਖਣ ਰਾਜਨੀਤਕ ਅਤੇ ਸਮਾਜੀ ਪਛਾਣ ਨਾਲ ਜੂਝ ਰਿਹਾ ਹੈ। ਪੰਜਾਬ ਹਮੇਸ਼ਾ ਕੇਂਦਰ ਵਲੋਂ ਅਨਿਆਂ ਦਾ ਸ਼ਿਕਾਰ ਰਿਹਾ ਹੈ। ਅੱਜ ਪੰਜਾਬ ਤੇ ਸਿੱਖ ਪੰਥ ਵਿਰੋਧੀ ਨੀਤੀਆਂ ਕਾਰਣ ਅਕਾਲੀ ਦਲ ਦੀ ਹੋਂਦ ਖਤਮ ਹੋ ਚੁੱਕੀ ਹੈ। ਪੰਜਾਬ ਦੀ ਪ੍ਰਤੀਨਿਧਤਾ ਕਰਨ ਵਾਲੀ ਕੋਈ ਰਾਜਨੀਤਕ ਜਮਾਤ ਨਹੀਂ ਬਚੀ।

ਦੂਜੇ ਪਾਸੇ ਹਿੰਦੂ ਰਾਸ਼ਟਰਵਾਦੀ ਰਾਜਨੀਤੀ, ਜੋ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਵਰਗੀਆਂ ਸੰਸਥਾਵਾਂ ਨਾਲ ਜੁੜੀ ਹੋਈ ਹੈ, ਪੰਜਾਬ ਵਿੱਚ ਆਪਣੀਆਂ ਜੜ੍ਹਾਂ ਪੱਕੀਆਂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਇਹ ਰਾਜਨੀਤੀ ਪਿਛਲੇ ਸਮੇਂ ਦੌਰਾਨ ਅਕਾਲੀ ਦਲ ਨਾਲ ਗਠਜੋੜ ਕਰਕੇ ਸੱਤਾ ਵਿੱਚ ਆਈ ਸੀ। ਇਸ ਦਾ ਪੰਜਾਬ ਵਿੱਚ ਅਕਾਲੀ ਗਠਜੋੜ ਬਿਨਾਂ ਕੋਈ ਭਵਿੱਖ ਨਹੀਂ।

ਸਮੇਂ ਦਾ ਸੱਚ ਇਹ ਹੈ ਕਿ ਧੜਿਆਂ ਵਿੱਚ ਵੰਡੀ ਅਕਾਲੀ ਰਾਜਨੀਤੀ ਇਤਿਹਾਸ ਦੀਆਂ ਕਬਰਾਂ ਵਿੱਚ ਜਜ਼ਬ ਹੋ ਚੁੱਕੀ ਹੈ, ਜਿਸ ਦੇ ਮਰ ਕੇ ਉੱਠਣ ਦੀ ਕੋਈ ਉਮੀਦ ਨਹੀਂ ਜਾਪਦੀ। ਅਕਾਲੀ ਦਲ ਦੀ ਲੀਡਰਸ਼ਿਪ ਕਿਹੜਾ ਕੂਕਨੂਸ ਪੰਛੀ ਹੈ ਜੋ ਸੜ,ਬਲ ਕੇ ਤਬਾਹ ਹੋਕੇ ਫ਼ਿਰ ਜੀਅ ਉਠੇਗਾ।

ਕੂਕਨੂਸ ਤਾਂ ਗੁਰੂ ਦਾ ਪੰਥ ਹੈ ਜੋ ਅਨੇਕਾਂ ਘਲੂਘਾਰੇ ਅਤੇ ਜ਼ਾਲਮ ਤਾਕਤਾਂ, ਧਾੜਵੀਆਂ ਦਾ ਸਾਹਮਣਾ ਕਰਦਾ, ਤਬਾਹ ਹੁੰਦਾ, ਨਸਲਕੁਸ਼ੀਆਂ ਕਰਾਉਂਦਾ, ਘਲੂਘਾਰਿਆਂ ਦਾ ਸਾਹਮਣਾ ਕਰਦਾ ਅੱਜ ਵੀ ਅਮਰ ਹੈ। ਅੱਜ ਵੀ ਗੁਰੂ ਪੰਥ ਗੁਰੂ ਦੇ ਆਦਰਸ਼ ਉੱਤੇ ਖੜ੍ਹਾ ਹੈ।

ਅਕਾਲੀ ਦਲ ਦੇ ਵਿਨਾਸ਼ ਦਾ ਇਤਿਹਾਸਕ ਵਰਤਾਰਾ ਅਕਾਲੀ ਲੀਡਰਸ਼ਿਪ ਦੀ ਨਲਾਇਕੀ, ਸਮਝੌਤਾਵਾਦੀ ਵਿਹਾਰ ਅਤੇ ਸੱਤਾ ਦੀ ਲਾਲਸਾ, ਸਿੱਖ ਪੰਥ ਦੇ ਏਜੰਡੇ ਨੂੰ ਅਖੋਂ ਪਰੋਖੇ ਕਰਨ ਤੇ ਸਿੱਖ ਵਿਰੋਧੀਆਂ, ਸਿੱਖ ਨਸਲਕੁਸ਼ੀਆਂ ਦੇ ਜ਼ਿੰਮੇਵਾਰ ਦੋਸ਼ੀਆਂ ਦੇ ਹੱਕ ਵਿੱਚ ਭੁਗਤਣ ਕਾਰਨ ਵਾਪਰਿਆ ਹੈ। ਸਿੱਖ ਪੰਥ ਦੀ ਰੂਹ ਵਿੱਚੋਂ ਅਕਾਲੀ ਦਲ ਖ਼ਤਮ ਹੋ ਚੁੱਕਾ ਹੈ। ਇਹ ਦੁਬਾਰਾ ਜਨਮ ਲਵੇਗਾ, ਇਹ ਅਸੰਭਵ ਜਿਹਾ ਵਰਤਾਰਾ ਜਾਪਦਾ ਹੈ।

ਅਕਾਲੀ ਦਲ ਤੇ ਇਸ ਦੀ ਲੀਡਰਸ਼ਿਪ ਕੋਈ ਕੂਕਨੂਸ ਨਹੀਂ ਜੋ ਅੱਗ ਵਿੱਚ ਫ਼ਨਾਹ ਹੋਕੇ ਜੀਉਂਦਾ ਹੋ ਸਕੇ। ਜੋ ਅਕਾਲੀ ਲੀਡਰਸ਼ਿਪ, ਭਾਵੇਂ ਕਿਸੇ ਧੜੇ ਨਾਲ ਸਬੰਧਿਤ ਹੈ ,ਉਹ ਸੱਤਾ ਚਾਹੁੰਦੀ ਹੈ,ਪਰ ਸਿੱਖ ਪੰਥ ਨੂੰ ਇਹਨਾਂ ਅਕਾਲੀਆਂ ਦੀ ਸੱਤਾ ਦਾ ਕੀ ਫ਼ਾਇਦਾ,ਜਿਸ ਦਾ ਮਾੜਾ ਤੇ ਬੱਚੇਖਾਣੀ ਸਿਆਸਤ ਦਾ ਦੁਖਾਂਤਕ ਤਜਰਬਾ ਸਿੱਖ ਕੌਮ ਹੰਡਾ ਚੁੱਕੀ ਹੈ। ਬੇਅਦਬੀਆਂ, ਸੌਦਾ ਕਾਂਡ ਵਿੱਚ ਇਹਨਾਂ ਦੀ ਸ਼ਮੂਲੀਅਤ ਕਿਸੇ ਨੂੰ ਭੁੱਲੀ ਨਹੀਂ।

ਪੰਜਾਬ ਦੀ ਰਾਜਨੀਤੀ ਤੇ ਸਿੱਖ ਪੰਥ ਦੇ ਦੁਖਾਂਤ ਨੂੰ ਸਮਝਣ ਲਈ ਇਤਿਹਾਸ ਵੱਲ ਨਿਗਾਹ ਮਾਰਨੀ ਜ਼ਰੂਰੀ ਹੈ। ਆਜ਼ਾਦੀ ਤੋਂ ਬਾਅਦ ਪੰਜਾਬ ਨਾਲ ਕੇਂਦਰ ਸਰਕਾਰ ਨੇ ਹਮੇਸ਼ਾ ਅਨਿਆਂ ਕੀਤਾ ਹੈ। ਚਾਹੇ ਰਾਜ ਭਾਸ਼ਾ ਦਾ ਮਸਲਾ ਹੋਵੇ, ਨਦੀਆਂ ਦੇ ਪਾਣੀਆਂ ਦੀ ਵੰਡ ਹੋਵੇ ਜਾਂ ਰਾਜਧਾਨੀ ਚੰਡੀਗੜ੍ਹ ਦਾ ਵਿਵਾਦ, ਪੰਜਾਬ ਨਾਲ ਵਾਰ ਵਾਰ ਵਿਤਕਰਾ ਤੇ ਬੇਇਨਸਾਫ਼ੀ ਕੀਤੀ ਗਈ। 1984 ਵਿੱਚ ਫ਼ੌਜੀ ਹਮਲੇ ਅਤੇ ਇਸ ਤੋਂ ਬਾਅਦ ਦਿੱਲੀ ਵਿੱਚ ਸਿੱਖਾਂ ਦੇ ਕਤਲੇਆਮ ਨੇ ਸਿੱਖ ਪੰਥ ਨੂੰ ਡੂੰਘੇ ਜ਼ਖਮ ਦਿੱਤੇ ਹਨ।

ਇਸ ਨੇ ਸਿੱਖਾਂ ਵਿੱਚ ਬੇਗਾਨਗੀ, ਨਰਾਜ਼ਗੀ, ਬੇਚੈਨੀ ਨੂੰ ਵਧਾਇਆ ਹੈ ਅਤੇ ਸਿੱਖ ਪੰਥ ਦੇ ਇੱਕ ਧੜੇ ਵਿੱਚ ਅਲੱਗਵਾਦ ਵਰਗੇ ਵਿਚਾਰਾਂ ਨੂੰ ਜਨਮ ਦਿੱਤਾ ਹੈ। ਕਾਂਗਰਸ ਸੱਤਾ ਕਾਲ ਵੇਲੇ ਕੇਂਦਰੀ ਰਾਜਨੀਤੀ ਨੇ ਪੰਜਾਬ ਨਾਲ ਜੁੜੇ ਅੰਦੋਲਨਾਂ ਨੂੰ ਹਿੰਸਾ ਤੇ ਅੱਤਵਾਦ ਨਾਲ ਜੋੜ ਕੇ ਬਦਨਾਮ ਕੀਤਾ ਸੀ। ਜੋ ਵੀ ਪੰਜਾਬ ਦੇ ਹਿੱਤਾਂ ਲਈ ਲੜਦਾ, ਉਸ ਨੂੰ ਦੇਸ਼ ਦਾ ਗੱਦਾਰ ਕਰਾਰ ਦਿੱਤਾ ਜਾਂਦਾ ਸੀ। ਪੰਜਾਬ ਵਿੱਚ ਫ਼ਿਰਕੂ ਗਤੀਵਿਧੀਆਂ ਧਾਰਮਿਕ ਤੇ ਜਾਤੀਵਾਦੀ, ਡੇਰਾਵਾਦ ਦਾ ਉਭਾਰ ਸਿੱਖ ਵਿਰੋਧੀ ਰਾਜਨੀਤੀ ਦਾ ਮਨੋਰਥ ਹੈ।



2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ ਅਕਾਲੀ ਦਲ ਬਾਦਲ ਦਲ ਤੋਂ ਅਲੱਗ ਚੋਣ ਲੜਕੇ ਪੰਜਾਬ ਵਿੱਚ ਆਪਣਾ ਵੋਟ ਸ਼ੇਅਰ ਵਧਾਇਆ, ਪਰ ਕੋਈ ਸੀਟ ਨਹੀਂ ਜਿੱਤੀ। ਇਹ ਦਰਸਾਉਂਦਾ ਹੈ ਕਿ ਹਿੰਦੂ ਵੋਟ ਨੂੰ ਇੱਕਮੁੱਠ ਕਰਨ ਦੀ ਕੋਸ਼ਿਸ਼ ਪੰਜਾਬ ਵਿੱਚ ਜਾਰੀ ਹੈ, ਪਰ ਸਿੱਖ ਬਹੁਗਿਣਤੀ ਇਸ ਰਾਜਨੀਤੀ ਦੇ ਉਲਟ ਭੁਗਤਦੀ ਹੈ। ਇਸੇ ਕਰਕੇ ਪੰਜਾਬ ਦੀ ਰਾਜਨੀਤੀ ਭਾਰਤ ਦੇ ਬਾਕੀ ਪ੍ਰਾਂਤਾਂ ਤੋਂ ਵੱਖਰਾ ਸਿਆਸੀ ਨੈਰੇਟਿਵ ਤੇ ਸਿਆਸਤ ਸਿਰਜਦੀ ਹੈ।

ਪਰ ਗਲ ਦਿਲਚਸਪ ਹੈ ਕਿ ਅਕਾਲੀ ਦਲ ਨੇ ਭਾਜਪਾ ਦੀ ਪਰੋੜ ਰਾਜਨੀਤੀ ਤੋਂ ਕੁਝ ਨਹੀਂ ਸਿੱਖਿਆ। ਭਾਜਪਾ ਹਿੰਦੂ ਰਾਜਨੀਤੀ ਤੇ ਏਜੰਡਾ ਲੈ ਕੇ ਤੁਰੀ,ਪਰ ਸਭ ਹਿੰਦੂ ਭਾਈਚਾਰੇ ਨੂੰ ਆਪਣੇ ਹੱਕ ਵਿੱਚ ਇਕੱਠਾ ਕੀਤਾ ਤੇ ਕਦੇ ਵੀ ਸੱਤਾ ਦੌਰਾਨ ਹਿੰਦੂ ਭਾਈਚਾਰੇ ਖ਼ਿਲਾਫ਼ ਨਹੀਂ ਖੜੀ ਹੋਈ। ਇਸ ਦੇ ਉਲਟ ਅਕਾਲੀ ਦਲ ਬਾਦਲ ਕਦੇ ਵੀ ਸਿੱਖ ਪੰਥ ਦੇ ਹੱਕ ਵਿਚ ਖੜ੍ਹਾ ਨਹੀਂ ਹੋਇਆ। ਵਾਜਪਾਈ ਸਰਕਾਰ ਦੇ ਹੁੰਦਿਆਂ ਨਾ ਪੰਜਾਬ ਦਾ ਕਰਜ਼ਾ ਮਾਫ਼ ਕਰਾ ਸਕਿਆ, ਨਾ ਬੰਦੀ ਸਿੱਖ ਰਿਹਾਅ ਕਰਾ ਸਕਿਆ। ਭਾਜਪਾ ਨੇ ਅੱਜ ਤਕ ਕਿਸੇ ਪਾਰਟੀ ਨਾਲ ਬਿਨਾਂ ਸ਼ਰਤ ਸਮਝੌਤਾ ਨਹੀਂ ਕੀਤਾ। ਪਰ ਬਾਦਲ ਦਲ ਇੱਕ ਲੱਖ ਸਿੱਖਾਂ ਦੀਆਂ ਸ਼ਹਾਦਤਾਂ ਉਪਰੰਤ ਅਨੰਦਪੁਰ ਮਤੇ ਤੋਂ ਬਾਗੀ ਹੋ ਗਿਆ, ਪੰਜਾਬ ਦੀਆਂ ਮੰਗਾਂ ਮਨਵਾਉਣ ਦੀ ਥਾਂ ਬਿਨਾਂ ਸ਼ਰਤ ਭਾਜਪਾ ਨਾਲ ਗਠਜੋੜ ਕਰਦੇ ਰਹੇ।

### ਅਕਾਲੀ ਦਲ ਦੇ ਵਿਰੋਧ ਵਿੱਚ ਪੰਥਕ ਰਾਜਨੀਤੀ

ਅਕਾਲੀ ਦਲ ਦੇ ਢਹਿ ਜਾਣ ਕਾਰਨ ਪੰਥਕ ਰਾਜਨੀਤੀ ਅੰਮ੍ਰਿਤਪਾਲ ਸਿੰਘ ਦੀ ਸਿਆਸਤ ਨਾਲ ਜੁੜ ਕੇ ਉਭਰੀ ਹੈ। ਅੰਮ੍ਰਿਤਪਾਲ ਸਿੰਘ, ਜੋ ਵਾਰਿਸ ਪੰਜਾਬ ਦੇ ਨਾਂ ਹੇਠ ਸਿੱਖ ਯੂਥ ਨੂੰ ਇਕੱਠਾ ਕਰਨ ਵਾਲੇ ਆਗੂ ਹਨ, ਨੂੰ 2023 ਵਿੱਚ ਐੱਨਐੱਸਏ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਫ਼ਿਰ ਵੀ, ਉਹ 2024 ਵਿੱਚ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਚੋਣ ਜਿੱਤ ਗਏ ਤੇ ਫ਼ਰੀਦਕੋਟ ਤੋਂ ਸ਼ਹੀਦ ਬੇਅੰਤ ਸਿੰਘ ਦੇ ਬੇਟੇ ਸਰਬਜੀਤ ਸਿੰਘ ਖਾਲਸਾ ਜਿੱਤ ਗਏ। ਇਹ ਜਿੱਤ ਇੱਕ ਤਰ੍ਹਾਂ ਸਿੱਖ ਭਾਈਚਾਰੇ ਦੀ ਬਾਦਲ ਦਲ ਖ਼ਿਲਾਫ਼ ਬਗਾਵਤ ਸੀ। ਜਨਵਰੀ 2025 ਵਿੱਚ ਉਹਨਾਂ ਨੇ ਅਕਾਲੀ ਦਲ (ਵਾਰਿਸ ਪੰਜਾਬ ਦੇ) ਨਾਂ ਨਾਲ ਨਵੀਂ ਪਾਰਟੀ ਲਾਂਚ ਕੀਤੀ, ਜੋ ਪੰਜਾਬ ਦੇ ਖੇਤਰੀ ਹਿੱਤਾਂ ਅਤੇ ਸਿੱਖ ਪਛਾਣ ਨੂੰ ਉਭਾਰਨ ਵੱਲ ਕੇਂਦਰਿਤ ਹੈ। ਇਹ ਰਾਜਨੀਤੀ ਅਕਾਲੀ ਰਾਜਨੀਤੀ ਲਈ ਚੁਣੌਤੀ ਹੈ। ਪਰ ਇਸ ਕੋਲ ਬੋਧਿਕ ਲੀਡਰਸ਼ਿਪ ਦੀ ਘਾਟ ਹੈ।ਇਹ ਸਮਾਂ ਹੀ ਦੱਸੇਗਾ ਕਿ ਇਹ ਪਾਰਟੀ ਕਿੰਨੀ ਕੁ ਸਫ਼ਲ ਹੁੰਦੀ ਹੈ।ਇਸ ਦਾ ਭਵਿੱਖ ਕੀ ਹੈ ?

ਦੂਜੇ ਪਾਸੇ, ਖ਼ਾਲਿਸਤਾਨ ਦੇ ਡਰ ਦਾ ਨੈਰੇਟਿਵ ਜੋ ਮਿਥਿਆ ਗਿਆ ਹੈ, ਉਹ ਹਿੰਦੂਤਵ ਰਾਜਨੀਤੀ ਦੇ ਉਭਾਰ ਲਈ ਇੱਕ ਮਜ਼ਬੂਤ ਏਜੰਡਾ ਬਣਿਆ ਹੋਇਆ ਹੈ। ਇਸ ਨੈਰੇਟਿਵ ਦੀ ਉਪਯੋਗਤਾ ਅਸਲ ਵੱਖਵਾਦੀ ਖ਼ਤਰਿਆਂ ਵਿੱਚ ਨਹੀਂ, ਬਲਕਿ ਹਿੰਦੂ ਭਾਈਚਾਰੇ ਨੂੰ ਇਕੱਠਾ ਕਰਨ, ਪੰਜਾਬ ਵਿੱਚ ਰਾਸ਼ਟਰਵਾਦੀ ਸਿਆਸਤ ਸਿਰਜਣ ਵਿੱਚ ਹੈ। ਜਦ ਕਿ ਖ਼ਾਲਿਸਤਾਨ ਅੰਦੋਲਨ ਪੰਜਾਬ ਵਿੱਚ ਨਾਰ੍ਹੇਬਾਜ਼ੀ ਤਕ ਸੀਮਤ ਹੈ।

ਬਾਗੀ ਅਕਾਲੀ ਦਲ ਬਾਦਲ ਰਾਜਨੀਤੀ ਨੂੰ ਨੁਕਸਾਨ ਪਹੁੰਚਾਏਗਾ

ਭਾਰਤ ਦੇ ਹੋਰ ਹਿੱਸਿਆਂ ਵਿੱਚ ਖੇਤਰੀ ਪਾਰਟੀਆਂ ਨੇ ਹਿੰਦੂਤਵ ਦੇ ਕੇਂਦਰੀਕਰਨ ਵਿਰੁੱਧ ਵਿਰੋਧ ਪ੍ਰਦਾਨ ਕੀਤਾ ਹੈ। ਤਾਮਿਲਨਾਡੂ ਵਿੱਚ ਡੀਐੱਮਕੇ, ਬੰਗਾਲ ਵਿੱਚ ਟੀਐੱਮਸੀ ਅਤੇ ਉੱਤਰ ਪ੍ਰਦੇਸ਼ ਵਿੱਚ ਐੱਸ.ਪੀ. ਨੇ ਹਿੰਦੂਤਵੀ ਰਾਜਨੀਤੀ ਨੂੰ ਚੁਣੌਤੀ ਦਿੱਤੀ ਹੈ। ਪਰ ਪੰਜਾਬ ਵਿੱਚ ਖੇਤਰਵਾਦ ਦਾ ਏਜੰਡਾ ਨਹੀਂ ਉਭਰਿਆ। ਇਸ ਦਾ ਕਾਰਨ ਅਕਾਲੀ ਦਲ ਦੀ ਵੰਡੀਆਂ, ਨਿਘਾਰ ਤੇ ਪੰਥਕ ਅਧਾਰ ਗੁਆਉਣਾ ਹੈ। ਅਗਸਤ 2025 ਵਿੱਚ ਅਕਾਲੀ ਦਲ ਵਿੱਚ ਵੱਡੇ ਵਿਵਾਦ ਹੋਏ ਹਨ।

ਅਕਾਲੀ ਰਾਜਨੀਤੀ ਸੁਖਬੀਰ ਸਿੰਘ ਬਾਦਲ ਵਾਲੇ ਧੜੇ ਅਤੇ ਬਾਗੀ ਧੜੇ ਵਿੱਚ ਵੰਡ ਹੋ ਗਈ ਹੈ। ਬਾਗੀਆਂ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਨਵਾਂ ਪ੍ਰਧਾਨ ਚੁਣਿਆ ਹੈ। ਇਹ ਵੰਡ ਬਾਦਲ ਅਕਾਲੀ ਦਲ ਨੂੰ ਹੋਰ ਨੁਕਸਾਨ ਪਹੁੰਚਾਏਗੀ । ਸੱਚ ਇਹ ਵੀ ਹੈ ਕਿ ਖ਼ਾਲਿਸਤਾਨੀ ਧੜਿਆਂ ਵੱਲੋਂ ਅਨੰਦਪੁਰ ਮਤੇ ਦਾ ਵਿਰੋਧ ਕਾਰਨ ਅਕਾਲੀ ਰਾਜਨੀਤੀ ਤੇ ਖੇਤਰੀ ਏਜੰਡੇ ਦਾ ਨੁਕਸਾਨ ਹੋਇਆ ਹੈ। ਜਦ ਕਿ ਪੰਜਾਬ ਨੂੰ ਖੇਤਰੀ ਏਜੰਡੇ ਤੇ ਖੇਤਰੀ ਰਾਜਨੀਤਕ ਪਾਰਟੀ ਦੀ ਲੋੜ ਹੈ।

### ਪੰਜਾਬ ਦੀ ਸਾਂਝੀ ਰਾਜਨੀਤੀ ਖ਼ਲਾਅ ਵਿੱਚ ਕਿਉਂ ?

ਤੀਸਰਾ ਕਾਰਨ ਪੰਜਾਬ ਦੀ ਧਾਰਮਿਕ ਅਤੇ ਜਾਤੀ ਵੰਡ ਹੈ। ਪੰਜਾਬ ਵਿੱਚ ਸਿੱਖ, ਹਿੰਦੂ, ਦਲਿਤ ਅਤੇ ਹੋਰ ਭਾਈਚਾਰੇ ਵੱਖ ਵੱਖ ਰਾਜਨੀਤਕ ਏਜੰਡੇ ਉੱਤੇ ਵੰਡੇ ਹੋਏ ਹਨ। ਇਸੇ ਕਰਕੇ ਪੰਜਾਬ ਦਾ ਸਾਂਝਾ ਸਿਆਸੀ ਏਜੰਡਾ ਨਹੀਂ ਬਣ ਸਕਿਆ। ਇਸ ਕਾਰਣ ਪੰਜਾਬ ਦੇ ਹਿੱਤਾਂ ਦਾ ਨੁਕਸਾਨ ਹੋਇਆ ਹੈ। ਵੱਡੀ ਗੱਲ ਇਹ ਹੈ ਕਿ ਅਕਾਲੀ ਧੜੇ ਖੇਤਰਵਾਦ ਨੂੰ ਮਜ਼ਬੂਤ ਕਰਨ ਦੀ ਬਜਾਏ ਭਾਜਪਾ ਨਾਲ ਗੱਠਜੋੜ ਕਰਨ ਲਈ ਪੱਬਾਂ ਭਾਰ ਹਨ। ਉਹਨਾਂ ਦੀ ਇੱਛਾ ਵੀ ਇਹੀ ਹੈ। ਇਹ ਆਪ ਹਾਈ ਕਮਾਂਡ ਨੂੰ ਪਹੁੰਚ ਕਰ ਰਹੇ ਹਨ ਸਾਡੇ ਨਾਲ ਸਮਝੌਤਾ ਕੀਤਾ ਜਾਵੇ। ਖੇਤਰੀ ਏਜੰਡਾ ਤੇ ਉਸ ਉਪਰ ਪਹਿਰੇਦਾਰੀ ਅਕਾਲੀ ਰਾਜਨੀਤੀ ਦਾ ਮਨੋਰਥ ਨਹੀਂ ਰਿਹਾ। ਇਸ ਕਾਰਨ ਸਿੱਖ ਅਤੇ ਪੰਜਾਬੀ ਇਨ੍ਹਾਂ ਉੱਤੇ ਵਿਸ਼ਵਾਸ ਨਹੀਂ ਕਰਦੇ। ਭਾਜਪਾ ਇਨ੍ਹਾਂ ਦੇ ਸਿਆਸੀ ਨਿਘਾਰ ਕਾਰਨ ਇਨ੍ਹਾਂ ਅਕਾਲੀ ਧੜਿਆਂ ਨਾਲ ਹਾਲ ਦੀ ਘੜੀ ਸਮਝੌਤਾ ਕਰਨ ਨੂੰ ਤਿਆਰ ਨਹੀਂ।

### ਕਿਸਾਨ ਯੂਨੀਅਨਾਂ ਵਿਚੋਂ ਖੇਤਰੀ ਸਿਆਸਤ ਦਾ ਉਭਾਰ ਮੁਸ਼ਕਿਲ

ਹਾਲਾਂ ਕਿ ਕਿਸਾਨ ਅੰਦੋਲਨ ਕੇਂਦਰੀ ਰਾਜਨੀਤੀ ਲਈ ਚੈਲਿੰਜ ਹੈ। 2020-21 ਦੇ ਅੰਦੋਲਨ ਨੇ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਏ ਸਨ। 2024-25 ਵਿੱਚ ਵੀ ਕਿਸਾਨ ਅੰਦੋਲਨ ਜਾਰੀ ਰਿਹਾ ਸੀ। ਐੱਮ.ਐੱਸ.ਪੀ. ਦੀ ਗਰੰਟੀ, ਕਰਜ਼ਾ ਮੁਆਫ਼ੀ ਅਤੇ ਭੂਮੀ ਨੀਤੀਆਂ ਵਿਰੁੱਧ ਪ੍ਰਦਰਸ਼ਨ ਹੁਣ ਵੀ ਹੋ ਰਹੇ ਹਨ। ਮਾਰਚ 2025 ਵਿੱਚ ਪੰਜਾਬ ਪੁਲਿਸ ਨੇ ਕਿਸਾਨ ਮੋਰਚਾ ਡੰਡੇ ਦੀ ਤਾਕਤ ਨਾਲ ਖਿੰਡਾਅ ਦਿੱਤਾ ਸੀ , ਲੀਡਰਸ਼ਿਪ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ। ਅਗਸਤ 2025 ਵਿੱਚ ਪੰਜਾਬ ਸਰਕਾਰ ਨੂੰ ਕਿਸਾਨ ਅੰਦੋਲਨ ਕਾਰਨ ਲੈਂਡ ਪੁਲਿੰਗ ਪਾਲਿਸੀ 2025 ਵਾਪਸ ਲੈਣੀ ਪਈ ਸੀ, ਜਿਸ ਨੂੰ ਕਿਸਾਨਾਂ ਨੇ ਲੋਕਾਂ ਦੀ ਜਿੱਤ ਕਿਹਾ ਸੀ। ਪਰ ਵੱਖ ਵੱਖ ਧੜਿਆਂ ਵਿੱਚ ਵੰਡੀ ਕਿਸਾਨ ਰਾਜਨੀਤੀ ਆਪਣੀ ਖੇਤਰੀ ਪਾਰਟੀ ਸਿਰਜਣ ਅਤੇ ਅਗਵਾਈ ਕਰਨ ਤੋਂ ਅਸਮਰੱਥ ਹੈ। ਇਸ ਵੱਲੋਂ ਪਹਿਲਾਂ ਵੀ ਰਾਜਨੀਤੀ ਸਿਰਜਣ ਦੇ ਤਜਰਬੇ ਫ਼ੇਲ੍ਹ ਹੋ ਚੁੱਕੇ ਹਨ ।

### ਪੰਜਾਬ ਨੂੰ ਖੇਤਰੀ ਰਾਜਨੀਤੀ ਦੀ ਲੋੜ

ਪੰਜਾਬ ਨੂੰ ਇੱਕ ਮਜ਼ਬੂਤ ਖੇਤਰੀ ਰਾਜਨੀਤੀ ਦੀ ਲੋੜ ਹੈ, ਜੋ ਧਾਰਮਿਕ ਅਤੇ ਜਾਤੀ ਵੰਡ ਤੋਂ ਉੱਪਰ ਉੱਠ ਕੇ ਪੰਜਾਬ ਦੇ ਆਰਥਿਕ, ਸਮਾਜੀ ,ਬੋਲੀ ਭਾਸ਼ਾ ਅਤੇ ਸੱਭਿਆਚਾਰਕ ਹਿੱਤਾਂ ਨੂੰ ਸੁਰੱਖਿਅਤ ਕਰੇ। ਪੰਜਾਬ ਨੂੰ ਇੱਕਮੁੱਠ ਹੋ ਕੇ ਆਪਣੀ ਖੇਤਰੀ ਰਾਜਨੀਤੀ ਸਿਰਜਣੀ ਚਾਹੀਦੀ ਹੈ। ਨਵੇਂ ਅਕਾਲੀ ਦਲ ਕੋਲ ਵੀ ਬਾਦਲ ਦਲ ਤੋਂ ਟੁੱਟ ਕੇ ਗਏ ਲੀਡਰ ਹਨ, ਜਿਨ੍ਹਾਂ ਦੀ ਮੌਕਾਪ੍ਰਸਤੀ ਤੋਂ ਪੰਥ ਤੇ ਪੰਜਾਬ ਪਹਿਲਾਂ ਹੀ ਨਿਰਾਸ਼ ਹੈ। ਉਹ ਪੰਜਾਬ ਦਾ ਨਵਾਂ ਏਜੰਡਾ ਸਿਰਜ ਕੇ ਖੇਤਰੀ ਰਾਜਨੀਤੀ ਸਿਰਜ ਸਕੇ, ਇਹ ਪੰਜਾਬੀਆਂ ਤੇ ਸਿੱਖ ਪੰਥ ਨੂੰ ਸੁਪਨਿਆਂ ਵਰਗਾ ਜਾਪਦਾ ਹੈ। ਇਹਨਾਂ ਕੋਲ ਤਾਮਿਲਨਾਡੂ ਵਰਗੇ ਸਟਾਲਿਨ, ਬੰਗਾਲ ਦੀ ਮਮਤਾ ਬੈਨਰਜੀ ਵਰਗਾ ਲੀਡਰ ਨਹੀਂ ਹੈ ਤੇ ਨਾ ਹੀ ਪੰਜਾਬ ਦੀ ਯੋਗ ਤੇ ਆਦਰਸ਼ਕ ਅਗਵਾਈ ਦੀ ਇੱਛਾ।

ਮਾਮਲਾ ਸ੍ਰੀ ਹਰਿਮੰਦਰ ਸਾਹਿਬ ਦੀ ਏ.ਆਈ. ਰਾਹੀਂ ਤਿਆਰ ਮਨਘੜਤ ਵੀਡੀਓ ਦਾ

# ਸਿੱਖ ਸੰਗਤ ਦੀ ਸ਼ਿਕਾਇਤ ’ਤੇ ਮੁੰਬਈ ਪੁਲਿਸ ਵੱਲੋਂ ਮਾਮਲਾ ਦਰਜ

ਮੁੰਬਈ/ਏ.ਟੀ.ਨਿਊਜ਼: ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਦੁਰਵਰਤੋਂ ਕਰਕੇ ਸਿੱਖ ਕੌਮ ਦੇ ਅਧਿਆਤਮਕ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨਾਲ ਛੇੜਛਾੜ ਕਰਦੇ ਹੋਏ ਉਸ ਨੂੰ ਢਹਿ-ਢੇਰੀ ਹੁੰਦਾ ਅਤੇ ਪਾਣੀ ਵਿੱਚ ਡਿੱਗਦਾ ਦਿਖਾਉਣ ਵਾਲੀ ਮਨਘੜਤ ਵੀਡੀਓ ਖ਼ਿਲਾਫ਼ ਹੁਣ ਮੁੰਬਈ ਦੀ ਸਿੱਖ ਸੰਗਤ ਨੇ ਵੀ ਪੁਲਿਸ ਕੋਲ ਪਹੁੰਚ ਕੀਤੀ ਹੈ। ਇਸ ਗੰਭੀਰ ਅਤੇ ਅਪਮਾਨਜਨਕ ਕਾਰਵਾਈ ਦੇ ਖ਼ਿਲਾਫ਼ ਮੁੰਬਈ ਪੁਲਿਸ ਨੇ ਭਾਰਤੀ ਦੰਡ ਸੰਹਿਤਾ ਦੀ ਧਾਰਾ 299 ਆਰ/ਡਬਲਯੂ ਅਤੇ ਆਈ.ਟੀ. ਐਕਟ 67 ਹੇਠ ਐਫ.ਆਈ.ਆਰ. ਨੰਬਰ 30/25 ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮਨਘੜਤ ਵੀਡੀਓ ਨੇ ਦੇਸ਼ ਵਿਦੇਸ਼ ਵਿੱਚ ਵਸਦੀ ਸਿੱਖ ਸੰਗਤ ਦੇ ਦਿਲਾਂ ਨੂੰ ਠੇਸ ਪਹੁੰਚਾਈ ਹੈ। ਇਸ ਦੇ ਨਾਲ ਹੀ ਸਿੱਖ ਆਗੂਆਂ ਨੇ ਮਸਨੂਈ ਬੌਧਿਕਤਾ ਦੀ ਦੁਰਵਰਤੋਂ ’ਤੇ ਫਿਕਰ ਵੀ ਜਤਾਇਆ ਹੈ।

ਇਸ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਇਸ ਮਨਘੜਤ ਵੀਡੀਓ ਦੇ ਖਿਲਾਫ ਪੁਲਿਸ ਕੋਲ ਸ਼ਿਕਾਇਤ ਕੀਤੀ ਗਈ ਸੀ।



ਮੁੰਬਈ ’ਚ ਇਹ ਮਾਮਲਾ ਸਥਾਨਕ ਵਾਸੀ ਗੁਰਸੇਵ ਸਿੰਘ ਦੀ ਸ਼ਿਕਾਇਤ ’ਤੇ ਮਾਡਲ ਸਾਈਬਰ ਥਾਣਾ, ਮੁੰਬਈ ਵਿੱਚ ਦਰਜ ਕੀਤਾ ਗਿਆ ਹੈ। ਇਹ ਜਾਣਕਾਰੀ ਮਹਾਰਾਸ਼ਟਰ ਸਿੱਖ ਸਮਾਜ ਦੇ ਮੁਖੀ ਭਾਈ ਜਸਪਾਲ ਸਿੰਘ ਸਿੱਧੂ ਅਤੇ ਸੂਬਾ ਘੱਟਗਿਣਤੀ ਕਮਿਸ਼ਨ ਦੇ ਮੈਂਬਰ ਚਰਨਦੀਪ ਸਿੰਘ ਹੈਪੀ ਨੇ ਦਿੱਤੀ, ਜਿਨਾਂ ਨੇ ਮਹਾਰਾਸ਼ਟਰ ਸਾਈਬਰ ਵਿਭਾਗ ਦੇ ਵਿਸ਼ੇਸ਼ ਆਈ.ਜੀ. ਯਸ਼ਸਵੀ ਯਾਦਵ ਨਾਲ ਇਸ ਸਬੰਧੀ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਆਈ.ਜੀ. ਵੱਲੋਂ ਉਨ੍ਹਾਂ ਨੂੰ ਇਹ ਜਾਣਕਾਰੀ ਦਿੱਤੀ ਗਈ।

ਉਨ੍ਹਾਂ ਦੱਸਿਆ ਕਿ ਸਿੱਖ ਨੇਤਾਵਾਂ ਨੂੰ ਪੂਰਾ ਭਰੋਸਾ ਦਿਵਾਇਆ ਗਿਆ ਕਿ ਜਾਂਚ ਨਿਰਪੱਖ ਢੰਗ ਨਾਲ ਕੀਤੀ ਜਾਵੇਗੀ ਅਤੇ ਜਿਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਅਪਮਾਨ ਕਰਨ ਦੀ ਘ੍ਰਿਣਿਤ ਹਰਕਤ ਕੀਤੀ ਹੈ, ਉਨ੍ਹਾਂ ਦਾ ਪਤਾ ਲਾ ਕੇ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਦਿੱਤੀ ਜਾਵੇਗੀ।

ਮਹਾਰਾਸ਼ਟਰ ਸਿੱਖ ਸਮਾਜ ਕੋਆਰਡੀਨੇਸ਼ਨ ਕਮੇਟੀ ਦੇ ਮੁਖੀ ਭਾਈ ਜਸਪਾਲ ਸਿੰਘ ਸਿੱਧੂ ਨੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ ’ਤੇ ਫੈਲ ਰਹੀ ਏ.ਆਈ. ਜਨਰੇਟ ਕੀਤੀ ਗੁਮਰਾਹਕੁਨ ਡਿਜੀਟਲ ਸਮੱਗਰੀ ਦੀ ਵਧ ਰਹੀ ਗਿਣਤੀ ’ਤੇ ਫ਼ਿਕਰ ਤੇ ਅਫਸੋਸ ਜ਼ਾਹਿਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਸਿਰਫ਼ ਇੱਕ ਇਮਾਰਤ ਨਹੀਂ, ਬਲਕਿ ਸਿੱਖੀ ਦਾ ਅਧਿਆਤਮਕ ਕੇਂਦਰ ਹੈ। ਇਸ ਨੂੰ ਕਲਪਿਤ ਤਬਾਹੀ ’ਚ ਦਿਖਾਉਣਾ ਧਾਰਮਿਕ ਹਿੰਸਾ ਤੋਂ ਘੱਟ ਨਹੀਂ ਹੈ।

## ਸ਼ਹੀਦੀ ਸ਼ਤਾਬਦੀ ਸਮਾਗਮ

# ਖ਼ਾਲਸਾਈ ਜੈਕਾਰਿਆਂ ਨਾਲ ਨਗਰ ਕੀਰਤਨ ਦੀ ਆਰੰਭਤਾ

### 23 ਸੂਬਿਆਂ ਤੋਂ ਹੁੰਦਾ ਹੋਇਆ ਨਵੰਬਰ ਮਹੀਨੇ 'ਚ ਗੁ. ਸੀਸ ਗੰਜ ਸਾਹਿਬ ਆਨੰਦਪੁਰ ਸਾਹਿਬ ਵਿਖੇ ਪੁੱਜ ਕੇ ਸੰਪੂਰਨ ਹੋਵੇਗਾ ਨਗਰ ਕੀਰਤਨ




ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ ਆਰੰਭ ਹੋਏ ਪਹਿਲੇ ਨਗਰ ਕੀਰਤਨ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਨਿਰਧਾਰਤ ਸਜ਼ਾਵਾਂ ਦੀ ਮਿਆਦ ਪੂਰੀ ਕਰ ਚੁੱਕੇ ਸਿੱਖ ਬੰਦੀਆਂ ਨੂੰ ਰਿਹਾਅ ਕੀਤਾ ਜਾਵੇ।

ਇਹ ਨਗਰ ਕੀਰਤਨ ਅਸਾਮ ਦੇ ਜ਼ਿਲ੍ਹਾ ਧੋਬੜੀ ਸਾਹਿਬ ਦੇ ਗੁਰਦੁਆਰਾ ਧੋਬੜੀ ਸਾਹਿਬ ਤੋਂ ਆਰੰਭ ਹੋਇਆ ਹੈ। ਨਗਰ ਕੀਰਤਨ ਦੇਸ਼ ਭਰ ਵਿੱਚ 23 ਸੂਬਿਆਂ ਤੋਂ ਹੁੰਦਾ ਹੋਇਆ ਨਵੰਬਰ ਮਹੀਨੇ ਵਿੱਚ ਗੁਰਦੁਆਰਾ ਸੀਸ ਗੰਜ ਸਾਹਿਬ ਆਨੰਦਪੁਰ ਸਾਹਿਬ ਵਿਖੇ ਪੁੱਜ ਕੇ ਸੰਪੂਰਨ ਹੋਵੇਗਾ।ਇਸ ਤੋਂ ਪਹਿਲਾਂ ਗੁਰਦੁਆਰਾ ਧੋਬੜੀ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਗੁਰਬਾਣੀ ਦਾ ਕੀਰਤਨ ਕੀਤਾ ਗਿਆ ਅਤੇ ਗੁਰਮਤਿ ਰਵਾਇਤਾਂ ਮੁਤਾਬਕ ਖ਼ਾਲਸਾਈ ਜੈਕਾਰਿਆਂ ਨਾਲ ਨਗਰ ਕੀਰਤਨ ਦੀ ਆਰੰਭਤਾ ਕੀਤੀ ਗਈ।

ਇਸ ਮੌਕੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਅਤੇ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਤੇ ਸੰਗਤ ਹਾਜ਼ਰ ਸੀ।

ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰੂ ਸਾਹਿਬ ਨੇ ਆਪਣੀ ਸ਼ਹਾਦਤ ਧਰਮ ਦੀ ਖਾਤਰ, ਤਿਲਕ ਤੇ ਜੰਞੂ ਦੀ ਰਾਖੀ ਵਾਸਤੇ ਦਿੱਤੀ ਸੀ। ਉਨ੍ਹਾਂ ਆਖਿਆ ਕਿ ਸੁਪਰੀਮ ਕੋਰਟ ਨੇ ਆਖਿਆ ਹੈ ਕਿ ਜਿਨ੍ਹਾਂ ਕੈਦੀਆਂ ਦੀਆਂ ਸਜ਼ਾਵਾਂ ਦੀ ਮਿਆਦ ਪੂਰੀ ਹੋ ਚੁੱਕੀ ਹੈ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਲਈ ਇਹ ਇੱਕ ਅਜਿਹਾ ਮੌਕਾ ਹੈ ਕਿ ਉਹ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੱਖਾਂ ਨੂੰ ਰਿਹਾਅ ਕਰਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਹ ਨਗਰ ਕੀਰਤਨ ਸਦਭਾਵਨਾ, ਸ਼ਾਂਤੀ ਅਤੇ ਭਾਈਚਾਰਕ ਸਾਂਝ ਦਾ ਸੰਦੇਸ਼ ਲੈ ਕੇ ਵੱਖ ਵੱਖ ਸੂਬਿਆਂ ਤੋਂ ਲੰਘੇਗਾ। ਉਨ੍ਹਾਂ ਸੰਗਤਾਂ ਨੂੰ ਵੱਧ ਚੜ੍ਹ ਕੇ ਸ਼ਮੂਲੀਅਤ ਦਾ ਸੱਦਾ ਦਿੱਤਾ। ਇਸ ਮੌਕੇ ਜ਼ਿਲ੍ਹਾ ਧੋਬੜੀ ਸਾਹਿਬ ਦੇ ਡਿਪਟੀ ਕਮਿਸ਼ਨਰ ਦਿਪਾਕਰਨਾਥ ਨੇ ਸੂਬਾ ਸਰਕਾਰ ਵੱਲੋਂ ਆਏ ਸਿੱਖ ਆਗੂਆਂ ਨੂੰ ਸੂਬੇ ਦੇ ਮਹਿਮਾਨ ਦਾ ਦਰਜਾ ਦਿੰਦਿਆਂ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਇਹ ਨਗਰ ਕੀਰਤਨ ਸੂਬੇ ਵਿੱਚ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਤੇ ਸ਼ਾਂਤੀ ਦਾ ਸੁਨੇਹਾ ਦੇਵੇਗਾ।

# ਨਵੇਂ ਤੇ ਪੁਰਾਣੇ ਅਕਾਲੀ ਦਲਾਂ 'ਚ ਵਧਦਾ ਜਾ ਰਿਹੈ ਵਿਵਾਦ

## ਆਪਣੀਆਂ ਨਾਕਾਮੀਆਂ ਲੁਕਾਉਣ ਦਾ ਯਤਨ ਕਰ ਰਿਹੈ ਬਾਦਲ ਧੜਾ : ਚੰਦੂਮਾਜਰਾ



ਪਟਿਆਲਾ/ਏ.ਟੀ.ਨਿਊਜ਼: ਨਵੇਂ ਤੇ ਪੁਰਾਣੇ ਅਕਾਲੀ ਦਲਾਂ 'ਚ ਵਿਵਾਦ ਵਧਦਾ ਜਾ ਰਿਹਾ ਹੈ। ਅਕਾਲੀ ਦਲ ਬਾਦਲ ਦੇ ਆਗੂਆਂ ਵੱਲੋਂ ਲਾਏ ਦੋਸ਼ਾਂ ਦਾ ਜਵਾਬ ਦਿੰਦਿਆਂ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਧੜੇ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਹੁਦੇ ਤੋਂ ਹਟਾਉਣ ਤੋਂ ਬਾਅਦ ਦੀਆਂ ਘਟਨਾਵਾਂ ਨੂੰ 2 ਦਸੰਬਰ 2024 ਤੋਂ ਪਹਿਲਾਂ ਦੀਆਂ ਘਟਨਾਵਾਂ ਦਰਸਾਉਣਾ ਇਕਜੁੱਟ ਹੋ ਰਹੀ ਪੰਥਕ ਸ਼ਕਤੀ ਨੂੰ ਤਾਰਪੀਡੋ ਕਰਨ ਦੀ ਵੱਡੀ ਸਾਜ਼ਿਸ਼ ਹੈ। ਚੰਦੂਮਾਜਰਾ ਨੇ ਕਿਹਾ ਕਿ ਸੁਖਬੀਰ, ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਸਮਾਗਮ ਵਿੱਚ ਆਪਣੇ ਧੜੇ ਵੱਲੋਂ ਕੀਤੀਆਂ ਕਥਿਤ ਗਲਤੀਆਂ 'ਤੇ ਪਰਦਾ ਪਾਉਣਾ ਚਾਹੁੰਦੇ ਹਨ। ਅਕਾਲੀ ਦਲ ਬਾਦਲ ਦੇ ਆਗੂਆਂ ਨੇ ਦੋਸ਼ ਲਾਏ ਸਨ ਕਿ ਚੰਦੂਮਾਜਰਾ ਨੇ ਲੌਂਗੋਵਾਲ ਦੀ ਰੈਲੀ 'ਚ ਢੀਂਡਸਾ ਦੇ ਘਰ ਹੋਈ ਮੀਟਿੰਗ ਬਾਰੇ ਖ਼ੁਲਾਸਾ ਕੀਤਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਰਚੀ ਗਈ ਸੀ। ਚੰਦੂਮਾਜਰਾ ਨੇ ਕਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਤੋਂ ਬਗੈਰ ਤੇ ਕੁਰਸੀਆਂ 'ਤੇ ਬੈਠ ਕੇ ਸੰਤ ਲੌਂਗੋਵਾਲ ਦੀ ਬਰਸੀ ਮਨਾਉਣਾ ਅਕਾਲੀ ਸਿਧਾਂਤਾਂ ਦੇ ਉਲਟ ਹੈ ਜਦ ਕਿ ਲੌਂਗੋਵਾਲ ਦਮਦਮਾ ਸਾਹਿਬ ਦੇ ਜਥੇਦਾਰ ਰਹੇ ਹਨ। ਉਨ੍ਹਾਂ ਕਿਹਾ, 'ਸੁਖਬੀਰ ਬਾਦਲ ਧੜੇ ਦੇ ਆਗੂਆਂ ਵੱਲੋਂ ਆਪਣੀਆਂ ਨਾਕਾਮੀਆਂ ਲੁਕਾਉਣ ਲਈ ਜਾਣ-ਬੁੱਝ ਕੇ ਉਨ੍ਹਾਂ (ਚੰਦੂਮਾਜਰਾ) ਦੇ ਭਾਸ਼ਣ ਦੇ ਗ਼ਲਤ ਮਤਲਬ ਕੱਢੇ ਜਾ ਰਹੇ ਹਨ।' ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਸੰਤ ਲੌਂਗੋਵਾਲ ਦੇ ਬਰਸੀ ਸਮਾਗਮ 'ਤੇ ਹੋਏ ਲਾਮਿਸਾਲ ਇਕੱਠ ਤੋਂ ਸੁਖਬੀਰ ਧੜਾ ਵਿੱਚ ਘਬਰਾ ਕੇ ਗਲਤ ਬਿਆਨਬਾਜ਼ੀ ਕਰ ਰਹੇ ਹਨ।

## ਗਿ. ਹਰਪ੍ਰੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਜਾਵੇ: ਬਾਦਲ ਦਲ



ਚੰਡੀਗੜ੍ਹ/ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ ਅਤੇ ਨਵੇਂ ਬਣੇ ਅਕਾਲੀ ਦਲ ਵਿੱਚ ਟਕਰਾਅ ਲਗਾਤਾਰ ਵਧਦਾ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਨਵੇਂ ਬਣੇ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਤੇ ਹੋਰਨਾਂ ਆਗੂਆਂ 'ਤੇ ਸਿਆਸੀ ਨਿਸ਼ਾਨੇ ਸੇਧੇ। ਉਨ੍ਹਾਂ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਉਹ ਅਕਾਲੀ ਦਲ ਨੂੰ ਦੋਫਾੜ ਕਰਨ ਤੇ ਵੱਖਰਾ ਧੜਾ ਬਣਾਉਣ ਦੀ ਸਾਜ਼ਿਸ਼ 2 ਦਸੰਬਰ 2024 ਦੇ ਅਕਾਲ ਤਖ਼ਤ ਦੇ ਹੁਕਮਨਾਮੇ ਤੋਂ ਪਹਿਲਾਂ ਸੁਖਦੇਵ ਸਿੰਘ ਢੀਂਡਸਾ ਦੀ ਰਿਹਾਇਸ਼ 'ਤੇ ਰਚੇ ਜਾਣ ਦੇ ਚੰਦੂਮਾਜਰਾ ਦੇ ਇਕਬਾਲੀਆ ਬਿਆਨ 'ਤੇ ਆਪਣੀ ਸਥਿਤੀ ਸਪੱਸ਼ਟ ਕਰਨ। ਇਸ ਗੱਲ ਦਾ ਪ੍ਰਗਟਾਵਾ ਅਕਾਲੀ ਦਲ ਦੇ ਸੀਨੀਅਰ ਆਗੂਆਂ ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਅਮਰਜੀਤ ਸਿੰਘ ਚਾਵਲਾ ਅਤੇ ਸਰਬਜੀਤ ਸਿੰਘ ਝਿੰਜਰ ਨੇ ਇੱਥੇ ਪਾਰਟੀ ਦਫ਼ਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਚੰਦੂਮਾਜਰਾ ਨੇ ਬੀਤੇ ਦਿਨ ਲੌਂਗੋਵਾਲ ਵਿੱਚ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ, ਅਕਾਲੀ ਦਲ ਨੂੰ ਦੋਫਾੜ ਕਰਨ ਅਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਨਵਾਂ ਚੁੱਲ੍ਹਾ ਦਲ ਦਾ ਪ੍ਰਧਾਨ ਬਣਾਉਣ ਦੀ ਸਾਜ਼ਿਸ਼ ਨੂੰ ਮਰਹੂਮ ਢੀਂਡਸਾ ਦੀ ਰਿਹਾਇਸ਼ 'ਤੇ ਅੰਤਿਮ ਛੋਹਾਂ ਦਿੱਤੀਆਂ ਗਈਆਂ। ਚੰਦੂਮਾਜਰਾ ਨੇ ਕਿਹਾ ਕਿ ਇਹ ਸਭ ਕੁਝ ਹੋਰ ਕਈ ਆਗੂਆਂ ਦੀ ਹਾਜ਼ਰੀ ਵਿੱਚ ਹੋਇਆ। ਇਸ ਲਈ ਗਿਆਨੀ ਹਰਪ੍ਰੀਤ ਸਿੰਘ ਨੂੰ ਢੀਂਡਸਾ ਨੇ ਚੰਡੀਗੜ੍ਹ ਰਿਹਾਇਸ਼ 'ਤੇ ਸੱਦਿਆ ਸੀ।ਅਕਾਲੀ ਦਲ ਦੇ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਪ੍ਰੋ. ਚੰਦੂਮਾਜਰਾ ਦੇ ਬਿਆਨ ਦਾ ਨੋਟਿਸ ਲੈਣ। (ਬਾਕੀ ਸਫ਼ਾ 31 'ਤੇ)

# ਸਾਰੇ ਅਕਾਲੀ ਧੜਿਆਂ ਨੂੰ ਇੱਕ ਝੰਡੇ ਹੇਠ ਇੱਕਜੁੱਟ ਕੀਤਾ ਜਾਵੇ: ਝੀਂਡਾ



ਅੰਮ੍ਰਿਤਸਰ/ਏ.ਟੀ.ਨਿਊਜ਼: ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਦੇ ਨਾਂ ਇੱਕ ਮੰਗ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਸਿੱਖ ਕੌਮ ਦੇ ਬਿਹਤਰ ਭਵਿੱਖ ਵਾਸਤੇ ਸਾਰੇ ਅਕਾਲੀ ਧੜਿਆਂ ਨੂੰ ਇੱਕ ਝੰਡੇ ਹੇਠ ਅਤੇ ਇੱਕ ਪਾਰਟੀ ਹੇਠ ਇੱਕਜੁੱਟ ਕਰਨ ਲਈ ਲੋੜੀਦੇ ਕਦਮ ਚੁੱਕੇ ਜਾਣ। ਇਸ ਸਬੰਧ ਵਿੱਚ ਇੱਕ ਪੱਤਰ ਉਨ੍ਹਾਂ ਇੱਥੇ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਸੌਂਪਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਵੱਖ ਵੱਖ ਧੜੇ ਹੋਣ ਕਾਰਨ ਸਿੱਖ ਕੌਮ ਦਾ ਭਾਰੀ ਨੁਕਸਾਨ ਹੋ ਰਿਹਾ ਹੈ ਅਤੇ ਸਿੱਖ ਕੌਮ ਕਮਜ਼ੋਰ ਹੋ ਰਹੀ ਹੈ। ਸਿੱਖ ਹੋਣ ਦੇ ਨਾਤੇ ਉਨ੍ਹਾ ਦੀ ਅਪੀਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾਣ। ਅਕਾਲੀ ਦਲ ਕਈ ਧੜਿਆਂ ਵਿੱਚ ਵੰਡਿਆ ਹੋਣ ਕਾਰਨ ਇਸ ਦੀ ਹਾਲਤ ਖਰਾਬ ਅਤੇ ਕਮਜ਼ੋਰ ਹੋ ਚੁੱਕੀ ਹੈ। ਛੋਟੀਆਂ ਛੋਟੀਆਂ ਧਿਰਾਂ ਵਿੱਚ ਵੰਡੇ ਹੋਣ ਕਾਰਨ ਸ਼੍ਰੋਮਣੀ ਅਕਾਲੀ ਦਲ ਰਾਜਨੀਤਕ ਪੱਧਰ ਤੇ ਸਿਰਫ ਇੱਕ ਜਾਂ ਦੋ ਸੀਟਾਂ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਇਹ ਸਥਿਤੀ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਵਾਸਤੇ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਅਪੀਲ ਕੀਤੀ ਕਿ ਪੰਜ ਤਖ਼ਤਾਂ ਦੇ ਜਥੇਦਾਰ ਅੱਗੇ ਆਉਣ ਅਤੇ ਇਸ ਸਬੰਧ ਵਿੱਚ ਦ੍ਰਿੜਤਾ ਨਾਲ ਆਦੇਸ਼ ਜਾਰੀ ਕਰਨ।

## 'ਗੁਰੂ ਸੀਸ ਮਾਰਗ ਯਾਤਰਾ' 3 ਅਕਤੂਬਰ ਨੂੰ ਹੋਵੇਗੀ ਸ਼ੁਰੂ

ਚੰਡੀਗੜ੍ਹ/ਏ.ਟੀ.ਨਿਊਜ਼: ਸਿੱਖ ਸੰਗਠਨਾਂ ਵੱਲੋਂ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਮਾਗਮ ਆਪੋ ਆਪਣੇ ਤਰੀਕੇ ਨਾਲ ਵੱਖ-ਵੱਖ ਤੌਰ 'ਤੇ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸੇ ਤਹਿਤ ਕੁਝ ਸਿੱਖ ਜਥੇਬੰਦੀਆ ਨੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇੱਕ ਇਤਿਹਾਸਕ 'ਗੁਰੂ ਸੀਸ ਮਾਰਗ ਯਾਤਰਾ' ਕੱਢਣ ਦਾ ਫੈਸਲਾ ਕੀਤਾ ਹੈ। ਸਿੱਖ ਜਥੇਬੰਦੀਆ ਵਿੱਚ ਸ਼ਾਮਲ ਅਕਾਲ ਪੁਰਖ ਕੀ ਫ਼ੌਜ ਅੰਮ੍ਰਿਤਸਰ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਅਤੇ ਗਿਆਨ ਪ੍ਰਗਾਸ ਟਰੱਸਟ ਲੁਧਿਆਣਾ ਵੱਲੋਂ ਇਹ ਇਤਿਹਾਸਕ 'ਗੁਰੂ ਸੀਸ ਮਾਰਗ ਯਾਤਰਾ' ਕੱਢਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧੀ ਪੋਸਟਰ ਵੀ ਰਿਲੀਜ਼ ਕੀਤਾ ਗਿਆ। ਇਹ ਯਾਤਰਾ ਭਾਈ ਜੈਤਾ ਜੀ ਵੱਲੋਂ ਤੈਅ ਕੀਤੇ ਉਨ੍ਹਾਂ ਮਾਰਗਾਂ ਨੂੰ ਯਾਦ ਕਰਵਾਏਗੀ, ਜਿਨ੍ਹਾਂ ਰਾਹੀਂ ਉਹ ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਦਿੱਲੀ ਦੇ ਚਾਂਦਨੀ ਚੌਕ ਤੋਂ ਆਨੰਦਪੁਰ ਸਾਹਿਬ ਤੱਕ ਬੇਮਿਸਾਲ ਬਹਾਦਰੀ ਨਾਲ ਲੈ ਕੇ ਆਏ ਸੀ। ਇਸ ਸਬੰਧ ਵਿੱਚ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ , ਜਸਵਿੰਦਰ ਸਿੰਘ ਐਡਵੋਕੇਟ, ਖੁਸ਼ਹਾਲ ਸਿੰਘ ਚੰਡੀਗੜ੍ਹ , ਸਲੋਚਨਬੀਰ ਸਿੰਘ ਲੁਧਿਆਣਾ, ਕੁਲਜੀਤ ਸਿੰਘ ਸਿੰਘ ਬ੍ਰਦਰਜ਼ ਆਦਿ ਨੇ ਦੱਸਿਆ ਕਿ ਗੁਰੂ ਸੀਸ ਮਾਰਗ ਯਾਤਰਾ 3 ਅਕਤੂਬਰ ਨੂੰ ਦਿੱਲੀ ਦੇ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਸ਼ੁਰੂ ਹੋ 5 ਅਕਤੂਬਰ ਨੂੰ (ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਪੰਜਾਬ ’ਚ ਹੜ੍ਹਾਂ ਦੀ ਤਬਾਹੀ

ਪੰਜਾਬ ਵਿੱਚ ਹੜ੍ਹਾਂ ਨੇ ਪਿੰਡਾਂ-ਸ਼ਹਿਰਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਰਾਵੀ, ਬਿਆਸ ਅਤੇ ਸਤਲੁਜ ਨੇ ਆਪਣੇ ਕੰਢੇ ਤੋੜ ਕੇ ਫਸਲਾਂ ਨੂੰ ਤਬਾਹ ਕੀਤਾ, ਘਰਾਂ ਨੂੰ ਪਾਣੀ ਨਾਲ ਭਰ ਦਿੱਤਾ ਅਤੇ ਪੰਜਾਬੀਆਂ ਨੂੰ ਆਪਣੇ ਸੁਪਨਿਆਂ ਨਾਲ ਰਲ ਕੇ ਡੁੱਬਣ ਲਈ ਮਜਬੂਰ ਕੀਤਾ ਹੈ। ਇਹ ਕੁਦਰਤੀ ਆਫਤ ਸਰਕਾਰੀ ਨਾਕਾਮੀਆਂ ਨਾਲ ਮਿਲ ਕੇ ਪੰਜਾਬ ਨੂੰ ਮੁੜ 1988 ਵਰਗੇ ਤਬਾਹਕੁੰਨ ਸਮੇਂ ਵੱਲ ਧੱਕ ਰਹੀ ਹੈ। ਲੋਕ ਸਹਿਮੇ ਹੋਏ ਹਨ।

ਪਿਛਲੇ ਕੁਝ ਦਿਨਾਂ ਵਿੱਚ ਲਗਾਤਾਰ ਪੈ ਰਹੀ ਬਾਰਿਸ਼ ਨੇ ਪੰਜਾਬ ਨੂੰ ਇੱਕ ਵੱਡੇ ਸਮੁੰਦਰ ਵਾਂਗ ਬਣਾ ਦਿੱਤਾ ਹੈ। ਰਣਜੀਤ ਸਾਗਰ ਡੈਮ, ਭਾਖੜਾ ਅਤੇ ਪੌਂਗ ਡੈਮ ਵਰਗੇ ਵੱਡੇ ਡੈਮਾਂ ਤੋਂ ਪਾਣੀ ਛੱਡੇ ਜਾਣ ਨਾਲ ਸਤਲੁਜ ਅਤੇ ਰਾਵੀ ਨੇ ਆਪਣੇ ਕੰਢੇ ਤੋੜ ਕੇ ਹਜ਼ਾਰਾਂ ਏਕੜ ਝੋਨੇ ਦੀ ਫਸਲ ਨੂੰ ਨਿਗਲ ਲਿਆ ਹੈ। ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ ਅਤੇ ਫਿਰੋਜ਼ਪੁਰ ਵਰਗੇ ਜ਼ਿਲ੍ਹੇ ਸਭ ਤੋਂ ਵੱਧ ਪ੍ਰਭਾਵਿਤ ਹਨ। ਡੇਰਾ ਬਾਬਾ ਨਾਨਕ ਵਿੱਚ ਰਾਵੀ ਨੇ ਕਰਤਾਰਪੁਰ ਕੋਰੀਡੋਰ ਦੇ ਨੇੜੇ ਧੁੱਸੀ ਬੰਨ੍ਹ ਤੋੜ ਦਿੱਤਾ ਹੈ, ਜਿਸ ਨਾਲ ਪਿੰਡ ਪੱਖੋਕੇ ਟਾਹਲੀ ਸਾਹਿਬ ਅਤੇ ਆਸਪਾਸ ਦੇ ਇਲਾਕੇ ਪਾਣੀ ਵਿੱਚ ਡੁੱਬ ਗਏ ਹਨ। ਰਸਤੇ ਬੰਦ, ਆਵਾਜਾਈ ਠੱਪ ਅਤੇ ਪਿੰਡਾਂ ਨੂੰ ਟਾਪੂ ਵਾਂਗ ਬਣਾ ਦਿੱਤਾ ਹੈ। ਭਾਰੀ ਬਾਰਿਸ਼ ਨੇ ਹਿਮਾਚਲ ਤੋਂ ਆਉਂਦੇ ਪਾਣੀ ਨੂੰ ਹੋਰ ਵਧਾ ਦਿੱਤਾ ਹੈ, ਜਿਸ ਨਾਲ ਨਦੀਆਂ ਦੇ ਪੱਧਰ ਖ਼ਤਰੇ ਦੀ ਹੱਦ ਤੋੜ ਚੁੱਕੇ ਹਨ।

ਲੋਕ ਆਪਣੇ ਘਰਾਂ ਨੂੰ ਛੱਡ ਕੇ ਉੱਚੀਆਂ ਥਾਂਵਾਂ ’ਤੇ ਭੱਜ ਰਹੇ ਹਨ। ਪਸ਼ੂਆਂ ਲਈ ਚਾਰਾ ਨਹੀਂ, ਬੱਚੇ ਸਕੂਲ ਨਹੀਂ ਜਾ ਸਕਦੇ ਅਤੇ ਕਿਸਾਨਾਂ ਦੀਆਂ ਫਸਲਾਂ ਪਾਣੀ ਵਿੱਚ ਡੁੱਬ ਕੇ ਤਬਾਹ ਹੋ ਚੁੱਕੀਆਂ ਹਨ। ਤਰਨਤਾਰਨ ਅਤੇ ਫਿਰੋਜ਼ਪੁਰ ਵਿੱਚ ਹਜ਼ਾਰਾਂ ਏਕੜ ਝੋਨੇ ਦੀ ਫਸਲ ਤਬਾਹ ਹੋ ਗਈ ਹੈ, ਜੋ ਨਾ ਸਿਰਫ਼ ਖੇਤੀ ਨੂੰ ਮਾਰ ਰਹੀ ਹੈ ਬਲਕਿ ਆਰਥਿਕਤਾ ਨੂੰ ਵੀ ਡੋਬ ਰਹੀ ਹੈ। ਲੋਕਾਂ ਅਤੇ ਪਸ਼ੂਆਂ ਨੂੰ ਬਚਾਉਣ ਲਈ ਕਿਸ਼ਤੀਆਂ ’ਤੇ ਵੈਟਰਨਰੀ ਟੀਮਾਂ ਭੇਜੀਆਂ ਜਾ ਰਹੀਆਂ ਹਨ, ਪਰ ਇਹ ਸਭ ਕਾਫ਼ੀ ਨਹੀਂ। ਬਿਮਾਰੀਆਂ ਫੈਲਣ ਦਾ ਡਰ ਹੈ, ਕਿਉਂਕਿ ਪਾਣੀ ਵਿੱਚ ਡੁੱਬੇ ਘਰਾਂ ਵਿੱਚ ਮੱਛਰ ਅਤੇ ਬਿਮਾਰੀਆਂ ਦੇ ਜੀਵਾਣੂ ਆਪਣਾ ਘਰ ਬਣਾ ਰਹੇ ਹਨ। ਸਕੂਲਾਂ ਵਿੱਚ ਛੁੱਟੀਆਂ ਦਾ ਐਲਾਨ ਹੋ ਗਿਆ ਹੈ, ਪਰ ਬੱਚਿਆਂ ਦੀ ਪੜ੍ਹਾਈ ਵਾਂਗ ਹੀ ਉਨ੍ਹਾਂ ਦੇ ਭਵਿੱਖ ਨੂੰ ਵੀ ਇਹ ਪਾਣੀ ਨਿਗਲ ਰਿਹਾ ਹੈ।

ਇਥੇ ਜ਼ਿਕਰਯੋਗ ਹੈ ਕਿ 1988 ਦੌਰਾਨ ਚਾਰ ਦਿਨਾਂ ਵਿੱਚ ਭਾਰੀ ਬਾਰਿਸ਼ ਨੇ ਪੰਜਾਬ ਨੂੰ ਤਬਾਹ ਕਰ ਦਿੱਤਾ ਸੀ। ਭਾਖੜਾ ਖੇਤਰ ਵਿੱਚ 634 ਮਿਲੀਮੀਟਰ ਬਾਰਿਸ਼ ਹੋਈ, ਜਿਸ ਨਾਲ 12 ਹਜ਼ਾਰ ਵਿੱਚੋਂ 9 ਹਜ਼ਾਰ ਪਿੰਡ ਪਾਣੀ ਵਿੱਚ ਡੁੱਬ ਗਏ ਸਨ। 2500 ਪਿੰਡ ਤਾਂ ਪੂਰੀ ਤਰ੍ਹਾਂ ਤਬਾਹ ਹੋਏ। ਲੋਕਾਂ ਦੀਆਂ ਮੌਤਾਂ ਹੋਈਆਂ, ਫਸਲਾਂ ਅਤੇ ਪਸ਼ੂ ਤਬਾਹ ਹੋਏ। ਇਹ ਪੰਜਾਬ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਹੜ੍ਹ ਮੰਨਿਆ ਜਾਂਦਾ ਹੈ, ਜਿਸ ਨੇ 34 ਲੱਖ ਲੋਕਾਂ ਨੂੰ ਬੇਘਰ ਕਰ ਦਿੱਤਾ। ਅੱਜ ਦੇ ਹਾਲਾਤ ਵੀ ਉਸ ਵੱਲ ਇਸ਼ਾਰਾ ਕਰ ਰਹੇ ਹਨ। 2023 ਵਿੱਚ ਵੀ ਜੁਲਾਈ-ਅਗਸਤ ਵਿੱਚ ਹੜ੍ਹਾਂ ਨੇ 14 ਜ਼ਿਲ੍ਹੇ ਅਤੇ 1 ਹਜ਼ਾਰ ਪਿੰਡ ਪ੍ਰਭਾਵਿਤ ਕੀਤੇ, 65 ਮੌਤਾਂ ਹੋਈਆਂ ਅਤੇ 3059 ਘਰ ਤਬਾਹ ਹੋਏ। ਹੁਣ 2025 ਵਿੱਚ ਵੀ ਡੈਮਾਂ ਤੋਂ ਪਾਣੀ ਛੱਡਣ ਅਤੇ ਬਾਰਿਸ਼ ਨੇ ਸਥਿਤੀ ਨੂੰ ਗੰਭੀਰ ਬਣਾ ਦਿੱਤੀ ਹੈ। ਜੇ ਹਾਲਾਤ ਇਸੇ ਤਰ੍ਹਾਂ ਰਹੇ ਤਾਂ 1988 ਵਰਗੀ ਤਬਾਹੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮੌਸਮ ਵਿਭਾਗ ਨੇ ਅਜੇ ਵੀ ਹੋਰ ਬਾਰਿਸ਼ ਦੀ ਚਿਤਾਵਨੀ ਦਿੱਤੀ ਹੈ, ਜੋ ਇਸ ਤਬਾਹੀ ਨੂੰ ਹੋਰ ਗੰਭੀਰ ਬਣਾ ਸਕਦੀ ਹੈ।

ਪੰਜਾਬੀ ਪੁੱਛਦੇ ਹਨ ਕਿ ਭਗਵੰਤ ਮਾਨ, ਪੰਜਾਬ ਦੇ ਮੁੱਖ ਮੰਤਰੀ, ਕਿੱਥੇ ਗਾਇਬ ਹਨ ? ਮੀਡੀਆ ਖ਼ਬਰਾਂ ਅਨੁਸਾਰ ਅਜਿਹੇ ਸੰਕਟ ਵਿੱਚ ਜਦੋਂ ਲੋਕ ਪਾਣੀ ਵਿੱਚ ਡੁੱਬ ਰਹੇ ਹਨ, ਉਹ ਤਾਮਿਲਨਾਡੂ ਦੇ ਦੌਰੇ ’ਤੇ ਹਨ। ਵਿਰੋਧੀ ਧਿਰ ਕਾਂਗਰਸ ਨੇ ਉਨ੍ਹਾਂ ਨੂੰ ਘੇਰਿਆ ਹੈ, ਕਹਿੰਦੇ ਹਨ ਕਿ ਲੋਕਾਂ ਨੂੰ ਰੱਬ ਭਰੋਸੇ ਛੱਡ ਕੇ ਬਾਹਰ ਜਾਣਾ ਅਪਰਾਧਿਕ ਗੈਰ-ਜ਼ਿੰਮੇਵਾਰੀ ਹੈ। ਪ੍ਰਤਾਪ ਸਿੰਘ ਬਾਜਵਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਅਜਿਹੇ ਨੇਤਾ ਕਿਵੇਂ ਹੋ ਸਕਦੇ ਹਨ ਜੋ ਸੰਕਟ ਵਿੱਚ ਲੋਕਾਂ ਨੂੰ ਬੇਸਹਾਰਾ ਛੱਡ ਦਿੰਦੇ ਹਨ। ਮਾਨ ਨੇ ਆਪਣੇ ਐਕਸ ਹੈਂਡਲ ’ਤੇ ਸਕੂਲਾਂ ਦੀਆਂ ਛੁੱਟੀਆਂ ਦਾ ਐਲਾਨ ਕੀਤਾ ਹੈ, ਪਰ ਖੁਦ ਮੌਕੇ ’ਤੇ ਨਹੀਂ ਹਨ। ਇਹ ਇੱਕ ਕਪਤਾਨ ਵਾਂਗ ਹੈ ਜੋ ਡੁੱਬਦੇ ਜਹਾਜ਼ ਨੂੰ ਛੱਡ ਕੇ ਭੱਜ ਜਾਵੇ, ਅਤੇ ਯਾਤਰੀਆਂ ਨੂੰ ਤੈਰਨ ਲਈ ਕਹਿ ਦੇਵੇ। ਲੋਕਾਂ ਨੂੰ ਇਹ ਗੈਰਹਾਜ਼ਰੀ ਰੜਕ ਰਹੀ ਹੈ, ਕਿਉਂਕਿ ਅਜਿਹੇ ਵਿੱਚ ਨੇਤਾ ਦੀ ਜ਼ਿੰਮੇਵਾਰੀ ਹੈ ਕਿ ਉਹ ਲੋਕਾਂ ਵਿੱਚ ਹੋਵੇ, ਨਾ ਕਿ ਦੂਰ ਕਿਤੇ ਬੈਠ ਕੇ ਟਵੀਟ ਕਰੇ।

ਦੂਜੇ ਪਾਸੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਫਿਰ ਤੋਂ ਅੱਗੇ ਆਈ ਹੈ। ਉਨ੍ਹਾਂ ਨੇ ਪ੍ਰਭਾਵਿਤ ਲੋਕਾਂ ਲਈ ਲੰਗਰ, ਰਾਸ਼ਨ, ਡੀਜ਼ਲ ਅਤੇ ਦਵਾਈਆਂ ਦਾ ਪ੍ਰਬੰਧ ਕੀਤਾ ਹੈ। ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਦੁਆਰਿਆਂ ਵਿੱਚ ਰਹਿਣ ਦਾ ਪੂਰਾ ਬੰਦੋਬਸਤ ਹੈ ਅਤੇ ਮੈਡੀਕਲ ਕੈਂਪ ਲਗਾ ਕੇ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਰਿਹਾ ਹੈ। ਇਹ ਇੱਕ ਰੱਖਿਆ ਕੰਧ ਵਾਂਗ ਹੈ ਜੋ ਸਰਕਾਰਾਂ ਦੀ ਨਾਕਾਮੀ ਵਿੱਚ ਵੀ ਲੋਕਾਂ ਨੂੰ ਸਹਾਰਾ ਦਿੰਦੀ ਹੈ। ਸ਼੍ਰੋਮਣੀ ਕਮੇਟੀ ਨੇ ਹਮੇਸ਼ਾ ਮਨੁੱਖਤਾ ਦਾ ਫ਼ਰਜ਼ ਨਿਭਾਇਆ ਹੈ। ਉਨ੍ਹਾਂ ਨੇ ਲੋਕਾਂ ਨੂੰ ਗੁਰਦੁਆਰਿਆਂ ਵਿੱਚ ਮਦਦ ਲਈ ਪਨਾਹ ਦਿੱਤੀ ਹੈ, ਜੋ ਸਰਕਾਰਾਂ ਨੂੰ ਵੀ ਸ਼ੀਸ਼ਾ ਵਿਖਾ ਰਹੀ ਹੈ। ਭਾਵੇਂ ਪੰਜਾਬ ਸਰਕਾਰ ਨੇ ਰਾਹਤ ਕਾਰਜ ਜੰਗੀ ਪੱਧਰ ’ਤੇ ਜਾਰੀ ਰੱਖਣ ਲਈ ਆਦੇਸ਼ ਦਿੱਤੇ ਹਨ, ਅਫ਼ਸਰਾਂ ਦੀਆਂ ਛੁੱਟੀਆਂ ਰੱਦ ਕੀਤੀਆਂ ਹਨ , ਪਰ ਵਿਰੋਧੀ ਕਹਿ ਰਹੇ ਹਨ ਕਿ ਇਹ ਪੁਖਤਾ ਯਤਨ ਨਹੀਂ ਹਨ। ਇੰਤਜ਼ਾਮ ਘੱਟ ਹਨ ਕਿਉਂਕਿ ਪਹਿਲਾਂ ਹੀ ਆਰਥਿਕਤਾ ਡਾਵਾਂਡੋਲ ਹੈ ਅਤੇ ਹੜ੍ਹ ਪ੍ਰਬੰਧਨ ਲਈ ਨਿਰਮਾਣ ਕੰਮ ਨਹੀਂ ਹੋਏ। ਬੰਨ੍ਹਾਂ ਨੂੰ ਮਜ਼ਬੂਤ ਨਹੀਂ ਕੀਤਾ ਗਿਆ, ਜਿਸ ਨਾਲ ਆਰਜ਼ੀ ਬੰਨ੍ਹ ਢਹਿ ਰਹੇ ਹਨ ਅਤੇ ਲੋਕ ਬੇਸਹਾਰਾ ਹਨ। ਸਰਕਾਰ ਨੂੰ ਹੋਰ ਸਾਧਨ ਵਰਤ ਕੇ ਮਦਦ ਕਰਨੀ ਚਾਹੀਦੀ ਹੈ, ਨਾ ਕਿ ਸਿਰਫ਼ ਐਲਾਨਾਂ ਤੱਕ ਸੀਮਤ ਰਹਿਣਾ ਚਾਹੀਦਾ ਸੀ।

ਕੇਂਦਰ ਸਰਕਾਰ ਵੱਲੋਂ ਅਜੇ ਤੱਕ ਕੋਈ ਰਾਹਤ ਪੈਕੇਜ ਦਾ ਐਲਾਨ ਨਹੀਂ ਹੋਇਆ। ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਮੰਗ ਕੀਤੀ ਹੈ ਕਿ ਕੇਂਦਰ ਅਤੇ ਸੂਬਾ ਸਾਂਝੇ ਉਪਰਾਲੇ ਕਰਨ। ਪੰਜਾਬ ਨਾਲ ਵਿਤਕਰਾ ਕਿਉਂ ? ਰਿਪੇਰੀਅਨ ਪ੍ਰਿੰਸੀਪਲ ਮੁਤਾਬਕ ਪੰਜਾਬ ਨੂੰ ਪਾਣੀ ਦਾ ਅਧਿਕਾਰ ਹੈ, ਪਰ ਨਾਨ-ਰਿਪੇਰੀਅਨ ਰਾਜ ਜਿਵੇਂ ਰਾਜਸਥਾਨ ਅਤੇ ਹਰਿਆਣਾ ਮੁਫ਼ਤ ਪਾਣੀ ਲੈ ਰਹੇ ਹਨ। ਉਹਨਾਂ ਨੂੰ ਹੜ੍ਹਾਂ ਕਾਰਨ ਹੋਈ ਪੰਜਾਬ ਦੀ ਤਬਾਹੀ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ। ਨਹੀਂ ਤਾਂ ਪਾਣੀ ਦੀ ਰਿਆਲਟੀ ਅਦਾ ਕਰਨੀ ਚਾਹੀਦੀ ਹੈ। ਡੈਮਾਂ ਦਾ ਕੰਟਰੋਲ ਕੇਂਦਰ ਕੋਲ ਹੈ ਅਤੇ ਪੰਜਾਬ ਨੂੰ ਨੁਕਸਾਨ ਹੋ ਰਿਹਾ ਹੈ। ਲੋਕ ਕੇਂਦਰ ਸਰਕਾਰ ਨੂੰ ਦੋਸ਼ੀ ਠਹਿਰਾ ਰਹੇ ਹਨ। ਇਹ ਇੱਕ ਚੋਰ ਵਾਂਗ ਹੈ ਜੋ ਪੰਜਾਬ ਦੇ ਪਾਣੀ ਨੂੰ ਚੋਰੀ ਕਰ ਰਿਹਾ ਹੈ ਅਤੇ ਨੁਕਸਾਨ ਵੀ ਨਹੀਂ ਭਰਦਾ। ਕੇਂਦਰ ਨੂੰ ਤੁਰੰਤ ਸਹਾਇਤਾ ਦੇਣੀ ਚਾਹੀਦੀ ਹੈ ਅਤੇ ਪੰਜਾਬ ਨਾਲ ਵਿਤਕਰਾ ਬੰਦ ਹੋਣਾ ਚਾਹੀਦਾ ਹੈ।

ਅੰਤ ਵਿੱਚ, ਪੰਜਾਬ ਨੂੰ ਇਸ ਆਫ਼ਤ ਤੋਂ ਕੱਢਣ ਲਈ ਸਭ ਨੂੰ ਯਤਨ ਕਰਨੇ ਚਾਹੀਦੇ ਹਨ। ਸਰਕਾਰਾਂ, ਸਮਾਜ ਅਤੇ ਧਿਰਾਂ ਮਿਲ ਕੇ ਕੰਮ ਕਰਨ, ਤਾਂ ਜੋ ਹੜ੍ਹਾਂ ਨਾਲ ਤਬਾਹੀ ਘੱਟ ਹੋਵੇ । ਪੰਜਾਬ ਦੇ ਲੋਕਾਂ ਨੂੰ ਮਦਦ ਦੀ ਲੋੜ ਹੈ, ਨਾ ਕਿ ਸਰਕਾਰੀ ਵਾਅਦਿਆਂ ਦੀ।

# ਕੀ ਸੰਭਾਵਨਾਵਾਂ ਤੇ ਚੁਣੌਤੀਆਂ ਹਨ ਨਵੇਂ ਅਕਾਲੀ ਦਲ ਲਈ?

ਪ੍ਰੋ. ਰਣਜੀਤ ਸਿੰਘ ਧਨੋਆ



ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਏ ਬਾਗੀ ਗੁੱਟ ਨੇ ਆਪਣੇ ਧੜੇ ਦਾ ਪ੍ਰਧਾਨ ਥਾਪ ਕੇ ਇੱਕ ਵਾਰ ਤਾਂ ਉਨ੍ਹਾਂ ਸਭ ਸ਼ੰਕਿਆਂ ’ਤੇ ਵਿਸ਼ਰਾਮ ਚਿੰਨ ਲਗਾ ਦਿੱਤਾ ਹੈ, ਜਿਨ੍ਹਾਂ ਅਨੁਸਾਰ ਕਿਹਾ ਜਾਂਦਾ ਸੀ ਕਿ ਪ੍ਰਧਾਨ ਦੀ ਚੋਣ ਵਕਤ ਇਸ ਧੜੇ ਦੇ ਖਿਲਾਰੇ ਪੈ ਜਾਣਗੇ। ਸੁਣਨ ਵਿੱਚ ਇਹ ਤਰਕਪੂਰਨ ਵੀ ਜਾਪਦਾ ਸੀ, ਕਿਉਂਕਿ ਸਭ ਆਗੂ ਇਕੋ ਸਮੇਂ ਮੂਲ ਪਾਰਟੀ ’ਚੋਂ ਬਾਹਰ ਆਏ ਸਨ, ਲਿਹਾਜ਼ਾ ਸਿਆਸੀ ਮਾਮਲਿਆਂ ਦੇ ਜਾਣਕਾਰ ਸੋਚਦੇ ਸਨ ਕਿ ਪ੍ਰਧਾਨ ਚੁਣਨ ਲਈ ਲੋੜੀਂਦੀ ਸੀਨੀਆਰਤਾ ਨੂੰ ਕਿਵੇਂ ਮਾਪਦੰਡ ਵਜੋਂ ਦੇਖਿਆ ਜਾਵੇਗਾ ? ਫਿਰ ਕਿਸੇ ਪ੍ਰੌੜ੍ਹ ਸਿਆਸੀ ਭੱਥੇ ’ਚੋਂ ਇੱਕ ਤੀਰ ਅਜਿਹਾ ਚੱਲਿਆ ਜੋ ਟਿਕਾਣੇ ਵੀ ਜਾ ਲੱਗਾ ਤੇ ਪ੍ਰਧਾਨ ਚੁਣਨ ਦੀ ਕਵਾਇਦ ਨੂੰ ਵੀ ਕਾਫੀ ਸਰਲ ਕਰ ਗਿਆ।

ਹੋਇਆ ਇਹ ਕਿ ਨਵੇਂ ਬਣੇ ਅਕਾਲੀ ਧੜੇ ਨੇ (ਭਾਵੇਂ ਉਨ੍ਹਾਂ ਨੇ ਪਾਰਟੀ ਦਾ ਅਜੇ ਕੋਈ ਪੱਕਾ ਨਾਮ ਨਹੀਂ ਰੱਖਿਆ ਬਲਕਿ ਭਰਤੀ ਕਮੇਟੀ ਹੀ ਆਖ ਰਹੇ ਹਨ) ਇਹ ਮਤਾ ਪਾ ਦਿੱਤਾ ਕਿ ਬਣਨ ਵਾਲਾ ਪ੍ਰਧਾਨ ਕਿਸੇ ਵੀ ਸੰਵਿਧਾਨਕ ਅਹੁਦੇ ਜਾਂ ਚੋਣ ਪ੍ਰਕਿਰਿਆ ਤੋਂ ਦੂਰ ਰਹੇਗਾ। ਪ੍ਰਧਾਨਗੀਆਂ ਦਾ ਅੰਤਿਮ ਉਦੇਸ਼ ਕੋਈ ਨਾ ਕੋਈ ਅਹੁਦਾ ਹੀ ਤਾਂ ਹੁੰਦਾ ਹੈ। ਬੱਸ ਫਿਰ ਕੀ ਸੀ, ਪ੍ਰਧਾਨਗੀ ਵਾਲੀ ਕਵਾਇਦ ਸੌਖੀ ਹੋ ਗਈ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਨਵੇਂ ਦਲ ਦਾ ਪ੍ਰਧਾਨ ਚੁਣ ਲਿਆ ਗਿਆ ਅਤੇ ਸਿੱਖ ਕੌਮ ਦੀ ਸਤਿਕਾਰਤ ਸ਼ਖਸੀਅਤ, ਬੀਬੀ ਸਤਵੰਤ ਕੌਰ ਜੋ ਭਾਈ ਅਮਰੀਕ ਸਿੰਘ ਜੀ ਦੀ ਸਪੁੱਤਰੀ ਹੈ, ਨੂੰ ਧਾਰਮਿਕ ਮਸਲਿਆਂ ਦੇ ਹੱਲ ਲਈ ਬਣੀ ਪੰਥਕ ਕੌਂਸਲ ਦਾ ਚੇਅਰਪਰਸਨ ਥਾਪ ਦਿੱਤਾ ਗਿਆ। ਇਨ੍ਹਾਂ ਦੋ ਨਿਯੁਕਤੀਆਂ ਨਾਲ ਸੰਗਠਨ ਦੀ ਬਣਤਰ ਦੇ ਮੁਢਲੇ ਤੇ ਅਹਿਮ ਕਾਰਜ ਨੂੰ ਸੰਪੂਰਨ ਕਰਨ ਤੋਂ ਬਾਅਦ ਅਗਲੀ ਵਿਉਂਤਬੰਦੀ ਲਈ ਰਾਹ ਪੱਧਰਾ ਕਰ ਲਿਆ ਗਿਆ। ਹਥਲੇ ਲੇਖ ਵਿੱਚ ਇਸ ਨਵੇਂ ਬਣੇ ਸੰਗਠਨ ਦੀਆਂ ਸੰਭਾਵਨਾਵਾਂ ਤੇ ਦਰਪੇਸ਼ ਚੁਣੌਤੀਆਂ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕਰਾਂਗੇ।

ਸੰਭਾਵਨਾਵਾਂ ਦੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਸੰਖੇਪ ਵਿੱਚ ਸਮੇਂ ਦੇ ਥੋੜ੍ਹੇ ਜਿਹੇ ਵਰਕੇ ਪਿਛਾਂਹ ਨੂੰ ਪਲਟਣੇ ਪੈਣਗੇ। 2015 ਤੋਂ ਸ਼ੁਰੂ ਹੋਈਆਂ ਬੇਅਦਬੀਆਂ ’ਤੇ ਡੇਰਾ ਮੁਖੀ ਦੀ ਮੁਆਫੀ ਦੇ ਪ੍ਰਸੰਗ ਵਿੱਚ ਉਪਜੀਆਂ ਇੱਕ ਤੋਂ ਬਾਅਦ ਇੱਕ ਘਟਨਾਵਾਂ ਨੇ ਜਿੱਥੇ ਲੋਕਾਂ ਦੀ ਧਾਰਮਿਕ ਆਸਥਾ ਨੂੰ ਚੋਟ ਪਹੁੰਚਾਈ, ਉਥੇ ਉਹ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਵਿੱਚ ਰੋਸ ਦੀ ਭਾਵਨਾ ਨੂੰ ਪ੍ਰਚੰਡ ਕਰ ਗਈਆਂ। ਲਗਾਤਾਰ ਦਸ ਸਾਲ ਸੂਬੇ ਦੀ ਸਿਆਸੀ ਫਿਜ਼ਾ ’ਚ ਮਾਲਕ ਬਣ ਕੇ ਵਿਚਰਿਆ ਅਕਾਲੀ ਦਲ ਲੋਕ ਮਨਾਂ ਤੋਂ ਹੀ ਨਹੀਂ, ਪੰਜਾਬ ਦੇ ਸਿਆਸੀ ਨਕਸ਼ੇ ਤੋਂ ਵੀ ਹਾਸ਼ੀਏ ’ਤੇ ਚਲਾ ਗਿਆ। ਦਲ ਦੇ ਜ਼ਿੰਮੇਵਾਰ ਅਹੁਦਿਆਂ ’ਤੇ ਬਿਰਾਜਮਾਨ ਆਗੂਆਂ ਨੇ ਪਹਿਲਾਂ ਤਾਂ ਸੋਚਿਆ ਕਿ ਸਮਾਂ ਵੱਡੇ ਤੋਂ ਵੱਡਾ ਜ਼ਖ਼ਮ ਭਰ ਦਿੰਦਾ ਹੈ, ਲਿਹਾਜ਼ਾ ਸਿੱਖ ਸੰਗਤ ਵੀ ਉਨ੍ਹਾਂ ਤੋਂ ਹੋਈਆਂ ਭੁੱਲਾਂ ਵਧੀਕੀਆਂ ਨੂੰ ਭੁੱਲ-ਭੁਲਾ ਜਾਵੇਗੀ, ਪ੍ਰੰਤੂ ਉਪਰੋਥਲੀ ਹੋਈਆਂ ਵਿਧਾਨ ਸਭਾ, ਲੋਕ ਸਭਾ ਤੇ ਜ਼ਿਮਨੀ ਚੋਣਾਂ ਵਿੱਚ ਜਿਵੇਂ ਕਹਿੰਦੇ ਕਹਾਉਂਦੇ ਆਗੂਆਂ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ, ਉਸ ਨਾਲ ਇਨ੍ਹਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਤੇ ਕੁਝ ਆਗੂ ਬਗਾਵਤ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਜਾ ਪੇਸ਼ ਹੋਏ।

ਫਿਰ ਦੋ ਦਸੰਬਰ ਦਾ ਹੁਕਮਨਾਮਾ ਤੇ ਬਾਅਦ ਵਿੱਚ ਪੜਾਅ-ਦਰ-ਪੜਾਅ ਵਾਪਰੀਆਂ ਸਿਆਸੀ ਤੇ ਧਾਰਮਿਕ ਘਟਨਾਵਾਂ ਤੋਂ ਬਾਅਦ ਨਵੇਂ ਦਲ ਦਾ ਪ੍ਰਧਾਨ ਬਣਨ ਤੱਕ ਗੱਲ ਜਾ ਪਹੁੰਚੀ, ਜਿਸ ਤੋਂ ਸਭ ਵਾਕਿਫ ਹਨ, ਲਿਹਾਜ਼ਾ ਤਫ਼ਸੀਲ ਵਿੱਚ ਜਾਣ ਦੀ ਲੋੜ ਨਹੀਂ। ਸੁਖਬੀਰ ਸਿੰਘ ਬਾਦਲ ਦਾ ਅਕਾਲ ਤਖ਼ਤ ਸਾਹਿਬ ਤੋਂ ਮੁਆਫੀ ਮੰਗ ਕੇ ਤੇ ਸੇਵਾ ਪੂਰੀ ਕਰਨ ਤੋਂ ਬਾਅਦ ਇਹ ਕਹਿਣਾ ਕਿ ‘ਅਸੀਂ ਸਜ਼ਾ ਆਪਣੀ ਝੋਲੀ ਪਵਾ ਲਈ ਭਾਵੇਂ ਅਸੀਂ ਕੀਤਾ ਕੁਝ ਨਹੀਂ’ ਬਣੀ ਬਣਾਈ ਖੇਡ ਵਿਗਾੜ ਗਿਆ, ਕਿਉਂਕਿ ਸੱਤਾ ਸੁਖ ਭੋਗਦਿਆਂ ਖਾਸ ਕਰਕੇ 2012 ਤੋਂ 2017 ਤੱਕ ਜਿਹੋ ਜਿਹੇ ਫੈਸਲੇ ਅਕਾਲੀ ਸਰਕਾਰ (ਜਿਸ ਵਿੱਚ ਸੁਖਬੀਰ ਸਿੰਘ ਬਾਦਲ ਦਾ ਵਿਸ਼ੇਸ਼ ਪ੍ਰਭਾਵ ਸੀ) ਨੇ ਲਏ ਉਹ ਸਭ ਦੇ ਸਾਹਮਣੇ ਹਨ, ਕਿਸੇ ਤੋਂ ਲੁਕੇ ਛਿਪੇ ਨਹੀਂ। ਇਹ ਜਨਤਾ ਨਾਲ ਕੀਤੇ ਉਸ ਵਾਅਦੇ ਨਾਲ ਸੱਤਾ ਵਿੱਚ ਆਏ ਸਨ, ਕਿ ਇੱਕ ਕਮਿਸ਼ਨ ਬਣਾਵਾਂਗੇ, ਜੋ ਜਾਂਚ ਕਰੇਗਾ ਤੇ ਜਿਨੇ ਵੀ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀ ਜਨਤਾ ’ਤੇ ਜਬਰ-ਜ਼ੁਲਮ ਕਰਨ ਦੇ ਦੋਸ਼ੀ ਪਾਏ ਗਏ ਸਭ ਨੂੰ ਕਟਹਿਰੇ ’ਚ ਖੜ੍ਹਾ ਕੀਤਾ ਜਾਵੇਗਾ। ਜਨਤਾ ਨੂੰ ਆਸ ਬੱਝੀ ਤੇ ਭਾਰਤੀ ਜਨਤਾ ਪਾਰਟੀ ਦੇ ਸਾਥ ਨਾਲ ਅਕਾਲੀ ਦਲ ਪੰਜਾਬ ਵਿਚ ਸਰਕਾਰ ਬਣਾਉਣ ’ਚ ਕਾਮਯਾਬ ਹੋ ਗਿਆ। ਅਫਸੋਸ ਨਾਲ ਲਿਖਣਾ ਪੈ ਰਿਹਾ ਹੈ, ਕਿ ਜਿਹੜੇ ਕਮਿਸ਼ਨ ਦੀ ਗੱਲ ਕਰ ਕੇ ਆਮ ਲੋਕਾਂ ਦੀ ਭਾਵਨਾਤਮਿਕ ਹਮਾਇਤ ਹਾਸਿਲ ਕੀਤੀ ਗਈ ਸੀ, ਸੱਤਾ ’ਚ ਆਉਣ ਸਾਰ ਪਾਰਟੀ ਉਹ ਵਾਅਦੇ ਭੁੱਲ-ਭੁਲਾ ਗਈ। ਉਲਟਾ 2012 ਵਿੱਚ ਉਨ੍ਹਾਂ ਹੀ ਪੁਲਿਸ ਅਧਿਕਾਰੀਆਂ ਨੂੰ ਤਰੱਕੀਆਂ ਤੇ ਟਿਕਟਾਂ ਨਾਲ ਨਿਵਾਜਿਆ ਗਿਆ, ਜਿਨ੍ਹਾਂ ’ਤੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡਣ ਦੇ ਦੋਸ਼ ਲਗਦੇ ਰਹੇ। ਸੁਮੇਧ ਸਿੰਘ ਸੈਣੀ ਨੂੰ ਪੁਲਿਸ ਮੁਖੀ ਲਾਉਣਾ, ਇਜ਼ਹਾਰ ਆਲਮ ਪਰਿਵਾਰ ਨੂੰ ਮਾਲੇਰਕੋਟਲਾ ਵਿਧਾਨ ਸਭਾ ਹਲਕੇ ਤੋਂ ਟਿਕਟ ਦੇਣਾ, ਡੇਰਾ ਮੁਖੀ ਨੂੰ ਬਿਨ ਮੰਗੇ ਮੁਆਫੀ ਤੇ ਬਰਗਾੜੀ ਗੋਲੀ ਕਾਂਡ ਸੱਚਮੁੱਚ ਇਨ੍ਹਾਂ ਘਟਨਾਵਾਂ ਨੇ ਸੁਖਬੀਰ ਸਿੰਘ ਬਾਦਲ ਨੂੰ ਸਿੱਖ ਹਿਰਦਿਆਂ ਤੋਂ ਲਾਂਭੇ ਕਰ ਦਿੱਤਾ। ਇਨ੍ਹਾਂ ਫੈਸਲਿਆਂ ਪਿੱਛੇ ਪਾਰਟੀ ਦੀ ਕੋਈ ਮਜਬੂਰੀ ਸੀ ਜਾਂ ਮਨੋਦਸ਼ਾ ’ਚ ਆਇਆ ਕੋਈ ਖਲਾਅ ਲੋਕਾਂ ਨੂੰ ਅੱਜ ਤੱਕ ਸਮਝ ਨਹੀਂ ਆਇਆ। ਉਕਤ ਕਾਰਨਾਂ ਦੇ ਪ੍ਰਤੀਕਰਮ ਵਜੋਂ ਹੀ ਉਹ ਸਾਰੀਆਂ ਸੰਭਾਵਨਾਵਾਂ ਬਣੀਆਂ ਜਿਨ੍ਹਾਂ ਕਾਰਨ ਪੰਜਾਬ ਦੇ ਲੋਕ ਸੂਬੇ ਵਿੱਚ ਨਵੇਂ ਬਣ ਰਹੇ ਦਲਾਂ ਜਾਂ ਪਾਰਟੀਆਂ ਤੋਂ ਆਸਾਂ ਰੱਖਦੇ ਪ੍ਰਤੀਤ ਹੁੰਦੇ ਰਹੇ ਹਨ। ਹਾਲ ਹੀ ਵਿੱਚ ਬਾਬਾ ਬਕਾਲਾ ਸਾਹਿਬ ਵਿਖੇ ਹੋਈਆਂ ਵੱਖ-ਵੱਖ ਪਾਰਟੀਆਂ ਦੀਆਂ ਰੈਲੀਆਂ ਵਿਚ ਹੋਏ ਇਕੱਠਾਂ ਨੇ ਵੀ ਇਸ ਗੱਲ ’ਤੇ ਮੋਹਰ ਲਾਈ ਹੈ।

ਇਸੇ ਤਰ੍ਹਾਂ ਗੁਰਦੁਆਰਾ ਪ੍ਰਬੰਧਾਂ ਦੀ ਦੇਖਭਾਲ ਲਈ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰਾਂ ਦੇ ਪ੍ਰਬੰਧ ਬਾਰੇ ਅਵੇਸਲੇ ਹੋ ਜਾਣਾ ਵੀ ਨਵੇਂ ਦਲ ਲਈ ਸੰਭਾਵਨਾ ਲੈ ਕੇ ਆਇਆ ਹੈ। ਕਦੇ ਨਹੀਂ ਸੀ ਸੁਣਿਆ ਸ਼੍ਰੋਮਣੀ ਕਮੇਟੀ ਦਾ ਕੋਈ ਵਫ਼ਦ ਕਿਸੇ ਪਿੰਡ ਜਾਂ ਸ਼ਹਿਰ ਕਿਸੇ ਗੁਰੂ ਘਰ ਦੇ ਪ੍ਰਬੰਧਾਂ ਦੀ ਪੜਚੋਲ ਲਈ ਪਹੁੰਚਿਆ ਹੋਵੇ। ਅੰਤ ਨਿਰਾਸ਼ ਹੋਏ ਲੋਕਾਂ ਨੇ ਆਪੋ ਆਪਣੀ ਸਮੱਰਥਾ ਮੁਤਾਬਿਕ ‘ਸਤਿਕਾਰ ਕਮੇਟੀਆਂ’ ਬਣਾਉਣ ਦੀ ਸੋਚੀ ਜੋ ਗੁਰਮਤਿ ਅਤੇ ਗੁਰੂ ਆਸੇ ਤੋਂ ਉਲਟ ਹੋ ਰਹੇ ਮਨਮਤਿ ਦੇ ਖਿਲਾਫ ਮਿਲਦੀਆਂ ਸ਼ਿਕਾਇਤਾਂ ਦੀ ਪੜਚੋਲ ਲਈ ਪਹੁੰਚਦੀਆਂ ਰਹੀਆਂ ਹਨ, ਭਾਵੇਂ ਕਿ ਕਈ ਥਾਵਾਂ ’ਤੇ ਉਨ੍ਹਾਂ ਦੀਆਂ ਸਰਗਰਮੀਆਂ ਨਾਲ ਵੀ ਵਿਵਾਦ ਪੈਦਾ ਹੋਏ ਹਨ। ਨਵੇਂ ਬਣੇ ਦਲ ਤੋਂ ਇਹ ਸੰਭਾਵਨਾ ਬਣਦੀ ਨਜ਼ਰ ਆਉਂਦੀ ਹੈ, ਕਿ ਗੁਰਦੁਆਰਾ ਪ੍ਰਬੰਧਾਂ ਵਿੱਚ ਸੁਧਾਰ ਲਈ ਨਵੇਂ ਸਿਰਿਓਂ ਯਤਨ ਕੀਤੇ ਜਾਣਗੇ। ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਹੋਏ ਹੁਕਮਨਾਮਿਆਂ ਨੂੰ ਅਮਲ ਵਿੱਚ ਲਿਆਉਣ ਦੀ ਕੋਈ ਚਾਰਾਜੋਈ ਆਰੰਭੀ ਜਾਵੇਗੀ। ਧਰਮ ਪ੍ਰਚਾਰ ਲਹਿਰ ਸ਼ੁਰੂ ਕਰਨ, ਸਿੱਖੀ ਸਿਧਾਂਤਾਂ ਦੀ ਤਰਜ਼-ਏ-ਜ਼ਿੰਦਗੀ ਦੇ ਰਾਹ ਖੋਲ੍ਹਣ ਲਈ ਨੌਜਵਾਨਾਂ ਲਈ ਕੋਈ ਪ੍ਰੇਰਨਾਦਾਇਕ ਪ੍ਰੋਗਰਾਮ ਉਲੀਕਿਆ ਜਾਵੇਗਾ, ਜੋ ਅੱਜ ਦੇ ਸਮੇਂ ਦੀ ਮੁੱਖ ਲੋੜ ਭਾਸਦੀ ਹੈ। ਇਸ ਤੋਂ ਇਲਾਵਾ ਪੰਥ ਨਵੇਂ ਦਲ ਤੋਂ ਇਹ ਵੀ ਆਸ ਰੱਖੇਗਾ ਕਿ ਪੰਥ ਤੇ ਪੰਜਾਬ ਦੇ ਧਾਰਮਿਕ, ਸਿਆਸੀ ਅਤੇ ਆਰਥਿਕ ਮਸਲਿਆਂ ਦੇ ਨਿਪਟਾਰੇ ਲਈ ਵੀ ਨਵੇਂ ਪ੍ਰੋਗਰਾਮ ਉਲੀਕੇਗਾ।

ਜੇ ਚੁਣੌਤੀਆਂ ਦੀ ਗੱਲ ਕਰਨੀ ਹੋਵੇ ਤਾਂ ਨਵੇਂ ਬਣੇ ਦਲ ਅੱਗੇ ਇੱਕ ਨਹੀਂ ਅਨੇਕ ਚੁਣੌਤੀਆਂ ਹਨ। ਸਭ ਤੋਂ ਪਹਿਲਾਂ ਨਾਂਅ ਦੀ ਚੁਣੌਤੀ ਹੈ। ਕੀ ‘ਸ਼੍ਰੋਮਣੀ ਅਕਾਲੀ ਦਲ’ ਨਾਂਅ ਹਾਸਿਲ ਕਰਨ ਲਈ ਕੋਈ ਕਾਨੂੰਨੀ ਪਹਿਲ ਸ਼ੁਰੂ ਕੀਤੀ ਜਾਵੇਗੀ, ਜਿਸ ਨਾਲ ਚੋਣ ਨਿਸ਼ਾਨ ਤੇ ਦਫ਼ਤਰ ਦੇ ਮਾਮਲੇ ਵੀ ਜੁੜੇ ਹੋਏ ਹਨ। ਇਹ ਅਤਿ ਗੁੰਝਲਦਾਰ ਤੇ ਲੰਮੇਰੀ ਕਾਨੂੰਨੀ ਪ੍ਰਕਿਰਿਆ ਵਾਲਾ ਅਮਲ ਹੈ, ਜੋ ਹਾਲ ਦੀ ਘੜੀ ਨਵਾਂ ਬਣਿਆ ਦਲ ਇਸ ਤੋਂ ਗੁਰੇਜ਼ ਕਰੇਗਾ। ਜੇਕਰ ਦਲ ਪੁਰਾਣੀਆਂ ਰਵਾਇਤਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਨਾਂਅ ਰੱਖ ਕੇ ਬਰੈਕਟ ਵਿੱਚ ਕੋਈ ਹੋਰ ਸ਼ਬਦ ਲਾ ਕੇ ਨਵਾਂ ਨਾਂਅ ਰੱਖਦਾ ਹੈ, ਤਾਂ ਇਹ ਰਾਹ ਇਸ ਤੋਂ ਵੀ ਔਖਾ ਹੈ। ਭਾਰਤੀ ਚੋਣ ਕਮਿਸ਼ਨ ਕੋਲ ਬਤੌਰ ਖੇਤਰੀ ਪਾਰਟੀ ਰਜਿਸਟਰ ਹੋਣ ਤੇ ਇੱਕ ਚੋਣ ਨਿਸ਼ਾਨ ਹਾਸਿਲ ਕਰਨ ਲਈ ਨਿਰਧਾਰਿਤ ਸ਼ਰਤਾਂ ਪੂਰੀਆਂ ਕਰਨੀਆਂ ਵੀ ਸੌਖਾ ਕੰਮ ਨਹੀਂ। ਸੂਬੇ ਦੇ ਕੁੱਲ ਵੋਟਾਂ ਦਾ 6% ਹਾਸਿਲ ਕਰਨਾ ਜਾਂ ਦੋ ਵਿਧਾਨ ਸਭਾ ਸੀਟਾਂ ਜਾਂ ਇੱਕ ਲੋਕ ਸਭਾ ਸੀਟ ਜਿੱਤਣੀ ਜ਼ਰੂਰੀ ਹੈ, ਫਿਰ ਕਿਧਰੇ ਜਾ ਕੇ ਪਾਰਟੀ ਨੂੰ ਇੱਕ ਚੋਣ ਨਿਸ਼ਾਨ ਮਿਲ ਸਕਦਾ ਹੈ। ਅਗਲੀ ਚੁਣੌਤੀ ਲੋਕਾਂ ਦਾ ਯਕੀਨ ਜਿੱਤਣ ਦੀ ਹੋਵੇਗੀ। ਉਹ ਕਿਹੜੇ ਨੁਕਤੇ ਹੋਣਗੇ, ਜਿਨ੍ਹਾਂ ਨੂੰ ਆਧਾਰ ਬਣਾ ਕੇ ਇਹ ਦਲ ਲੋਕਾਂ ਵਿੱਚ ਆਪਣੀ ਥਾਂ ਬਣਾਉਣ ਵਿੱਚ ਸਫਲ ਹੋ ਸਕੇਗਾ। ਚੋਣ ਪ੍ਰਕਿਰਿਆ ਦੌਰਾਨ ਜਦੋਂ ਕੋਈ ਉਮੀਦਵਾਰ ਵੋਟ ਮੰਗਣ ਕਿਸੇ ਵੋਟਰ ਦੇ ਬੂਹੇ ’ਤੇ ਦਸਤਕ ਦਿੰਦਾ ਹੈ ਤਾਂ ਵੋਟਰ ਵੱਲੋਂ ਸੰਭਾਵਿਤ ਪੁੱਛੇ ਜਾਣ ਵਾਲੇ ਇਸ ਪ੍ਰਸ਼ਨ ਦਾ ਜਵਾਬ ਉਹ ਕੀ ਤੇ ਕਿਵੇਂ ਦੇਣਗੇ ਕਿ ਅਸੀਂ ‘ਤੁਹਾਨੂੰ ਵੋਟ ਕਿਉਂ ਦੇਈਏ ?’

ਇਸ ਤੋਂ ਇਲਾਵਾ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼ਾਇਦ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਆ ਜਾਣ, ਜਿਸ ਵਿੱਚ ਉਮੀਦਵਾਰ ਉਤਾਰਨੇ ਇਸ ਨਵੇਂ ਬਣੇ ਦਲ ਲਈ ਇੱਕ ਵੱਖਰੀ ਚੁਣੌਤੀ ਹੋਵੇਗੀ। ਪਾਰਟੀ ਢਾਂਚਾ ਮੁਕੰਮਲ ਕਰਨਾ ਤੇ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਇਹ ਦਲ ਕਿਹੋ ਜਿਹੀ ਕਾਰਗੁਜ਼ਾਰੀ ਦਿਖਾਉਂਦਾਹੈ, ਉਹ ਵੀ ਵੱਡੇ ਅਰਥ ਰੱਖੇਗੀ। ਹੁਣ ਸੋਸ਼ਲ ਮੀਡੀਆ ਦਾ ਯੁੱਗ ਹੈ ਮੂੰਹੋਂ ਨਿਕਲੇ ਸ਼ਬਦ ਦੂਰ ਤੱਕ ਪਹੁੰਚ ਰਹੇ ਹਨ। ਇਸ ਨਵੇਂ ਬਣੇ ਸੰਗਠਨ ਨੂੰ ਲੋਕ ਕਿਵੇਂ ਤੇ ਕਿੰਨਾ ਕੁ ਪ੍ਰਵਾਨ ਕਰਦੇ ਹਨ, ਇਸ ਬਾਰੇ ਕੁੱਝ ਕਹਿਣਾ ਭਾਵੇਂ ਅਜੇ ਸਮੇਂ ਤੋਂ ਪਹਿਲਾਂ ਬੋਲਣ ਵਾਲੀ ਗੱਲ ਹੋਵੇਗੀ, ਪ੍ਰੰਤੂ ਇੱਕ ਗੱਲ ਜ਼ਰੂਰ ਹੈ, ਕਿ ਇਸ ਨਵੇਂ ਬਣੇ ਦਲ ਨੇ ਦੇਸ਼-ਵਿਦੇਸ਼ ਵਿੱਚ ਬੈਠੀਆਂ ਸਿੱਖ ਸੰਗਤਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।

# ਅਮਰੀਕਾ ਦੀ ਥਾਂ ਹੋਰਨਾਂ ਦੇਸ਼ਾਂ ਨਾਲ ਵਪਾਰ ਕਰੇ ਭਾਰਤ

ਆਦਿੱਤਿਆ ਸਿਨਹਾ
(ਲੇਖਕ ਲੋਕ-ਨੀਤੀ ਵਿਸ਼ਲੇਸ਼ਕ ਹੈ)

ਯੂਕ੍ਰੇਨ ਜੰਗ ਤੋਂ ਬਾਅਦ, ਭਾਰਤ ਰਿਆਇਤੀ ਦਰਾਂ ’ਤੇ ਰੂਸੀ ਕੱਚਾ ਤੇਲ ਖ਼ਰੀਦ ਰਿਹਾ ਹੈ। ਇਸ ਨਾਲ ਭਾਰਤ ਨੂੰ ਵੱਡਾ ਆਰਥਿਕ ਹੁਲਾਰਾ ਮਿਲਿਆ ਹੈ। ਭਾਰਤ ਜਿਸ ਬ੍ਰੈਂਟ ਕਰੂਡ ਦੇ ਅੰਤਰਰਾਸ਼ਟਰੀ ਪੱਧਰ ’ਤੇ ਤੇਲ ਦੀ ਖ਼ਰੀਦ ਕਰਦਾ ਆਇਆ ਹੈ, ਉਸ ਤੋਂ ਕਿਤੇ ਘੱਟ ਕੀਮਤ ’ਤੇ ਉਹ ਰੂਸ ਤੋਂ ਰੋਜ਼ਾਨਾ 17 ਤੋਂ 19 ਲੱਖ ਬੈਰਲ ਤੇਲ ਖ਼ਰੀਦ ਰਿਹਾ ਹੈ। ਇਸ ਨਾਲ ਭਾਰਤ ਨੂੰ ਘਰੇਲੂ ਤੇਲ ਦੀਆਂ ਕੀਮਤਾਂ ਨੂੰ ਕੰਟਰੋਲ ਕਰਨ, ਮਹਿੰਗਾਈ ਨੂੰ ਰੋਕਣ ਅਤੇ ਵਿਕਾਸ ਲਈ ਵਿੱਤੀ ਜਗ੍ਹਾ ਵਧਾਉਣ ਵਿੱਚ ਮਦਦ ਮਿਲੀ ਹੈ।

ਇਹ ਇਕ ਮੌਕਾਪ੍ਰਸਤ ਨੀਤੀ ਨਹੀਂ ਹੈ, ਸਗੋਂ ਅਸਥਿਰ ਵਿਸ਼ਵ ਬਾਜ਼ਾਰ ਵਿੱਚ ਰਾਸ਼ਟਰੀ ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਯੋਜਨਾਬੱਧ ਕਦਮ ਹੈ। ਭਾਰਤ ਦਾ ਇਹ ਲਾਭ ਅਮਰੀਕਾ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਇਸ ਕਾਰਨ, ਅਮਰੀਕੀ ਰਾਸ਼ਟਰਪਤੀ ਨੇ ਭਾਰਤ ’ਤੇ 25 ਫ਼ੀਸਦੀ ਵਾਧੂ ਟੈਰਿਫ ਲਗਾਉਣ ਦਾ ਐਲਾਨ ਵੀ ਕੀਤਾ ਹੈ। ਇਹ 25 ਫ਼ੀਸਦੀ ਟੈਰਿਫ ਤੋਂ ਇਲਾਵਾ ਹੈ। ਭਾਰਤ ’ਤੇ ਜੁਰਮਾਨਾ ਲਗਾਉਣ ਪਿੱਛੇ ਟਰੰਪ ਦੀ ਦਲੀਲ ਬੇਕਾਰ ਜਾਪਦੀ ਹੈ, ਕਿਉਂਕਿ ਉਹ ਰੂਸੀ ਤੇਲ ਖ਼ਰੀਦਣ ਲਈ ਭਾਰਤ ’ਤੇ ਉੱਚ ਟੈਰਿਫ ਅਤੇ ਜੁਰਮਾਨਾ ਲਾ ਰਹੇ ਹਨ ਪਰ ਚੀਨ ਨੂੰ ਨਜ਼ਰਅੰਦਾਜ਼ ਕਰ ਰਹੇ ਹਨ, ਜੋ ਮਾਸਕੋ ਤੋਂ ਸਭ ਤੋਂ ਵੱਧ ਤੇਲ ਖ਼ਰੀਦਦਾ ਹੈ। ਜਿਸ ਤਰ੍ਹਾਂ ਇਸ ਮਾਮਲੇ ਵਿੱਚ ਭਾਰਤ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਇਹ ਸਿਰਫ਼ ਇੱਕ ਵਪਾਰਕ ਵਿਵਾਦ ਨਹੀਂ ਹੈ ਸਗੋਂ ਸਾਡੀ ਪ੍ਰਭੂਸੱਤਾ ਨੀਤੀ ਨਿਰਮਾਣ ਨੂੰ ਵੀ ਚੁਣੌਤੀ ਦਿੰਦਾ ਹੈ।

ਅਮਰੀਕੀ ਰਾਸ਼ਟਰਪਤੀ ਟਰੰਪ ਭਾਰਤ ’ਤੇ ਰੂਸ ਤੋਂ ਤੇਲ ਨਾ ਖ਼ਰੀਦਣ ਲਈ ਦਬਾਅ ਪਾ ਰਹੇ ਹਨ ਜਦੋਂ ਕਿ ਉਹ ਦਾਅਵਾ ਕਰਦੇ ਹਨ ਕਿ ਰੂਸ ਨਾਲ ਉਨ੍ਹਾਂ ਦੀ ਗੱਲਬਾਤ ਸਹੀ ਦਿਸ਼ਾ ਵਿੱਚ ਚੱਲ ਰਹੀ ਹੈ। ਭਾਰਤ ਨੂੰ ਉਨ੍ਹਾਂ ਵੱਲੋਂ ਨਿਸ਼ਾਨਾ ਬਣਾਏ ਜਾਣ ਤੋਂ ਬਾਅਦ, ਤੇਲ ਦੀਆਂ ਕੀਮਤਾਂ ਅਤੇ ਅਮਰੀਕੀ ਬਾਜ਼ਾਰਾਂ ਵਿਚ ਹਲਚਲ ਮਚ ਗਈ ਹੈ। ਅਜਿਹੇ ਹਾਲਾਤ ਵਿੱਚ, ਤੇਲ ਖ਼ਰੀਦਣ ਦੇ ਭਾਰਤ ਦੇ ਫ਼ੈਸਲੇ ਦਾ ਸਿਆਸੀਕਰਨ ਵਿਆਪਕ ਊਰਜਾ ਸਥਿਰਤਾ ਦ੍ਰਿਸ਼ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਵੈਸੇ ਵੀ, ਇਹ ਰਵੱਈਆ ਸਹੂਲਤ ਅਨੁਸਾਰ ਅਪਣਾਇਆ ਜਾ ਰਿਹਾ ਹੈ।

ਯੂਰਪੀ ਯੂਨੀਅਨ ਨੇ 2024 ਵਿੱਚ ਰੂਸ ਨਾਲ 67.5 ਅਰਬ ਡਾਲਰ ਦਾ ਵਪਾਰ ਕੀਤਾ ਸੀ। ਜਦੋਂ ਕਿ 2024 ਵਿੱਚ ਹੀ, ਯੂਰਪ ਨੇ ਰੂਸ ਤੋਂ 1.65 ਕਰੋੜ ਟਨ ਐੱਲ.ਐੱਨ.ਜੀ. ਦੀ ਰਿਕਾਰਡ ਮਾਤਰਾ ਦਰਾਮਦ ਕੀਤੀ। ਇਹ ਇਸ ਵਿਸ਼ਵਾਸ ਨੂੰ ਮਜ਼ਬੂਤ ਕਰ ਰਿਹਾ ਹੈ ਕਿ ਭਾਰਤ ਨੂੰ ਸਿਆਸੀ ਕਾਰਨਾਂ ਨਾਲ ਪਰੇਸ਼ਾਨ ਕੀਤਾ ਜਾ ਰਿਹਾ ਹੈ, ਜਦਕਿ ਅਮਰੀਕਾ ਨੇ ਪੱਛਮੀ ਸਹਿਯੋਗੀਆਂ ਨੂੰ ਛੋਟ ਦਿੱਤੀ ਹੈ। ਰੂਸੀ ਤੇਲ ਖ਼ਰੀਦ ਕੇ, ਭਾਰਤ ਨੇ ਨਾ ਸਿਰਫ਼ ਆਪਣੀ ਆਰਥਿਕਤਾ ਨੂੰ ਲਾਭ ਪਹੁੰਚਾਇਆ ਹੈ ਬਲਕਿ ਵਿਸ਼ਵ ਪੱਧਰੀ ਮਹਿੰਗਾਈ ਦਬਾਅ ਨੂੰ ਕੰਟਰੋਲ ਕਰਨ ਵਿੱਚ ਵੀ ਮਦਦ ਕੀਤੀ ਹੈ।

ਭਾਰਤ ਰੂਸੀ ਤੇਲ ਬਰਾਮਦ ਦਾ ਇੱਕ ਵੱਡਾ ਹਿੱਸਾ ਖ਼ਪਤ ਕਰ ਰਿਹਾ ਹੈ।



ਜੇਕਰ ਭਾਰਤ ਅਜਿਹਾ ਨਹੀਂ ਕਰਦਾ ਤਾਂ ਵਧੇ ਹੋਏ ਲੌਜਿਸਟਿਕਸ ਅਤੇ ਹੋਰ ਲਾਗਤਾਂ ਕਾਰਨ, ਅੰਤਰਰਾਸ਼ਟਰੀ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋ ਸਕਦਾ ਸੀ। ਦੁਨੀਆ ਪਹਿਲਾਂ ਹੀ ਊਰਜਾ, ਭੋਜਨ ਅਤੇ ਆਵਾਜਾਈ ਦੇ ਪੱਧਰ ’ਤੇ ਮਹਿੰਗਾਈ ਤੋਂ ਪੀੜਤ ਹੈ, ਫਿਰ ਭਾਰਤ ਵੱਲੋਂ ਰੂਸੀ ਦਰਾਮਦ ਦੀ ਅਣਹੋਂਦ ਵਿੱਚ ਇਹ ਸਮੱਸਿਆ ਹੋਰ ਵਧਣੀ ਤੈਅ ਸੀ। ਵਿਸ਼ਵ ਪੱਧਰੀ ਸਥਿਤੀ ਬਦ ਤੋਂ ਬਦਤਰ ਹੋ ਜਾਣੀ ਸੀ।

ਘਰੇਲੂ ਮੋਰਚੇ ’ਤੇ ਵੀ, ਰੂਸੀ ਦਰਾਮਦ ਨੂੰ ਘਟਾਉਣ ਦਾ ਮਤਲਬ ਪੱਛਮੀ ਏਸ਼ਿਆਈ ਸਪਲਾਈ ਨੂੰ ਮਹਿੰਗਾ ਕਰਨਾ, ਉੱਚ ਆਵਾਜਾਈ ਲਾਗਤਾਂ ਨੂੰ ਸਹਿਣ ਕਰਨਾ ਅਤੇ ਇਸ ਨਵੀਂ ਖੇਪ ਨੂੰ ਪ੍ਰੋਸੈੱਸ ਕਰਨ ਲਈ ਰਿਫਾਇਨਰੀਆਂ ਵਿੱਚ ਜ਼ਰੂਰੀ ਬਦਲਾਅ ਕਰਨਾ ਪਵੇਗਾ। ਇਸ ਦੇ ਨਤੀਜੇ ਵਜੋਂ ਜਾਂ ਤਾਂ ਖ਼ਪਤਕਾਰਾਂ ਲਈ ਈਂਧਨ ਦੀਆਂ ਕੀਮਤਾਂ ਵਧ ਜਾਣਗੀਆਂ ਜਾਂ ਸਰਕਾਰ ਨੂੰ ਤੇਲ ਸਬਸਿਡੀਆਂ ਵਧਾਉਣੀਆਂ ਪੈਣਗੀਆਂ, ਜਿਸ ਨਾਲ ਬੁਨਿਆਦੀ ਢਾਂਚੇ ਅਤੇ ਭਲਾਈ ਯੋਜਨਾਵਾਂ ’ਤੇ ਖ਼ਰਚ ਕਰਨ ਲਈ ਇਸ ਦੀ ਵਿੱਤੀ ਗੁੰਜਾਇਸ਼ ਘੱਟ ਜਾਵੇਗੀ।

ਇਸ ਮੁੱਦੇ ਨਾਲ ਸਬੰਧਿਤ ਸਿਆਸੀ ਪਹਿਲੂ ਵੀ ਬਹੁਤ ਮਹੱਤਵਪੂਰਨ ਹਨ। ਅਮਰੀਕਾ ਭਾਰਤ ਨੂੰ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਇੱਕ ਰਣਨੀਤਕ ਭਾਈਵਾਲ ਕਹਿੰਦਾ ਹੈ ਅਤੇ ਇਸ ਨੂੰ ਚੀਨ ਦੇ ਵਿਰੋਧੀ ਵਜੋਂ ਦੇਖਦਾ ਹੈ। ਕੀ ਕੋਈ ਕਿਸੇ ਰਣਨੀਤਕ ਭਾਈਵਾਲ ’ਤੇ ਟੈਰਿਫ ਲਗਾਉਣ ਅਤੇ ਵਧਾਉਣ ਦੀ ਧਮਕੀ ਦਿੰਦਾ ਹੈ ਅਤੇ ਜਨਤਕ ਤੌਰ ’ਤੇ ਆਪਣੀ ਊਰਜਾ ਨੀਤੀ ਬਾਰੇ ਰੌਲ਼ਾ ਪਾਉਂਦਾ ਹੈ? ਅਜਿਹੇ ਹਮਲਾਵਰ ਕਦਮ ਰੱਖਿਆ, ਤਕਨੀਕ ਅਤੇ ਆਰਥਿਕ ਸਹਿਯੋਗ ਵਿੱਚ ਦਹਾਕਿਆਂ ਦੇ ਵਿਸ਼ਵਾਸ ਨੂੰ ਸੱਟ ਪਹੁੰਚਾਉਂਦੇ ਹਨ। ਇਹ ਭਾਰਤ ਨੂੰ ਵਾਸ਼ਿੰਗਟਨ ਨਾਲ ਭਵਿੱਖ ਦੀ ਸਰਗਰਮੀ ਬਾਰੇ ਵੀ ਵਧੇਰੇ ਚੌਕਸ ਬਣਾ ਦੇਵੇਗਾ, ਤੇ ਦੁਵੱਲੇ ਸਬੰਧਾਂ ਵਿੱਚ ਰਫ਼ਤਾਰ ਨੂੰ ਘਟਾ ਦੇਵੇਗਾ।

ਇਤਿਹਾਸ ਇਸ ਤੱਥ ਦਾ ਗਵਾਹ ਹੈ ਕਿ ਭਾਰਤ ਨੇ ਹਮੇਸ਼ਾ ਆਪਣੀ ਵਿਦੇਸ਼ ਨੀਤੀ ਦੀ ਖ਼ੁਦਮੁਖਤਿਆਰੀ ਦੀ ਰੱਖਿਆ ਕੀਤੀ ਹੈ। ਭਾਰਤ ਮਹਾਂਸ਼ਕਤੀਆਂ ਦੇ ਦਬਾਅ ਦੇ ਦੌਰ ਵਿੱਚ ਵੀ ਨਹੀਂ ਝੁਕਿਆ। ਵਿਦੇਸ਼ ਨੀਤੀ ਵਿੱਚ ਭਾਰਤ ਦਾ ਇਹ ਸੁਤੰਤਰ ਰਵੱਈਆ ਯੂਕਰੇਨ ਜੰਗ ਵਿੱਚ ਵੀ ਉਜਾਗਰ ਹੋਇਆ, ਜਦੋਂ ਭਾਰਤ ਪੱਛਮੀ ਦੇਸ਼ਾਂ ਵੱਲੋਂ ਭੜਕਾਹਟਾਂ ਦੇ ਬਾਵਜੂਦ ਆਪਣੇ ਸਟੈਂਡ ’ਤੇ ਕਾਇਮ ਰਿਹਾ। ਹਾਲ ਹੀ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਇਹ ਵੀ ਜ਼ਿਕਰ ਕੀਤਾ ਕਿ ਵਿਸ਼ਵ ਪੱਧਰੀ ਅਸਥਿਰਤਾ ਦੇ ਇਸ ਦੌਰ ਵਿੱਚ, ਹਰ ਦੇਸ਼ ਆਪਣੇ ਹਿਤਾਂ ਨੂੰ ਤਰਜੀਹ ਦੇ ਰਿਹਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਇਹ ਵੀ ਸਪੱਸ਼ਟ ਕੀਤਾ ਕਿ ਰੂਸ ਤੋਂ ਦਰਾਮਦ ਵਧੀ ਹੈ ਕਿਉਂਕਿ ਰਵਾਇਤੀ ਖਾੜੀ ਸਪਲਾਇਰਾਂ ਵੱਲੋਂ ਯੂਰਪ ਵੱਲ ਮੁੜਨ ਨਾਲ ਅਜਿਹੇ ਹਾਲਾਤ ਪੈਦਾ ਹੋਏ ਹਨ ਅਤੇ ਅਮਰੀਕਾ ਅਤੇ ਹੋਰ ਪੱਛਮੀ ਦੇਸ਼ ਖ਼ੁਦ ਰੂਸ ਤੋਂ ਊਰਜਾ ਖ਼ਰੀਦ ਕੇ ਇਸ ਮਾਮਲੇ ਵਿੱਚ ਦੋਹਰੇ ਮਾਪਦੰਡ ਦਿਖਾ ਰਹੇ ਹਨ। ਜੇਕਰ ਭਾਰਤ ਅਤੇ ਚੀਨ ਮੌਜੂਦਾ ਹਾਲਾਤ ਵਿਚ ਰੂਸੀ ਤੇਲ ਦੀ ਦਰਾਮਦ ਕਰਨਾ ਬੰਦ ਕਰ ਦਿੰਦੇ ਹਨ, ਤਾਂ ਕੱਚੇ ਤੇਲ ਦੀਆਂ ਕੀਮਤਾਂ ਅਚਾਨਕ ਪ੍ਰਤੀ ਬੈਰਲ 20 ਡਾਲਰ ਤੱਕ ਵੱਧ ਸਕਦੀਆਂ ਹਨ। ਦੁਨੀਆ ਨੂੰ ਲੰਬੇ ਸਮੇਂ ਤੱਕ ਉੱਚੀਆਂ ਕੀਮਤਾਂ ਦੇ ਨਾਲ-ਨਾਲ ਸਪਲਾਈ ਰੁਕਾਵਟ ਦਾ ਸਾਹਮਣਾ ਕਰਨ ਲਈ ਮਜਬੂਰ ਹੋਣਾ ਪਵੇਗਾ। ਸਸਤੇ ਰੂਸੀ ਤੇਲ ਦੇ ਨਾ ਸਿਰਫ਼ ਵਪਾਰਕ ਲਾਭ ਹਨ, ਸਗੋਂ ਇਹ ਭਾਰਤ ਦੀ ਵਿਸ਼ਾਲ ਆਰਥਿਕ ਸਥਿਰਤਾ ਦਾ ਇੱਕ ਮਜ਼ਬੂਤ ਥੰਮ੍ਹ ਵੀ ਹੈ, ਜੋ ਵਿਸ਼ਵ ਬਾਜ਼ਾਰ ਨੂੰ ਸੰਤੁਲਨ ਵੀ ਪ੍ਰਦਾਨ ਕਰ ਰਿਹਾ ਹੈ। ਕਿਸੇ ਵੀ ਤਰ੍ਹਾਂ ਦੇ ਰਾਜਨੀਤਿਕ ਦਬਾਅ ਹੇਠ ਇਸ ਨੂੰ ਛੱਡਣ ਨਾਲ ਆਰਥਿਕ ਤਾਕਤ ਅਤੇ ਰਣਨੀਤਕ ਖ਼ੁਦਮੁਖਤਿਆਰੀ ਦੋਵਾਂ ਨੂੰ ਨੁਕਸਾਨ ਹੋਵੇਗਾ।

ਜਦੋਂ ਵਿਸ਼ਵ ਪੱਧਰੀ ਊਰਜਾ ਦ੍ਰਿਸ਼ ਅਸਥਿਰਤਾ ਅਤੇ ਗ਼ੈਰਯਕੀਨੀ ਦਾ ਸਾਹਮਣਾ ਕਰ ਰਿਹਾ ਹੈ ਅਤੇ ਓਪੇਕ ਪਲੱਸ ਦੇਸ਼ ਸਪਲਾਈ ਵਿੱਚ ਸੰਭਾਵਿਤ ਤਾਲਮੇਲ ਦਾ ਸੰਕੇਤ ਦੇ ਰਹੇ ਹਨ ਅਤੇ ਬਾਜ਼ਾਰ ਕੂਟਨੀਤਕ ਵਿਕਾਸ ਤੋਂ ਪ੍ਰਭਾਵਿਤ ਹੋ ਰਹੇ ਹਨ, ਤਾਂ ਭਾਰਤ ਨੂੰ ਹਰ ਕੀਮਤ ’ਤੇ ਆਪਣੀ ਆਰਥਿਕ ਅਤੇ ਰਣਨੀਤਕ ਨਿਰਪੱਖਤਾ ਬਣਾਈ ਰੱਖਣੀ ਚਾਹੀਦੀ ਹੈ। ਉਸ ਨੂੰ ਇਸ ਸਬੰਧ ’ਚ ਕਿਸੇ ਬਾਹਰੀ ਤਾਕਤ ਦੇ ਦਬਾਅ ’ਚ ਆ ਕੇ ਕੋਈ ਫ਼ੈਸਲਾ ਨਹੀਂ ਲੈਣਾ ਚਾਹੀਦਾ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਊਰਜਾ ਸੁਰੱਖਿਆ ਰਾਸ਼ਟਰੀ ਸੁਰੱਖਿਆ ਦਾ ਇੱਕ ਜ਼ਰੂਰੀ ਤੱਤ ਹੈ ਅਤੇ ਕਿਸੇ ਵੀ ਤਰ੍ਹਾਂ ਦੇ ਦਬਾਅ ਹੇਠ ਇਸ ਨਾਲ ਸਮਝੌਤਾ ਕਰਨ ਨਾਲ ਭਵਿੱਖ ਦੇ ਕਿਸੇ ਵੀ ਸੰਕਟ ਨਾਲ ਨਜਿੱਠਣ ਲਈ ਭਾਰਤ ਦੀਆਂ ਸਮਰੱਥਾਵਾਂ ਕਮਜ਼ੋਰ ਹੋ ਜਾਣਗੀਆਂ।

# ਭਾਰਤ ਲਈ ਖ਼ਤਰਨਾਕ ਸਾਬਤ ਹੋ ਸਕਦੈ ਚੀਨ ਦਾ ਨਵਾਂ ਬਣ ਰਿਹਾ ਮੈਡੋਂਗ ਡੈਮ

ਖ਼ੁਸ਼ਵਿੰਦਰ ਸਿੰਘ ਸੂਰੀਆ

ਚੀਨ ਦੁਆਰਾ ਤਿੱਬਤ ਦੀ ਯਾਰਲੁੰਗ ਜ਼ਾਂਗਬੋ ਨਦੀ (ਜਿਸਨੂੰ ਭਾਰਤ ਵਿੱਚ ਬ੍ਰਹਮਪੁੱਤਰ ਨਦੀ ਕਿਹਾ ਜਾਂਦਾ ਹੈ) ਦੇ ਗਰੇਟ ਬੈਂਡ ਸਥਾਨ ’ਤੇ ਇੱਕ ਵਿਸ਼ਾਲ ਹਾਈਡਰੋਪਾਵਰ ਡੈਮ ਬਣਾਉਣ ਦੀ ਯੋਜਨਾ ਨੇ ਭਾਰਤ ਅਤੇ ਬੰਗਲਾਦੇਸ਼ ਵਰਗੇ ਹੇਠਾਂ ਵੱਲ ਦੇ ਦੇਸ਼ਾਂ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ। ਇਹ ਇਲਾਕਾ ਤਿੱਬਤ ਵਿੱਚ ਸਥਿਤ ਹੈ, ਜਿੱਥੇ ਇਹ ਨਦੀ ਭਾਰਤ ਦੀ ਸਰਹੱਦ ਨੇੜੇ ਤੇਜ਼ੀ ਨਾਲ ਮੋੜ ਖਾਂਦੀ ਹੈ ਅਤੇ ਆਪਣੀ ਦਿਸ਼ਾ ਪੂਰਬ ਤੋਂ ਦੱਖਣ ਵੱਲ ਬਦਲਦੀ ਹੈ। ਚੀਨ ਦੀ ਇਸ ਯੋਜਨਾ ਨੂੰ ਸਿਰਫ਼ ਇੱਕ ਊਰਜਾ ਪ੍ਰਾਜੈਕਟ ਦੇ ਤੌਰ ’ਤੇ ਨਹੀਂ ਵੇਖਿਆ ਜਾ ਰਿਹਾ, ਸਗੋਂ ਇਸ ਨੂੰ ਇੱਕ ਰਣਨੀਤਿਕ ਅਤੇ ਭੂ-ਰਾਜਨੀਤਿਕ ਕਦਮ ਮੰਨਿਆ ਜਾ ਰਿਹਾ ਹੈ। ਇਸ ਪ੍ਰੋਜੈਕਟ ਦੀ ਸ਼ੁਰੂਆਤ 19 ਜੁਲਾਈ 2025 ਨੂੰ ਚੀਨ ਦੇ ਪ੍ਰਧਾਨ ਮੰਤਰੀ ਲੀ ਕਿਅੰਗ ਵੱਲੋਂ ਕੀਤੀ ਜਾ ਚੁੱਕੀ ਹੈ। ਚੀਨ ਦਾ ਇਹ ਪ੍ਰੋਜੈਕਟ ਨਾ ਸਿਰਫ਼ ਆਪਣੀ ਕਿਸਮ ਦਾ ਸਭ ਤੋਂ ਵੱਡਾ ਹੈ, ਸਗੋਂ ਇਹ ਦੁਨੀਆ ਭਰ ਵਿੱਚ ਵੀ ਸਭ ਤੋਂ ਵੱਡਾ ਹਾਈਡਰੋਪਾਵਰ ਡੈਮ ਬਣੇਗਾ।

ਇਸ ਡੈਮ ਦੀ ਬਣਤਰ ਬਹੁਤ ਵੱਡੀ ਤੇ ਜਟਿਲ ਹੈ। ਇਸ ਵਿੱਚ ਕੁੱਲ ਪੰਜ ਕੈਸਕੇਡ ਡੈਮ ਬਣਾਏ ਜਾਣਗੇ, ਜਿਨ੍ਹਾਂ ਨੂੰ ਕ੍ਰਮਵਾਰ ਢੰਗ ਨਾਲ ਜੋੜਿਆ ਜਾਵੇਗਾ ਤਾਂ ਜੋ ਦਰਿਆ ਦੇ ਵੱਖ-ਵੱਖ ਹਿੱਸਿਆਂ ਤੋਂ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਬਿਜਲੀ ਬਣਾਈ ਜਾ ਸਕੇ। ਇਨ੍ਹਾਂ ਡੈਮਾਂ ਨੂੰ ਚਲਾਉਣ ਅਤੇ ਪਾਣੀ ਨੂੰ ਇੱਕ ਹਿੱਸੇ ਤੋਂ ਦੂਜੇ ਹਿੱਸੇ ਵੱਲ ਭੇਜਣ ਲਈ ਚਾਰ ਵੱਡੀਆਂ ਸੁਰੰਗਾਂ ਬਣਾਈਆਂ ਜਾਣਗੀਆਂ। ਹਰ ਸੁਰੰਗ ਲਗਭਗ ਵੀਹ ਕਿਲੋਮੀਟਰ ਲੰਬੀ ਹੋਵੇਗੀ। ਇਹ ਸੁਰੰਗਾਂ ਨਮਚਾ ਬਰਵਾ ਪਹਾੜੀ ਲੜੀ ਹੇਠੋਂ ਲੰਘਣਗੀਆਂ, ਜੋ ਕਿ ਭੂਗੋਲਿਕ ਤੌਰ ’ਤੇ ਬਹੁਤ ਸੰਵੇਦਨਸ਼ੀਲ ਖੇਤਰ ਹੈ। ਉੱਪਰ ਤੋਂ ਹੇਠਾਂ ਜ਼ਮੀਨ ਵਿੱਚ ਇਸ ਦੀ ਲੰਬਾਈ 2000 ਮੀਟਰ ਤੋਂ ਵੀ ਵੱਧ ਹੋਵੇਗੀ ਤੇ ਇਹ ਪ੍ਰੋਜੈਕਟ 200 ਕਿਲੋਮੀਟਰ ਤੱਕ ਫੈਲਿਆ ਹੋਵੇਗਾ। ਜ਼ਮੀਨ ਅੰਦਰ ਹੀ ਅੰਡਰਗ੍ਰਾਉਂਡ ਪਾਵਰ ਸਟੇਸ਼ਨ ਹੋਣਗੇ ਜਿਨ੍ਹਾਂ ਨੂੰ ਸੈਟੇਲਾਈਟ ਵੀ ਟ੍ਰੈਕ ਨਹੀਂ ਕਰ ਸਕਣਗੇ। ਪੂਰੇ ਪ੍ਰੋਜੈਕਟ ’ਤੇ ਆਉਣ ਵਾਲਾ ਖਰਚਾ ਲਗਭਗ 1.2 ਟ੍ਰਿਲੀਅਨ ਯੂਆਨ ਹੋਵੇਗਾ, ਜੋ ਕਿ ਅਮਰੀਕੀ ਡਾਲਰ ਵਿੱਚ ਤਕਰੀਬਨ 170 ਅਰਬ ਬਣਦਾ ਹੈ। ਇਹ ਰਕਮ ਚੀਨ ਵੱਲੋਂ ਕਿਸੇ ਵੀ ਇਕਲੌਤੇ ਪ੍ਰੋਜੈਕਟ ’ਤੇ ਲਗਾਇਆ ਗਿਆ ਸਭ ਤੋਂ ਵੱਡਾ ਖਰਚਾ ਹੈ। ਇਹ ਡੈਮ ਲਗਭਗ 60,000 ਮੈਗਾਵਾਟ (ਜਾਂ 60 ਗੀਗਾਵਾਟ) ਬਿਜਲੀ ਬਣਾਉਣ ਦੇ ਯੋਗ ਹੋਵੇਗਾ, ਜੋ ਕਿ ਚੀਨ ਦੇ ਮੌਜੂਦਾ ਸਭ ਤੋਂ ਵੱਡੇ ਮਸ਼ਹੂਰ ਥਰੀ ਗੌਰਜਸ ਡੈਮ ਨਾਲੋਂ ਤਿੰਨ ਗੁਣਾ ਵੱਧ ਸਮਰੱਥਾ ਵਾਲਾ ਹੈ। ਇਹ ਸਾਲਾਨਾ ਤਕਰੀਬਨ 300 ਅਰਬ ਕਿਲੋਵਾਟ ਘੰਟੇ ਬਿਜਲੀ ਪੈਦਾ ਕਰੇਗਾ। ਇਸ ਥਾਂ ਡੈਮ ਬਣਾਉਣ ਦੇ ਚੋਣ ਦੇ ਕਾਰਨਾਂ ਵਿਚੋਂ ਸਭ ਤੋਂ ਮੁੱਖ ਹੈ ਇਸ ਸਥਾਨ ਦੀ ਵਿਸ਼ੇਸ਼ ਭੂਗੋਲਿਕ ਸਥਿਤੀ ਤੇ ਬਣਤਰ। ਗਰੇਟ ਬੈਂਡ ਉਹ ਥਾਂ ਹੈ ਜਿੱਥੇ ਨਦੀ ਦੀ ਥੱਲੀ ਲਗਭਗ 2000 ਤੋਂ 3000 ਮੀਟਰ ਹੇਠਾਂ ਤੱਕ ਡਿਗਦੀ ਹੈ। ਇੱਥੇ ਹਾਈਡਰੋਪਾਵਰ ਪੈਦਾਵਾਰ ਦੀ ਸੰਭਾਵਨਾ 60,000 ਮੈਗਾਵਾਟ ਤੱਕ ਮੰਨੀ ਜਾਂਦੀ ਹੈ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਧ ਹੈ। ਇਸ ਪੱਧਰ ਦੀ ਊਰਜਾ ਸਮਰੱਥਾ ਚੀਨ ਦੇ ਕਾਰਬਨ ਨਿਊਟਰਲ ਹੋਣ ਦੇ ਟੀਚਿਆਂ ਦੀ ਪੂਰਤੀ ਲਈ ਕਾਫ਼ੀ ਮਹੱਤਵਪੂਰਨ ਹੈ। ਚੀਨ ਦਾ ਮਕਸਦ 2030 ਤੱਕ ਆਪਣੇ ਕਾਰਬਨ ਉਤਸਰਜਨ ਦਾ ਸਭ ਤੋਂ ਉੱਚਾ ਪੱਧਰ ਹਾਸਲ ਕਰਨਾ ਅਤੇ 2060 ਤੱਕ ਪੂਰੀ ਤਰ੍ਹਾਂ ਕਾਰਬਨ ਮੁਕਤ ਬਣਨਾ ਹੈ।




ਇਹ ਡੈਮ ਸਿਰਫ਼ ਊਰਜਾ ਉਤਪਾਦਨ ਲਈ ਹੀ ਬਣਾਇਆ ਜਾ ਰਿਹਾ ਹੈ, ਇਹ ਮੰਨ ਲੈਣਾ ਵੀ ਭੋਲਾਪਣ ਹੀ ਹੋਵੇਗਾ। ਇਸ ਦੀ ਸਥਿਤੀ ਭਾਰਤ-ਚੀਨ ਸਰਹੱਦ ਦੇ ਬਹੁਤ ਨੇੜੇ ਹੈ, ਜੋ ਚੀਨ ਨੂੰ ਰਣਨੀਤਕ ਲਾਹੇ ਮਿਲਣ ਦਾ ਮੌਕਾ ਦਿੰਦੀ ਹੈ। ਬ੍ਰਹਮਪੁੱਤਰਾ ਇੱਕ ਅੰਤਰਰਾਸ਼ਟਰੀ ਨਦੀ ਹੈ ਜੋ ਚੀਨ, ਭਾਰਤ ਅਤੇ ਬੰਗਲਾਦੇਸ਼ ਤੋਂ ਲੰਘਦੀ ਹੈ। ਜੇਕਰ ਚੀਨ ਇਸ ’ਤੇ ਡੈਮ ਬਣਾਉਂਦਾ ਹੈ ਤਾਂ ਉਹ ਹੇਠਲੇ ਦੇਸ਼ਾਂ ’ਤੇ ਪਾਣੀ ਦੇ ਪ੍ਰਵਾਹ ਨੂੰ ਲੈ ਕੇ ਦਬਾਅ ਪਾ ਸਕਦਾ ਹੈ। ਮਿਸਾਲ ਵਜੋਂ, ਚੀਨ ਜੇਕਰ ਪਾਣੀ ਰੋਕ ਲੈਂਦਾ ਹੈ ਜਾਂ ਅਚਾਨਕ ਛੱਡ ਦਿੰਦਾ ਹੈ ਤਾਂ ਭਾਰਤ ਵਿਚ ਆਸਾਮ ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਹੜ੍ਹ ਜਾਂ ਸੋਕਾ ਪੈ ਸਕਦਾ ਹੈ, ਇਸੇ ਕਰਕੇ ਇਸ ਤਰ੍ਹਾਂ ਦੀ ਤਬਾਹੀ ਜੋ ਕਿਸੇ ਨਦੀ ਦੇ ਵਹਾਅ ਨੂੰ ਕੰਟਰੋਲ ਕਰਕੇ ਲਿਆਂਦੀ ਜਾ ਸਕੇ ਨੂੰ ਵਾਟਰ ਬੰਬ ਜਾਂ ਪਾਣੀ ਵਾਲਾ ਬੰਬ ਹੀ ਕਿਹਾ ਜਾ ਸਕਦਾ ਹੈ। ਇਹ ਸਿੱਧਾ ਹੇਠਲੇ ਲੋਕਾਂ ਦੀ ਜਾਨ-ਮਾਲ ਲਈ ਖ਼ਤਰਾ ਬਣ ਸਕਦਾ ਹੈ। ਇਸ ਤੋਂ ਇਲਾਵਾ, ਡੈਮ ਨਾਲ ਨਦੀ ਵਿਚੋਂ ਆਉਣ ਵਾਲੀ ਪੋਸ਼ਕ ਮਿੱਟੀ ਵੀ ਬੰਨ੍ਹ ਕਾਰਨ ਓਥੇ ਹੀ ਰੁਕ ਜਾਵੇਗੀ ਤੇ ਹੇਠਾਂ ਵਾਲੇ ਇਲਾਕਿਆਂ ਤੱਕ ਨਹੀਂ ਪੁੱਜੇਗੀ। ਇਹ ਮਿੱਟੀ ਖੇਤੀਬਾੜੀ ਲਈ ਬਹੁਤ ਜ਼ਰੂਰੀ ਹੁੰਦੀ ਹੈ, ਖਾਸ ਕਰਕੇ ਬੰਗਲਾਦੇਸ਼ ਅਤੇ ਆਸਾਮ ਵਰਗੇ ਖੇਤਰਾਂ ਵਿੱਚ। ਇਸ ਨਾਲ ਉੱਥੋਂ ਦੀ ਜ਼ਮੀਨ ਦੀ ਉਪਜਾਊ ਸ਼ਕਤੀ ਤੇ ਪ੍ਰਭਾਵ ਪਵੇਗਾ। ਨਦੀ ਦੀ ਜੈਵਿਕ ਵਿਭਿੰਨਤਾ ਨੂੰ ਵੀ ਇਸ ਨਾਲ ਨੁਕਸਾਨ ਹੋ ਸਕਦਾ ਹੈ। ਇੱਕ ਹੋਰ ਵੱਡੀ ਚਿੰਤਾ ਭੁਚਾਲਾਂ ਅਤੇ ਭੂਸਖਲਨ ਦੀ ਹੈ। ਹਿਮਾਲਾ ਦਾ ਇਹ ਖੇਤਰ ਭੁਚਾਲ ਸੰਵੇਦਨਸ਼ੀਲ ਹੈ। ਜੇਕਰ ਕਿਸੇ ਵੱਡੇ ਭੁਚਾਲ ਜਾਂ ਭੂਸਖਲਨ ਕਾਰਨ ਡੈਮ ਨੂੰ ਨੁਕਸਾਨ ਪਹੁੰਚਦਾ ਹੈ ਜਾਂ ਡੈਮ ਟੁੱਟਦਾ ਹੈ ਤਾਂ ਹੇਠਲੇ ਇਲਾਕਿਆਂ ਵਿੱਚ ਵੱਡੀ ਤਬਾਹੀ ਆ ਸਕਦੀ ਹੈ। ਚੀਨ ਨੇ ਇਸ ਡੈਮ ਦੀ ਯੋਜਨਾ ਨੂੰ ਬਿਨਾਂ ਭਾਰਤ ਜਾਂ ਬੰਗਲਾਦੇਸ਼ ਨਾਲ ਸਲਾਹ ਜਾਂ ਸਹਿਮਤੀ ਲੈਣ ਤੋਂ ਵਿੱਢ ਲਿਆ ਹੈ, ਜਿਸ ਕਰਕੇ ਇਹ ਇੱਕ ਅੰਤਰਰਾਸ਼ਟਰੀ ਮਾਮਲਾ ਬਣ ਗਿਆ ਹੈ। ਪਾਣੀ ਇੱਕ ਸਾਂਝਾ ਸਰੋਤ ਹੈ ਅਤੇ ਅੰਤਰਰਾਸ਼ਟਰੀ ਨਦੀਆਂ ਉੱਤੇ ਐਸਾ ਕੋਈ ਕੰਮ ਕਰਨਾ ਜੋ ਹੇਠਲੇ ਦੇਸ਼ਾਂ ਨੂੰ ਪ੍ਰਭਾਵਿਤ ਕਰੇ, ਬਿਨਾਂ ਸਹਿਮਤੀ ਦੇ ਇਹ ਸੰਯੁਕਤ ਰਾਸ਼ਟਰ ਦੇ ਪਾਣੀ ਸੰਬੰਧੀ ਨਿਯਮਾਂ ਦੀ ਉਲੰਘਣਾ ਹੈ। ਇਥੇ ਇੱਕ ਸਮੱਸਿਆ ਇਹ ਵੀ ਹੈ ਕਿ ਭਾਰਤ ਤੇ ਚੀਨ ਵਿਚਕਾਰ ਐਸਾ ਕੋਈ ਵੀ ਨਦੀਆਂ ਜਾਂ ਪਾਣੀਆਂ ਦਾ ਸਮਝੌਤਾ ਨਹੀਂ ਹੈ ਜੋ ਚੀਨ ਨੂੰ ਮਨਮਰਜ਼ੀ ਕਰਨ ਤੋਂ ਰੋਕਦਾ ਹੋਵੇ। ਇਥੋਂ ਤੱਕ ਕਿ ਚੀਨ ਪਾਣੀ ਦਾ ਡਾਟਾ ਸਾਂਝਾ ਕਰਨ ਦਾ ਵੀ ਪਾਬੰਦ ਨਹੀਂ ਹੈ।

ਭਾਰਤ ਲਈ ਇਹ ਮਾਮਲਾ ਨਿਰਾ ਵਾਤਾਵਰਣ ਸੰਵੇਦਨਸ਼ੀਲਤਾ ਵਾਲਾ ਜਾਂ ਆਰਥਿਕ ਨਹੀਂ, ਸਗੋਂ ਰਾਜਨੀਤਕ ਅਤੇ ਰਖਵਾਲੀ ਦੇ ਨੁਕਤੇ ਤੋਂ ਵੀ ਮਹੱਤਵ ਰੱਖਦਾ ਹੈ। ਚੀਨ ਅਰੁਣਾਚਲ ਪ੍ਰਦੇਸ਼ ਨੂੰ ਆਪਣਾ ਹਿੱਸਾ ਦੱਸਦਾ ਆਇਆ ਹੈ, ਅਤੇ ਇਸ ਖੇਤਰ ਵਿੱਚ ਡੈਮ ਬਣਾਉਣਾ ਭਾਰਤ ਲਈ ਇੱਕ ਤਣਾਅ ਪੈਦਾ ਕਰਨ ਵਾਲਾ ਕਦਮ ਹੋ ਸਕਦਾ ਹੈ। ਫਿਰ ਵੀ ਕਈ ਵਿਦਵਾਨ ਇਹ ਮੰਨਦੇ ਹਨ ਕਿ ਚੀਨ ਦਾ ਇਹ ਡੈਮ ਪਾਣੀ ਨੂੰ ਲੰਬੇ ਸਮੇਂ ਲਈ ਇਕੱਠਾ ਨਹੀਂ ਕਰੇਗਾ। ਇਨ੍ਹਾਂ ਡੈਮਾਂ ਦੀ ਬਹੁਤੀ ਵੱਧ ਸਮਰੱਥਾ ਨਹੀਂ ਹੁੰਦੀ, ਉਹ ਹੇਠਲੇ ਦੇਸ਼ ਨੂੰ ਤਤਕਾਲ ਝਟਕਾ ਦੇ ਸਕਣ। ਉੱਥੇ ਹੀ, ਭਾਰਤ ਵਿੱਚ ਬ੍ਰਹਮਪੁੱਤਰਾ ਨਦੀ ਵਿੱਚ ਆਉਣ ਵਾਲਾ ਜ਼ਿਆਦਾਤਰ ਪਾਣੀ ਤਿੱਬਤ ਤੋਂ ਨਹੀਂ, ਸਗੋਂ ਭਾਰਤੀ ਹਿੱਸੇ ਵਿੱਚ ਪੈਂਦੀਆਂ ਮੌਸਮੀ ਬਰਸਾਤ ਵਾਲੇ ਖੇਤਰਾਂ ਤੋਂ ਆਉਂਦਾ ਹੈ।

ਇਨ੍ਹਾਂ ਤੱਥਾਂ ਦੇ ਬਾਵਜੂਦ, ਚੀਨ ਦੀ ਪਾਰਦਰਸ਼ਤਾ ਦੀ ਘਾਟ, ਨੈਤਿਕ ਸਹਿਮਤੀਆਂ ਦੀ ਅਣਹੋਂਦ ਅਤੇ ਚੀਨ ਨਾਲ ਪਹਿਲਾਂ ਦੇ ਰਣਨੀਤਕ ਅਨੁਭਵਾਂ ਦੇ ਆਧਾਰ ’ਤੇ ਇਹ ਡੈਮ ਭਵਿੱਖ ਵਿੱਚ ਇੱਕ ਜਲ ਹਥਿਆਰ ਜਾਂ ਵਾਟਰ ਬੰਬ ਵਜੋਂ ਵਰਤੇ ਜਾਣ ਦੀ ਸੰਭਾਵਨਾ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦਾ। ਮੈਡੋਂਗ ਡੈਮ ਨਾ ਸਿਰਫ਼ ਤਕਨੀਕੀ ਮਹੱਤਵ ਵਾਲਾ ਪ੍ਰੋਜੈਕਟ ਹੈ,

(ਬਾਕੀ ਸਫ਼ਾ 31 ’ਤੇ)

# ਨਸ਼ਿਆਂ ਦੇ ਜਾਲ ’ਚ ਫ਼ਸਿਆ ਪੰਜਾਬ ਦਾ ਵਿਦਿਆਰਥੀ ਵਰਗ



ਮੋਹਨ ਸ਼ਰਮਾ






ਇੱਕ ਵਿਦਵਾਨ ਦਾ ਕਥਨ ਹੈ, ਜੇਕਰ ਤੁਹਾਡੀ ਇੱਕ ਸਾਲ ਦੀ ਯੋਜਨਾ ਹੈ ਤਾਂ ਖੇਤਾਂ ਵਿੱਚ ਫ਼ਸਲ ਬੀਜੋ, ਜੇਕਰ ਦਸ ਸਾਲ ਦੀ ਯੋਜਨਾ ਹੈ ਤਾਂ ਦਰੱਖਤ ਬੀਜੋ ਅਤੇ ਜੇਕਰ ਸੌ ਸਾਲ ਦੀ ਯੋਜਨਾ ਹੈ ਤਾਂ ਨਸਲਾਂ ਤਿਆਰ ਕਰੋ। ਦੁਖਾਂਤ ਇਹ ਹੈ ਕਿ ਇਸ ਵੇਲੇ ਫ਼ਸਲਾਂ ਉੱਤੇ ਖਤਰੇ ਦੇ ਬੱਦਲ ਮੰਡਲਾ ਰਹੇ ਹਨ, ਦਰੱਖਤ ਆਰਿਆਂ ਦੀ ਲਪੇਟ ਵਿੱਚ ਆ ਕੇ ਢਹਿ ਢੇਰੀ ਹੋ ਰਹੇ ਹਨ ਅਤੇ ਸਾਡੀਆਂ ਨਸਲਾਂ, ਸਾਡਾ ਭਵਿੱਖ ਤਰ੍ਹਾਂ ਤਰ੍ਹਾਂ ਦੇ ਐਬਾਂ ਦਾ ਸ਼ਿਕਾਰ ਹੋ ਕੇ ਜ਼ਿੰਦਗੀ ਭੰਗ ਦੇ ਭਾੜੇ ਗੁਆ ਰਿਹਾ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇੱਕ ਸਰਵੇਖਣ ਵਿੱਚ ਇਹ ਸਾਹਮਣੇ ਆਇਆ ਸੀ ਕਿ ਕਾਲਜ ਵਿੱਚ ਪੜ੍ਹਦੇ 10 ਵਿਦਿਆਰਥੀਆਂ ਵਿੱਚੋਂ ਔਸਤ ਤੀਜਾ ਵਿਦਿਆਰਥੀ ਨਸ਼ੇ ਦੀ ਲਪੇਟ ਵਿੱਚ ਆ ਚੁੱਕਿਆ ਹੈ। ਪਰ ਇਹ ਦੁਖਾਂਤਕ ਪਹਿਲੂ ਹੈ ਕਿ ਬਹੁਤ ਸਾਰੇ ਸਕੂਲ ਦੇ ਵਿਦਿਆਰਥੀਆਂ ਤਕ ਵੀ ਇਹ ਨਸ਼ੇ ਦਾ ਸੇਕ ਪੁੱਜ ਚੁੱਕਿਆ ਹੈ। ਪਿਛਲੇ ਦਿਨੀਂ ਸੰਗਰੂਰ ਵਿੱਚ ਨੌਵੀਂ ਦਸਵੀਂ ਵਿੱਚ ਪੜ੍ਹਦੇ ਤਿੰਨ ਵਿਦਿਆਰਥੀਆਂ ਨੇ ਸਕੂਲ ਜਾਣ ਤੋਂ ਪਹਿਲਾਂ ਸ਼ਰਾਬ ਦੇ ਠੇਕੇ ਤੋਂ ਬੋਤਲ ਖਰੀਦੀ। ਫ਼ਿਰ ਨਾਲ ਲਗਦੇ ਅਹਾਤੇ ਵਿੱਚ ਜਾ ਕੇ ਘਰੋਂ ਲਿਆਂਦੀਆਂ ਪਾਣੀ ਵਾਲੀਆਂ ਬੋਤਲਾਂ ਵਿੱਚ ਇਸ ਨੂੰ ਪਾ ਕੇ ਬੋਤਲਾਂ ਬੈਗ ਵਿੱਚ ਪਾ ਲਈਆਂ। ਥੋੜ੍ਹੇ ਫ਼ਰਕ ’ਤੇ ਖੜ੍ਹੇ ਪੱਤਰਕਾਰ ਨੇ ਉਨ੍ਹਾਂ ਦੀ ਇਹ ਕਾਰਵਾਈ ਕੈਮਰੇ ਵਿੱਚ ਕੈਦ ਕਰ ਲਈ ਅਤੇ ਅਗਲੇ ਦਿਨ ਇਹ ਖ਼ਬਰ ਅਖ਼ਬਾਰ ਵਿੱਚ ਪ੍ਰਕਾਸ਼ਿਤ ਹੋਈ। ਪ੍ਰਸ਼ਾਸਨ ਅਤੇ ਵਿੱਦਿਆ ਵਿਭਾਗ ਹਰਕਤ ਵਿੱਚ ਵੀ ਆਇਆ ਅਤੇ ਇਹ ਹਦਾਇਤਾਂ ਜ਼ਿਲ੍ਹੇ ਦੇ ਸਾਰੇ ਸਕੂਲ ਮੁਖੀਆਂ ਨੂੰ ਜਾਰੀ ਹੋਈਆਂ ਕਿ ਸਵੇਰ ਦੀ ਪ੍ਰਾਰਥਨਾ ਸਭਾ ਵੇਲੇ ਵਿਦਿਆਰਥੀਆਂ ਦੇ ਬੈਗ ਚੰਗੀ ਤਰ੍ਹਾਂ ਚੈੱਕ ਕਰ ਲਏ ਜਾਣ। ਕੁਝ ਦਿਨ ਇਹ ਹਿੱਲ ਜੁਲ ਹੋਈ ਅਤੇ ਫ਼ਿਰ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ। ਆਬਕਾਰੀ ਵਿਭਾਗ ’ਤੇ ਵੀ ਉਸ ਸਮੇਂ ਉਂਗਲਾਂ ਉੱਠੀਆਂ ਕਿ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਠੇਕੇ ਤੋਂ ਸ਼ਰਾਬ ਵੇਚਣੀ ਕਾਨੂੰਨ ਦੀ ਉਲੰਘਣਾ ਹੈ ਅਤੇ ਇਹ ਉਲੰਘਣਾ ਕਰਕੇ ਸਕੂਲ ਦੇ ਵਿਦਿਆਰਥੀਆਂ ਨੂੰ ਸ਼ਰਾਬ ਵੇਚੀ ਜਾ ਰਹੀ ਹੈ।

ਕੁਝ ਦਿਨ ਪਹਿਲਾਂ ਹੀ ਅੰਮ੍ਰਿਤਸਰ ਦਾ ਰਹਿਣ ਵਾਲਾ ਤਸਕਰ ਖਰੜ ਵਿਖੇ ਫ਼ਲੈਟ ਲੈ ਕੇ ਵਿਦਿਆਰਥੀਆਂ ਨੂੰ ਨਸ਼ਾ ਸਪਲਾਈ ਕਰਦਾ ਗ੍ਰਿਫ਼ਤਾਰ ਕੀਤਾ ਗਿਆ ਹੈ। ਨਸ਼ਾ ਸਪਲਾਈ ਕਰਨ ਲਈ ਉਸਨੇ ਸਕੂਲ ਦੇ ਵਿਦਿਆਰਥੀਆਂ ਨੂੰ ਵੀ ਲਾਲਚ ਦੇ ਕੇ ਪਾਂਡੀ ਬਣਾ ਲਿਆ ਸੀ। ਕਿਉਂਕਿ ਵਿਦਿਆਰਥੀਆਂ ਉੱਤੇ ਛੋਟੀ ਉਮਰ ਹੋਣ ਕਾਰਨ ਕੋਈ ਸ਼ੱਕ ਨਹੀਂ ਕਰਦਾ, ਇਸ ਲਈ ਬਹੁਤ ਸਾਰੇ ਸਕੂਲ ਦੇ ਵਿਦਿਆਰਥੀਆਂ ਨੂੰ ਤਸਕਰ ਨਸ਼ਾ ਇੱਕ ਥਾਂ ਤੋਂ ਦੂਜੀ ਥਾਂ ’ਤੇ ਪਹੁੰਚਾਉਣ ਲਈ ਵਰਤ ਰਹੇ ਹਨ। ਵਿਦਿਆਰਥੀ ਵਰਗ ,ਜਿਨ੍ਹਾਂ ਦੇ ਹੱਥਾਂ ਵਿੱਚ ਪੁਸਤਕਾਂ ਹੋਣੀਆਂ ਚਾਹੀਦੀਆਂ ਹਨ, ਜਿਨ੍ਹਾਂ ਕੋਲ ਕਿਰਤ ਦਾ ਸੰਕਲਪ ਹੋਣਾ ਚਾਹੀਦਾ ਹੈ, ਜਿਨ੍ਹਾਂ ਦੇ ਹੱਥ ਦੁਆ ਲਈ ਉੱਠਣੇ ਚਾਹੀਦੇ ਹਨ, ਉਨ੍ਹਾਂ ਹੱਥਾਂ ਵਿੱਚ ਨਸ਼ਿਆਂ ਦੀਆਂ ਪੁੜੀਆਂ ਦਾ ਹੋਣਾ, ਸਿਰਫ਼ ਉਨ੍ਹਾਂ ਦੇ ਜੀਵਨ ਲਈ ਹੀ ਘਾਤਕ ਨਹੀਂ, ਸਗੋਂ ਮਾਪਿਆਂ ਦੇ ਆਪਣੀ ਔਲਾਦ ਪ੍ਰਤੀ ਸਿਰਜੇ ਸੁਪਨਿਆਂ ਨੂੰ ਵੀ ਖੇਰੂੰ ਖੇਰੂੰ ਕਰਨਾ ਹੈ। ਗੰਭੀਰ ਹੋ ਕੇ ਇਹ ਵੀ ਚਿੰਤਨ ਕਰਨ ਵਾਲੀ ਗੱਲ ਹੈ ਕਿ ਵਿਦਿਆਰਥੀ ਵਰਗ ਪ੍ਰਾਂਤ ਅਤੇ ਦੇਸ਼ ਦਾ ਭਵਿੱਖ ਹਨ ਅਤੇ ਸਮਾਜਿਕ ਜ਼ਿੰਮੇਵਾਰੀਆਂ ਦਾ ਬੋਝ ਵੀ ਭਵਿੱਖ ਵਿੱਚ ਇਨ੍ਹਾਂ ਨੇ ਚੁੱਕਣਾ ਹੈ। ਭਲਾ ਅਜਿਹੀ ਸਥਿਤੀ ਵਿੱਚ ਨਿੱਗਰ, ਉਸਾਰੂ ਅਤੇ ਅਗਾਂਹ ਵਧੂ ਸਮਾਜ ਦੀ ਆਸ ਕਿੰਝ ਰੱਖੀ ਜਾ ਸਕਦੀ ਹੈ?

ਜੇਕਰ ਸਮਾਜ ਦੀ ਨੀਂਹ ਕਮਜ਼ੋਰ ਹੈ ਤਾਂ ਪ੍ਰਾਂਤ ਦੀ ਖੁਸ਼ਹਾਲੀ ਉੱਤੇ ਪ੍ਰਸ਼ਨ ਚਿੰਨ੍ਹ ਲੱਗਣਾ ਕੁਦਰਤੀ ਹੈ। ਬਿਮਾਰ ਸਮਾਜ ਹਮੇਸ਼ਾ ਹੀ ਪ੍ਰਾਂਤ ਅਤੇ ਦੇਸ਼ ਲਈ ਘਾਤਕ ਹੁੰਦਾ ਹੈ। ਇੱਕ ਸਰਵੇਖਣ ਅਨੁਸਾਰ 13-15 ਆਯੂ ਗੁੱਟ ਦੇ ਸਕੂਲ ਵਿਦਿਆਰਥੀਆਂ ਵਿੱਚ ਨਸ਼ੇ ਦੀ ਆਦਤ ਸਰਕਾਰੀ ਸਕੂਲਾਂ ਵਿੱਚ 11.9% ਅਤੇ ਪ੍ਰਾਈਵੇਟ ਸਕੂਲਾਂ ਵਿੱਚ 5.9% ਹੈ। ਸਕੂਲ ਦੇ ਵਿਦਿਆਰਥੀਆਂ ਵਿੱਚ ਨਸ਼ਿਆਂ ਦੀ ਘੁਸਪੈਠ ਦਾ ਅਰਥ ਹੈ ਸਕੂਲ ਵਿੱਚ ਅਨੁਸ਼ਾਸਨਹੀਣਤਾ, ਨੈਤਿਕ ਕਦਰਾਂ ਕੀਮਤਾਂ ਦਾ ਨਿਘਾਰ, ਭਵਿੱਖ ਧੁੰਦਲਾ, ਸਰੀਰਕ, ਮਾਨਸਿਕ ਅਤੇ ਬੌਧਕ ਕੰਗਾਲੀ ਦਾ ਸ਼ਿਕਾਰ ਹੋਣਾ।

ਸਰੀਰਕ ਪੱਖ ਤੋਂ ਨਿਘਾਰ ਕਈ ਵਾਰ ਜਾਨਲੇਵਾ ਵੀ ਸਾਬਤ ਹੋ ਸਕਦਾ ਹੈ। ਅਕਸਰ 11-14 ਆਯੂ ਗੁੱਟ ਦੇ ਵਿਦਿਆਰਥੀ ਸ਼ੁਰੂ ਵਿੱਚ ਸ਼ੌਕ ਸ਼ੌਕ ਵਿੱਚ ਸੁਸਾਇਟੀ ਦੇ ਅਸਰ ਨਾਲ ਜਾਂ ਘਰੋਂ ਮਿਲੇ ਸੰਸਕਾਰਾਂ ਦੇ ਅਸਰ ਹੇਠ ਬੀੜੀ, ਜਰਦਾ ਅਤੇ ਸਿਗਰਟ ਦੀ ਵਰਤੋਂ ਕਰਦੇ ਹਨ। ਸਿਗਨੇਚਰ ਦੀ ਵਰਤੋਂ ਵੀ ਇਸ ਵਿੱਚ ਸ਼ਾਮਲ ਹੈ। ਵਿਦਿਆਰਥੀ ਵਰਗ ਲਈ ਇਹ ਨਸ਼ੇ ਦਾ ਪਹਿਲਾ ਪੜਾਅ ਹੈ। ਜੇਕਰ ਇਸ ਪੜਾਅ ’ਤੇ ਵਿਦਿਆਰਥੀ ਨੂੰ ਰੋਕਿਆ ਨਾ ਜਾਵੇ ਤਾਂ ਉਸਦਾ 14 ਸਾਲ ਦੀ ਉਮਰ ਉਪਰੰਤ ਸ਼ਰਾਬ ਵੱਲ ਝੁਕਾਅ ਹੋ ਜਾਂਦਾ ਹੈ। ਜੇਕਰ ਦੂਜੇ ਪੜਾ ਵੱਲ ਵੀ ਧਿਆਨ ਨਾ ਦਿੱਤਾ ਜਾਵੇ ਤਾਂ ਫ਼ਿਰ ਤੀਜੇ ਪੜਾਅ ਵਿੱਚ ਉਸਦੇ ਹੱਥ ਵਿੱਚ ਚਿੱਟਾ ਅਤੇ ਸਰਿੰਜ ਹੁੰਦੀ ਹੈ। ਇਹ ਤੀਜਾ ਪੜਾਅ ਬਹੁਤ ਹੀ ਘਾਤਕ ਅਤੇ ਜਾਨਲੇਵਾ ਹੈ।

ਪੰਜਾਬ ਵਿੱਚ ਨਸ਼ਿਆਂ ਦੇ ਮੁੱਦੇ ’ਤੇ ਜਿੰਨੀਂ ਸਿਆਸੀ ਬਿਆਨਬਾਜ਼ੀ ਅਤੇ ਮਾਅਰਕੇ ਬਾਜ਼ੀ ਹੋ ਰਹੀ ਹੈ, ਜ਼ਮੀਨੀ ਪੱਧਰ ’ਤੇ ਇਸਦੀ ਰੋਕਥਾਮ ਲਈ ਐਨਾ ਕੰਮ ਨਹੀਂ ਹੋਇਆ। ਜੇਕਰ ਅਜਿਹਾ ਸੰਭਵ ਹੁੰਦਾ ਤਾਂ ਨਾ ਤਾਂ ਸਿਵਿਆਂ ਵਿੱਚ ਨਸ਼ਿਆਂ ਦੀ ਭੇਂਟ ਚੜ੍ਹੇ ਨੌਜਵਾਨਾਂ ਨੂੰ ਅਗਨ ਭੇਟ ਕਰਨ ਲਈ ਐਨੀ ਭੀੜ ਹੁੰਦੀ ਅਤੇ ਨਾ ਹੀ ਸੱਥਰਾਂ ’ਤੇ ਮਨਾਂ ਨੂੰ ਵਲੂੰਧਰਨ ਵਾਲੇ ਵੈਣ ਸੁਣਨ ਨੂੰ ਮਿਲਦੇ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ ਪੰਜਾਬ ਦੀ ਅਬਾਦੀ ਕੁੱਲ ਦੇਸ਼ ਦੀ ਅਬਾਦੀ ਦਾ 2.21% ਹੈ, ਪਰ ਓਵਰਡੋਜ਼ ਨਾਲ ਮਰਨ ਵਾਲਿਆਂ ਦੀ ਗਿਣਤੀ ਕੁੱਲ ਦੇਸ਼ ਵਿੱਚ ਹੋਈਆਂ ਮੌਤਾਂ ਦਾ 21% ਹੈ।

ਯੁੱਧ ਨਸ਼ਿਆਂ ਵਿਰੁੱਧ ਦੀ ਅਗਲੀ ਕੜੀ ਵਿੱਚ ਪੰਜਾਬ ਸਰਕਾਰ ਨੇ ਫ਼ਾਜ਼ਿਲਕਾ ਜ਼ਿਲ੍ਹੇ ਦੇ ਅਰਨੀਵਾਲਾ ਐਮੀਨੈਂਸ ਸਕੂਲ ਵਿੱਚ 1 ਅਗਸਤ ਨੂੰ ਸਮਾਗਮ ਕਰਕੇ ਛੇ ਜ਼ਿਲ੍ਹਿਆਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਬੁਲਾ ਕੇ ਨੌਵੀਂ ਤੋਂ ਬਾਰ੍ਹਵੀਂ ਤਕ ਦੇ ਸਿਲੇਬਸ ਵਿੱਚ ਨਸ਼ਿਆਂ ਦਾ ਸਿਲੇਬਸ ਸ਼ਾਮਲ ਕਰਨ ਦੀ ਯੋਜਨਾ ਅਰੰਭ ਕਰਨ ਦਾ ਐਲਾਨ ਕੀਤਾ ਹੈ। ਵਿਦਿਆਰਥੀ ਵਰਗ ਲਈ ਇਹ ਇੱਕ ਉਸਾਰੂ ਕਦਮ ਹੈ, ਪਰ ਇਸਦੇ ਨਾਲ ਹੀ ਮਾਪਿਆਂ ਅਤੇ ਅਧਿਆਪਕਾਂ ਦਾ ਰੋਲ ਮਾਡਲ ਹੋਣਾ, ਉਹਨਾਂ ਦਾ ਆਪਸ ਵਿੱਚ ਸੰਪਰਕ ਹੋਣਾ, ਸਮਾਜ ਦਾ ਨਾਲ ਜੁੜਨਾ ਅਤੇ ਰਾਜਸੀ ਦ੍ਰਿੜ੍ਹ ਇੱਛਾ ਸ਼ਕਤੀ ਨੂੰ ਅਮਲੀ ਜਾਮਾ ਪਹਿਨਾਉਣਾ ਅਤਿਅੰਤ ਜ਼ਰੂਰੀ ਹੈ। ਇਸ ਤਰ੍ਹਾਂ ਉਸਾਰੀ ਗਈ ਲੋਕ ਲਹਿਰ ਹੀ ਨਸ਼ਿਆਂ ਦੀ ਵਗਦੀ ਮਾਰੂ ਹਨੇਰੀ ਨੂੰ ਠੱਲ੍ਹ ਪਾ ਸਕੇਗੀ

# ਭਾਰਤ ਵਿੱਚ ਫਿਰਕੂ ਰਾਸ਼ਟਰਵਾਦ ਤੇ ਨਿਰਪੱਖ ਪੱਤਰਕਾਰੀ ਦਾ ਸੰਕਟ



ਡਾ. ਗੁਰਦਰਸ਼ਨ ਸਿੰਘ ਜੰਮੂ

ਯੂ.ਪੀ. ਦੇ ਹਾਥਰਸ ਜ਼ਿਲ੍ਹੇ ਵਿੱਚ 2020 ਵਿੱਚ ਇੱਕ 19 ਸਾਲਾ ਦਲਿਤ ਕੁੜੀ ਨਾਲ ਚਾਰ ਉੱਚ ਜਾਤੀ ਵਿਅਕਤੀਆਂ ਵੱਲੋਂ ਬਲਾਤਕਾਰ ਪਿੱਛੋਂ ਉਹਦੇ ਵਹਿਸ਼ੀ ਕਤਲ ਨੂੰ ਕਵਰ ਕਰਨ ਜਾਂਦੇ ਪੱਤਰਕਾਰ ਸੱਦੀਕੀ ਕੱਪਨ ਨੂੰ ਪੁਲਿਸ ਨੇ ਚਾਰ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ। ਬੀ.ਬੀ.ਸੀ ਅਨੁਸਾਰ ਬਾਅਦ ਵਿੱਚ ਉਹਨਾਂ ਉੱਤੇ ਦੇਸ਼ ਧ੍ਰੋਹ ਅਤੇ ਅੱਤਵਾਦ ਵਿਰੋਧੀ ਆਈ.ਪੀ.ਸੀ. ਦੀਆਂ ਸਖ਼ਤ ਧਾਰਾਵਾਂ ਅਤੇ ਯੂ.ਏ.ਪੀ.ਏ ਦੀਆਂ ਧਾਰਾਵਾਂ ਜੋੜਕੇ ਕਾਨੂੰਨੀ ਸ਼ਿਕੰਜਾ ਕੱਸ ਦਿੱਤਾ। ਪੁਲਿਸ ਵੱਲੋਂ ਤਿਆਰ ਕੀਤੇ ਗਏ ਫਰਜ਼ੀ ਇਕਬਾਲੀਆ ਬਿਆਨ ’ਤੇ ਦਸਤਖਤ ਕਰਾਉਣ ਲਈ ਉਹਨਾਂ ਉੱਤੇ ਤਸ਼ੱਦਦ ਢਾਹਿਆ ਗਿਆ। ਪੁਲਿਸ ਦੀ ਟਾਸਕ ਫੋਰਸ ਨੇ ਕੱਪਨ ਵਿਰੁੱਧ ਪੰਜ ਹਜ਼ਾਰ ਪੰਨਿਆਂ ਦੀ ਚਾਰਜਸ਼ੀਟ ਪੇਸ਼ ਕੀਤੀ ਅਤੇ 28 ਮਹੀਨੇ ਉਸਦੀ ਜ਼ਮਾਨਤ ਨਾ ਹੋਈ।

ਤਾਜ਼ਾ ਘਟਨਾਕਰਮ ਵਿੱਚ ਪੱਤਰਕਾਰ ਅਜੀਤ ਅੰਜੁਮ ਉੱਤੇ 22 ਜੁਲਾਈ 2025 ਨੂੰ ਬਿਹਾਰ ਦੇ ਬੇਗੂਸਰਾਏ ਵਿੱਚ ਉਦੋਂ ਐੱਫ.ਆਈ.ਆਰ ਦਰਜ ਕਰ ਦਿੱਤੀ ਗਈ ਜਦੋਂ ਉਸਨੇ ਚੋਣ ਕਮਿਸ਼ਨ ਵੱਲੋਂ ਵੋਟਰ ਲਿਸਟਾਂ ਦੀ ਸੁਧਾਈ ਵਿੱਚ ਗੜਬੜ ਦੀ ਖਬਰ ਦਿੱਤੀ। ਪ੍ਰੈੱਸ ਕੱਲਬ ਆਫ ਇੰਡੀਆ ਅਤੇ ਇੰਡੀਅਨ ਵੋਮੈਂਨ ਪ੍ਰੈੱਸ ਕਾਰਪਸ ਨੇ ਇਸਦੀ ਨਿੰਦਾ ਕਰਦਿਆਂ ਇਸ ਨੂੰ ਪ੍ਰੈੱਸ ਸੁਤੰਤਰਤਾ ’ਤੇ ਹਮਲਾ ਕਰਾਰ ਦਿੱਤਾ। ਪਿਛਲੇ 10 ਸਾਲਾਂ ਵਿੱਚ ਵਿਰੋਧ ਵਿੱਚ ਲਿਖਣ ਵਾਲੇ 154 ਪੱਤਰਕਾਰਾਂ ਅਤੇ ਲੇਖਕਾਂ ਨੂੰ ਗ੍ਰਿਫਤਾਰ ਕਰਕੇ ਇੰਟੈਰੋਗੇਟ ਕੀਤਾ ਗਿਆ। ਇਕੱਲੇ ਭਾਜਪਾ ਦੇ ਰਾਜਾਂ ਵਾਲੇ ਸੂਬਿਆਂ ਵਿੱਚ 73 ਪੱਤਕਾਰਾਂ ਵਿਰੁੱਧ ਮੁਕੱਦਮੇ ਦਰਜ ਕੀਤੇ ਗਏ।

ਬੀਤੇ 5 ਸਾਲਾਂ ਵਿੱਚ ਆਰ.ਐੱਸ.ਐੱਸ. ਅਤੇ ਸਰਕਾਰੀ ਸ਼ਹਿ ਪ੍ਰਾਪਤ ਗੈਰ ਕਾਨੂੰਨੀ ਖਨਣ ਅਤੇ ਭੂ ਮਾਫੀਆ ਵੱਲੋਂ 198 ਪੱਤਰਕਾਰਾਂ ਉੱਤੇ ਘਾਤਕ ਹਮਲੇ ਕੀਤੇ ਗਏ। ਥੋੜ੍ਹੇ ਦਿਨ ਪਹਿਲਾ (4 ਜੁਲਾਈ 2025 ਨੂੰ) 27 ਸਾਲਾ ਪੱਤਰਕਾਰ ਕੁਮਾਰੀ ਸਨੇਹ ਬਰਾਵੇ ਦੀ ਨਾਜਾਇਜ਼ ਕਬਜ਼ੇ ਸਬੰਧੀ ਖਬਰ ਦੇਣ ਕਾਰਨ ਕਬਜ਼ਾਧਾਰੀਆਂ ਨੇ ਕੁੱਟਮਾਰ ਕੀਤੀ, ਜਿਸਦੇ ਸਿਰ, ਬਾਹਾਂ ਅਤੇ ਪਿੱਠ ਵਿੱਚ ਸੱਟਾਂ ਵੱਜੀਆਂ ਅਤੇ ਉਹ ਬੇਹੋਸ਼ੀ ਦੀ ਹਾਲਤ ਵਿੱਚ ਡਿਗੀ ਪਈ ਮਿਲੀ। ਪੁਲਿਸ ਨੇ ਪਹੁੰਚ ਵਾਲੇ ਇਨ੍ਹਾਂ ਪੰਜ ਹਮਲਾਵਰਾਂ ਵਿਰੁੱਧ ਮਾਮੂਲੀ ਧਰਾਵਾਂ 118 (2) ਵਗੈਰਾ ਤਹਿਤ ਕੇਸ ਦਰਜ ਕੀਤਾ, ਜਿਨ੍ਹਾਂ ਦੀ ਅਗਲੇ ਦਿਨ ਜ਼ਮਾਨਤ ਹੋ ਗਈ। ਅਪ੍ਰੈਲ 2025 ਨੂੰ ਜੰਮੂ ਕਸ਼ਮੀਰ ਦੇ ਕਠੂਆ ਵਿੱਚ ਭਾਜਪਾ ਦੇ ਜਲੂਸ ਨੂੰ ਕਵਰ ਕਰ ਰਹੇ ਜਾਗਰਣ ਦੇ ਸੀਨੀਅਰ ਪੱਤਰਕਾਰ ਰਕੇਸ਼ ਸ਼ਰਮਾ ’ਤੇ ਭਾਜਪਾ ਕਾਰਕੁਨਾਂ ਨੇ ਹਮਲਾ ਕਰਕੇ ਉਹਨੂੰ ਜ਼ਖਮੀ ਕਰ ਦਿੱਤਾ, ਜਿਸ ਨੂੰ ਮੈਡੀਕਲ ਕਾਲਜ



ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਉਸਨੇ ਇੰਨਾ ਹੀ ਪੁੱਛਿਆ ਸੀ ਕਿ ਪਹਿਲਗਾਮ ਵਿੱਚ ਸੁਰੱਖਿਆ ਦੀ ਕਮੀ ਤਾਂ ਨਹੀਂ ਸੀ ਰਹੀ। ਪੱਤਰਕਾਰਾਂ ਨੇ ਐੱਸ.ਐੱਸ.ਪੀ. ਤੋਂ ਦੋਸ਼ੀਆਂ ਵਿਰੁੱਧ ਐੱਫ.ਆਈ.ਆਰ ਦਰਜ ਕਰਨ ਦੀ ਮੰਗ ਕਰਦਿਆਂ ਭਾਜਪਾ ਦੇ ਪ੍ਰੋਗਰਾਮਾਂ ਦਾ ਉਦੋਂ ਤਕ ਬਾਈਕਾਟ ਕਰਨ ਦਾ ਫੈਸਲਾ ਲਿਆ ਜਦੋਂ ਤਕ ਐੱਫ.ਆਈ.ਆਰ ਦਰਜ ਨਹੀਂ ਕੀਤੀ ਜਾਂਦੀ।

2014 ਤੋਂ 2021 ਤੱਕ ਮੋਦੀ ਰਾਜ ਦੇ ਪਹਿਲੇ 7 ਸਾਲਾਂ ਵਿੱਚ ਗੌਰੀ ਲੰਕੇਸ਼ ਸਮੇਤ 24 ਪੱਤਰਕਾਰ ਮਾਰੇ ਗਏ। ਕਾਂਗਰਸ ਦੇ 2004 ਤੋਂ 2014 ਤਕ ਦੇ 10 ਸਾਲਾ ਰਾਜ ਦੌਰਾਨ 10 ਪੱਤਰਕਾਰ ਮਾਰੇ ਗਏ ਸਨ। ਗੌਰੀ ਲੰਕੇਸ਼ ਨੂੰ 5 ਸਤੰਬਰ 2017 ਵਿੱਚ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਗਿਆ ਸੀ। ਭਾਜਪਾ ਐੱਮਐੱਲਏ ਡੀ.ਐੱਨ. ਜੀਵਾਰਾਜ ਨੇ ਬਿਆਨ ਦਿੱਤਾ ਸੀ ਕਿ ਜੇ ਗੌਰੀ ਆਰ.ਐੱਸ.ਐੱਸ ਵਿਰੁੱਧ ਲੇਖ ਨਾ ਲਿਖਦੀ ਤਾਂ ਅੱਜ ਉਹ ਜਿਊਂਦੀ ਹੁੰਦੀ। 18 ਜੂਨ 2018 ਦੇ ਟਾਈਮਜ਼ ਆਫ ਇੰਡੀਆ ਅਨੁਸਾਰ ਰਾਮ ਸੈਨਾ ਮੁਖੀ ਪ੍ਰਮੋਦ ਮੁਥਾਲਿਕ ਨੇ ਗੌਰੀ ਦੀ ਤੁਲਨਾ ਕੁੱਤੇ ਨਾਲ ਕੀਤੀ। 16 ਸਤੰਬਰ 2017 ਦੀ ਬੀ.ਬੀ.ਸੀ ਦੀ ਖਬਰ ਅਨੁਸਾਰ ਹਿੰਦੂ ਫਿਰਕਾਪ੍ਰਸਤ ਪਿਛਲੇ ਕੁਝ ਸਾਲਾਂ ਤੋਂ ਹਿੰਦੂਤੱਵਵਾਦੀਆਂ ਦੀ ਆਲੋਚਨਾ ਕਰਨ ਵਾਲੇ ਪੱਤਰਕਾਰਾਂ ਨੂੰ ਘਿਰਣਾ ਨਾਲ ਦੇਖਦੇ ਹਨ ਅਤੇ ਔਰਤ ਪੱਤਰਕਾਰਾਂ ਨੂੰ ਬਲਾਤਕਾਰ ਕਰਨ ਦੀਆਂ ਧਮਕੀਆਂ ਦਿੰਦੇ ਹਨ। ਭਾਜਪਾ ਦੇ ਕੁਝ ਮੰਤਰੀਆਂ ਨੇ ਵਿਰੋਧੀ ਪੱਤਰਕਾਰੀ ਨੂੰ ਪ੍ਰੈਸਟੀਚਿਊਟ (ਪ੍ਰੈੱਸ ਅਤੇ ਵੇਸਵਾ ਦਾ ਮਿਸ਼ਰਣ) ਕਿਹਾ। ਆਰ.ਐੱਸ.ਐਫ (ਰਿਪੋਰਟਰਜ ਸੈਨਜ ਫਰੰਟੀਅਰਜ਼) ਅਨੁਸਾਰ ਕੌਮੀ ਬਹਿਸਾਂ ਵਿੱਚੋਂ ਵਿਰੋਧੀ ਸੁਰਾਂ ਨੂੰ ਲਾਂਭੇ ਕਰਨ ਨਾਲ ਮੁੱਖ ਮੀਡੀਆ ਵਿੱਚ ਸੈਲਫ ਸੈਂਸਰਸ਼ਿੱਪ ਦਾ ਵਾਧਾ ਹੋ ਰਿਹਾ ਹੈ।

ਐਮਰਜੈਂਸੀ ਦੌਰਾਨ 19 ਮਹੀਨੇ ਪ੍ਰੈੱਸ ਸੈਂਸਰਸ਼ਿੱਪ ਰਹੀ ਸੀ ਪਰ ਮੋਦੀ ਰਾਜ ਵਿੱਚ ਚੱਲ ਰਹੀ ਇਸ ਅਣਐਲਾਨੀ ਸੈਂਸਰਸ਼ਿੱਪ ਦੀ ਕੋਈ ਸਮਾਂ ਸੀਮਾ ਨਹੀਂ। ਹਰੇਕ ਪੱਤਰਕਾਰ ਤਾਂ ਆਪਣੇ ਆਪ ਨੂੰ ਮੌਤ ਦੇ ਮੂੰਹ ਵਿੱਚ ਪਾ ਨਹੀਂ ਸਕਦਾ। ਕੱਪਨ ਨੂੰ ਜੇਲ੍ਹ ਵਿੱਚੋਂ ਆਉਣ ਪਿੱਛੋਂ ਕੰਮ ਲਈ ਦਰ ਦਰ ਭਟਕਣਾ ਪਿਆ। ਸਰਕਾਰੀ ਇਸ਼ਤਿਹਾਰ ਨਾ ਮਿਲਣ ਦੇ ਡਰੋਂ ਪ੍ਰੈੱਸ ਉਸ ਨੂੰ ਕੰਮ ਦੇਣ ਨੂੰ ਤਿਆਰ ਨਹੀਂ ਸੀ। ਮੀਡੀਆ ਦਾ ਵੱਡਾ ਹਿੱਸਾ ਤਾਂ ਸਰਕਾਰ ਨੇ ਪਹਿਲਾ ਹੀ ਹਥਿਆ ਲਿਆ ਹੈ। ਬਹੁਤੇ ਚੈਨਲ ਅਤੇ ਪ੍ਰਿੰਟ ਮੀਡੀਆ ਅੰਬਾਨੀ ਵਰਗੇ ਕਾਰਪੋਰੇਟ ਘਰਾਣਿਆਂ ਦੀ ਮਾਲਕੀ ਹੈ। ਐੱਨ.ਡੀ.ਟੀ.ਵੀ ਜੋ ਲੋਕ ਪੱਖੀ ਸੀ, ਗੌਤਮ ਅਡਾਨੀ ਨੇ ਖਰੀਦ ਲਿਆ ਹੈ। 27 ਜੁਲਾਈ 2025 ਦੇ ਪੰਜਾਬੀ ਟ੍ਰਿਬਿਊਨ ਵਿੱਚ ਛਪੇ ਰਾਮ ਚੰਦਰ ਗੂਹਾ ਦੇ ਲੇਖ ਅਨੁਸਾਰ ਗੋਦੀ ਮੀਡੀਆ ਅਤੇ ਅਜਿਹੀਆਂ ਅਖਬਾਰਾਂ ਆਪਣੀ ਕਠਪੁਤਲੀ ਵਾਲੀ ਦਿੱਖ ਨੂੰ ਅਤੇ ਉਹਨਾਂ ਰਿਪੋਰਟਾਂ ਨੂੰ ਦਬਾ ਦਿੰਦੀਆਂ ਹਨ ਜੋ ਕੇਂਦਰ ਸਰਕਾਰ ਨੂੰ ਮਾੜੀ ਰੋਸ਼ਨੀ ਵਿੱਚ ਦਿਖਾ ਸਕਦੀਆਂ ਹਨ ਅਤੇ ਟੀ.ਵੀ ਚੈਨਲ ਸਰਗਰਮੀ ਨਾਲ ਕੂੜ ਪ੍ਰਚਾਰ ਕਰਦੇ ਹਨ। ਛੋਟੇ ਅਖਬਾਰ ਹੀ ਰਹਿ ਗਏ ਹਨ ਲੋਕਾਂ ਦੀ ਗੱਲ ਕਰਨ ਨੂੰ, ਵਧੇਰੇ ਪੱਤਰਕਾਰ ਸੈਲਫ ਸੈਂਸਰਸ਼ਿੱਪ ਹੇਠ ਕੰਮ ਕਰਨ ਨੂੰ ਮਜਬੂਰ ਹਨ ਅਤੇ ਥੋੜ੍ਹੇ ਹੀ ਜੋਖਮ ਉਠਾਉਣ ਨੂੰ ਤਿਆਰ ਹੁੰਦੇ ਹਨ। ਪਰ ਵਾਲਟੇਅਰ ਦੇ ਦੱਸੇ ਤੋਂ ਸਿੱਖਣ ਵਾਲੇ ਵੀ ਮੌਜੂਦ ਹਨ, ਜਿਸਦਾ ਕਥਨ ਹੈ ਇਮਾਨਦਾਰ ਲੋਕਾਂ ਦੀ ਬੁਜ਼ਦਿਲੀ ਦਾ ਨਤੀਜਾ ਬੇਈਮਾਨਾਂ ਅਤੇ ਬਦਮਾਸ਼ਾਂ ਦੀ ਜਿੱਤ ਯਕੀਨੀ ਬਣਾ ਦਿੰਦਾ ਹੈ। ਉਹ ਜਾਣਦੇ ਹਨ ਕਿ ਇਤਿਹਾਸ ਜਾਨਾਂ ਲੈਣ ਵਾਲਿਆਂ ਦਾ ਨਹੀਂ ਸੱਚ ’ਤੇ ਪਹਿਰਾ ਦੇਂਦਿਆ ਕੁਰਬਾਨ ਹੋਣ ਵਾਲਿਆਂ ਦਾ ਸਤਿਕਾਰ ਕਰਦਾ ਹੈ।

ਦੇਸ਼ ਭਗਤੀ ਦੀ ਪ੍ਰੀਭਾਸ਼ਾ ਵਕਤੀ ਤੌਰ ’ਤੇ ਬਦਲੀ ਜਾ ਸਕਦੀ ਹੈ, ਸਦਾ ਲਈ ਨਹੀਂ। ਘੱਟ ਗਿਣਤੀ ਫਿਰਕੇ ਵਿਰੁੱਧ ਨਫਰਤ ਦਾ ਜ਼ਹਿਰੀਲਾ ਪ੍ਰਚਾਰ ਅਤੇ ਹਿੰਸਾ ਕਰਨ ਵਾਲੇ ਕਦੋਂ ਤਕ ਦੇਸ਼ ਭਗਤ ਸਮਝੇ ਜਾਂਦੇ ਰਹਿਣਗੇ ਅਤੇ ਸਾਂਝੀਵਾਲਤਾ ਦੇ ਮੁਦਈ ਦੇਸ਼ ਧ੍ਰੋਹੀ? ਦੇਸ਼ ਭਗਤਾਂ ਨੇ ਜਲ੍ਹਿਆਂ ਵਾਲੇ ਬਾਗ, ਦੇਸ਼ ਦੀ ਅਜ਼ਾਦੀ ਦੇ ਅੰਦੋਲਨ ਅਤੇ ਅਨੇਕਾਂ ਹੋਰ ਸੰਘਰਸ਼ਾਂ ਵਿੱਚ ਹਜ਼ਾਰਾਂ ਕੁਰਬਾਨੀਆਂ ਦੇਕੇ ਸਾਂਝੀਵਾਲਤਾ ਵਾਲੇ ਅਜ਼ਾਦ ਭਾਰਤ ਦੀ ਨੀਂਹ ਰੱਖੀ ਸੀ, ਜਿਸ ਵਿੱਚੋਂ ਆਰ.ਐੱਸ.ਐੱਸ. ਮਨਫੀ ਹੋ ਗਈ ਸੀ। ਜਲ੍ਹਿਆਂਵਾਲੇ ਬਾਗ ਦਾ ਇਤਿਹਾਸ ਯੁਗਾਂ ਤਕ ਮਾਣ ਨਾਲ ਯਾਦ ਕੀਤਾ ਜਾਂਦਾ ਰਹੇਗਾ ਅਤੇ ਦਿੱਲੀ ਦੇ ਜਫਰਾਬਾਦ ਦਾ ਨਫਰਤ ਨਾਲ।

2014 ਪਿੱਛੋਂ ਸੰਘ ਪਰਿਵਾਰ ਨੇ ਧਰੁਵੀਕਰਨ ਲਈ ਨਫਰਤ ਦੇ ਪ੍ਰਚਾਰ ਦੀਆਂ ਸਭ ਹੱਦਾਂ ਪਾਰ ਕਰ ਦਿੱਤੀਆਂ ਹਨ। ਟੀ.ਵੀ ਚੈਨਲਾਂ ’ਤੇ ਨਫਰਤੀ ਭਾਸ਼ਨਾਂ ਅਤੇ ਜ਼ਹਿਰੀਲੀ ਭਾਸ਼ਾ ਦਾ ਬੋਲਬਾਲਾ ਹੈ। ਭਾਜਪਾ ਦੀ ਪ੍ਰਵਕਤਾ ਅਤੇ ਸਾਂਸਦ ਨੂਪੁਰ ਸ਼ਰਮਾ ਨੇ ਹਜ਼ਰਤ ਮੁਹੰਮਦ ਸਾਹਿਬ ਬਾਰੇ ਬਹੁਤ ਇਤਰਾਜ਼ਯੋਗ ਅਤੇ ਭੱਦੀਆਂ ਟਿੱਪਣੀਆਂ ਕੀਤੀਆਂ, ਜਿਸਨੂੰ ਸੱਭਿਆ ਸਮਾਜ ਵਿੱਚ ਕੋਈ ਮਨਜ਼ੂਰ ਨਹੀਂ ਕਰਦਾ। ਭੋਪਾਲ ਲੋਕ ਸਭਾ ਸੀਟ ਤੋਂ ਭਾਜਪਾ ਦੀ ਉਮੀਦਵਾਰ ਪ੍ਰੱਗਿਆ ਠਾਕਰ ਅਤੇ ਕਈ

(ਬਾਕੀ ਸਫ਼ਾ 31 ’ਤੇ)

# ਸਾਹਿਤ, ਸਿਆਸੀ ਖਚਰਾਪਨ ਅਤੇ ਮਨੁੱਖ ਦਾ ਸਿਰਜਣਾਤਮਿਕ ਵਿਕਾਸ



ਗੁਰਮੀਤ ਸਿੰਘ ਪਲਾਹੀ

ਸਾਹਿਤ ਦਾ ਸੋਮਾ ਜੀਵਨ-ਧਾਰਾ ਦਾ ਵੇਗ ਹੈ। ਮਨੁੱਖ ਵਿਚੋਂ, ਮਨੁੱਖ ਰਾਹੀਂ ਅਤੇ ਮਨੁੱਖ ਲਈ ਕੀਤੀ ਗਈ ਰਚਨਾ ਹੀ ਅਸਲ ਵਿੱਚ ਸਾਹਿਤ ਅਖਵਾ ਸਕਦੀ ਹੈ। ਜਦੋਂ ਗੱਲ ਮਨੁੱਖ ਲਈ ਉਤੇ ਪੁੱਜਦੀ ਹੈ ਤਾਂ ਇਸਦਾ ਸਿੱਧਾ ਸਬੰਧ ਪ੍ਰਤੀਬੱਧ ਰਾਜਨੀਤੀ ਨਾਲ ਜਾ ਜੁੜਦਾ ਹੈ। ਕੁਝ ਸਮੀਖਿਆਕਾਰ ਇਸ ਤਰ੍ਹਾਂ ਦੀ ਰਚਨਾ ਨੂੰ ਪ੍ਰਚਾਰ ਅਤੇ ਰਾਜਨੀਤਕ ਆਖਣਗੇ। ਪਰ ਇਸ ਗੱਲ ਨੂੰ ਕਦੇ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਲੋਕ ਹਿਤੈਸ਼ੀ ਲੇਖਕ ਦਾ ਪ੍ਰਚਾਰਕ ਅਤੇ ਸਿਆਸੀ ਹੋਣਾ ਕਠੋਰ ਸੱਚ ਹੈ।

ਸਿਆਸਤ ਜਾਂ ਰਾਜਨੀਤੀ ਨਿੱਜੀ ਜਾਂ ਸਮੂਹਿਕ ਪੱਧਰ ਉੱਤੇ ਲੋਕਾਂ ਨੂੰ ਪ੍ਰਭਾਵਤ ਕਰਨ ਦਾ ਅਮਲ ਅਤੇ ਸਿਧਾਂਤ ਹੈ। ਖ਼ਾਸ ਕਰਕੇ ਇੱਕ ਸਮਾਜ ਜਾਂ ਰਾਜ ਦੇ ਲੋਕਾਂ ਉੱਪਰ ਰਾਜ ਕਰਨਾ ਜਾਂ ਕੰਟਰੋਲ ਕਰਨਾ ਅਤੇ ਇਸਨੂੰ ਅੱਗੋਂ ਜਾਰੀ ਰੱਖਣਾ। ਸਿਆਸਤ ਦਾ ਉਦੇਸ਼ ਕਈ ਢੰਗਾਂ ਨਾਲ ਲੋਕਾਂ ਵਿੱਚ ਆਪਣੇ ਵਿਚਾਰ ਪ੍ਰਫੁਲਤ ਕਰਨੇ, ਕਾਨੂੰਨ ਬਣਾ ਕੇ ਲੋਕਾਂ 'ਤੇ ਲਾਗੂ ਕਰਨੇ ਅਤੇ ਵਿਰੋਧੀਆਂ ਖਿਲਾਫ਼ ਜੰਗ ਦੀ ਹੱਦ ਤੱਕ ਤਾਕਤ ਦੀ ਵਰਤੋਂ ਕਰਨਾ ਆਦਿ ਹੈ। ਇਸ ਸੰਬੰਧ ਵਿੱਚ ਪਲੇਟੋ ਅਤੇ ਕਨਫੂਸੀਅਸ਼ ਦੀਆਂ ਰਾਜਨੀਤੀ ਬਾਰੇ ਪੁਸਤਕਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ।

ਸਾਹਿਤ ਦੇ ਵੱਖੋ-ਵੱਖਰੇ ਰੂਪਾਂ ਦਾ ਫ਼ਾਇਦਾ ਹਮੇਸ਼ਾ ਰਾਜਨੀਤੀ ਨੇ ਲਿਆ ਹੈ। ਭਾਵੇਂ ਉਹ ਕਵਿਤਾ, ਨਾਵਲ, ਕਹਾਣੀ ਜਾਂ ਨਾਟਕ ਹੋਵੇ। ਸਾਹਿਤ ਨੂੰ ਪ੍ਰਭਾਸ਼ਿਤ ਕਰਨ ਲਈ ਭਾਰਤੀ ਕਾਵਿ ਸਾਸ਼ਤਰ ਅਨੁਸਾਰ ਸਾਹਿਤ ਨੂੰ ਸੱਤਯਮ, ਸ਼ਿਵਮ, ਸੁੰਦਰਮ ਕਿਹਾ ਗਿਆ ਭਾਵ ਸੱਚ ਕਲਿਆਣਕਾਰੀ ਅਤੇ ਸੁੰਦਰ ਹੋਵੇ। ਵਣਜਾਰਾ ਬੇਦੀ ਅਨੁਸਾਰ 'ਸਾਹਿਤ ਕੋਮਲ ਭਾਵਾਂ ਦਾ ਸੁਹਜਮਈ ਪ੍ਰਗਟਾਵਾ ਹੈ'। ਜੀਵਨ ਨੂੰ ਅਗਵਾਈ ਕਰਨ ਦੀ ਸ਼ਕਤੀ ਵੀ ਇਸ ਵਿੱਚ ਹੋਣੀ ਚਾਹੀਦੀ ਹੈ। ਐਮਰਸਨ ਸਾਹਿਤ ਨੂੰ ਮਹਾਨ ਵਿਚਾਰਾਂ ਦਾ ਸੰਗ੍ਰਹਿ ਮੰਨਦਾ ਹੈ। ਮੈਥਿਓ ਅਰਨਲਡ ਸਾਹਿਤ ਨੂੰ ਜੀਵਨ ਦੀ ਅਲੋਚਨਾ ਮੰਨਦਾ ਹੈ। ਸਾਹਿਤ ਭਾਵਨਾਵਾਂ,ਕਲਪਨਾਵਾਂ ਅਤੇ ਬੁੱਧੀ ਦੇ ਬਲ 'ਤੇ ਰਚਿਆ ਜਾਂਦਾ ਹੈ। ਪੱਛਮੀ ਵਿਦਵਾਨ ਸਾਹਿਤ ਨੂੰ ਪੰਜ ਕਲਾਵਾਂ ਵਿੱਚੋਂ ਇੱਕ ਮੰਨਦੇ ਹਨ। ਉਹ ਕਲਾਵਾਂ ਸੰਗੀਤ, ਕਵਿਤਾ, ਮੂਰਤੀਕਲਾ, ਭਵਨ ਨਿਰਮਾਣ ਅਤੇ ਨਾਚ ਹਨ। ਕਲਾ ਜਾਂ ਸਾਹਿਤ ਨੂੰ ਵੀ ਉਹ ਦੋ ਵੱਖਰੇ ਨਜ਼ਰੀਏ ਤੋਂ ਵੇਖਦੇ ਹਨ। ਜਿਵੇਂ ਸਾਹਿਤ ਕਲਾ ਲਈ ਜਾਂ ਸਾਹਿਤ ਜਾਂ ਕਲਾ ਜੀਵਨ ਲਈ।

ਸਿਆਸੀ ਖਚਰੇਪਨ ਨੇ ਸੰਸਾਰ ਦੀ ਸਮਾਜਿਕ, ਦਾਰਸ਼ਨਿਕ, ਇਤਿਹਾਸਕ ਅਤੇ ਸ਼ਬਦ ਸ਼ਕਤੀ ਵਿਵਸਥਾ ਵਿਚੋਂ ਮਨੁੱਖ ਦੇ ਸਿਰਜਣਾਤਮਿਕ ਵਿਕਾਸ ਨੂੰ ਲਾਂਭੇ ਕਰ ਦਿੱਤਾ ਹੈ ਅਤੇ ਉਸਦੀ ਥਾਂ ਜੰਤਰੀ ਅਤੇ ਮੰਤਰੀ ਵਿਕਾਸ ਨੇ ਲੈ ਲਈ ਹੈ। ਮਾਨਵ ਆਪਣੀ ਬੁਨਿਆਦੀ ਹੋਂਦ ਅਤੇ ਸਿਰਜਨਾਤਮਿਕ ਸ਼ਕਤੀ ਦੇ ਨੁਕਤੇ ਤੋਂ ਭਟਕ ਗਿਆ ਹੈ ਜਾਂ ਭਟਕਾ ਦਿੱਤਾ ਗਿਆ ਹੈ। ਇਥੇ ਸਿਆਸਤ ਕੰਮ ਕਰ ਰਹੀ ਹੈ। ਹਾਕਮ ਸਿਆਸੀ ਤਾਕਤ ਕਾਇਮ ਰੱਖਣ ਲਈ, ਕਿਧਰੇ ਰਾਸ਼ਟਰਵਾਦ ਕਿਧਰੇ ਕੱਟੜਤਾ, ਦਾ ਨਾਹਰਾ ਦੇ ਕੇ ਸਮਾਜ ਨੂੰ ਪ੍ਰਭਾਵਤ ਕਰਦਾ ਹੈ ਅਤੇ ਉਸ ਕਿਸਮ ਦੇ ਸਾਹਿਤ ਨੂੰ ਉਤਸ਼ਾਹਤ ਕਰਦਾ ਹੈ ਜੋ ਉਸਦੇ ਹਿੱਤਾਂ ਦੀ ਪੂਰਤੀ ਲਈ ਲਾਹੇਬੰਦ ਹੈ। ਇੱਕ ਕੌਮ, ਇੱਕ ਭਾਸ਼ਾ, ਇੱਕ ਸਭਿਆਚਾਰ ਦਾ ਪ੍ਰਚਾਰ ਇਸੇ ਤੱਥ ਦੀ ਤਰਜ਼ਮਾਨੀ ਕਰਦਾ ਹੈ।

ਕੌਮੀਅਤਾਂ ਦਾ ਮਸਲਾ ਭਾਰਤ ਦੀਆਂ ਵੱਖ-ਵੱਖ ਕੌਮੀਅਤਾਂ ਦੇ ਸੰਦਰਭ ਵਿੱਚ ਸਿਆਸੀ ਬਣ ਗਿਆ ਹੈ। ਕੇਂਦਰੀ ਸ਼ਕਤੀ ਦੀਆਂ ਮੁਦੱਈ ਰਾਜਨੀਤਕ ਸ਼ਕਤੀਆਂ ਭਾਰਤ ਨੂੰ ਵੱਖ-ਵੱਖ ਕੌਮੀਅਤਾਂ, ਭਾਸ਼ਾਈ ਇਕਾਈਆਂ, ਸਭਿਆਚਾਰਕ ਬਹੁ ਬਚਨੀ ਵਖਰੇਵਿਆਂ ਨੂੰ ਮਾਨਤਾ ਨਹੀਂ ਦਿੰਦੀਆਂ ਸਗੋਂ ਇੱਕ ਕੌਮ, ਇੱਕ ਭਾਸ਼ਾ, ਇੱਕ ਸਭਿਆਚਾਰਕ ਦਾ ਪ੍ਰਚਾਰ ਹੀ ਨਹੀਂ ਕਰਦੀਆਂ ਸਗੋਂ ਰਾਜ ਸ਼ਕਤੀ ਦੇ ਆਸਰੇ ਬਹੁ- ਕੌਮਾਂ, ਭਾਸ਼ਾਵਾਂ ਅਤੇ ਸਭਿਆਚਾਰਾਂ ਨੂੰ ਜਬਰੀ ਖ਼ਤਮ ਕਰਨ ਦੇ ਰਾਹ ਪਈਆਂ ਹਨ। ਸਿਆਸੀ ਚੇਤਨਾ ਨਾਲ ਉਤਪੋਤ ਸਾਹਿਤਕਾਰ, ਲੋਕ ਹਿੱਤਾਂ ਦੀ ਖ਼ਾਤਰ ਅਨਿਆ ਦੇ ਵਿਰੋਧ ਵਿੱਚ ਖੜ੍ਹਦੇ ਹਨ। ਸਾਹਿਤ ਰਚਦੇ ਹਨ ਅਤੇ ਸਿਆਸੀ ਜਬਰ ਸਹਿੰਦੇ ਹਨ। ਭਾਰਤ ਦੇ ਕੋਨੇ-ਕੋਨੇ 'ਚ ਸਾਹਿਤਕਾਰ, ਬੁੱਧੀਜੀਵੀ, ਪੱਤਰਕਾਰ ਮੌਜੂਦਾ ਹਾਕਮਾਂ ਵਲੋਂ ਚਲਾਏ ਦੇਸ਼ ਧ੍ਰੋਹ ਦੇ ਮੁਕੱਦਮਿਆਂ ਦਾ ਸਾਹਮਣਾ ਕਰਦੇ ਹੋਏ ਵੀ ਕੌਮੀਅਤਾਂ ਦੀ ਖ਼ੁਦ ਮੁਖਤਾਰ ਅਤੇ ਲੋਕ ਇਨਸਾਫ ਦਾ ਝੰਡਾ ਉਚਾ ਕਰੀ ਰੱਖਦੇ ਹਨ।

ਇਸ ਖਿੱਤੇ ਵਿੱਚ ਚਲੀਆਂ ਹੁਣ ਤੱਕ ਦੀਆਂ ਸਾਰੀਆਂ ਰਾਜਸੀ, ਧਾਰਮਿਕ, ਆਰਥਿਕ ਲਹਿਰਾਂ ਅਤੇ ਇਸ ਦੌਰਾਨ ਰਚੇ ਸਾਹਿਤ ਦਾ ਵਿਸਥਾਰ ਨਾਲ ਮੁਲੰਕਣ, ਲੇਖਾ-ਜੋਖਾ ਕਰਕੇ ਇਹ ਗੱਲ ਸਹਿਜੇ ਹੀ ਪ੍ਰਵਾਨ ਕਰਨ ਯੋਗ ਹੈ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੈ (ਲੈਨਿਨ)। ਇਸੇ ਗੱਲ ਨੂੰ ਅੱਗੇ ਤੋਰਦਿਆਂ ਟਰਾਟਸਕੀ ਕਹਿੰਦਾ ਹੈ ਕਿ ਸਾਹਿਤ ਸ਼ੀਸ਼ੇ ਵਿੱਚ ਸਮਾਜਕ ਵਿਵਸਥਾ ਦੀ ਸਥਿਤੀ ਨੂੰ ਦੇਖਦੇ ਉਸ ਵਿਚਲੇ ਚਿੱਬਾਂ ਨੂੰ ਠੀਕ ਕਰਨ ਲਈ ਇੱਕ ਹਥੋੜਾ ਵੀ ਹੈ। ਇਸੇ ਲਈ ਜਦੋਂ ਸਾਹਿਤਕ ਹਥੋੜਾ ਚੱਲਦਾ ਹੈ, ਤਾਂ ਸਿਆਸੀ ਧਿਰ ਉਪਰਾਮ ਹੁੰਦੀ ਹੈ ਅਤੇ ਸਾਹਿਤ ਨੂੰ ਆਪਣੇ ਨਿਸ਼ਾਨੇ 'ਤੇ ਲਿਆਉਂਦੀ ਹੈ। ਇਥੇ ਇਹ ਗੱਲ ਵੀ ਕਹਿਣੀ ਬਣਦੀ ਹੈ ਕਿ ਰਾਜਨੀਤੀ ਲੋਕਾਂ 'ਤੇ ਸਾਸ਼ਨ ਕਰਨ ਦੀ ਗੱਲ ਕਰਦੀ ਹੈ ਪਰ ਸਾਹਿਤ ਲੋਕਾਂ ਦੇ ਹਿੱਤ 'ਚ ਭੁਗਤਦਾ ਹੈ।

ਪੰਜਾਬ ਵਿੱਚ ਸਮਾਜਿਕ ਅਤੇ ਰਾਜਨੀਤਕ ਬਦਲਾਅ ਲਿਆਉਣ ਲਈ ਪੰਜਾਬੀ ਕਵੀਆਂ, ਪਾਸ਼, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਸੰਤ ਸੰਧੂ, ਰਵਿੰਦਰ ਸਹਿਰਾਅ ਵਰਗੇ ਦਰਜ਼ਨਾਂ ਕਵੀਆਂ ਨੇ ਲੋਕ ਚੇਤਨਾ ਪੈਦਾ ਕਰਨ ਦਾ ਯਤਨ ਕੀਤਾ, ਪਰ ਉਹ ਸਿਆਸੀ ਦੰਭ ਦਾ ਸ਼ਿਕਾਰ ਹੋਏ। ਸਟੇਟ ਪਾਵਰ ਨੇ ਉਹਨਾ ਦੀ ਆਵਾਜ਼ ਕੁਚਲਣ ਦਾ ਯਤਨ ਕੀਤਾ। ਜਸਵੰਤ ਸਿੰਘ ਕੰਵਲ ਆਪਣੇ ਲੋਕਾਂ ਦੀ ਸੰਘਰਸ਼ੀ ਧੁਨੀ ਦੀ ਪਛਾਣ ਕਰਦਿਆਂ ਰਾਤ ਬਾਕੀ ਹੈ, ਤਾਰੀਖ ਵੇਖਦੀ ਹੈ, ਲਹੂ ਦੀ ਲੋਅ, ਐਨਿਆਂ 'ਚੋਂ ਉਠਿਆ ਸੂਰਮਾ ਆਦਿ ਸਫ਼ਲ ਸਿਆਸੀ ਸੰਗਰਾਮਾਂ ਦੇ ਨਾਵਲਾਂ ਦੀ ਰਚਨਾ ਕਰਦਾ ਹੈ।

ਪੰਜਾਬ ਸਦਾ ਰਾਜਨੀਤਕ, ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਸੰਘਰਸ਼ਾਂ ਦੀ ਕਰਮ ਭੂਮੀ ਰਿਹਾ ਹੈ, ਮੁਜਾਹਰਾ ਲਹਿਰ, ਕਿਰਤੀ-ਕਿਰਸਾਨ ਲਹਿਰ, ਪਰਜਾ ਮੰਡਲ ਲਹਿਰ, ਖੁਸ਼ ਹੈਸੀਅਤ ਟੈਕਸ ਵਿਰੋਧੀ ਲਹਿਰ ਅਤੇ ਮੌਜੂਦਾ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਲਹਿਰ ਨੂੰ ਧਿਆਨ 'ਚ ਰੱਖਦਿਆਂ ਲੇਖਕਾਂ ਨੇ ਸਾਹਿਤ ਰਚਨਾ ਕੀਤੀ। ਇਹ ਲੋਕ ਸਰੋਕਾਰਾਂ ਨੂੰ ਪਰਨਾਈ ਵਿਹਰਮੀ-ਸੁਰ ਵਾਲਾ ਸਾਹਿਤ ਹੈ।

ਸਾਹਿਤ ਅਤੇ ਰਾਜਨੀਤੀ ਜਾਂ ਸਿਆਸਤ ਦਾ ਮੁਢ ਕਦੀਮ ਤੋਂ ਆਪਸ ਵਿੱਚ ਟੱਕਰ ਰਹੀ। ਰਾਜਨੀਤੀ ਮਨੁੱਖ ਨੂੰ ਅਧੀਨ ਕਰਨ ਦੀ ਕੋਸ਼ਿਸ਼ ਕਰਦੀ ਹੈ ਜਦੋਂ ਕਿ ਸਾਹਿਤ ਆਜ਼ਾਦੀ ਦਾ ਹਾਮੀ ਹੈ। ਸਿਆਸਤ ਨੇ ਸਾਹਿਤ ਨੂੰ ਲੋਕ ਹਿੱਤ ਵਰਤਣ ਦੀ ਵਿਜਾਏ ਆਪਣੇ ਹਿੱਤਾਂ ਲਈ ਵਰਤਣ ਦੀ ਕੋਸ਼ਿਸ਼ ਕੀਤੀ।

ਗੁਰਮਤਿ ਸਾਹਿਤ ਵਿੱਚ ਵੀ ਅਨੇਕਾਂ ਉਦਾਹਰਨਾਂ ਮਿਲਦੀਆਂ ਹਨ ਜਿਵੇਂ ਕਬੀਰ, ਬਾਬਾ ਨਾਨਕ ਨੇ ਅਪਾਣੇ ਸਾਹਿਤ ਵਿੱਚ ਰਾਜਨੀਤੀ ਦੀਆਂ ਬੁਰੀਆਂ ਅਲਾਮਤਾਂ ਦੀਆਂ ਧੱਜੀਆਂ ਉਡਾਈਆਂ ਹਨ। ਬਾਬਰ ਦਾ ਅਤਿਆਚਾਰ ਦੇਖਦੇ ਹੋਏ ਉਹਨਾ ਨੇ ਉਸ ਸਮੇਂ ਦੀ ਰਾਜਨੀਤੀ ਨੂੰ ਲੋਕ ਹਿੱਤ ਵਿੱਚ ਨਾ ਹੋਣ ਕਰਕੇ ਪੂਰੀ ਤਰ੍ਹਾਂ ਭੰਡਿਆ। ਸ਼ਾਹ ਮੁਹੰਮਦ ਨੇ ਅਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਦਾ ਬਿਆਨ ਆਪਣੀਆਂ ਲਿਖਤਾਂ ਵਿੱਚ ਜ਼ਿਕਰ ਕੀਤਾ-

ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ...।

'ਤੇ ਸਿਆਸਤ ਦਾ ਇੱਕ ਦਸਤਾਵੇਜ਼ ਹੈ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾ ਵਾਰਸ ਸ਼ਾਹ ਨੂੰ' ਵੀ ਇੱਕ ਰਾਜਨੀਤੀ ਜਾਂ ਸਿਆਸਤ ਨੂੰ ਵੰਗਾਰ ਸੀ। ਹੁਣ ਵੀ ਜਦੋਂ ਰਾਜਨੀਤੀ ਲੋਕ ਹਿੱਤ ਵਿੱਚ ਨਹੀਂ ਤੁਰਦੀ ਉਸ ਖ਼ਿਲਾਫ਼ ਸਾਹਿਤ ਮੈਦਾਨ ਵਿੱਚ ਨਿਤਰਦਾ ਹੈ-ਕਵੀ, ਲੇਖਕ, ਨਾਟਕਕਾਰ ਆਪਣੀਆਂ ਰਚਨਾਵਾਂ ਰਾਹੀਂ ਇਸ ਦਾ ਵਿਰੋਧ ਕਰਕੇ ਨੀਤੀਆਂ ਬਦਲਣ ਲਈ ਸੁਝਾਅ ਦਿੰਦੇ ਹਨ। ਨਿਡਰ ਹੋ ਕੇ ਮੈਦਾਨ ਵਿੱਚ ਆਉਂਦੇ ਹਨ ਭਾਵੇਂ ਬਹੁਤ ਵਿਚਰਵਾਨਾਂ ਨੂੰ ਜੇਲ੍ਹਾਂ ਦੇ ਦਰਵਾਜ਼ੇ ਅੰਦਰ ਡੱਕਿਆ ਜਾਂਦਾ ਹੈ। ਬਹੁਤ ਸਾਰੇ ਸਾਹਿਤਕਾਰ ਜੇਲ੍ਹਾਂ ਵਿੱਚ ਸ਼ਹੀਦ ਵੀ ਹੋਏ ਤੇ ਹੋ ਰਹੇ ਹਨ। ਇਸ ਤਰ੍ਹਾਂ ਸਾਹਿਤ ਤੇ ਸਿਆਸਤ ਇੱਕ ਦੂਜੇ ਨੂੰ ਪ੍ਰਭਾਵਤ ਕਰਦੇ ਰਹਿੰਦੇ ਹਨ।

ਇਹ ਗੱਲ ਸਮਝਣ ਵਾਲੀ ਹੈ ਕਿ ਮਨੁੱਖੀ ਜ਼ਿੰਦਗੀ ਇੱਕ ਆਵੇਸ਼, ਅਕਸ, ਛਾਇਆ ਜਾਂ ਕਲਪਨਾ ਨਹੀਂ ਹੈ। ਸਗੋਂ ਇੱਕ ਪ੍ਰਵੇਸ਼-ਗੁਣ ਭਰਪੂਰ ਗਤੀਸ਼ੀਲਤਾ ਹੈ ਜੋ ਟਿਮਟਮਾਉਣ, ਵਿਗਸਣ, ਬਿਨਸਨ ਦੇ ਨਾਲ-ਨਾਲ ਸ਼ਬਦ ਗ੍ਰੰਥ, ਸਮਾਜ, ਇਤਿਹਾਸ ਅਤੇ ਦਰਸ਼ਨ ਦੀ ਸਿਰਜਨਾ ਅਤੇ ਸੰਭਾਲ ਕਰਦੀ ਹੈ। (ਬਾਕੀ ਸਫ਼ਾ 31 'ਤੇ)

# ਭਾਰਤ ਵਿੱਚ ਕੁਪੋਸ਼ਣ ਦਾ ਸੰਕਟ ਕਿਵੇਂ ਹੱਲ ਹੋਵੇ ?

ਕੰਵਲਜੀਤ ਕੌਰ ਗਿੱਲ
ਪ੍ਰੋਫ਼ੈਸਰ ਆਫ਼ ਇਕਨਾਮਿਕਸ ਰਿਟਾਇਰਡ, ਪੰਜਾਬੀ ਯੂਨੀਵਰਸਿਟੀ ਪਟਿਆਲਾ।

ਆਮ ਭਾਸ਼ਾ ਵਿੱਚ ਕੁਪੋਸ਼ਣ ਤੋਂ ਭਾਵ ਹੈ ਕਿ ਜਦੋਂ ਸਰੀਰ ਨੂੰ ਜ਼ਰੂਰਤ ਅਨੁਸਾਰ ਭਰ ਪੇਟ ਭੋਜਨ ਨਾ ਮਿਲੇ ਅਤੇ ਜੋ ਖਾਣਾ ਮਿਲੇ ਉਹ ਪੋਸ਼ਟਿਕ ਤੱਤਾਂ ਤੋਂ ਵਿਹੂਣਾ ਤੇ ਅਸੰਤੁਲਿਤ ਹੋਵੇ। ਕੁਪੋਸ਼ਣ ਤੇ ਮਿਆਰੀ ਭੋਜਨ ਦੀ ਅਣਹੋਂਦ ਦਾ ਸਰੀਰਕ ਸਿਹਤ ਤੇ ਦਿਮਾਗੀ ਵਿਕਾਸ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਜਿਸ ਨਾਲ ਕੰਮ ਕਰਨ ਦੀ ਸਮਰੱਥਾ ਘਟਦੀ ਹੈ ਤੇ ਵਿਅਕਤੀ ਉਮਰ ਤੋਂ ਪਹਿਲਾਂ ਹੀ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਭਾਰਤ ਵਿੱਚ ਬਾਲ ਕੁਪੋਸ਼ਣ ਦੀ ਸਥਿਤੀ ਬਹੁਤ ਮਾੜੀ ਹੈ, ਜਿਸ ਦਾ ਜ਼ਿਕਰ ਰਾਜ ਸਭਾ ਵਿੱਚ ਵੀ ਹੋਇਆ ਹੈ। ਦੱਸਣਯੋਗ ਹੈ ਕਿ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਦਾ ਆਪਣੀ ਉਮਰ ਅਨੁਸਾਰ ਭਾਰ ਤੇ ਕੱਦ-ਕਾਠ ਘੱਟ ਹੁੰਦਾ ਹੈ ਅਤੇ ਅਜਿਹੇ ਬੱਚਿਆਂ ਦੀ ਬਹੁਤੀ ਵਾਰ 5 ਸਾਲ ਤੋਂ ਘੱਟ ਉਮਰ ਵਿੱਚ ਹੀ ਮੌਤ ਹੋ ਜਾਂਦੀ ਹੈ। ਭਾਰਤ ਨੂੰ ਵਿਸ਼ਵ ਪੱਧਰ 'ਤੇ ਆਪਣੀ ਆਰਥਿਕ ਪਛਾਣ ਬਣਾਈ ਰੱਖਣ ਲਈ 2030 ਤੱਕ ਯੂ.ਐਨ.ਓ. ਦੇ ਚਿਰ ਸਥਾਈ ਵਿਕਾਸ ਟੀਚੇ (ਐਸ.ਡੀ.ਜੀ) ਪੂਰੇ ਕਰਦਿਆਂ ਜੇਕਰ ਵਿਕਸਿਤ ਦੇਸ਼ਾਂ ਦੀ ਸ਼੍ਰੇਣੀ ਵਿੱਚ ਸ਼ਮੂਲੀਅਤ ਕਰਨੀ ਹੈ ਤਾਂ ਬੱਚਿਆਂ ਦੀ ਸਿਹਤ ਸੁਰੱਖਿਆ, ਸੰਤੁਲਿਤ ਤੇ ਮਿਆਰੀ ਖੁਰਾਕ ਵੱਲ ਵਿਸ਼ੇਸ਼ ਧਿਆਨ ਦੇਣਾ ਹੋਵੇਗਾ। ਇੱਕ ਪਾਸੇ ਭਾਰਤ ਵਿਸ਼ਵ ਦੀ ਚੌਥੀ ਵੱਡੀ ਅਰਥਵਿਵਸਥਾ ਬਣ ਜਾਣ ਦੇ ਦਾਅਵੇ ਕਰ ਰਿਹਾ ਹੈ ਅਤੇ ਦੂਜੇ ਪਾਸੇ 80 ਕਰੋੜ ਤੋਂ ਵਧੇਰੇ ਲੋਕਾਂ ਨੂੰ ਮੁਫ਼ਤ ਅਨਾਜ ਮੁੱਹਈਆ ਕਰਵਾਇਆ ਜਾ ਰਿਹਾ ਹੈ। ਜਦੋਂ ਅਸੀਂ 2047 ਵਿੱਚ ਭਾਰਤ ਦੀ ਆਜ਼ਾਦੀ ਦੀ ਸ਼ਤਾਬਦੀ ਦੇ ਜਸ਼ਨ ਮਨਾ ਰਹੇ ਹੋਵਾਂਗੇ ਤਾਂ ਅੱਜ ਦੇ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਦੀ ਉਮਰ ਉਸ ਵੇਲੇ 22-24 ਸਾਲ ਦੀ ਹੋਵੇਗੀ, ਉਹ ਕਿਸ ਪ੍ਰਕਾਰ ਦੀ ਸਰੀਰਕ ਸਿਹਤ ਤੇ ਦਿਮਾਗੀ ਮਨੋਸਥਿਤੀ ਵਿੱਚ ਹੋਣਗੇ, ਇਸ ਸਭ ਬਾਰੇ ਅੱਜ ਤੋਂ ਹੀ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ।



ਵਿਸ਼ਵਵਿਆਪੀ ਭੁੱਖਮਰੀ ਤੇ ਕੁਪੋਸ਼ਣ ਦੇ ਅੰਕੜੇ ਇਕੱਠੇ ਕਰਨ ਵਾਲੀ 'ਗਲੋਬਲ ਹੰਗਰ' ਦੀ 2024 ਬਾਰੇ ਰਿਪੋਰਟ ਦੇ ਸੂਚਕਅੰਕ ਅਨੁਸਾਰ ਭਾਰਤ 127 ਦੇਸ਼ਾਂ 'ਚੋਂ 105ਵੇਂ ਦਰਜੇ 'ਤੇ ਹੈ। ਅਰਥਾਤ ਭੁੱਖ, ਕੁਪੋਸ਼ਣ, ਮਿਆਰੀ ਤੇ ਸੰਤੁਲਿਤ ਆਹਾਰ ਦੀ ਘਾਟ ਦੇ ਪੱਖ ਤੋਂ ਭਾਰਤ ਦੀ ਸਥਿਤੀ 27.3 ਅੰਕਾਂ ਨਾਲ ਬਹੁਤ ਮਾੜੀ ਹੈ। ਜੇ ਦੱਖਣੀ ਏਸ਼ੀਆ ਦੀ ਗੱਲ ਕਰੀਏ ਤਾਂ ਭਾਰਤ ਦੀ ਸਥਿਤੀ ਗੁਆਂਢੀ ਦੇਸ਼ਾਂ ਅਫ਼ਗਾਨਿਸਤਾਨ ਤੇ ਪਾਕਿਸਤਾਨ ਨਾਲੋਂ ਵੀ ਜ਼ਿਆਦਾ ਬਿਹਤਰ ਨਹੀਂ, ਜਦਕਿ ਸ੍ਰੀਲੰਕਾ 56ਵੇਂ, ਨਿਪਾਲ 68ਵੇਂ ਤੇ ਬੰਗਲਾਦੇਸ਼ 84ਵੇਂ ਦਰਜੇ 'ਤੇ ਹਨ। ਗਲੋਬਲ ਹੰਗਰ ਇੰਡੈਕਸ ਵਿੱਚ ਚਾਰ ਮੁੱਦਿਆਂ- ਪਹਿਲਾ ਕੁਪੋਸ਼ਣ ਭਾਵ ਲਗਾਤਾਰ ਘੱਟ ਮਾਤਰਾ ਵਿੱਚ ਭੋਜਨ ਪ੍ਰਾਪਤੀ, ਦੂਜਾ ਮਿਆਰੀ ਤੇ ਸੰਤੁਲਿਤ ਭੋਜਨ ਜਾਂ ਲੋੜੀਂਦੀ ਮਾਤਰਾ ਵਿੱਚ ਕੈਲੋਰੀਆਂ ਦਾ ਨਾ ਹੋਣਾ, ਤੀਜਾ ਭੋਜਨ ਦੁਆਰਾ ਮਿਲਣ ਵਾਲੇ ਪੌਸ਼ਟਿਕ ਤੱਤਾਂ ਤੇ ਖਣਿਜ ਪਦਾਰਥਾਂ ਦੇ ਮਿਸ਼ਰਣ ਦੀ ਘਾਟ ਅਤੇ ਚੌਥਾ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਨੂੰ ਲਿਆ ਜਾਂਦਾ ਹੈ। 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਕੱਦ- ਕਾਠ ਕੀ ਹੈ, ਉਮਰ ਦੇ ਹਿਸਾਬ ਨਾਲ ਭਾਰ/ ਵਜ਼ਨ ਕਿੰਨਾ ਹੈ? ਬੱਚੇ ਨੂੰ ਸਿਰਫ਼ ਲੋੜੀਂਦੀ ਮਾਤਰਾ ਵਿੱਚ ਭੋਜਨ ਹੀ ਨਹੀਂ, ਸਗੋਂ ਇਸ ਵਿੱਚ ਪ੍ਰੋਟੀਨ, ਘਿਓ, ਖਣਿਜ ਪਦਾਰਥ ਤੇ ਹੋਰ ਕੈਲਰੀਆਂ ਪੂਰੀਆਂ ਕਰਨ ਵਾਲੇ ਤੱਤ ਵੀ ਮਿਲਣੇ ਜ਼ਰੂਰੀ ਹਨ। ਰਾਜ ਸਭਾ ਵਿੱਚ ਪੇਸ਼ ਹੋਏ ਤਾਜ਼ਾ ਅੰਕੜਿਆਂ ਅਨੁਸਾਰ 37 ਫ਼ੀਸਦੀ ਬੱਚੇ ਅਵਿਕਸਿਤ ਹਨ, ਜਿਨ੍ਹਾਂ ਦਾ ਉਮਰ ਅਨੁਸਾਰ ਕੱਦ ਛੋਟਾ ਹੈ ਤੇ 16 ਫ਼ੀਸਦੀ ਬੱਚਿਆਂ ਦਾ ਉਮਰ ਅਨੁਸਾਰ ਭਾਰ ਘੱਟ ਹੈ ਜਦਕਿ 5.46 ਫ਼ੀਸਦੀ ਬੱਚੇ ਇੰਨੇ ਕਮਜ਼ੋਰ ਹਨ ਕਿ ਉਨ੍ਹਾਂ ਦਾ ਕੱਦ ਦੇ ਅਨੁਸਾਰ ਭਾਰ ਬਹੁਤ ਘੱਟ ਹੈ। ਗਰੀਬ ਪਰਿਵਾਰਾਂ ਵਿੱਚ ਪੈਦਾ ਹੋਣ ਵਾਲੇ ਬੱਚਿਆਂ 'ਚੋਂ 2.9 ਫ਼ੀਸਦੀ ਭੁੱਖਮਰੀ, ਕੁਪੋਸ਼ਣ ਤੇ ਸਿਹਤ ਸੇਵਾਵਾਂ ਦੀ ਅਣਹੋਂਦ ਕਾਰਨ 5 ਸਾਲ ਦੀ ਉਮਰ ਤੋਂ ਪਹਿਲਾਂ ਹੀ ਮਰ ਜਾਂਦੇ ਹਨ। ਇਹ ਜਾਣਕਾਰੀ ਪੋਸ਼ਣ ਟ੍ਰੈਕਰ ਐਪ ਉੱਪਰ ਰਜਿਸਟਰ ਜ਼ੀਰੋ ਤੋਂ ਪੰਜ ਸਾਲ ਤੱਕ ਦੇ ਬੱਚਿਆਂ ਦੀ ਹੈ। ਇਹ ਐਪ ਪਿਛਲੇ ਸਾਲ ਹੀ ਸ਼ੁਰੂ ਕੀਤੀ ਗਈ ਹੈ, ਜੋ ਬੱਚਿਆਂ ਨੂੰ ਮਿਲਣ ਵਾਲੇ ਆਹਾਰ ਦੀ ਗੁਣਵੱਤਾ ਤੇ ਮਿਕਦਾਰ 'ਤੇ ਨਜ਼ਰ ਰੱਖਦੀ ਹੈ।

ਬਾਲ ਕੁਪੋਸ਼ਣ ਦੇ ਮਾੜੇ ਪ੍ਰਭਾਵਾਂ ਕਾਰਨ ਗੰਭੀਰ ਪੱਧਰ 'ਤੇ ਪਹੁੰਚ ਚੁੱਕੀ ਸਥਿਤੀ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਨੂੰ ਲੋੜੀਂਦਾ ਸੰਤੁਲਿਤ ਭੋਜਨ ਨਾ ਮਿਲਣ ਕਾਰਨ ਉਨ੍ਹਾਂ ਦੇ ਜਿਉਂਦੇ ਰਹਿਣ ਦੀ ਸਮਰੱਥਾ ਘਟ ਜਾਂਦੀ ਹੈ ਅਤੇ ਉਨ੍ਹਾਂ ਨੂੰ ਬਿਮਾਰੀਆਂ ਵੀ ਜ਼ਿਆਦਾ ਤੇ ਜਲਦੀ ਲਗਦੀਆਂ ਹਨ। ਕੁਪੋਸ਼ਣ ਦਾ ਸ਼ਿਕਾਰ ਸਿਰਫ਼ ਬੱਚੇ ਹੀ ਨਹੀਂ ਔਰਤਾਂ, ਬੱਚੀਆਂ ਤੇ ਗਰਭਵਤੀ ਮਾਵਾਂ ਵੀ ਹਨ। ਔਰਤਾਂ ਪ੍ਰਤੀ ਸਮਾਜਿਕ ਪੱਖਪਾਤ ਤੇ ਭੋਜਨ ਪ੍ਰਤੀ ਵਿਤਕਰਾ ਅਜੇ ਵੀ ਭਾਰੂ ਹੈ। ਔਰਤਾਂ ਨੂੰ ਗਰਭ ਦੌਰਾਨ ਪੋਸ਼ਟਿਕ ਆਹਾਰ ਤੋਂ ਇਲਾਵਾ ਸਿਹਤ ਸੰਬੰਧੀ ਜ਼ਰੂਰੀ ਤੱਤ ਸਹੀ ਮਾਤਰਾ ਵਿੱਚ ਨਹੀਂ ਮਿਲਦੇ, ਸੰਪੂਰਨ ਖੁਰਾਕ ਨਾ ਮਿਲਣ ਕਾਰਨ ਪੈਦਾ ਹੋਣ ਵਾਲੇ ਬੱਚੇ ਦੀ ਸਿਹਤ, ਵਜ਼ਨ ਤੇ ਲੰਬਾਈ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ। ਬਹੁਤੇ ਪਰਿਵਾਰਾਂ ਵਿਚ ਔਰਤਾਂ ਤੇ ਬੱਚੀਆਂ ਨੂੰ ਮੀਟ, ਮੱਛੀ, ਅੰਡੇ ਆਦਿ ਨਹੀਂ ਖਾਣ ਦਿੱਤਾ ਜਾਂਦੇ। ਸਿੱਟੇ ਵਜੋਂ ਔਰਤਾਂ ਵਿੱਚ ਖ਼ੂਨ ਦੀ ਕਮੀ/ਅਨੀਮੀਆ ਦੀ ਅਲਾਮਤ ਮਰਦਾਂ ਦੇ ਮੁਕਾਬਲੇ ਵਧੇਰੇ ਹੈ। ਅਜੋਕੇ ਸਮੇਂ ਵਿਚ ਮੱਧ ਵਰਗ ਦੇ ਬੱਚੇ ਬਹੁਤਾ ਸਮਾਂ ਮੋਬਾਈਲ ਲੈ ਕੇ ਬੈਠੇ ਸਾਰਾ ਦਿਨ ਖਾਂਦੇ ਰਹਿੰਦੇ ਹਨ, ਜਿਸ ਕਰਕੇ ਉਹ ਜ਼ਰੂਰਤ ਤੋਂ ਜ਼ਿਆਦਾ ਮੋਟਾਪੇ ਅਤੇ ਦਿਮਾਗੀ ਮਨੋਵਿਕਾਰ ਦੀ ਸਥਿਤੀ ਦੇ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਨੂੰ ਸ਼ੂਗਰ, ਬਲੱਡ ਪ੍ਰੈਸ਼ਰ, ਡਿਪਰੈਸ਼ਨ ਜਿਹੀਆਂ ਬਿਮਾਰੀਆਂ ਲੱਗ ਰਹੀਆਂ ਹਨ।

ਕੁਪੋਸ਼ਣ ਤੇ ਭੁੱਖਮਰੀ ਦੀ ਸਮੱਸਿਆ ਨਾਲ ਨਜਿੱਠਣ ਵਾਸਤੇ ਅਨੇਕਾਂ ਹੀ ਪ੍ਰੋਗਰਾਮ ਉਲੀਕੇ ਗਏ ਹਨ। ਕੌਮੀ ਭੋਜਨ ਸੁਰੱਖਿਆ ਐਕਟ 2013 ਤਹਿਤ ਲਗਭਗ ਦੋ-ਤਿਹਾਈ ਲੋਕਾਂ ਨੂੰ ਘੱਟ ਰੇਟ 'ਤੇ ਅਨਾਜ ਦਿੱਤਾ ਜਾਂਦਾ ਸੀ। ਉਸ ਤੋਂ ਬਾਅਦ ਕੋਵਿਡ ਮਹਾਂਮਾਰੀ ਦੌਰਾਨ ਤੇ ਉਸ ਤੋਂ ਬਾਅਦ ਵੀ 80 ਕਰੋੜ ਤੋਂ ਵੱਧ ਲੋਕਾਂ ਨੂੰ ਅਨਾਜ ਸਮੱਗਰੀ ਵੰਡੀ ਜਾ ਰਹੀ ਹੈ। ਕੌਮੀ ਪੋਸ਼ਣ ਅਭਿਆਨ 2018 ਵਿੱਚ ਸ਼ੁਰੂ ਕੀਤਾ ਗਿਆ ਸੀ, ਜਿਸ ਨੂੰ 2030 ਤੱਕ ਸਥਾਈ ਵਿਕਾਸ ਟੀਚੇ ਦਾ ਇੱਕ ਮੁੱਖ ਅੰਗ ਮੰਨਿਆ ਗਿਆ ਹੈ।

ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਸਮੇਤ ਕਈ ਹੋਰ ਪ੍ਰੋਗਰਾਮ ਵੀ ਲਾਗੂ ਕੀਤੇ ਗਏ ਹਨ, ਪਰ ਇਨ੍ਹਾਂ ਦੇ ਬਾਵਜੂਦ ਭਾਰਤ ਦੀ ਸਮੁੱਚੀ ਸਥਿਤੀ ਇਸ ਪੱਖ ਤੋਂ ਚਿੰਤਾਜਨਕ ਬਣੀ ਹੋਈ ਹੈ, ਕਿਉਂਕਿ ਇਨ੍ਹਾਂ ਸਕੀਮਾਂ ਤੇ ਪ੍ਰੋਗਰਾਮਾਂ ਨੂੰ ਸਹੀ ਅਰਥਾਂ ਵਿੱਚ ਸੁਹਿਰਦਤਾ ਨਾਲ ਲਾਗੂ ਹੀ ਨਹੀਂ ਕੀਤਾ ਜਾਂਦਾ। ਸਰਕਾਰੀ ਦਾਅਵੇ ਕੀਤੇ ਜਾ ਰਹੇ ਹਨ ਕਿ ਬਾਲ ਮੌਤ ਦਰ 41 ਤੋਂ ਘਟ ਕੇ 35 ਪ੍ਰਤੀ 1000 ਹੋ ਗਈ ਹੈ ਅਤੇ ਪੈਦਾਇਸ਼ੀ ਛੋਟੇ ਕੱਦ ਦੇ ਬੱਚੇ ਪੈਦਾ ਹੋਣ ਵਿੱਚ ਵੀ ਸੁਧਾਰ ਹੋਇਆ ਹੈ। ਸਰਕਾਰ ਵੱਲੋਂ ਕੁਪੋਸ਼ਣ ਸੰਬੰਧੀ ਅੰਕੜਿਆਂ ਨੂੰ ਇਕੱਠੇ ਕਰਨ ਦੇ ਢੰਗ ਤਰੀਕਿਆਂ 'ਤੇ ਇਤਰਾਜ਼ ਕਰਦਿਆਂ ਤਰਕ ਦਿੱਤਾ ਜਾਂਦਾ ਹੈ ਕਿ ਕੁਪੋਸ਼ਣ ਦੇ ਅੰਕੜੇ ਸਿਰਫ਼ ਬੱਚਿਆਂ ਨਾਲ ਸੰਬੰਧਿਤ ਹਨ। ਇਹ ਅੰਕੜੇ ਸਮੁੱਚੀ ਭੁੱਖਮਰੀ ਜਾਂ ਕੁਪੋਸ਼ਣ ਦੀ ਤਸਵੀਰ ਪੇਸ਼ ਨਹੀਂ ਕਰਦੇ। ਪ੍ਰੰਤੂ ਆਲਮੀ ਪੱਧਰ 'ਤੇ ਹੋ ਰਹੇ ਸਰਵੇਖਣਾਂ ਤੇ ਰਿਪੋਰਟਾਂ ਨੂੰ ਇਨ੍ਹਾਂ ਦਲੀਲਾਂ ਨਾਲ ਝੁਠਲਾਇਆ ਨਹੀਂ ਜਾ ਸਕਦਾ, ਕਿਉਂਕਿ ਜੋ ਮਾਪਦੰਡ ਹੋਰ ਦੇਸ਼ਾਂ ਲਈ ਵਰਤੇ ਗਏ ਹਨ, ਉਹੀ ਭਾਰਤ ਲਈ ਵੀ ਵਰਤੇ ਜਾਂਦੇ ਹਨ।

(ਬਾਕੀ ਸਫ਼ਾ 31 'ਤੇ)

# ਵਿਦਿਆਰਥੀਆਂ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ ਪੰਜ ਵਰ੍ਹੇ

## ਪੜ੍ਹਾਈ ਵੇਲੇ ਪੰਜ ਸਾਲ ਕੀਤੀ ਸਖ਼ਤ ਮਿਹਨਤ ਦਾ ਫਲ ਮਿਲਦੈ ਪੰਜਾਹ ਸਾਲ






**ਵਿਦਿਆਰਥੀਆਂ ਨੂੰ ਕਾਲਜ ਤੇ ਯੂਨੀਵਰਸਿਟੀ ਦੀ ਪੜ੍ਹਾਈ ਦੇ ਪੰਜ ਸਾਲਾਂ ਦੌਰਾਨ 'ਵਿਸ਼ੇਸ਼ ਪੰਜ ਸਾਲਾ ਯੋਜਨਾ' ਬਣਾ ਲੈਣੀ ਚਾਹੀਦੀ ਹੈ ਅਤੇ ਉਸ ਯੋਜਨਾ ਅਨੁਸਾਰ ਹੀ ਉਹਨਾਂ ਨੂੰ ਸਖ਼ਤ ਮਿਹਨਤ ਨਾਲ ਪੜ੍ਹਾਈ ਕਰਨੀ ਚਾਹੀਦੀ ਹੈ। ਵਿਦਿਆਰਥੀਆਂ ਲਈ ਬਚਪਣ ਤੋਂ ਹੀ ਪੜ੍ਹਾਈ ਦਾ ਮਜ਼ਬੂਤ ਬੇਸ ਬਣਾਉਣਾ ਜ਼ਰੂਰੀ ਹੈ, ਉਥੇ ਦਸਵੀਂ ਅਤੇ ਉਸ ਤੋਂ ਅਗਲੇ ਚਾਰ ਸਾਲਾਂ ਦੌਰਾਨ ਪੜ੍ਹਾਈ ਵੱਲ ਦਿੱਤਾ ਗਿਆ ਵਿਸ਼ੇਸ਼ ਧਿਆਨ ਵਿਦਿਆਰਥੀਆਂ ਲਈ ਸਫ਼ਲਤਾ ਦਾ ਹਰ ਦਰਵਾਜ਼ਾ ਖੋਲ੍ਹ ਦਿੰਦਾ ਹੈ। ਇਸ ਤੋਂ ਇਲਾਵਾ ਵਿਦਿਆਰਥੀ ਆਪਣੇ ਮਾਪਿਆਂ ਅਤੇ ਸੀਨੀਅਰ ਵਿਦਿਆਰਥੀਆਂ ਦੇ ਤਜਰਬੇ ਤੋਂ ਵੀ ਲਾਭ ਉਠਾ ਸਕਦੇ ਹਨ। ਵਿਦਿਆਰਥੀਆਂ ਨੇ ਜੇ ਵੱਡੇ ਹੋ ਕੇ ਜ਼ਿੰਦਗੀ ਦੀ ਹਰ ਸਹੂਲਤ ਦਾ ਆਨੰਦ ਲੈਣਾ ਹੈ ਤਾਂ ਉਹਨਾਂ ਨੂੰ ਕਾਲਜ ਅਤੇ ਯੂਨੀਵਰਸਿਟੀ ਦੀ ਪੜ੍ਹਾਈ ਦੇ ਪੰਜ ਸਾਲ ਪੂਰੀ ਸਖ਼ਤ ਮਿਹਨਤ ਕਰਨੀ ਹੀ ਪੈਣੀ ਹੈ।**




ਵਿਦਿਆਰਥੀਆਂ ਲਈ ਭਾਵੇਂ ਕਿ ਸਿੱਖਿਆ ਪ੍ਰਾਪਤ ਕਰਨ ਦੇ ਸਾਰੇ ਵਰ੍ਹੇ ਹੀ ਮਹੱਤਵਪੂਰਨ ਹੁੰਦੇ ਹਨ ਪਰ ਇਹਨਾਂ ਲਈ ਸਭ ਤੋਂ ਮਹੱਤਵਪੂਰਨ ਦਸਵੀਂ ਅਤੇ ਉਸ ਤੋਂ ਬਾਅਦ ਕਾਲਜ/ਯੂਨੀਵਰਸਿਟੀ ਦੀ ਪੜ੍ਹਾਈ ਦੇ ਸਾਲ ਹੁੰਦੇ ਹਨ। ਜਿਹੜੇ ਵਿਦਿਆਰਥੀ ਦਸਵੀਂ ਅਤੇ ਕਾਲਜ/ਯੂਨੀਵਰਸਿਟੀ ਦੀ ਪੜ੍ਹਾਈ ਦੇ ਪੰਜ ਸਾਲਾਂ ਵਿੱਚ ਸਖ਼ਤ ਮਿਹਨਤ ਕਰ ਲੈਂਦੇ ਹਨ, ਉਹ ਅਗਲੇ ਪੰਜਾਹ ਸਾਲਾਂ ਵਿੱਚ ਜ਼ਿੰਦਗੀ ਦਾ ਹਰ ਆਨੰਦ ਮਾਣਦੇ ਹਨ ਕਿਉਂਕਿ ਪੜ੍ਹਾਈ ਵੇਲੇ ਪੰਜ ਸਾਲ ਕੀਤੀ ਸਖ਼ਤ ਮਿਹਨਤ ਨਾਲ ਉਹਨਾਂ ਨੂੰ ਚੰਗੀ ਨੌਕਰੀ/ਚੰਗਾ ਰੁਜ਼ਗਾਰ ਅਤੇ ਚੰਗਾ ਕਾਰੋਬਾਰ ਮਿਲ ਜਾਂਦੇ ਹਨ ਜਿਸ ਕਰਕੇ ਉਹ ਜ਼ਿੰਦਗੀ ਵਿੱਚ ਸਫ਼ਲ ਮਨੁੱਖ ਕਹਾਉਣ ਦੇ ਹੱਕਦਾਰ ਹੋ ਜਾਂਦੇ ਹਨ। ਦੂਜੇ ਪਾਸੇ ਜਿਹੜੇ ਵਿਦਿਆਰਥੀ ਕਾਲਜ/ਯੂਨੀਵਰਸਿਟੀ ਦੇ ਪੜ੍ਹਾਈ ਦੇ ਪੰਜ ਸਾਲਾਂ ਦੌਰਾਨ ਸਖ਼ਤ ਮਿਹਨਤ ਨਹੀਂ ਕਰਦੇ ਸਗੋਂ ਕਾਲਜ/ਯੂਨੀਵਰਸਿਟੀ ਵਿੱਚ ਕੰਟੀਨਾਂ ਵਿੱਚ, ਘੁੰਮਣ ਵਿੱਚ, ਗੱਲਾਂ ਬਾਤਾਂ ਕਰਨ ਵਿੱਚ, ਫ਼ਿਲਮਾਂ ਵੇਖਣ ਵਿੱਚ, ਨਸ਼ੇ ਕਰਨ ਵਿੱਚ, ਵਿਦਿਆਰਥੀ ਰਾਜਨੀਤੀ ਵਿੱਚ ਵਧੇਰੇ ਸਮਾਂ ਬਤੀਤ ਕਰਦੇ ਹਨ, ਉਹ ਪੜ੍ਹਾਈ ਵਿੱਚ ਅਕਸਰ ਪਿੱਛੜ ਜਾਂਦੇ ਹਨ ਅਤੇ ਅਜਿਹੇ ਵਿਦਿਆਰਥੀ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ, ਜਿਸ ਕਾਰਨ ਇਹਨਾਂ ਨੂੰ ਚੰਗੀਆਂ ਨੌਕਰੀਆਂ ਅਤੇ ਚੰਗੇ ਰੁਜ਼ਗਾਰ ਨਹੀਂ ਮਿਲਦੇ। ਫਿਰ ਅਜਿਹੇ ਵਿਦਿਆਰਥੀਆਂ ਨੂੰ ਆਪਣੇ ਘਰ ਚਲਾਉਣ ਲਈ ਅਗਲੇ ਪੰਜਾਹ ਸਾਲ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਇਸੇ ਕਰਕੇ ਸਿਆਣੇ ਕਹਿੰਦੇ ਹਨ ਕਿ ਵਿਦਿਆਰਥੀ ਜੀਵਨ ਦੌਰਾਨ ਪੰਜ ਸਾਲ ਕੀਤੀ ਗਈ ਸਖ਼ਤ ਮਿਹਨਤ ਵਿਦਿਆਰਥੀਆਂ ਦੀ ਜ਼ਿੰਦਗੀ ਬਣਾ ਦਿੰਦੀ ਹੈ ਅਤੇ ਉਹ ਆਪਣੀ ਜ਼ਿੰਦਗੀ ਵਿੱਚ ਹਰ ਸੁੱਖ ਸਹੂਲਤ ਨੂੰ ਮਾਣਦੇ ਹਨ।

ਜਿਹੜੇ ਵਿਦਿਆਰਥੀ ਉਚੇਰੀ ਪੜ੍ਹਾਈ ਲਈ ਵਿਦੇਸ਼ ਜਾਂਦੇ ਹਨ, ਉਥੇ ਵੀ ਉਹਨਾਂ ਲਈ ਪਹਿਲੇ ਪੰਜ ਸਾਲ ਕਾਫ਼ੀ ਮਹੱਤਵਪੂਰਨ ਹੁੰਦੇ ਹਨ। ਜਿਹੜੇ ਵਿਦਿਆਰਥੀ ਸਟੱਡੀ ਵੀਜ਼ੇ 'ਤੇ ਵਿਦੇਸ਼ ਜਾ ਕੇ ਚੰਗੀ ਪੜ੍ਹਾਈ ਕਰਦੇ ਹਨ ਤਾਂ ਉਹਨਾਂ ਨੂੰ ਵਿਦੇਸ਼ ਵਿੱਚ ਉਹਨਾਂ ਦੀ ਵਿਦਿਅਕ ਯੋਗਤਾ ਅਨੁਸਾਰ ਚੰਗਾ ਕੰਮ ਮਿਲ ਜਾਂਦਾ ਹੈ



ਕਰਦਿਆਂ ਉਹ ਤਰੱਕੀ ਕਰ ਜਾਂਦੇ ਹਨ। ਪੜ੍ਹਾਈ ਤੋਂ ਬਾਅਦ ਘੁੰਮਣ ਫਿਰਨ ਤੇ ਐਸ਼ ਕਰਨ ਲਈ ਸਾਰੀ ਉਮਰ ਪਈ ਹੁੰਦੀ ਹੈ। ਇਸੇ ਕਰਕੇ ਵੱਡੀ ਗਿਣਤੀ ਮਾਪੇ ਆਪਣੇ ਬੱਚਿਆਂ ਨੂੰ ਸਕੂਲ ਤੇ ਕਾਲਜ ਦੀ ਪੜ੍ਹਾਈ ਦੌਰਾਨ ਸਖ਼ਤ ਮਿਹਨਤ ਕਰਨ ਲਈ ਕਹਿੰਦੇ ਰਹਿੰਦੇ ਹਨ। ਸਕੂਲ ਦੀ ਪੜ੍ਹਾਈ ਦੌਰਾਨ ਤਾਂ ਹਰ ਬੱਚਾ ਆਪਣੇ ਮਾਪਿਆਂ ਅਨੁਸਾਰ ਚਲਦਾ ਹੈ ਅਤੇ ਮਾਪਿਆਂ ਦੇ ਕਹਿਣ ਅਨੁਸਾਰ ਮਿਹਨਤ ਕਰਦਾ ਹੈ ਪਰ ਕਾਲਜ ਅਤੇ ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਬੱਚੇ ਆਜ਼ਾਦ ਹੋ ਜਾਂਦੇ ਹਨ। ਅਜਿਹੇ ਸਮੇਂ ਉਹ ਆਪਣੇ ਮਾਪਿਆਂ ਦੀ ਘੱਟ ਸੁਣਦੇ ਹਨ ਅਤੇ ਆਪਣੀ ਮਨਮਰਜ਼ੀ ਵਧੇਰੇ ਕਰਦੇ ਹਨ। ਇਸ ਲਈ ਸਿਆਣੇ ਲੋਕ ਅਜਿਹੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨ ਦੀ ਸਿੱਖਿਆ ਦਿੰਦੇ ਹਨ। ਸਖ਼ਤ ਮਿਹਨਤ ਕਰਨ ਤੋਂ ਸਾਡਾ ਭਾਵ ਇਹ ਨਹੀਂ ਹੈ ਕਿ ਦਿਨ ਰਾਤ ਸਿਰ ਸੁੱਟ ਕੇ ਕਿਤਾਬਾਂ ਪੜ੍ਹੀ ਜਾਓ। ਸਗੋਂ ਸਾਡੇ ਕਹਿਣ ਦਾ ਭਾਵ ਇਹ ਹੈ ਕਿ ਹਰ ਵਿਦਿਆਰਥੀ ਨੂੰ ਆਪਣਾ ਟਾਈਮ ਟੇਬਲ ਬਣਾ ਲੈਣਾ ਚਾਹੀਦਾ ਹੈ। ਇਸ ਟਾਈਮ ਟੇਬਲ ਵਿੱਚ ਉਸ ਨੂੰ ਆਪਣੀ ਪੜ੍ਹਾਈ ਦਾ ਸਮਾਂ ਅਤੇ ਖੇਡਣ ਦਾ ਸਮਾਂ ਵੀ ਨਿਸ਼ਚਿਤ ਕਰ ਲੈਣੇ ਚਾਹੀਦੇ ਹਨ। ਇਸ ਤੋਂ ਇਲਾਵਾ ਕੁਝ ਸਮਾਂ ਦੋਸਤਾਂ ਨਾਲ ਮਿਲਣ ਦਾ ਵੀ ਰੱਖਣਾ ਚਾਹੀਦਾ ਹੈ ਤਾਂ ਕਿ ਦੋਸਤੀ ਦਾ ਨਿੱਘ ਵੀ ਮਾਣਿਆ ਜਾਵੇ। ਹਰ ਵਿਦਿਆਰਥੀ ਨੂੰ ਪੜ੍ਹਾਈ ਦੇ ਨਾਲ ਖੇਡਾਂ ਵਿੱਚ ਵੀ ਹਿਸਾ ਲੈਣਾ ਚਾਹੀਦਾ ਹੈ। ਖੇਡਾਂ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀ ਤੰਦਰੁਸਤ ਰਹਿੰਦੇ ਹਨ। ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਨਿਵਾਸ ਕਰਦਾ ਹੈ। ਇਸ ਲਈ ਖੇਡਾਂ ਵਿੱਚ ਹਿੱਸਾ ਲੈ ਕੇ ਜਿਹੜੇ ਵਿਦਿਆਰਥੀ ਸਰੀਰਕ ਤੌਰ 'ਤੇ ਤੰਦਰੁਸਤ ਹੋਣਗੇ, ਉਹ ਮਾਨਸਿਕ ਤੌਰ 'ਤੇ ਵੀ ਤੰਦਰੁਸਤ ਹੋਣਗੇ। ਇਹ ਜ਼ਰੂਰ ਧਿਆਨ ਰੱਖਿਆ ਜਾਵੇ ਕਿ ਖੇਡਾਂ ਵਿੱਚ ਏਨਾ ਵੀ ਹਿੱਸਾ ਨਾ ਲਿਆ ਜਾਵੇ ਕਿ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋਵੇ।

ਜਿਹੜੇ ਵਿਦਿਆਰਥੀਆਂ ਨੂੰ ਚੰਗੇ 'ਰਾਹ ਦਸੇਰੇ' ਮਿਲ ਜਾਂਦੇ ਹਨ, ਉਹ ਵਿਦਿਆਰਥੀ ਜ਼ਿੰਦਗੀ ਵਿੱਚ ਵਧੇਰੇ ਸਫ਼ਲ ਹੋ ਜਾਂਦੇ ਹਨ। ਦੂਜੇ ਪਾਸੇ ਕੁਝ ਵਿਦਿਆਰਥੀਆਂ ਨੂੰ ਉਹਨਾਂ ਦੇ ਰਿਸ਼ਤੇਦਾਰਾਂ ਅਤੇ ਹੋਰ ਲੋਕਾਂ ਵੱਲੋਂ ਪੜ੍ਹਾਈ ਤੋਂ ਹਟਾਉਣ ਅਤੇ ਉਹਨਾਂ ਦਾ ਧਿਆਨ ਹੋਰ ਪਾਸੇ ਲਗਾਉਣ ਦੇ ਯਤਨ ਵੀ ਕੀਤੇ ਜਾਂਦੇ ਹਨ। ਵਿਦਿਆਰਥੀ ਅਕਸਰ ਭੋਲੇ ਭਾਲੇ ਹੁੰਦੇ ਹਨ, ਉਹਨਾਂ ਨੂੰ ਆਪਣੇ ਭਲੇ ਬੁਰੇ ਦੀ ਸਮਝ ਨਹੀਂ ਹੁੰਦੀ। ਕਈ ਚੁਸਤ ਚਲਾਕ ਕਿਸਮ ਦੇ ਆਦਮੀ ਮੂੰਹ ਦੇ ਮਿੱਠੇ ਬਣ ਕੇ ਵਿਦਿਆਰਥੀਆਂ ਨਾਲ ਨੇੜਤਾ ਬਣਾ ਲੈਂਦੇ ਹਨ ਅਤੇ ਉਹਨਾਂ ਨੂੰ ਪੜ੍ਹਾਈ ਦੀ ਥਾਂ ਨਕਲ ਮਾਰਨ ਜਾਂ ਗਲਤ ਪਾਸੇ ਪਾਉਣ ਦਾ ਯਤਨ ਕਰਦੇ ਹਨ। ਅਜਿਹੇ ਲੋਕਾਂ ਤੋਂ ਵਿਦਿਆਰਥੀਆਂ ਨੂੰ ਸੁਚੇਤ ਹੋਣ ਦੀ ਲੋੜ ਹੈ ਤਾਂ ਕਿ ਉਹ ਜ਼ਿੰਦਗੀ ਵਿੱਚ ਧੋਖਾ ਨਾ ਖਾ ਸਕਣ। ਕਈ ਵਿਦਿਆਰਥੀ ਅਜਿਹੇ ਵੀ ਹੁੰਦੇ ਹਨ ਜੋ ਕਿ ਸਖ਼ਤ ਮਿਹਨਤ ਕਰਦੇ ਹਨ ਪਰ ਹਾਲਾਤ ਉਹਨਾਂ ਨੂੰ ਅੱਗੇ ਨਹੀਂ ਵਧਣ ਦਿੰਦੇ। ਕਿਸੇ ਨਾ ਕਿਸੇ ਕਾਰਨ ਉਹਨਾਂ ਦੀ ਪੜ੍ਹਾਈ ਅੱਧ ਵਿਚਾਲੇ ਰਹਿ ਜਾਂਦੀ ਹੈ ਅਤੇ ਉਹ ਪੜ੍ਹਾਈ ਵਿੱਚ ਹੁਸ਼ਿਆਰ ਹੋਣ ਦੇ ਬਾਵਜੂਦ ਪਿੱਛੇ ਰਹਿ ਜਾਂਦੇ ਹਨ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਮਾਪਿਆਂ 'ਤੇ ਨਿਰਭਰ ਨਾ ਰਹਿਣ ਸਗੋਂ ਉਹ ਪੜ੍ਹਾਈ ਦੇ ਨਾਲ ਕੋਈ ਪਾਰਟ ਟਾਈਮ ਕੰਮ ਜਾਂ ਪਾਰਟ ਟਾਈਮ ਨੌਕਰੀ ਕਰਕੇ ਆਪਣੀ ਪੜ੍ਹਾਈ ਦਾ ਖ਼ਰਚਾ ਚੁੱਕ ਸਕਦੇ ਹਨ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਦਸਵੀਂ ਅਤੇ ਕਾਲਜ ਤੇ ਯੂਨੀਵਰਸਿਟੀ ਦੀ ਪੜ੍ਹਾਈ ਦੇ ਪੰਜ ਵਰ੍ਹੇ ਸਖ਼ਤ ਮਿਹਨਤ ਕਰਨ ਅਤੇ ਚੰਗੇ ਨੰਬਰ ਲੈ ਕੇ ਪਾਸ ਹੋਣ। ਉਸ ਤੋਂ ਬਾਅਦ ਉਹਨਾਂ ਨੂੰ ਉਹਨਾਂ ਦੀ ਯੋਗਤਾ ਅਨੁਸਾਰ ਨੌਕਰੀ/ਰੁਜ਼ਗਾਰ ਮਿਲ ਸਕਦੇ ਹਨ ਅਤੇ ਇਹ ਵਿਦਿਆਰਥੀ ਆਪਣੀ ਜ਼ਿੰਦਗੀ ਵਿੱਚ ਸਫ਼ਲ ਹੋ ਸਕਦੇ ਹਨ।





# ਸਰਹੱਦੀ ਰਾਜਾਂ 'ਚ ਤੇਜ਼ੀ ਨਾਲ ਹੋ ਰਿਹੈ ਡੈਮੋਗ੍ਰਾਫਿਕ ਬਦਲਾਅ

## ਪੰਜਾਬ 'ਚ ਪਰਵਾਸੀ ਮਜ਼ਦੂਰਾਂ ਦੀ ਆਮਦ ਕਾਰਨ ਪੰਜਾਬੀਆਂ ਦੀ ਨਵੀਂ ਚਿੰਤਾ, ਕੀ ਹੈ ਸਾਜਿਸ਼ ਜਾਂ ਆਰਥਿਕ ਜ਼ਰੂਰਤ ?







ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੁਝ ਦਿਨ ਪਹਿਲਾਂ ਆਜ਼ਾਦੀ ਦਿਵਸ ਮੌਕੇ ਆਪਣੇ ਸੰਬੋਧਨ ਵਿੱਚ ਦੇਸ਼ ਦੇ ਸੀਮਾਵਰਤੀ ਇਲਾਕਿਆਂ ਵਿੱਚ ਹੋ ਰਹੇ ਡੈਮੋਗ੍ਰਾਫਿਕ ਬਦਲਾਅ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਸੀ। ਪੀ.ਐੱਮ. ਨੇ ਕਿਹਾ ਕਿ ਨਾਜਾਇਜ਼ ਘੁਸਪੈਠ ਕਰਕੇ ਸਰਹੱਦੀ ਖੇਤਰਾਂ ਵਿੱਚ ਜਨਸੰਖਿਆ ਦਾ ਸੰਤੁਲਨ ਵਿਗੜ ਰਿਹਾ ਹੈ, ਜਿਸ ਨਾਲ ਜ਼ਮੀਨਾਂ ਤੇ ਕਬਜ਼ੇ, ਔਰਤਾਂ ਦੀ ਸੁਰੱਖਿਆ ਅਤੇ ਰਾਸ਼ਟਰੀ ਸੁਰੱਖਿਆ ਨੂੰ ਖ਼ਤਰਾ ਪੈਦਾ ਹੋ ਰਿਹਾ ਹੈ।

ਜੇ ਅਸੀਂ ਚਾਰ ਰਾਜਾਂ – ਅਸਮ, ਪੱਛਮੀ ਬੰਗਾਲ, ਉੱਤਰ ਪ੍ਰਦੇਸ਼ ਅਤੇ ਬਿਹਾਰ – ਦੇ ਜਨਗਣਨਾ ਅੰਕੜਿਆਂ ਨੂੰ ਵੇਖੀਏ ਤਾਂ ਅਸਮ ਵਿੱਚ 1951-61 ਵਿੱਚ ਜਨਸੰਖਿਆ ਵਾਧਾ ਦਰ 35 ਫੀਸਦੀ ਸੀ ਜੋ 1991-2001 ਵਿੱਚ ਘਟ ਕੇ 16.9 ਫੀਸਦੀ ਰਹਿ ਗਈ। ਪੱਛਮੀ ਬੰਗਾਲ ਵਿੱਚ ਇਹ 27.6 ਤੋਂ ਘਟ ਕੇ 13.9 ਫੀਸਦੀ ਹੋ ਗਈ। ਜਦਕਿ ਮੱਧ ਭਾਰਤ ਦੇ ਰਾਜ ਉੱਤਰ ਪ੍ਰਦੇਸ਼ ਵਿੱਚ ਇਹ 13.8 ਤੋਂ ਵਧ ਕੇ 20.1 ਫੀਸਦੀ ਅਤੇ ਬਿਹਾਰ ਵਿੱਚ 19.1 ਤੋਂ 25.1 ਫੀਸਦੀ ਹੋ ਗਈ। ਪੂਰੇ ਦੇਸ਼ ਵਿੱਚ ਸੀਮਾਵਰਤੀ ਰਾਜਾਂ ਜਿਵੇਂ ਤ੍ਰਿਪੁਰਾ, ਅਸਾਮ, ਮੇਘਾਲਿਆ, ਮਨੀਪੁਰ, ਮਿਜ਼ੋਰਮ, ਨਾਗਾਲੈਂਡ, ਅਰੁਣਾਚਲ ਪ੍ਰਦੇਸ਼ ਅਤੇ ਸਿੱਕਮ ਵਿੱਚ ਆਜ਼ਾਦੀ ਤੋਂ ਬਾਅਦ ਜ਼ਿਆਦਾਤਰ ਸਮੇਂ ਰਾਸ਼ਟਰੀ ਔਸਤ ਨਾਲੋਂ ਵੱਧ ਵਾਧਾ ਦਰ ਵੇਖੀ ਗਈ। ਤ੍ਰਿਪੁਰਾ ਵਿੱਚ 1951-61 ਵਿੱਚ 78.7 ਫੀਸਦੀ ਵਾਧਾ ਹੋਇਆ ਜੋ 1991-2001 ਵਿੱਚ ਘਟ ਕੇ 14.8 ਫੀਸਦੀ ਰਹਿ ਗਿਆ। ਅਸਾਮ ਵਿੱਚ ਵੀ ਇਹ ਦਰ ਘਟੀ ਅਤੇ ਨਾਗਾਲੈਂਡ ਵਿੱਚ ਤਾਂ 2001-11 ਵਿੱਚ ਨੈਗੇਟਿਵ ਵਾਧਾ (-0.5 ਫੀਸਦੀ) ਵੇਖਿਆ ਗਿਆ। ਜੰਮੂ-ਕਸ਼ਮੀਰ ਅਤੇ ਪੰਜਾਬ ਵਿੱਚ ਵੀ ਤੇਜ਼ ਵਾਧਾ ਹੋਇਆ ਪਰ ਹਿਮਾਚਲ ਪ੍ਰਦੇਸ਼ ਵਿੱਚ ਇਹ ਰਾਸ਼ਟਰੀ ਔਸਤ ਨੇੜੇ ਰਹੀ।

ਮੱਧ ਭਾਰਤ ਵਿੱਚ ਵੀ ਵਾਧਾ ਸਰਹੱਦੀ ਰਾਜਾਂ ਵਾਂਗ ਹੀ ਰਿਹਾ। ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਔਸਤ ਨਾਲੋਂ ਵੱਧ ਵਾਧਾ ਵੇਖਿਆ ਗਿਆ। ਰਾਜਸਥਾਨ ਵਿੱਚ 1951-61 ਵਿੱਚ 28 ਫੀਸਦੀ, 1971-81 ਵਿੱਚ 29.1 ਫੀਸਦੀ ਅਤੇ 1991-2001 ਵਿੱਚ 28.3 ਫੀਸਦੀ ਵਾਧਾ ਹੋਇਆ। ਗੁਜਰਾਤ ਵਿੱਚ 24 ਤੋਂ 27 ਫੀਸਦੀ ਅਤੇ ਮੱਧ ਪ੍ਰਦੇਸ਼ ਵਿੱਚ 21 ਤੋਂ 30 ਫੀਸਦੀ ਤੱਕ ਉਤਰਾਅ-ਚੜ੍ਹਾਅ ਵੇਖਿਆ ਗਿਆ। ਉੱਤਰ ਪ੍ਰਦੇਸ਼ ਅਤੇ ਬਿਹਾਰ ਵਿੱਚ ਵੀ ਕਈ ਜਨਗਣਨਾਵਾਂ ਵਿੱਚ ਰਾਸ਼ਟਰੀ ਔਸਤ ਨਾਲੋਂ ਵੱਧ ਵਾਧਾ ਹੋਇਆ। ਪੱਛਮੀ ਬੰਗਾਲ ਵਿੱਚ ਵਾਧਾ ਦਾ ਵੱਖਰਾ ਪੈਟਰਨ ਵੇਖਿਆ ਗਿਆ ਜਿੱਥੇ 1951-61 ਵਿੱਚ ਸਭ ਤੋਂ ਵੱਧ ਵਾਧਾ ਹੋਇਆ ਪਰ ਬਾਅਦ ਵਿੱਚ ਇਹ ਰਾਸ਼ਟਰੀ ਔਸਤ ਨਾਲੋਂ ਘੱਟ ਰਿਹਾ। ਦੱਖਣੀ ਰਾਜਾਂ ਜਿਵੇਂ ਕੇਰਲ, ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਵਿੱਚ ਵਾਧਾ ਦਰ ਘੱਟ ਰਿਹਾ ਜਿੱਥੇ ਕੇਰਲ ਵਿੱਚ ਇਹ 2001-11 ਵਿੱਚ 4.9 ਫੀਸਦੀ ਤੱਕ ਘਟ ਗਿਇ। ਇਹ ਕਮੀ ਤੇਜ਼ ਪ੍ਰਜਨਨ ਘਟਾਅ, ਵੱਧ ਸਾਖਰਤਾ ਅਤੇ ਸ਼ਹਿਰੀਕਰਨ ਨੂੰ ਦਰਸਾਉਂਦੀ ਹੈ। ਕਈ ਇਤਿਹਾਸਿਕ ਘਟਨਾਵਾਂ ਜਿਵੇਂ 1947 ਦੀ ਵੰਡ ਅਤੇ 1971 ਦਾ ਬੰਗਲਾਦੇਸ਼ ਯੁੱਧ ਨੇ ਜਨਸੰਖਿਆ ਵਿੱਚ ਵੱਡੇ ਬਦਲਾਅ ਲਿਆਂਦੇ ਜੋ ਅਸਾਮ, ਤ੍ਰਿਪੁਰਾ ਅਤੇ



ਪੱਛਮੀ ਬੰਗਾਲ ਵਿੱਚ ਵਾਧੇ ਵਿੱਚ ਇਜਾਫਾ ਕਰਦੇ ਰਹੇ। ਮਾਹਿਰਾਂ ਮੁਤਾਬਕ ਜਨਸੰਖਿਆ ਬਦਲਾਅ ਨੂੰ ਸਿਰਫ਼ ਘੁਸਪੈਠ ਨਾਲ ਜੋੜਨਾ ਗਲਤ ਹੈ ਕਿਉਂਕਿ ਇਸ ਵਿੱਚ ਪ੍ਰਾਕ੍ਰਿਤਕ ਵਾਧਾ, ਆਰਥਿਕ ਪ੍ਰਵਾਸ, ਗਰੀਬੀ ਅਤੇ ਅਨਪੜ੍ਹਤਾ ਵਰਗੇ ਕਾਰਨ ਵੀ ਸ਼ਾਮਲ ਹਨ।

### ਪੰਜਾਬ ਵਿੱਚ ਡੈਮੋਗਰਾਫੀ ਵਿੱਚ ਵਾਧਾ ਕੀ ਸਾਜਿਸ਼ ਹੈ ?

ਹੁਣ ਪੰਜਾਬ ਵੱਲ ਆਉਂਦੇ ਹਾਂ ਜਿੱਥੇ ਇਹ ਮਾਮਲਾ ਵੱਧ ਗੰਭੀਰ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਅਧਿਐਨ ਮੁਤਾਬਕ ਪਰਵਾਸੀ ਮਜ਼ਦੂਰਾਂ ਦੀ ਪੰਜਾਬ ਵਿੱਚ ਆਮਦ ਸਾਲ 1977-78 ਵਿੱਚ ਸ਼ੁਰੂ ਹੋਈ ਸੀ। ਉਸ ਵੇਲੇ ਪੰਜਾਬ ਵਿੱਚ ਝੋਨੇ ਦੀ ਬੀਜਾਈ ਸ਼ੁਰੂ ਹੋਈ ਅਤੇ ਪੰਜਾਬੀਆਂ ਕੋਲ ਤਜਰਬਾ ਨਹੀਂ ਸੀ ਤਾਂ ਬਿਹਾਰ ਅਤੇ ਯੂ.ਪੀ. ਤੋਂ ਮਾਹਿਰ ਮਜ਼ਦੂਰ ਆਏ ਸਨ। ਸਾਲ 1978 ਵਿੱਚ ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਦੀ ਗਿਣਤੀ 2.18 ਲੱਖ ਸੀ ਜੋ 2015 ਤੱਕ ਵਧ ਕੇ 37 ਲੱਖ ਹੋ ਗਈ ਅਤੇ 2022 ਤੱਕ ਹੋਰ ਵਾਧਾ ਹੋਇਆ ਹੈ। ਹੁਣ 2025 ਵਿੱਚ ਇਹ ਗਿਣਤੀ 40 ਲੱਖ ਤੋਂ ਵੱਧ ਹੋ ਗਈ ਹੈ ਜਿਸ ਵਿੱਚ ਜ਼ਿਆਦਾਤਰ ਯੂ.ਪੀ. ਅਤੇ ਬਿਹਾਰ ਤੋਂ ਹਨ। ਪੰਜਾਬ ਸਰਕਾਰ ਦੇ ਸਰਵੇ ਮੁਤਾਬਕ ਲੁਧਿਆਣਾ ਨੇੜੇ ਸਾਹਨੇਵਾਲ ਪਿੰਡ ਵਿੱਚ ਹੀ 50 ਹਜ਼ਾਰ ਪਰਵਾਸੀ ਮਜ਼ਦੂਰ ਰਹਿੰਦੇ ਹਨ। ਭਾਰਤ ਸਰਕਾਰ ਦੇ ਲੇਬਰ ਵਿਭਾਗ ਮੁਤਾਬਕ 1977 ਤੋਂ ਲੈ ਕੇ ਮਜਦੂਰਾਂ ਦਾ ਪੰਜਾਬ ਆਉਣ ਦਾ ਰੁਝਾਨ ਨਿਰੰਤਰ ਜਾਰੀ ਹੈ। ਇਨ੍ਹਾਂ ਵਿੱਚ ਤਿੰਨ ਕਿਸਮਾਂ ਹਨ: ਖੇਤੀ ਮਜ਼ਦੂਰ ਜੋ ਛਿਮਾਹੀ ਆਉਂਦੇ ਜਾਂਦੇ ਰਹਿੰਦੇ ਹਨ, ਫੈਕਟਰੀਆਂ ਅਤੇ ਉਸਾਰੀ ਵਾਲੇ ਜੋ ਵੱਧ ਸਥਾਈ ਰਹਿੰਦੇ ਹਨ ਅਤੇ ਘਰੇਲੂ ਕੰਮ, ਰੇਹੜੀ ਵਾਲੇ ਜਾਂ ਛੋਟੇ ਧੰਦੇ ਵਾਲੇ ਜੋ ਪੂਰੀ ਤਰ੍ਹਾਂ ਵੱਸ ਜਾਂਦੇ ਹਨ। ਉਦਯੋਗਿਕ ਖੇਤਰ ਵਿੱਚ ਪਰਵਾਸੀ ਮਜ਼ਦੂਰਾਂ ਦਾ ਬਹੁਤ ਵੱਡਾ ਯੋਗਦਾਨ ਹੈ। ਇਹ ਖੇਤਰ ਪਰਵਾਸੀ ਮਜ਼ਦੂਰਾਂ ਦੇ ਸਹਾਰੇ ਹੀ ਖੜ੍ਹਾ ਹੈ।

ਪੰਜਾਬ ਦੇ ਉਦਯੋਗਪਤੀਆਂ ਨੂੰ ਖ਼ਦਸ਼ਾ ਹੈ ਕਿ ਜੇਕਰ ਪਰਵਾਸੀ ਮਜ਼ਦੂਰਾਂ ਨੇ ਪੰਜਾਬ ਵਿੱਚ ਆਉਣਾ ਬੰਦ ਕਰ ਦਿੱਤਾ ਤਾਂ ਉਨ੍ਹਾਂ ਲਈ ਵੱਡਾ ਸੰਕਟ ਖੜ੍ਹਾ ਹੋ ਸਕਦਾ ਹੈ।

ਉਹ ਕਹਿੰਦੇ ਹਨ ਕਿ ਇੰਡਸਟਰੀ ਵਿੱਚ ਹਮੇਸ਼ਾ ਹੀ ਮਜ਼ਦੂਰਾਂ ਦੀ ਘਾਟ ਰਹਿੰਦੀ ਹੈ, ਇਸ ਕਰਕੇ ਅਜਿਹੀ ਹਰ ਕੋਸ਼ਿਸ਼ ਨੂੰ ਰੋਕਿਆ ਜਾਣਾ ਚਾਹੀਦਾ ਹੈ, ਜਿਹੜੀ ਪਰਵਾਸੀ ਮਜ਼ਦੂਰਾਂ ਖ਼ਿਲਾਫ਼ ਮਾਹੌਲ ਸਿਰਜੇ।

ਪਰਵਾਸੀ ਮਜ਼ਦੂਰ ਸਾਡੀ ਆਰਥਿਕਤਾ ਦਾ ਅਹਿਮ ਹਿੱਸਾ ਹਨ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਜਿਹੀ ਹਰ ਕੋਸ਼ਿਸ਼ ਨੂੰ ਰੋਕੇ ਜਿਸਦਾ ਉਦੇਸ਼ ਪਰਵਾਸੀ ਮਜ਼ਦੂਰਾਂ ਨੂੰ ਪੰਜਾਬ ਵਿੱਚ ਆਉਣ ਤੋਂ ਰੋਕਣਾ ਹੈ। ਪਰਵਾਸੀ ਮਜ਼ਦੂਰਾਂ ਬਿਨਾਂ ਸਾਡਾ ਗੁਜ਼ਾਰਾ ਨਹੀਂ ਹੈ।

ਪੰਜਾਬ ਵਿੱਚ ਇਨ੍ਹਾਂ ਪਰਵਾਸੀਆਂ ਦੇ ਵਧਣ ਪਿੱਛੇ ਕੀ ਸਿਆਸਤ ਹੈ? ਆਰਥਿਕ ਮਾਹਿਰ ਡਾ. ਆਰ.ਐੱਸ. ਘੁੰਮਣ ਮੁਤਾਬਕ ਪੰਜਾਬ ਦੀ ਆਰਥਿਕਤਾ 'ਤੇ ਇਨ੍ਹਾਂ ਦਾ ਵੱਡਾ ਅਸਰ ਹੈ, ਕਿਉਂਕਿ ਖੇਤੀ ਅਤੇ ਉਦਯੋਗ ਵਿੱਚ ਮਜ਼ਦੂਰਾਂ ਦੀ ਘਾਟ ਹੈ ਅਤੇ ਪੰਜਾਬੀ ਨੌਜਵਾਨ ਵੱਡੇ ਸ਼ਹਿਰਾਂ ਜਾਂ ਵਿਦੇਸ਼ ਵੱਲ ਪਰਵਾਸ ਕਰ ਰਹੇ ਹਨ। ਪਰ ਕਈ ਵਿਸ਼ਲੇਸ਼ਕਾਂ ਅਤੇ ਰਾਜਨੀਤਿਕ ਨੇਤਾਵਾਂ ਮੁਤਾਬਕ ਇਹ ਇੱਕ ਸਾਜਿਸ਼ ਹੈ ਜਿਸ ਨਾਲ ਪੰਜਾਬੀਆਂ ਦੀ ਗਿਣਤੀ ਘਟਾਈ ਜਾ ਰਹੀ ਹੈ ਅਤੇ ਸਿੱਖ ਬਹੁਗਿਣਤੀ ਨੂੰ ਘੱਟਗਿਣਤੀ ਬਣਾਇਆ ਜਾ ਰਿਹਾ ਹੈ। 2011 ਜਨਗਣਨਾ ਵਿੱਚ ਪੰਜਾਬ ਵਿੱਚ ਸਿੱਖ 57 ਫੀਸਦੀ ਸਨ ਪਰ ਹੁਣ ਇਹ ਘਟ ਕੇ 50 ਫੀਸਦੀ ਨੇੜੇ ਪਹੁੰਚ ਗਏ ਹਨ। ਰੈਡਿਟ ਅਤੇ ਹੋਰ ਪਲੇਟਫ਼ਾਰਮਾਂ ਤੇ ਚਰਚਾ ਹੈ ਕਿ ਕਈ ਪਿੰਡਾਂ ਵਿੱਚ ਪਰਵਾਸੀਆਂ ਦੀ ਗਿਣਤੀ 80 ਫੀਸਦੀ ਤੱਕ ਪਹੁੰਚ ਗਈ ਹੈ ਅਤੇ ਮਸਜਿਦਾਂ ਬਣ ਰਹੀਆਂ ਹਨ।

ਕਾਂਗਰਸ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਜੇ ਅਜਿਹਾ ਚੱਲਦਾ ਰਿਹਾ ਤਾਂ ਪੰਜਾਬੀ ਵਿਦੇਸ਼ਾਂ ਵੱਲ ਭੱਜਣਗੇ ਅਤੇ ਪੰਜਾਬ ਵਿੱਚ ਗੈਰ-ਪੰਜਾਬੀ ਬਹੁਗਿਣਤੀ ਹੋ ਜਾਵੇਗੀ। ਖਹਿਰਾ ਨੇ ਗੈਰ-ਪੰਜਾਬੀਆਂ ਨੂੰ ਖੇਤੀ ਜ਼ਮੀਨ ਖਰੀਦਣ ਤੇ ਰੋਕ ਲਾਉਣ ਲਈ ਕਾਨੂੰਨ ਬਣਾਉਣ ਦੀ ਮੰਗ ਕੀਤੀ ਹੈ।

ਗਿਆਨੀ ਹਰਪ੍ਰੀਤ ਸਿੰਘ, ਜਦੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ, ਨੇ ਸਿੱਖਾਂ ਨੂੰ ਆਪਣੀ ਗਿਣਤੀ ਵਧਾਉਣ ਅਤੇ ਪਰਵਾਸ ਰੋਕਣ ਲਈ ਅਪੀਲ ਕੀਤੀ ਸੀ।

ਪੰਜਾਬ ਵਿੱਚ ਦੂਜੇ ਰਾਜਾਂ ਦੇ ਲੋਕਾਂ ਦੇ ਪ੍ਰਵਾਸ ਕਾਰਨ ਪੰਜਾਬੀ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਵਧ ਰਹੀ ਹੈ। ਟਾਈਮਜ਼ ਆਫ਼ ਇੰਡੀਆ ਮੁਤਾਬਕ ਪੰਜਾਬ ਵਿੱਚ ਨੌਜਵਾਨ ਬੇਰੁਜ਼ਗਾਰੀ ਦਰ 20.2 ਫੀਸਦੀ ਹੈ ਜੋ ਰਾਸ਼ਟਰੀ ਔਸਤ ਨਾਲੋਂ ਵੱਧ ਹੈ। ਪੇਂਡੂ ਇਲਾਕਿਆਂ ਵਿੱਚ ਇਹ 22.1 ਫੀਸਦੀ ਹੈ। ਅਧਿਐਨ ਮੁਤਾਬਕ ਪਰਵਾਸੀ ਮਜ਼ਦੂਰਾਂ ਦਾ ਖੇਤੀ ਅਤੇ ਉਦਯੋਗ ਵਿੱਚ 70 ਫੀਸਦੀ ਅਨਸਕਿੱਲਡ ਨੌਕਰੀਆਂ ਉਪਰ ਕਬਜ਼ਾ ਹੈ ਜਿਸ ਨਾਲ ਸਥਾਨਕ ਪੰਜਾਬੀ ਨੌਜਵਾਨ ਬੇਰੁਜ਼ਗਾਰ ਹੋ ਰਹੇ ਹਨ ਅਤੇ ਵਿਦੇਸ਼ ਵੱਲ ਪਰਵਾਸ ਕਰ ਰਹੇ ਹਨ। ਇੱਕ ਰਿਪੋਰਟ ਮੁਤਾਬਕ ਪੰਜਾਬ ਵਿੱਚ ਬੇਰੁਜ਼ਗਾਰੀ ਦਰ 6.1 ਫੀਸਦੀ ਹੈ ਜੋ ਰਾਸ਼ਟਰੀ 3.2 ਫੀਸਦੀ ਨਾਲੋਂ ਵੱਧ ਹੈ। ਲਗਭਗ 10 ਲੱਖ ਪੰਜਾਬੀ ਨੌਜਵਾਨ ਬੇਰੁਜ਼ਗਾਰ ਹਨ ਅਤੇ ਇਸ ਵਿੱਚ ਦੂਜੇ ਰਾਜਾਂ ਦੇ ਪਰਵਾਸੀਆਂ ਦਾ ਵੱਡਾ ਰੋਲ ਹੈ। ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਕਾਰਨ ਕਰਾਈਮ ਵੀ ਵਧਿਆ ਹੈ। ਟ੍ਰਿਬਿਊਨ ਅਤੇ ਹਿੰਦੁਸਤਾਨ ਟਾਈਮਜ਼ ਮੁਤਾਬਕ ਲੁਧਿਆਣਾ ਵਿੱਚ ਕਰਾਈਮ ਤੇਜ਼ੀ ਨਾਲ ਵਧਿਆ ਹੈ ਅਤੇ ਜ਼ਿਆਦਾਤਰ ਅਪਰਾਧ ਪਰਵਾਸੀਆਂ ਨਾਲ ਜੁੜੇ ਹਨ। ਬੱਚੀਆਂ ਨਾਲ ਬਲਾਤਕਾਰ ਦੇ ਮਾਮਲੇ 83 ਫੀਸਦੀ ਵਧੇ ਹਨ ਅਤੇ ਜ਼ਿਆਦਾਤਰ ਵਿੱਚ ਪਰਵਾਸੀ ਸ਼ਾਮਲ ਹਨ। ਮੀਡੀਆ ਰਿਪੋਰਟਾਂ ਮੁਤਾਬਕ ਮੁਤਾਬਕ ਬੇਕਾਬੂ ਪਰਵਾਸ ਨੇ ਅਪਰਾਧ ਵਧਾਏ ਹਨ । ਲੁਧਿਆਣਾ ਵਿੱਚ ਪਰਵਾਸੀਆਂ ਅਤੇ ਸਿੱਖਾਂ ਵਿਚਾਲੇ ਟਕਰਾਅ ਦੀਆਂ ਖਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ। ਗੋਆ ਵਿੱਚ ਵੀ 90 ਫੀਸਦੀ ਅਪਰਾਧ ਪਰਵਾਸੀਆਂ ਨਾਲ ਜੁੜੇ ਹਨ ਪਰ ਪੰਜਾਬ ਵਿੱਚ ਇਹ ਗੰਭੀਰ ਹੈ।

### ਆਪ ਸਰਕਾਰ ਇਸ ਮਾਮਲੇ 'ਤੇ ਚੁੱਪ ਕਿਉਂ ਹੈ ?


ਕਾਂਗਰਸ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਆਪ ਸਰਕਾਰ ਪੰਜਾਬੀਆਂ ਦਾ ਪਰਵਾਸ ਰੋਕਣ ਵਿੱਚ ਨਾਕਾਮ ਰਹੀ ਹੈ ਅਤੇ ਪੰਜਾਬ ਵਿੱਚ ਬੇਰੁਜ਼ਗਾਰੀ ਵਿੱਚ ਵਾਧਾ ਹੋਇਆ ਹੈ। ਦੂਜੇ ਰਾਜਾਂ ਤੋਂ ਆਏ ਲੋਕਾਂ ਕਾਰਨ ਪੰਜਾਬ ਦੀ ਡੈਮੋਗਰਾਫੀ ਵਿੱਚ ਬਦਲਾਅ ਹੋਇਆ ਹੈ। ਆਪ ਸਰਕਾਰ ਇਸ ਨੂੰ ਉਤਸ਼ਾਹਿਤ ਕਰ ਰਹੀ ਹੈ। ਦੂਜੇ ਰਾਜਾਂ ਦੇ ਲੋਕਾਂ ਨੂੰ ਨੌਕਰੀਆਂ ਦੇ ਰਹੀ ਹੈ।

ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਅਲੀਗਲ ਇੰਮੀਗ੍ਰੈਂਟਸ ਮਾਮਲੇ 'ਤੇ ਬੋਲਦਿਆਂ ਕਿਹਾ ਕਿ ਸੂਬਾ ਸਰਕਾਰ ਨੂੰ ਇਸ ਨੂੰ ਰਾਸ਼ਟਰੀ ਮੁੱਦਾ ਕਹਿ ਕੇ ਬਚ ਕੇ ਨਹੀਂ ਨਿਕਲਣਾ ਚਾਹੀਦਾ। ਆਪ ਸਰਕਾਰ ਭਾਜਪਾ ਨਾਲ ਮਿਲ ਕੇ ਡੈਮੋਗ੍ਰਾਫੀ ਬਦਲਣ ਵਿੱਚ ਲੱਗੀ ਹੈ ਅਤੇ ਲੈਂਡ ਪੂਲਿੰਗ ਨੀਤੀ ਨਾਲ ਗੈਰ-ਪੰਜਾਬੀਆਂ ਨੂੰ ਵਸਾਉਣਾ ਚਾਹੁੰਦੀ ਸੀ ਜੋ ਪੰਜਾਬ ਦੇ ਕਿਸਾਨਾਂ ਨੇ ਕਾਮਯਾਬ ਨਹੀਂ ਹੋਣ ਦਿਤੀ। ਆਪ ਨੇਤਾਵਾਂ ਨੇ ਇਸ 'ਤੇ ਚੁੱਪੀ ਵੱਟੀ ਰੱਖੀ ਹੈ ਜੋ ਸਿਆਸੀ ਰਣਨੀਤੀ ਵਜੋਂ ਵੇਖੀ ਜਾ ਰਹੀ ਹੈ।

ਪੰਜਾਬ ਵਿਚ, ਜਨਸੰਖਿਆ ਬਦਲਾਅ ਇੱਕ ਜਟਿਲ ਮੁੱਦਾ ਹੈ ਜਿਸ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਪੰਜਾਬ ਵਿੱਚ ਪਰਵਾਸੀ ਮਜ਼ਦੂਰ ਆਰਥਿਕ ਵਿਕਾਸ ਲਈ ਜ਼ਰੂਰੀ ਹਨ ਪਰ ਉਨ੍ਹਾਂ ਨੂੰ ਨਿਯਮਤ ਕਰਨ ਅਤੇ ਸਥਾਨਕਾਂ ਨੂੰ ਰੁਜ਼ਗਾਰ ਦੇਣ ਲਈ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ। ਨਹੀਂ ਤਾਂ ਸਮਾਜਿਕ ਤਣਾਅ ਅਤੇ ਰਾਜਨੀਤਿਕ ਅਸਥਿਰਤਾ ਵਧੇਗੀ।



# ਭਾਰਤ ਨੂੰ ਬੰਗਲਾਦੇਸ਼ ਤੋਂ ਸੁਚੇਤ ਰਹਿਣ ਦੀ ਲੋੜ



ਪ੍ਰਕਾਸ਼ ਸਿੰਘ


ਲਗਪਗ ਇੱਕ ਸਾਲ ਪਹਿਲਾਂ 5 ਅਗਸਤ 2024 ਨੂੰ ਬੰਗਲਾਦੇਸ਼ ਵਿੱਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦਾ ਤਖ਼ਤਾ ਪਲਟਿਆ ਗਿਆ। ਵਿਦਿਆਰਥੀ ਅੰਦੋਲਨ ਦੀ ਹਨੇਰੀ ਵਿੱਚ ਸ਼ੇਖ ਹਸੀਨਾ ਨੇ ਭੱਜ ਕੇ ਭਾਰਤ ਦੀ ਸ਼ਰਨ ਲੈ ਲਈ ਅਤੇ ਅਮਰੀਕਾ ਦੇ ਪ੍ਰਭਾਵ ਨਾਲ ਬੰਗਲਾਦੇਸ਼ ਵਿੱਚ ਮੁਹੰਮਦ ਯੂਨਸ ਦੀ ਅਗਵਾਈ ਵਿੱਚ ਇੱਕ ਅੰਤਰਿਮ ਸਰਕਾਰ ਦਾ ਗਠਨ ਹੋਇਆ। ਜ਼ਬਰਦਸਤੀ ਸੱਤਾ ਬਦਲਣ ਵਿੱਚ ਜਮਾਤ-ਏ-ਇਸਲਾਮੀ, ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ, ਹਿਜਬੁਤ ਤਹਰੀਰ ਅਤੇ ਹਿਫ਼ਾਜ਼ਤ-ਏ-ਇਸਲਾਮ ਵਰਗੀਆਂ ਇਸਲਾਮੀ ਜਥੇਬੰਦੀਆਂ ਦਾ ਵੀ ਹੱਥ ਸੀ।

ਯੂਨਸ ਸਰਕਾਰ ਨੇ ਜਮਾਤ-ਏ-ਇਸਲਾਮੀ ਅਤੇ ਉਸ ਦੇ ਵਿਦਿਆਰਥੀ ਸੰਗਠਨ 'ਇਸਲਾਮੀ ਵਿਦਿਆਰਥੀ ਸ਼ਿਵਿਰ' ਉੱਤੇ ਲੱਗੀਆਂ ਪਾਬੰਦੀਆਂ ਹਟਾ ਦਿੱਤੀਆਂ ਅਤੇ ਅਵਾਮੀ ਲੀਗ ਨੂੰ ਪਾਬੰਦੀਸ਼ੁਦਾ ਕਰ ਦਿੱਤਾ ਗਿਆ। ਜੇਲ੍ਹ ਵਿੱਚ ਬੰਦ ਹਜ਼ਾਰਾਂ ਜਹਾਦੀਆਂ ਨੂੰ ਛੱਡ ਦਿੱਤਾ ਗਿਆ। ਕਈ ਸ਼ਹਿਰਾਂ ਵਿੱਚ 'ਇਸਲਾਮਿਕ ਸਟੇਟ' ਦੇ ਝੰਡੇ ਲਹਿਰਾਉਣ ਲੱਗੇ। ਅਲਕਾਇਦਾ ਨਾਲ ਜੁੜੇ ਅੰਸਾਰੂਉਲਾ ਦੇ ਮੁਖੀ ਮੁਫਤੀ ਜਸੀਮੁੱਦੀਨ ਰਹਿਮਾਨੀ ਖ਼ਿਲਾਫ਼ ਸਾਰੇ ਦੋਸ਼ ਵਾਪਸ ਲੈ ਲਏ ਗਏ। ਰਹਿਮਾਨੀ ਨੇ ਇੱਕ ਵਾਇਰਲ ਹੋਏ ਵੀਡੀਓ ਵਿਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਬੇਨਤੀ ਕੀਤੀ ਕਿ ਉਹ ਮੋਦੀ ਦੇ ਸ਼ਾਸਨ ਤੋਂ ਬੰਗਾਲ ਨੂੰ ਮੁਕਤ ਕਰ ਕੇ ਆਪਣੀ ਆਜ਼ਾਦੀ ਦਾ ਐਲਾਨ ਕਰਨ। ਇੱਕ ਕੱਟੜਪੰਥੀ ਆਗੂ ਸਈਅਦ ਮੁਹੰਮਦ ਕਰੀਮ ਨੇ ਬੰਗਲਾਦੇਸ਼ ਵਿੱਚ ਸ਼ਰੀਅਤ ਲਾਗੂ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਦੇਸ਼ ਵਿੱਚ ਤਾਲਿਬਾਨ ਵਰਗੀ ਸਰਕਾਰ ਹੋਣੀ ਚਾਹੀਦੀ ਹੈ। ਜਦੋਂ 26 ਸਤੰਬਰ 2024 ਨੂੰ ਮੁਹੰਮਦ ਯੂਨਸ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿੱਚ ਸ਼ਾਮਲ ਹੋਣ ਲਈ ਅਮਰੀਕਾ ਗਏ ਤਾਂ ਉਨ੍ਹਾਂ ਦੇ ਸਨਮਾਨ ਵਿੱਚ ਕਲਿੰਟਨ ਗਲੋਬਲ ਇਨੀਸ਼ੀਏਟਿਵ ਨੇ ਇਕ ਸਮਾਰੋਹ ਦਾ ਆਯੋਜਨ ਕੀਤਾ।

ਇਸ ਵਿੱਚ ਬਿਲ ਕਲਿੰਟਨ ਨੇ ਹਿਜਬੁਤ ਤਹਰੀਰ ਦੇ ਆਗੂ ਮਹਫੂਜ਼ ਆਲਮ ਦੀ ਬੰਗਲਾਦੇਸ਼ ਵਿੱਚ ਅੰਦੋਲਨ ਚਲਾਉਣ ਲਈ ਖੁੱਲ੍ਹੇ ਦਿਲ ਨਾਲ ਪ੍ਰਸ਼ੰਸਾ ਕੀਤੀ। ਹਿਜਬੁਤ ਇੱਕ ਕੱਟੜ ਇਸਲਾਮੀ ਸੰਗਠਨ ਹੈ ਜੋ ਸੰਸਾਰ ਭਰ ਵਿੱਚ ਖਲੀਫਾ ਦਾ ਸਾਮਰਾਜ ਚਾਹੁੰਦਾ ਹੈ। ਇਹ ਸੰਗਠਨ ਇੰਗਲੈਂਡ, ਅਮਰੀਕਾ ਅਤੇ ਕਈ ਹੋਰ ਦੇਸ਼ਾਂ ਵਿੱਚ ਪਾਬੰਦੀ ਦਾ ਸਾਹਮਣਾ ਕਰ ਰਿਹਾ ਹੈ।

ਬੰਗਲਾਦੇਸ਼ ਵਿੱਚ ਸੱਤਾ ਬਦਲਣ ਦਾ ਸਭ ਤੋਂ ਵੱਡਾ ਨੁਕਸਾਨ ਉੱਥੇ ਦੇ ਘੱਟ-ਗਿਣਤੀ ਭਾਈਚਾਰਿਆਂ, ਖ਼ਾਸ ਕਰਕੇ ਹਿੰਦੂਆਂ ਨੂੰ ਸਹਿਣਾ ਪੈ ਰਿਹਾ ਹੈ। ਹੱਤਿਆ, ਅਗਵਾ, ਦੁਰਵਿਵਹਾਰ ਅਤੇ ਮੰਦਰਾਂ ਨੂੰ ਤੋੜਨ ਦੀਆਂ ਘਟਨਾਵਾਂ ਆਮ ਹੋ ਗਈਆਂ ਹਨ। ਬੰਗਲਾਦੇਸ਼ ਹਿੰਦੂ ਬੁੱਧਿਸਟ ਕ੍ਰਿਸਚੀਅਨ ਯੂਨਿਟੀ ਕੌਂਸਲ ਅਨੁਸਾਰ ਅਗਸਤ 2024 ਤੋਂ ਜੂਨ 2025 ਦਰਮਿਆਨ ਘੱਟ-ਗਿਣਤੀ ਭਾਈਚਾਰਿਆਂ ਖ਼ਿਲਾਫ਼ 2,442 ਹਿੰਸਕ ਘਟਨਾਵਾਂ ਹੋਈਆਂ।

ਯੂਨਸ ਸਰਕਾਰ ਨੂੰ ਅਮਰੀਕਾ ਦੀ ਡੈਮੋਕ੍ਰੈਟਿਕ ਪਾਰਟੀ ਅਤੇ ਉਸ ਦੇ ਮੁੱਖ ਨੇਤਾਵਾਂ ਬਰਾਕ ਓਬਾਮਾ, ਬਿਲ ਅਤੇ ਹਿਲੇਰੀ ਕਲਿੰਟਨ ਆਦਿ ਦਾ ਪੂਰਾ ਸਮਰਥਨ ਪ੍ਰਾਪਤ ਹੈ। ਇਸ ਕਾਰਨ ਐਮਨੈਸਟੀ ਇੰਟਰਨੈਸ਼ਨਲ ਅਤੇ ਹਿਊਮਨ ਰਾਈਟਸ ਵਾਚ ਵਰਗੀਆਂ ਸੰਸਥਾਵਾਂ ਨੇ ਘੱਟ-ਗਿਣਤੀ ਭਾਈਚਾਰਿਆਂ 'ਤੇ ਹੋ ਰਹੇ ਜ਼ੁਲਮੋ-ਸਿਤਮ ਦੀਆਂ ਘਟਨਾਵਾਂ ਦਾ ਜ਼ਿਕਰ ਨਹੀਂ ਕੀਤਾ ਅਤੇ ਕੋਈ ਰਿਪੋਰਟ ਨਹੀਂ ਛਾਪੀ।



ਜਿਨ੍ਹਾਂ ਕੁਝ ਪੱਤਰਕਾਰਾਂ ਨੇ ਇਨ੍ਹਾਂ ਘਟਨਾਵਾਂ 'ਤੇ ਆਪਣੀ ਆਵਾਜ਼ ਉਠਾਈ, ਉਹ ਗ੍ਰਿਫ਼ਤਾਰ ਕਰ ਲਏ ਗਏ ਅਤੇ ਉਨ੍ਹਾਂ ਖ਼ਿਲਾਫ਼ ਝੂਠੇ ਮੁਕਦਮੇ ਚਲਾਏ ਗਏ। ਰਾਈਟਸ ਐਂਡ ਰਿਸਕ ਐਨਾਲਿਸਿਸ ਦੇ ਅਨੁਸਾਰ, ਹੁਣ ਤੱਕ 878 ਪੱਤਰਕਾਰਾਂ ਨੂੰ ਨਿਸ਼ਾਨਾ ਬਣਾਇਆ ਜਾ ਚੁੱਕਾ ਹੈ। ਬੰਗਲਾਦੇਸ਼ ਵਿੱਚ ਨਵਾਂ ਅੱਤਵਾਦ ਵਿਰੋਧੀ ਕਾਨੂੰਨ ਬਣਾਇਆ ਗਿਆ ਹੈ ਜਿਸ ਮੁਤਾਬਕ ਆਵਾਮੀ ਲੀਗ ਦੀਆਂ ਗਤੀਵਿਧੀਆਂ 'ਤੇ ਪਾਬੰਦੀ ਰਹੇਗੀ। ਬੰਗਲਾਦੇਸ਼ ਵਿੱਚ ਸੁਰੱਖਿਆ ਆਰਡੀਨੈਂਸ ਵੀ ਪਾਸ ਕੀਤਾ ਗਿਆ ਹੈ। ਇਸ ਦਾ ਇਸਤੇਮਾਲ ਸਰਕਾਰ ਆਪਣੇ ਖ਼ਿਲਾਫ਼ ਉੱਠ ਰਹੀਆਂ ਆਵਾਜ਼ਾਂ ਨੂੰ ਦਬਾਉਣ ਲਈ ਕਰ ਰਹੀ ਹੈ।

ਜਦਕਿ ਯੂਨਸ ਨੂੰ ਯੋਗ ਅਰਥ-ਸ਼ਾਸਤਰੀ ਹੋਣ ਦੇ ਨਾਤੇ ਨੋਬਲ ਇਨਾਮ ਮਿਲਿਆ ਸੀ, ਇਸ ਲਈ ਲੋਕਾਂ ਨੂੰ ਬਹੁਤ ਉਮੀਦ ਸੀ ਕਿ ਉਨ੍ਹਾਂ ਦੀ ਅਗਵਾਈ ਵਿੱਚ ਬੰਗਲਾਦੇਸ਼ ਆਰਥਿਕ ਤਰੱਕੀ ਕਰੇਗਾ ਪਰ ਉਸ ਦੀ ਆਰਥਿਕ ਹਾਲਤ ਖ਼ਰਾਬ ਹੋ ਰਹੀ ਹੈ। ਜੋ ਮਹਿੰਗਾਈ ਸਤੰਬਰ 2024 ਵਿਚ 9.92 ਪ੍ਰਤੀਸ਼ਤ ਸੀ, ਉਹ ਵਧ ਕੇ 10.87 ਪ੍ਰਤੀਸ਼ਤ ਹੋ ਗਈ ਹੈ।

ਵਿਸ਼ਵ ਬੈਂਕ ਅਨੁਸਾਰ 2025 ਵਿੱਚ ਬੰਗਲਾਦੇਸ਼ ਦੀ ਆਰਥਿਕਤਾ ਮੁਸ਼ਕਿਲ ਨਾਲ ਚਾਰ ਪ੍ਰਤੀਸ਼ਤ ਦੀ ਦਰ ਨਾਲ ਵਧੇਗੀ। ਵਿਦੇਸ਼ ਤੋਂ ਹੋਣ ਵਾਲੇ ਨਿਵੇਸ਼ ਘਟ ਰਹੇ ਹਨ। ਕੱਪੜੇ ਦਾ ਉਦਯੋਗ, ਜੋ ਦੇਸ਼ ਦੀ ਆਰਥਿਕਤਾ ਦਾ ਆਧਾਰ ਸੀ, ਸੰਕਟ ਵਿਚ ਹੈ। ਬੰਗਲਾਦੇਸ਼ ਵਿੱਚ 69 ਫੈਕਟਰੀਆਂ ਬੰਦ ਹੋ ਗਈਆਂ ਹਨ ਅਤੇ 76,500 ਮੁਲਾਜ਼ਮ ਬੇਰੁਜ਼ਗਾਰ ਹੋ ਗਏ ਹਨ। ਸ਼ੇਖ ਹਸੀਨਾ ਦੇ ਕਾਰਜਕਾਲ ਵਿੱਚ ਬੰਗਲਾਦੇਸ਼ ਅਤੇ ਭਾਰਤ ਦੇ ਸਬੰਧਾਂ ਵਿਚ ਨਿਰੰਤਰ ਸੁਧਾਰ ਹੁੰਦਾ ਰਿਹਾ। ਭਾਰਤ ਦੇ ਉੱਤਰ-ਪੂਰਬੀ ਰਾਜਾਂ ਦੇ ਭਾਰਤ ਵਿਰੋਧੀ ਸੰਗਠਨਾਂ ਦੇ ਮੈਂਬਰਾਂ ਨੂੰ ਪਹਿਲਾਂ ਬੰਗਲਾਦੇਸ਼ ਵਿੱਚ ਸ਼ਰਨ ਮਿਲ ਜਾਂਦੀ ਸੀ ਅਤੇ ਉਹ ਅਸਾਮ, ਨਾਗਾਲੈਂਡ, ਮਨੀਪੁਰ ਆਦਿ ਵਿੱਚ ਹਿੰਸਕ ਕਾਰਵਾਈਆਂ ਕਰਦੇ ਸਨ।

ਇਹ ਸਭ ਸ਼ੇਖ਼ ਹਸੀਨਾ ਨੇ ਬੰਦ ਕਰ ਦਿੱਤਾ ਸੀ ਪਰ ਹੁਣ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਸਰਕਾਰ ਦਾ ਭਾਰਤ ਨਾਲ ਫਾਸਲਾ ਹੌਲੀ-ਹੌਲੀ ਵਧ ਰਿਹਾ ਹੈ। ਇਸ ਦਾ ਮੁੱਖ ਕਾਰਨ ਯੂਨਸ ਸਰਕਾਰ ਦਾ ਕੱਟੜਪੰਥੀਆਂ ਨਾਲ ਗੱਠਜੋੜ ਹੈ। ਕੁਝ ਸਮਾਂ ਪਹਿਲਾਂ ਚੀਨ, ਬੰਗਲਾਦੇਸ਼ ਅਤੇ ਪਾਕਿਸਤਾਨ ਦੀ ਇੱਕ ਬੈਠਕ ਵੀ ਹੋਈ ਜਿਸ ਦਾ ਟੀਚਾ ਭਾਰਤ ਨੂੰ ਅਲੱਗ-ਥਲੱਗ ਕਰਨਾ ਸੀ।

ਮੁਹੰਮਦ ਯੂਨਸ ਨੇ ਚੀਨ ਨੂੰ ਬੰਗਲਾਦੇਸ਼ ਵਿੱਚ ਆਪਣਾ ਆਰਥਿਕ ਨੈੱਟਵਰਕ ਫੈਲਾਉਣ ਦਾ ਸੱਦਾ ਦੇ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਦੇ ਸੱਤ ਉੱਤਰ-ਪੂਰਬੀ ਰਾਜਾਂ ਦੀ ਸਮੁੰਦਰ ਤੱਕ ਕੋਈ ਪਹੁੰਚ ਨਹੀਂ ਹੈ। ਅਜਿਹੇ ਵਿਚ ਚੀਨ ਨੂੰ ਬੰਗਲਾਦੇਸ਼ ਵਿਚ ਚੰਗਾ ਬਾਜ਼ਾਰ ਮਿਲੇਗਾ। ਚੋਣਾਂ ਨੂੰ ਲੈ ਕੇ ਬੰਗਲਾਦੇਸ਼ ਵਿੱਚ ਅੰਦਰੂਨੀ ਮਤਭੇਦ ਹੋ ਗਏ ਹਨ। ਜਦਕਿ ਮੁਹੰਮਦ ਯੂਨਸ ਨੂੰ ਸੱਤਾ ਦਾ ਆਨੰਦ ਮਿਲ ਰਿਹਾ ਹੈ, ਇਸ ਲਈ ਉਹ ਅਪ੍ਰੈਲ 2026 ਤੋਂ ਪਹਿਲਾਂ ਚੋਣਾਂ ਨਹੀਂ ਕਰਵਾਉਣੀਆਂ ਚਾਹੁੰਦੇ। ਫ਼ੌਜ ਮੁਖੀ ਜਨਰਲ ਵੱਕਾਰ ਨੇ ਕਿਹਾ ਹੈ ਕਿ ਚੋਣਾਂ ਦਸੰਬਰ 2025 ਤੱਕ ਹੋ ਜਾਣੀਆਂ ਚਾਹੀਦੀਆਂ ਹਨ। ਇਸ ਦੇ ਬਾਵਜੂਦ ਉੱਥੇ ਅਨਿਸ਼ਚਿਤਤਾ ਬਣੀ ਹੋਈ ਹੈ। ਉੱਥੇ ਚੋਣਾਂ ਤੋਂ ਬਾਅਦ ਜੋ ਸਰਕਾਰ ਬਣੇਗੀ, ਭਾਰਤ ਨੂੰ ਉਸ ਦਾ ਰਵੱਈਆ ਦੇਖਣਾ ਪਵੇਗਾ। ਜੇਕਰ ਬੰਗਲਾਦੇਸ਼ ਦੀ ਨਵੀਂ ਸਰਕਾਰ ਭਾਰਤ ਵਿਰੋਧੀ ਰਹਿੰਦੀ ਹੈ ਤਾਂ ਸਾਨੂੰ ਕੁਝ ਸਖ਼ਤ ਕਦਮ ਚੁੱਕਣੇ ਪੈਣਗੇ।

ਭਾਰਤ ਵਿੱਚ ਘੱਟੋ-ਘੱਟ ਦੋ ਕਰੋੜ ਬੰਗਲਾਦੇਸ਼ੀ ਘੁਸਪੈਠੀਏ ਹਨ। ਸਾਨੂੰ ਇਹ ਕਹਿਣਾ ਪਵੇਗਾ ਕਿ ਬੰਗਲਾਦੇਸ਼ ਇਨ੍ਹਾਂ ਨੂੰ ਜਾਂ ਤਾਂ ਵਾਪਸ ਲੈ ਲਏ ਜਾਂ ਇਨ੍ਹਾਂ ਨੂੰ ਵਸਾਉਣ ਲਈ ਸਾਨੂੰ ਜ਼ਰੂਰੀ ਜ਼ਮੀਨ ਦਾ ਤਬਾਦਲਾ ਕਰੇ। ਇਹ ਜ਼ਮੀਨ ਅਸੀਂ ਰੰਗਪੁਰ ਡਵੀਜ਼ਨ ਵਿਚ ਮੰਗਾਂਗੇ ਅਤੇ ਜੇਕਰ ਬੰਗਲਾਦੇਸ਼ ਨਹੀਂ ਦਿੰਦਾ ਤਾਂ ਉਸ ਨੂੰ ਜ਼ਬਰਦਸਤੀ ਹਾਸਲ ਕਰਨ ਲਈ ਕਦਮ ਚੁੱਕੇ ਜਾਣਗੇ।

ਜੇਕਰ ਅਸੀਂ ਇਸ ਵਿਚ ਸਫਲ ਹੋ ਗਏ ਤਾਂ ਸਿਲੀਗੁੜੀ ਗਲਿਆਰੇ ਵਿਚ 'ਚਿਕਨ ਨੈਕ' ਦੀ ਸਮੱਸਿਆ ਦਾ ਹੱਲ ਹੋ ਜਾਵੇਗਾ। ਜੇਕਰ ਟਰੰਪ ਗ੍ਰੀਨਲੈਂਡ ਮੰਗ ਸਕਦੇ ਹਨ ਅਤੇ ਚੀਨ ਤਾਇਵਾਨ 'ਤੇ ਆਪਣਾ ਹੱਕ ਜਮਾਉਣ ਦੀ ਕੋਸ਼ਿਸ਼ ਕਰ ਸਕਦਾ ਹੈ ਤਾਂ ਅਸੀਂ ਬੰਗਲਾਦੇਸ਼ ਤੋਂ ਕੁਝ ਜ਼ਮੀਨ ਉਸ ਦੇ ਨਾਗਰਿਕਾਂ ਨੂੰ ਵਸਾਉਣ ਲਈ ਮੰਗ ਸਕਦੇ ਹਾਂ। ਬੰਗਲਾਦੇਸ਼ ਦੀ ਸਥਿਤੀ ਚਿੰਤਾਜਨਕ ਹੈ।

ਅੱਜ ਉੱਥੇ ਕੱਟੜਪੰਥੀਆਂ ਦਾ ਬੋਲਬਾਲਾ ਹੈ। ਉਨ੍ਹਾਂ ਨੇ ਪਾਕਿਸਤਾਨ ਪੱਖੀ ਗਰਮ-ਖ਼ਿਆਲੀ ਸੰਗਠਨਾਂ ਦੀ ਸ਼ਹਿ 'ਤੇ ਹਿੰਦੂਆਂ 'ਤੇ ਬਹੁਤ ਅੱਤਿਆਚਾਰ ਕਰਨ ਦਾ ਅੰਤਹੀਣ ਸਿਲਸਿਲਾ ਵਿੱਢਿਆ ਹੋਇਆ ਹੈ। ਇਸ ਸਭ ਕੁਝ ਲਈ ਯੂਨਸ ਸਰਕਾਰ ਵੀ ਉਨ੍ਹਾਂ ਦਾ ਪੱਖ ਪੂਰ ਰਹੀ ਹੈ। ਇਸ ਕਾਰਨ ਉੱਥੋਂ ਦੇ ਘੱਟ ਗਿਣਤੀ ਭਾਈਚਾਰਿਆਂ ਨਾਲ ਸਬੰਧਿਤ ਲੋਕ ਡਰਦੇ ਹੋਏ ਜੀਵਨ ਬਿਤਾ ਰਹੇ ਹਨ।

ਭਾਰਤ ਬੰਗਲਾਦੇਸ਼ੀ ਹਿੰਦੂਆਂ ਦੀ ਚਾਹ ਕੇ ਵੀ ਮਦਦ ਨਹੀਂ ਕਰ ਪਾ ਰਿਹਾ ਹੈ ਕਿਉਂਕਿ ਯੂਨਸ ਸਰਕਾਰ ਢੁੱਕਵਾਂ ਸਹਿਯੋਗ ਨਹੀਂ ਦੇ ਰਹੀ ਹੈ। ਚੀਨ ਅਤੇ ਪਾਕਿਸਤਾਨ ਨਾਲ ਬੰਗਲਾਦੇਸ਼ ਦੀ ਵਧਦੀ ਹੋਈ ਨੇੜਤਾ ਭਾਰਤ ਲਈ ਰੱਖਿਆ ਸਬੰਧੀ ਇਕ ਵੱਡੀ ਚੁਣੌਤੀ ਬਣਨ ਜਾ ਰਹੀ ਹੈ। ਭਾਰਤ ਨੂੰ ਚੀਨ ਅਤੇ ਪਾਕਿਸਤਾਨ ਦੇ ਨਾਲ-ਨਾਲ ਬੰਗਲਾਦੇਸ਼ ਤੋਂ ਵੀ ਸਾਵਧਾਨ ਰਹਿਣਾ ਪਵੇਗਾ।

**(ਲੇਖਕ ਸੀਮਾ ਸੁਰੱਖਿਆ ਬਲ ਤੇ ਯੂ.ਪੀ. ਪੁਲਿਸ ਦਾ ਮਹਾ ਨਿਰਦੇਸ਼ਕ ਰਹਿ ਚੁੱਕਾ ਹੈ)।**



# ਕਿਸਾਨਾਂ ਨੂੰ ਵਿਗਿਆਨਕ ਢੰਗ ਨਾਲ ਖੇਤੀ ਕਰਨ ਲਈ ਉਤਸ਼ਾਹਿਤ ਕਰਨ ਦੀ ਲੋੜ

## ਸੂਬੇ ਵਿੱਚ ਸਾਉਣੀ ਰੁੱਤ ਦੀ ਮੱਕੀ ਅਤੇ ਦਾਲਾਂ ਹੇਠ ਰਕਬਾ ਨਾਂਹ ਦੇ ਬਰਾਬਰ

ਡਾ. ਨਰੇਸ਼ ਕੁਮਾਰ ਗੁਲਾਟੀ,
-ਡਾ. ਗੁਰਦੀਪ ਸਿੰਘ

ਪੰਜਾਬ 'ਚ ਖੇਤੀ ਨੀਤੀ ਨਿਰਮਾਤਾਵਾਂ ਨੂੰ ਨਵੇਂ ਸਿਰਿਓਂ ਸੋਚਣ ਦੀ ਲੋੜ ਹੈ। ਅਜਿਹੀਆਂ ਸੈਂਕੜੇ ਨੀਤੀਆਂ ਹਨ ਜੋ ਕਿਸਾਨਾਂ ਵੱਲੋਂ ਆਪਣੇ ਖੇਤਾਂ ਵਿੱਚ ਟੈਸਟ/ਲਾਗੂ ਕਰਨ ਤੋਂ ਬਾਅਦ ਸਿਰੇ ਤੋਂ ਨਕਾਰ ਦਿੱਤੀਆਂ ਪਰ ਅਜਿਹੀਆਂ ਕਿਸਾਨਾਂ ਵੱਲੋਂ ਨਕਾਰੀਆਂ ਜਾ ਚੁੱਕੀਆਂ ਤਕਨੀਕਾਂ ਨੂੰ ਲਾਗੂ ਕਰਵਾਉਣ ਲਈ ਅਜੇ ਵੀ ਬਜਟ ਦਾ ਵੱਡਾ ਹਿੱਸਾ ਰਿਲੀਜ਼ ਕੀਤਾ ਜਾ ਰਿਹਾ ਹੈ ਤੇ ਮਹੱਤਵਪੂਰਨ ਸਰਮਾਇਆ ਅਜ਼ਾਈਂ ਗਵਾਇਆ ਜਾ ਰਿਹਾ।

ਮਿਸਾਲ ਦੇ ਤੌਰ 'ਤੇ ਖੇਤੀ ਵਿਭਿੰਨਤਾ ਦੇ ਨਾਂ 'ਤੇ ਪਿਛਲੇ ਸਮੇਂ ਤੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਅਸਰ ਨਜ਼ਰ ਨਹੀਂ ਆ ਰਿਹਾ ਬਲਕਿ ਪਿਛਲੇ ਸਾਲਾਂ ਦੌਰਾਨ ਸਾਉਣੀ ਰੁੱਤ ਵਿੱਚ ਝੋਨੇ ਹੇਠ ਰਕਬਾ ਘੱਟਦਾ ਦਿੱਖ ਨਹੀਂ ਰਿਹਾ ਹੈ। ਅੱਜ ਸੂਬੇ ਵਿੱਚ ਸਾਉਣੀ ਰੁੱਤ ਦੀ ਮੱਕੀ ਦਾ ਰਕਬਾ, ਦਾਲਾਂ ਹੇਠ ਰਕਬਾ ਨਾਂਹ ਦੇ ਬਰਾਬਰ ਹੈ। ਇਸੇ ਤਰ੍ਹਾਂ ਝੋਨੇ ਦੀ ਬਚ-ਖੁੱਚ ਦੀ ਸੰਭਾਲ ਦੀਆਂ ਸਕੀਮਾਂ ਦਾ ਵੀ ਅਜਿਹਾ ਹੀ ਕੁਝ ਨਤੀਜਾ ਹੈ ।ਅੱਜ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਡੀਐਸਆਰ ਵਿਧੀ ਅਧੀਨ ਵੀ ਰਕਬਾ ਵਧਣ ਦੀ ਬਜਾਏ ਘੱਟ ਰਿਹਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਾਡੀਆਂ ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਕਿਸਾਨ ਨਵੀਆਂ ਤਕਨੀਕਾਂ ਜਾਂ ਪਾਲਸੀਆਂ ਨੂੰ ਅਪਣਾਉਂਦਾ ਕਿਉਂ ਨਹੀਂ ਹੈ। ਕੀ ਸਾਡਾ ਕਿਸਾਨ ਸਮਝਦਾ ਨਹੀਂ ਹੈ ਜਾਂ ਸਾਡੇ 'ਚ ਤਕਨੀਕਾਂ ਦੀ ਮਹੱਤਤਾ ਬਾਰੇ ਕਿਸਾਨਾਂ ਨੂੰ ਸਮਝਾਉਣ ਵਿਚ ਕਮੀ ਹੈ।



ਇੱਕ ਗੱਲ ਤਾਂ ਬਿਲਕੁੱਲ ਸਪੱਸ਼ਟ ਹੈ ਕਿ ਸਾਡੇ ਪੰਜਾਬ ਦਾ ਕਿਸਾਨ ਕਿਸੇ ਸਾਇੰਸਦਾਨ ਤੋਂ ਘੱਟ ਨਹੀ ਹੈ। ਸਾਡਾ ਕਿਸਾਨ ਬੇਹੱਦ ਤਕਨੀਕੀ ਤੇ ਵਪਾਰਕ ਸਮਝ ਰੱਖਣ ਵਾਲਾ ਹੈ ਤੇ ਇਸ ਗੱਲ ਦਾ ਸਾਨੂੰ ਮਾਣ ਵੀ ਹੈ। ਇਹ ਵੀ ਸਪੱਸ਼ਟ ਹੈ ਕਿ ਸਾਡੇ ਖੇਤੀ ਪਸਾਰ ਮਾਹਿਰ ਵੀ ਕਿਸਾਨਾਂ ਤੱਕ ਤਕਨੀਕਾਂ ਨੂੰ ਪਹੁੰਚਾਉਣ ਵਿਚ ਵੱਡੀ ਮੁਹਾਰਤ ਰੱਖਦੇ ਹਨ। ਅਜਿਹੀਆਂ ਤਕਨੀਕਾਂ ਜਿਨ੍ਹਾਂ ਦਾ ਕਿਸਾਨ ਨੂੰ ਫ਼ਾਇਦਾ ਹੁੰਦਾ ਹੈ ਅਤੇ ਜੋ ਕਿਸਾਨ ਅਨੁਸਾਰ ਉਸ ਲਈ ਲਾਭਦਾਇਕ ਹਨ, ਕਿਸਾਨ ਅਜਿਹੀਆਂ ਤਕਨੀਕਾਂ ਨੂੰ ਹੀ ਅਪਣਾਉਂਦਾ ਹੈ। ਉਦਾਹਰਣ ਵਜੋਂ ਲ਼ੈਂਡ ਲੇਜ਼ਰ ਲੈੱਵਲਰ ਭਾਵ ਕੰਪਿਊਟਰ ਕੁਰਾਹਾ, ਝੋਨੇ ਦੀ ਸਮੇਂ ਸਿਰ ਲਵਾਈ ਦਾ ਕਾਨੂੰਨ-ਸਬ ਸੁਆਇਲ ਵਾਟਰ ਪ੍ਰੀਜ਼ਰਵੇਸ਼ਨ ਐਕਟ , ਪਰਾਲੀ ਦੀ ਸਾਂਭ-ਸੰਭਾਲ ਲਈ ਵਰਤੀ ਜਾਂਦੀ ਮਸ਼ੀਨ ਬੇਲਰ, ਹੈਪੀ ਸੀਡਰ, ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਕਾਸ਼ਤ ਵਗੈਰਾ।

ਇਨ੍ਹਾਂ ਤਕਨੀਕਾਂ ਦਾ ਪਸਾਰਾ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਜਿਨ੍ਹਾਂ ਤਕਨੀਕਾਂ ਦਾ ਫ਼ਾਇਦਾ ਕਿਸਾਨ ਨੂੰ ਹੁੰਦਾ ਹੈ ਕਿਸਾਨ ਆਪ-ਮੁਹਾਰੇ ਅਜਿਹੀਆਂ ਤਕਨੀਕਾਂ ਨੂੰ ਅਪਣਾ ਲੈਂਦਾ ਹੈ। ਇਸ ਗੱਲ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਕਿਸਾਨ ਦੀ ਲੋੜ ਅਨੁਸਾਰ ਹੀ ਜਿਥੇ ਤਕਨੀਕਾਂ ਦਾ ਨਿਰਮਾਣ ਕਰਨਾ ਚਾਹੀਦਾ ਹੈ ਬਲਕਿ ਕਿਸਾਨ ਵੱਲੋਂ ਆਪਣੇ ਪੱਧਰ 'ਤੇ ਅਪਣਾਏ ਜਾ ਰਹੇ ਤਰੀਕੀਆਂ ਵਿੱਚ ਲੋੜੀਂਦੇ ਸੁਧਾਰ ਦਾ ਸਿਲਸਿਲਾ ਚਲਾਉਂਦੇ ਹੋਏ ਇਨ੍ਹਾਂ ਤਕਨੀਕਾਂ ਨੂੰ ਸਮੇਂ ਦੇ ਹਾਣੀ ਬਣਾ ਕੇ ਕਿਸਾਨਾਂ ਲਈ ਵਧੇਰੇ ਲਾਭਕਾਰੀ ਬਣਾਉਣਾ ਚਾਹੀਦਾ ਹੈ ਨਾ ਕਿ ਕਿਤਾਬੀ ਪੱਖੀ ਤਕਨੀਕਾਂ ਨੂੰ ਜੋ ਖੇਤਾਂ ਵਿੱਚ ਕਿਸਾਨਾਂ ਲਈ ਮੁਸ਼ਕਿਲਾਂ ਦਾ ਸਬੱਬ ਬਣਦੀਆਂ ਹਨ।ਸਾਡੇ ਕਿਸਾਨਾਂ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ ਨੂੰ ਚੰਗਾ ਹੁੰਗਾਰਾ ਨਹੀਂ ਦਿੱਤਾ ਜਾ ਰਿਹਾ ਜਿਸ ਦਾ ਸਿੱਧਾ ਮਤਲਬ ਹੈ ਕਿ ਕਿਸਾਨ ਦੇ ਖੇਤਾਂ ਵਿੱਚ ਇਸ ਵਿਧੀ ਨੇ ਕੁਝ ਅਜਿਹਾ ਪ੍ਰਭਾਵ ਨਹੀਂ ਛੱਡਿਆ ਜਿਸ ਕਰਕੇ ਸਾਨੂੰ ਅੱਗੇ ਇਸ ਤਕਨੀਕ 'ਚ ਸੁਧਾਰ ਲਿਆਉਣਾ ਚਾਹੀਦਾ ਹੈ।

ਜੇ ਇਹ ਤਕਨੀਕ ਕਿਸਾਨ ਲਈ ਲਾਹੇਵੰਦੀ ਹੁੰਦੀ ਤਾਂ ਸਰਕਾਰ ਵੱਲੋਂ ਮਾਣ ਭੱਤੇ ਦੇ ਹੋਣ ਦੇ ਕਰਕੇ ਇਸ ਤਕਨੀਕ ਵੱਡੇ ਪੱਧਰ 'ਤੇ ਅਪਣਾਈ ਜਾਣੀ ਚਾਹੀਦੀ ਸੀ ਪਰ ਅਜਿਹਾ ਨਹੀ ਹੋ ਰਿਹਾ। ਇਸ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਫ਼ਸਲੀ ਵਿਭਿੰਨਤਾ 'ਤੇ ਵੀ ਜ਼ੋਰ ਲਗਾਉਣ ਬਦਲੇ ਧਰਤੀ ਹੇਠਲੇ ਪਾਣੀ ਦੀ ਬੱਚਤ ਲਈ ਵੱਡੇ ਪੱਧਰ 'ਤੇ ਮੁਹਿੰਮ ਚਲਾਉਣ ਦੀ ਲੋੜ ਹੈ। ਸਾਡੇ ਨੀਤੀ ਨਿਰਮਾਤਾਵਾਂ ਨੂੰ ਇਸ ਕੌੜੀ ਸੱਚਾਈ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕਿਸਾਨ ਲਈ ਝੋਨੇ ਦੀ ਫ਼ਸਲ ਦੀ ਜਿਤਨਾ ਚਿਰ ਤੱਕ ਸਰਕਾਰ ਦੀ ਖ਼ਰੀਦ ਚੱਲ ਰਹੀ ਹੈ ਤੇ ਦੇਸ਼ ਨੂੰ ਅੰਨ ਦੀ ਲੋੜ ਹੈ, ਨੂੰ ਛੱਡਣਾ ਮੁਸ਼ਕਿਲ ਹੈ ਸਾਨੂੰ ਕਿਸਾਨ ਦੇ ਨਾਲ ਚੱਲਦੇ ਹੋਏ ਅਜਿਹੇ ਢੰਗ ਤਰੀਕਿਆਂ 'ਤੇ ਜ਼ੋਰ ਲਗਾਉਣ ਦੀ ਲੋੜ ਹੈ ਜਿਨ੍ਹਾਂ ਨਾਲ ਪਾਣੀ ਬਚਾਇਆ ਜਾ ਸਕਦਾ ਹੋਵੇ।ਝੋਨੇ ਵਾਸਤੇ ਠੋਸ ਨੀਤੀ ਜੋ ਕਿਸਾਨਾਂ ਨਾਲ ਆਮ ਕਿਸਾਨਾਂ ਨਾਲ ਮਿੱਲ ਕੇ ਘੜੀ ਜਾਵੇ, ਨਾਲ ਹੀ ਹੌਲੀ ਹੌਲੀ ਰਕਬਾ ਘਟਾਇਆ ਜਾ ਸਕਦਾ ਹੈ।ਅੱਜ ਸਾਡੇ ਸੂਬੇ ਦੇ ਕਿਸਾਨਾਂ ਨੇ ਆਪਣੇ ਪੱਧਰ 'ਤੇ ਉਪਰਾਲੇ ਕਰਦੇ ਹੋਏ ਝੋਨੇ ਦੀ ਕੂੱਦੂ ਕਰਨ ਤੋਂ ਬਗੈਰ ਕਾਸ਼ਤ ਕਰਕੇ ਕਾਮਯਾਬੀ ਦੀ ਕਹਾਣੀ ਲਿਖ ਦਿੱਤੀ ਹੈ।

ਸਾਡੇ ਕਿਸਾਨਾਂ ਵੱਲੋਂ ਸੁੱਕੇ ਕੁੱਦੂ ਤੇ ਏਐਸ ਆਰ ਫ਼ਗਵਾੜਾ ਵਿਧੀ ਨੂੰ ਅਪਣਾ ਕੇ ਝੋਨੇ ਦੀ ਫ਼ਸਲ ਵਿਚ ਕਿਸਾਨਾਂ ਅਨੁਸਾਰ ਲਗਪਗ 50% ਤੱਕ ਪਾਣੀ ਦੀ ਬੱਚਤ ਕੀਤੀ ਜਾ ਰਹੀ ਹੈ। ਕਿਸਾਨਾਂ ਵੱਲੋਂ ਡਾ. ਦਲੇਰ ਸਿੰਘ ਤੇ ਅਵਤਾਰ ਸਿੰਘ ਫ਼ਗਵਾੜਾ ਵੱਲੋਂ ਸੁਝਾਈਆਂ ਤਕਨੀਕਾਂ ਨੂੰ ਅਪਣਾਇਆ ਜਾ ਰਿਹਾ ਹੈ। ਹੁਣ ਸਾਡੇ ਨੀਤੀ ਨਿਰਮਾਤਾਵਾਂ ਦਾ ਫ਼ਰਜ਼ ਬਣਦਾ ਹੈ ਕਿ ਕਿਸਾਨਾਂ ਵੱਲੋਂ ਆਪ-ਮੁਹਾਰੇ ਇਨ੍ਹਾਂ ਤਕਨੀਕਾਂ ਨੂੰ ਅਪਣਾਉਣ ਬਾਰੇ ਖੋਜ ਖ਼ਬਰ ਲਈ ਜਾਵੇ। ਇਹ ਵਿਗਿਆਨਿਕ ਆਧਾਰ ਮਿੱਲਣ ਨਾਲ ਕਿਸਾਨਾਂ 'ਚ ਤਕਨੀਕ ਪ੍ਰਤੀ ਭਰੋਸੇ ਦੀ ਭਾਵਨਾ ਪੈਦਾ ਹੋਵੇਗੀ ਕਿਉਂਕਿ ਕਿਸਾਨਾਂ ਵੱਲੋਂ ਸੁੱਕਾ ਕੱਦੂ ਤੇ ਏਐਸ ਆਰ ਵਿਧੀ ਅਪਣਾ ਕੇ ਕਾਮਯਾਬੀ ਨਾਲ ਝੋਨਾ ਪੈਦਾ ਕੀਤਾ ਜਾ ਰਿਹਾ ਹੈ।

DIAMOND TRANSPORTATION

DIAMOND
Transportation
Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਰਿਸ਼ਤਿਆਂ 'ਚ ਵੀ ਸਦਭਾਵਨਾ ਅਤੇ ਸਹਿਯੋਗ ਦੀ ਲੋੜ

ਪ੍ਰਿੰਸੀ. ਆਰ. ਐਸ. ਕੁਮਾਰ





ਇਸ ਧਰਤੀ 'ਤੇ ਮਨੁੱਖ ਹੀ ਇੱਕ ਐਸਾ ਜੀਵ ਹੈ ਜੋ ਆਪਣੀ ਜ਼ਿੰਦਗੀ ਦੀਆਂ ਸਾਰੀਆਂ ਜ਼ਰੂਰਤਾਂ ਆਪ ਪੂਰੀਆਂ ਨਹੀਂ ਕਰ ਸਕਦਾ। ਕੋਈ ਮਨੁੱਖ ਭਾਵੇਂ ਕਿੰਨਾ ਵੀ ਸੋਹਣਾ ਸੁਨੱਖਾ, ਹੁਸ਼ਿਆਰ, ਸਿਆਣਾ ਅਤੇ ਤਾਕਤਵਰ ਕਿਉਂ ਨਾ ਹੋਵੇ ਫਿਰ ਵੀ ਉਸ ਨੂੰ ਕਦਮ-ਕਦਮ 'ਤੇ ਦੂਸਰੇ ਦੀ ਜ਼ਰੂਰਤ ਪੈਂਦੀ ਹੈ। ਉਸ ਨੂੰ ਭੋਜਨ ਲਈ ਅਨਾਜ, ਸਬਜ਼ੀਆਂ, ਫ਼ਲ, ਘਿਓ ਅਤੇ ਮਸਾਲਿਆਂ ਆਦਿ ਦੀ ਜ਼ਰੂਰਤ ਪੈਂਦੀ ਹੈ। ਇਸ ਲਈ ਸਭ ਤੋਂ ਵੱਡਾ ਯੋਗਦਾਨ ਕਿਸਾਨ ਦਾ ਹੈ। ਉਸ ਨੂੰ ਤਨ ਢਕਣ ਲਈ ਸੀਤੇ ਹੋਏ ਕੱਪੜੇ ਦੀ ਜ਼ਰੂਰਤ ਹੈ ਜਿਸ ਲਈ ਦਰਜੀ ਦੀ ਲੋੜ ਹੈ। ਰਹਿਣ ਲਈ ਮਕਾਨ ਦੀ ਜ਼ਰੂਰਤ ਹੈ ਜਿਸ ਲਈ ਮਜ਼ਦੂਰ ਤੇ ਮਿਸਤਰੀ ਕੰਮ ਆਉਂਦੇ ਹਨ। ਬਿਮਾਰੀ ਤੋਂ ਬਚਣ ਲਈ ਉਸ ਨੂੰ ਡਾਕਟਰਾਂ ਦੀ ਲੋੜ ਹੈ। ਇਸ ਸਭ ਦੇ ਬਾਵਜੂਦ ਮੁਢਲੀਆਂ ਵਸਤਾਂ ਨੂੰ ਵਰਤਣਯੋਗ ਬਣਾਉਣ ਲਈ ਕਾਰਖਾਨੇਦਾਰਾਂ ਦੀ ਲੋੜ ਹੈ ਅਤੇ ਇਨ੍ਹਾਂ ਤਿਆਰ ਵਸਤਾਂ ਨੂੰ ਉਪਭੋਗਤਾ ਕੋਲ ਪਹੁੰਚਾਉਣ ਲਈ ਛੋਟੇ ਵੱਡੇ ਵਪਾਰੀਆਂ ਦੀ ਲੋੜ ਹੈ। ਇਨ੍ਹਾਂ ਸਭ ਦੀ ਮਦਦ ਤੋਂ ਬਿਨਾਂ ਬੰਦਾ ਨਾ ਤਾਂ ਆਪਣਾ ਪੇਟ ਭਰ ਸਕਦਾ ਹੈ, ਨਾ ਹੀ ਕੱਪੜੇ ਨਾਲ ਆਪਣਾ ਤਨ ਢਕ ਸਕਦਾ ਹੈ, ਨਾ ਹੀ ਉਸ ਨੂੰ ਆਪਣੀ ਸੁਰੱਖਿਆ ਲਈ ਘਰ ਨਸੀਬ ਹੋ ਸਕਦਾ ਹੈ ਅਤੇ ਨਾ ਹੀ ਉਹ ਤੰਦਰੁਸਤ ਰਹਿ ਸਕਦਾ ਹੈ। ਉਸ ਨੂੰ ਨਿੱਤ ਦੀ ਘਰ ਅਤੇ ਦੂਜੇ ਸਾਮਾਨ ਦੀ ਟੁੱਟ ਭੱਜ ਦੀ ਮੁਰੰਮਤ ਲਈ ਵੀ ਲੁਹਾਰ, ਤਰਖਾਣ ਅਤੇ ਮਿਸਤਰੀਆਂ ਦੀ ਲੋੜ ਪੈਂਦੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਮਨੁੱਖ ਦੂਜੇ ਦੀ ਮਦਦ ਜਾਂ ਮਿਹਨਤ ਤੋਂ ਬਿਨਾਂ ਇਕ ਦਿਨ ਵੀ ਜ਼ਿੰਦਗੀ ਬਸਰ ਨਹੀਂ ਕਰ ਸਕਦਾ। ਬੰਦਿਆਂ ਦੀ ਗੱਲ ਛੱਡੋ, ਮਨੁੱਖ ਨੂੰ ਜ਼ਿੰਦਗੀ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਜਾਨਵਰਾਂ, ਪੰਛੀਆਂ ਅਤੇ ਜਲ ਜੀਵਾਂ 'ਤੇ ਵੀ ਨਿਰਭਰ ਕਰਨਾ ਪੈਂਦਾ ਹੈ।

ਜੇ ਕੋਈ ਸਾਥੀ ਜਾਂ ਘਰ ਦਾ ਜੀਅ ਬੁੱਧੀ ਪੱਖੋਂ ਸਿੱਧਾ ਸਾਦਾ, ਸਰੀਰਕ ਪੱਖੋਂ ਜਾਂ ਮਾਇਕ ਪਖੋਂ ਕੁਝ ਕਮਜ਼ੋਰ ਹੋਵੇ, ਉਸ ਨੂੰ ਨੀਵਾਂ ਜਾਂ ਘਟੀਆ ਨਹੀਂ ਦਿਖਾਉਣਾ ਚਾਹੀਦਾ। ਉਸ ਦੀ ਮਦਦ ਕਰਨੀ ਚਾਹੀਦੀ ਹੈ। ਤੁਸੀਂ ਉਸ ਨੂੰ ਕੁਝ ਸਹਿਯੋਗ, ਪ੍ਰੇਰਨਾ ਅਤੇ ਸ਼ਾਬਾਸ਼ ਦੇ ਕੇ ਉਸ ਨੂੰ ਉੱਪਰ ਚੁੱਕ ਸਕਦੇ ਹੋ ਅਤੇ ਸਮਾਜ ਵਿਚ ਅਣਖ ਨਾਲ ਜਿਊਣ ਜੋਗਾ ਬਣਾ ਸਕਦੇ ਹੋ।

ਛੋਟਾ ਬੱਚਾ ਬਹੁਤ ਕਮਜ਼ੋਰ ਅਤੇ ਬੇਸਹਾਰਾ ਹੁੰਦਾ ਹੈ। ਜਿਵੇਂ ਬੱਚੇ ਨੂੰ ਹਰ ਸਮੇਂ ਮਾਂ-ਪਿਓ ਦੇ ਸਹਾਰੇ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਹੀ ਬੁਢਾਪੇ ਵਿਚ ਮਾਂ-ਪਿਓ ਨੂੰ ਆਪਣੇ ਬੱਚਿਆਂ ਦੀ ਮਦਦ ਦੀ ਲੋੜ ਹੁੰਦੀ ਹੈ। ਮਨੁੱਖ ਨੂੰ ਕੇਵਲ ਪਦਾਰਥਾਂ ਲਈ ਹੀ ਨਹੀਂ ਸਗੋਂ ਔਖੀਆਂ ਘੜੀਆਂ ਲਈ ਵੀ ਦੂਜੇ ਦਾ ਸਹਾਰਾ ਲੈਣਾ ਪੈਂਦਾ ਹੈ। ਜੇ ਕਿਸੇ ਮਨੁੱਖ 'ਤੇ ਕੋਈ ਭੀੜ ਬਣ ਜਾਏ, ਕੋਈ ਕਹਿਰ ਢਹਿ ਪਏ ਜਾਂ ਕੋਈ ਗੰਭੀਰ ਸਮੱਸਿਆ ਆ ਜਾਏ ਜਿਸ ਵਿਚੋਂ ਨਿਕਲਣ ਦਾ ਕੋਈ ਰਸਤਾ ਹੀ ਨਜ਼ਰ ਨਾ ਆਏ ਤਾਂ ਬੰਦਾ ਘੋਰ ਨਿਰਾਸ਼ਾ ਵਿਚ ਡੁੱਬ ਜਾਂਦਾ ਹੈ। ਉਸ ਸਮੇਂ ਬੰਦੇ ਦਾ ਆਪਣਾ ਹੌਸਲਾ ਵੀ ਬਹੁਤ ਕੰਮ ਆਉਂਦਾ ਹੈ। ਪਰ ਉਸ ਨੂੰ ਦੂਸਰੇ ਦੇ ਸਹਾਰੇ ਦੀ ਬਹੁਤ ਜ਼ਰੂਰਤ ਹੁੰਦੀ ਹੈ। ਅਜਿਹੀ ਸਥਿਤੀ ਵਿਚ ਸੱਚਾ ਦੋਸਤ ਜਾਂ ਹਮਦਰਦ ਹੀ ਰੱਬ ਦਾ ਰੂਪ ਬਣ ਕੇ ਮਦਦ ਲਈ ਨਾਲ ਖੜ੍ਹਦਾ ਹੈ। ਅਜਿਹਾ ਦੋਸਤ ਦੁੱਖਾਂ ਦੇ ਘੋਰ ਹਨੇਰੇ ਨੂੰ ਚਾਨਣ ਦੀ ਕਿਰਨ ਦੀ ਤਰ੍ਹਾਂ ਚੀਰਨ ਦੀ ਸ਼ਕਤੀ ਰੱਖਦਾ ਹੈ। ਉਸ ਨਿਤਾਣੇ ਬੰਦੇ ਨੂੰ ਇਸ ਦੁੱਖ ਭਰੀ ਸਥਿਤੀ ਵਿਚੋਂ ਨਿਕਲਣ ਦਾ ਵਸੀਲਾ ਬਣਦਾ ਹੈ। ਇਸੇ ਲਈ ਕਹਿੰਦੇ ਹਨ ਕਿ ਬੰਦੇ ਦਾ ਬੰਦਾ ਦਾਰੂ ਹੈ। ਸਮਾਂ ਤਾਂ ਗੁਜ਼ਰ ਹੀ ਜਾਂਦਾ ਹੈ ਪਰ ਦੋਸਤ ਦੀ ਮਦਦ ਕਦੀ ਨਹੀਂ ਭੁੱਲਦੀ।

ਪੰਜਾਬੀ ਦੀ ਇੱਕ ਕਹਾਵਤ ਹੈ- 'ਕੁੱਤੇ ਦਾ ਕੁੱਤਾ ਵੈਰੀ'। ਇਹ ਕਹਾਵਤ ਜ਼ਿਆਦਾ ਤੌਰ 'ਤੇ ਬੰਦਿਆਂ ਨੂੰ ਸੁਣਾ ਕੇ ਹੀ ਵਰਤੀ ਜਾਂਦੀ ਹੈ। ਫਿਰ ਇਹ ਬੰਦੇ ਦਾ ਬੰਦਾ ਵੈਰੀ ਹੋ ਨਿੱਬੜਦੀ ਹੈ। ਆਮ ਤੌਰ 'ਤੇ ਇਕੋ ਜਾਤ ਅਤੇ ਪੇਸ਼ੇ ਵਲੇ ਬੰਦਿਆਂ ਵਿੱਚ ਈਰਖਾ ਭਾਵਨਾ ਬਹੁਤ ਹੁੰਦੀ ਹੈ। ਉਹ ਦੂਜੇ ਨੂੰ ਤਰੱਕੀ ਕਰਦਿਆਂ ਨਹੀਂ ਦੇਖ ਸਕਦੇ ਅਤੇ ਆਪਸ ਵਿੱਚ ਇੱਕ ਦੂਜੇ ਦੀਆਂ ਲੱਤਾਂ ਹੀ ਖਿੱਚਦੇ ਰਹਿੰਦੇ ਹਨ। ਉਹ ਇਹ ਕਦੀ ਬਰਦਾਸ਼ਤ ਨਹੀਂ ਕਰ ਸਕਦੇ ਕਿ ਉਨ੍ਹਾਂ ਦਾ ਕੋਈ ਸਾਥੀ ਤਰੱਕੀ ਕਰਕੇ ਉਨ੍ਹਾਂ ਤੋਂ ਜ਼ਿਆਦਾ ਅੱਗੇ ਵਧ ਸਕੇ। ਇਸ ਲਈ ਉਹ ਦੂਸਰੇ ਦੀ ਤਰੱਕੀ ਦੇ ਰਾਹ ਵਿਚ ਰੋੜੇ ਅਟਕਾਉਂਦੇ ਰਹਿੰਦੇ ਹਨ। ਅਜਿਹੇ ਲੋਕਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਜੇ ਆਪਣੇ ਨਾਲ ਦੇ ਕਿਸੇ ਅਜਿਹੇ ਬੰਦੇ ਦੀ ਪਛਾਣ ਹੋ ਜਾਏ ਤਾਂ ਉਸ ਤੋਂ ਨਾਤਾ ਤੋੜ ਲੈਣਾ ਚਾਹੀਦਾ ਹੈ। ਆਪਣਾ ਸਿੱਕਾ ਹੀ ਖੋਟਾ ਹੋਵੇ ਤਾਂ ਹੱਟੀ ਵਾਲੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ। ਦੂਸਰੇ ਦੀ ਤਰੱਕੀ ਦੇਖ ਕੇ ਈਰਖਾ ਕਰਨ ਦੀ ਬਜਾਏ ਆਪਣੇ ਅੰਦਰ ਯੋਗਤਾ ਪੈਦਾ ਕਰ ਕੇ ਮਿਹਨਤੀ ਅਤੇ ਸਫ਼ਲ ਵਿਅਕਤੀਆਂ ਨੂੰ ਆਪਣਾ ਆਦਰਸ਼ ਮੰਨ ਕੇ ਅੱਗੇ ਵਧਣਾ ਚਾਹੀਦਾ ਹੈ।

ਜੇ ਕਿਸੇ ਕੋਲ ਜ਼ਿਆਦਾ ਧਨ, ਤਾਕਤ ਅਤੇ ਵੱਡਾ ਅਹੁਦਾ ਆ ਜਾਏ ਤਾਂ ਹੰਕਾਰ ਨਹੀਂ ਕਰਨਾ ਚਾਹੀਦਾ। ਹੰਕਾਰਿਆ ਸੋ ਮਾਰਿਆ। ਇਹ ਕਦੀ ਨਹੀਂ ਸਮਝਣਾ ਚਾਹੀਦਾ ਕਿ ਹੁਣ ਮੈਨੂੰ ਕਿਸੇ ਦੀ ਲੋੜ ਨਹੀਂ। ਇਸ ਨਾਲ ਬੰਦਾ ਸਮਾਜ ਨਾਲੋਂ ਅਲੱਗ-ਥਲੱਗ ਹੋ ਕੇ ਹੀ ਰਹਿ ਜਾਂਦਾ ਹੈ। ਇਕੱਲਾ ਮਨੁੱਖ ਆਪਣੀਆਂ ਸਾਰੀਆਂ ਜ਼ਰੂਰਤਾਂ ਕਦੀ ਆਪਣੇ ਤੌਰ 'ਤੇ ਪੂਰੀਆਂ ਨਹੀਂ ਕਰ ਸਕਦਾ। ਇਸ ਲਈ ਹਰ ਇਕ ਦੇ ਹੁਨਰ ਦੀ ਕਦਰ ਕਰੋ। ਕਦੀ ਕਿਸੇ ਕੰਮ ਨੂੰ ਛੋਟਾ ਸਮਝ ਕੇ ਦੂਜੇ ਨਾਲ ਨਫ਼ਰਤ ਨਾ ਕਰੋ। ਪਤਾ ਨਹੀਂ ਤੁਹਾਨੂੰ ਕਦੋਂ ਅਤੇ ਕਿੱਥੇ ਦੂਸਰੇ ਬੰਦੇ ਦੀ ਲੋੜ ਪੈ ਜਾਏ। ਦਫ਼ਤਰ ਵਿੱਚ ਤਾਂ ਇੱਕ ਦਰਬਾਨ ਜਾਂ ਚਪੜਾਸੀ ਦੀ ਵੀ ਬਹੁਤ ਅਹਿਮੀਅਤ ਹੁੰਦੀ ਹੈ। ਅੱਜਕਲ੍ਹ ਔਰਤਾਂ ਨੌਕਰੀਪੇਸ਼ਾ ਹੋਣ ਕਰ ਕੇ ਆਪਣੇ ਘਰ ਦੇ ਬਰਤਨ ਅਤੇ ਝਾੜੂ ਪੋਚਾ ਵੀ ਆਪ ਨਹੀਂ ਕਰ ਸਕਦੀਆਂ। ਜ਼ਰਾ ਸੋਚੋ ਕਿ ਜੇ ਇਹ ਕੰਮ ਵਾਲੀਆਂ ਜਾਂ ਸਫ਼ਾਈ ਸੇਵਕ ਕੁਝ ਦਿਨ ਕੰਮ 'ਤੇ ਨਾ ਆਉਣ ਤਾਂ ਤਹਾਡੀ ਅਤੇ ਘਰ ਦੀ ਕੀ ਹਾਲਤ ਹੁੰਦੀ ਹੈ? ਘਰ ਵਿੱਚ ਕੂੜੇ ਦੇ ਢੇਰ ਲੱਗ ਜਾਂਦੇ ਹਨ ਅਤੇ ਬਦਬੂ ਨਾਲ ਤੁਹਾਡਾ ਦਮ ਘੁਟਣ ਲੱਗ ਜਾਂਦਾ ਹੈ। ਕੋਈ ਕੰਮ ਛੋਟਾ ਨਹੀਂ। ਜੋ ਕੰਮ ਇੱਕ ਛੋਟੀ ਜਿਹੀ ਸੂਈ ਕਰ ਸਕਦੀ ਹੈ, ਉਹ ਤਲਵਾਰ ਨਹੀਂ ਕਰ ਸਕਦੀ।

ਜਿਵੇਂ ਇੱਕ ਕੜੀ ਨਾਲ ਦੂਜੀ ਕੜੀ ਜੋੜ ਕੇ ਇੱਕ ਮਜ਼ਬੂਤ ਸੰਗਲੀ ਬਣਦੀ ਹੈ, ਇਸੇ ਤਰ੍ਹਾਂ ਮਨੁੱਖ ਦੇ ਇਕ-ਦੂਜੇ ਦੇ ਸਹਿਯੋਗ ਨਾਲ ਇੱਕ ਮਜ਼ਬੂਤ ਸਮਾਜ ਬਣਦਾ ਹੈ ਅਤੇ ਜ਼ਿੰਦਗੀ ਸੌਖੀ ਬਸਰ ਹੁੰਦੀ ਹੈ। ਖ਼ੁਸ਼ੀ ਗ਼ਮੀ ਦੇ ਮੌਕੇ 'ਤੇ ਵੀ ਸਾਨੂੰ ਇੱਕ ਦੂਜੇ ਦੇ ਸਾਥ ਦੀ ਬਹੁਤ ਜ਼ਰੂਰਤ ਹੁੰਦੀ ਹੈ। ਇਕੱਲ੍ਹੇ ਨਾ ਤਾਂ ਅਸੀਂ ਜਸ਼ਨ ਮਨਾ ਸਕਦੇ ਹਾਂ ਅਤੇ ਨਾ ਹੀ ਦੁੱਖ ਵਿੱਚ ਆਪਣੇ ਆਪ ਨੂੰ ਗਲੇ ਲਾ ਸਕਦੇ ਹਾਂ। ਦੂਜੇ ਦੇ ਸਾਥ ਨਾਲ ਸਾਡੀ ਖ਼ੁਸ਼ੀ ਦੂਣੀ ਹੋ ਜਾਂਦੀ ਹੈ ਅਤੇ ਦੁੱਖ ਅੱਧਾ ਰਹਿ ਜਾਂਦਾ ਹੈ। ਸਾਨੂੰ ਮੋਹ ਪਿਆਰ ਦੇ ਰਿਸ਼ਤਿਆਂ ਵਿੱਚ ਵੀ ਸਦਭਾਵਨਾ ਅਤੇ ਸਹਿਯੋਗ ਦੀ ਲੋੜ ਹੁੰਦੀ ਹੈ। ਇਹ ਪਿਆਰ, ਸਹਿਯੋਗ ਅਤੇ ਭਾਵਨਾਵਾਂ ਸਾਨੂੰ ਸਾਡੇ ਪਰਿਵਾਰ ਅਤੇ ਸਮਾਜ ਵਿਚੋਂ ਮਿਲਦੀਆਂ ਹਨ। ਜਿਸ ਮਨੁੱਖ ਨੂੰ ਇਹ ਭਾਵਨਾਵਾਂ ਬਹੁਤ ਘੱਟ ਮਿਲਦੀਆਂ ਹਨ ਉਸ ਦੀ ਜ਼ਿੰਦਗੀ ਅਧੂਰੀ, ਖਰ੍ਹਵੀਂ ਅਤੇ ਖੁਸ਼ਕ ਰਹਿ ਜਾਂਦੀ ਹੈ। ਉਸ ਦਾ ਜ਼ਿੰਦਗੀ ਵਿੱਚ ਕਾਮਯਾਬ ਹੋਣਾ ਕਠਿਨ ਹੋ ਜਾਂਦਾ ਹੈ। ਉਹ ਇਕੱਲਾ ਹੀ ਜ਼ਿੰਦਗੀ ਬਸਰ ਕਰਦਾ ਹੈ ਅਤੇ ਅਲਜ਼ਾਈਮਰ ਵਰਗੀ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਦੂਜੇ ਪਾਸੇ ਮਨੁੱਖ ਦਾ ਆਪਣੇ ਪਿਆਰਿਆਂ ਅਤੇ ਸਨੇਹੀਆਂ ਨਾਲ ਹਰ ਕੰਮ ਸੌਖਾ ਹੀ ਸਿਰੇ ਚੜ੍ਹ ਜਾਂਦਾ ਹੈ।

(ਬਾਕੀ ਸਫ਼ਾ 31 'ਤੇ)

# ਜਿੱਥੇ ਅਮਲ ਕੀਤਾ ਜਾਂਦੈ ਉਹ ਘਰ ਕਿਸੇ ਸਵਰਗ ਤੋਂ ਘੱਟ ਨਹੀਂ

ਪਰਮਿੰਦਰ ਕੌਰ

ਬਹੁਤ ਵਾਰ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਹੈ ਕਿ ਮੈਂ ਤਾਂ ਬਜ਼ੁਰਗਾਂ ਲਈ ਸਭ ਕੁਝ ਕਰ ਰਿਹਾ ਹਾਂ ਪਰ ਫਿਰ ਵੀ ਮਨ ਅਸ਼ਾਂਤ ਜਿਹਾ ਰਹਿੰਦਾ ਹੈ। ਇੰਝ ਲੱਗਦਾ ਕਿ ਉਹ ਪੂਰੀ ਤਰ੍ਹਾਂ ਖੁਸ਼ ਨਹੀਂ ਹਨ। ਆਪਣੇ ਵੱਲੋਂ ਤਾਂ ਸਾਰੇ ਹੀ ਘਰ ਦਾ ਮਾਹੌਲ ਖੁਸ਼ਨੁਮਾ ਬਣਾਉਣ ਲਈ ਸਭ ਕੁਝ ਕਰਦੇ ਹਨ। ਜੇ ਕੁਝ ਨਿੱਕੀਆਂ-ਨਿੱਕੀਆਂ ਗੱਲਾਂ ਵੱਲ ਧਿਆਨ ਦਿੱਤਾ ਜਾਵੇ ਤਾਂ ਹੋ ਸਕਦਾ ਹੈ ਕਿ ਉਚਾਟ ਮਨ ਨੂੰ ਕੁਝ ਰਾਹਤ ਮਿਲੇ। ਕਹਿੰਦੇ ਤਾਂ ਸਾਰੇ ਹੀ ਇੰਝ ਹਨ ਪਰ ਬਹੁਤ ਵਾਰ ਘਰਾਂ ਵਿਚ ਹੋਰ ਸਭ ਕੁਝ ਕੀਤਾ ਜਾਂਦਾ ਹੈ। ਜਿੱਥੇ ਅਮਲ ਕੀਤਾ ਜਾਂਦਾ ਹੈ, ਉਹ ਘਰ ਕਿਸੇ ਸਵਰਗ ਤੋਂ ਘੱਟ ਨਹੀਂ। ਮਾਪੇ ਸਾਰੀ ਉਮਰ ਮਿਹਨਤ-ਮੁਸ਼ੱਕਤ ਕਰਕੇ ਆਪਣੇ ਬੱਚਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ-ਕਰਦੇ ਕਈ ਵਾਰ ਆਪਣੀਆਂ ਇੱਛਾਵਾਂ ਆਪਣੇ ਅੰਦਰ ਹੀ ਦਬਾ ਲੈਂਦੇ ਹਨ। ਜਦੋਂ ਬੱਚੇ ਆਪਣੇ ਪੈਰਾਂ 'ਤੇ ਪੂਰੀ ਤਰ੍ਹਾਂ ਖੜ੍ਹ ਜਾਂਦੇ ਹਨ ਤਾਂ ਉਸ ਸਮੇਂ ਬਜ਼ੁਰਗਾਂ ਦੇ ਪੈਰ ਲੜਖੜਾ ਰਹੇ ਹੁੰਦੇ ਹਨ। ਫਿਰ ਉਸ ਸਮੇਂ ਚਾਹੇ ਬਜ਼ੁਰਗਾਂ ਕੋਲ ਬਹੁਤ ਸਾਰਾ ਪੈਸਾ ਵੀ ਹੋਵੇ ਪਰ ਏਨੀ ਤਾਕਤ ਨਹੀਂ ਹੁੰਦੀ ਕਿ ਉਹ ਆਪਣੀਆਂ ਸਾਰੀਆਂ ਇੱਛਾਵਾਂ ਦੀ ਪੂਰਤੀ ਖ਼ੁਦ ਕਰ ਸਕਣ।

ਬੱਚੇ ਹਮੇਸ਼ਾ ਨਵੀਆਂ-ਨਵੀਆਂ ਚੀਜ਼ਾਂ ਖਾਣ ਦੇ ਸ਼ੌਕੀਨ ਹੁੰਦੇ ਹਨ। ਕਈ ਵਾਰ ਜੋ ਚੀਜ਼ਾਂ ਬੱਚਿਆਂ ਦੀ ਸਿਹਤ ਲਈ ਪਤਾ ਹੁੰਦਾ ਹੈ ਕਿ ਨਹੀਂ ਠੀਕ ਪਰ ਫਿਰ ਵੀ ਹਫ਼ਤੇ-ਦਸ ਦਿਨ ਬਾਅਦ ਉਨ੍ਹਾਂ ਨੂੰ ਖਾਣ ਲਈ ਉਹ ਚੀਜ਼ ਦਿੱਤੀ ਜਾਂਦੀ ਹੈ ਤਾਂ ਜੋ ਬੱਚਿਆਂ ਦੀ ਤ੍ਰਿਸ਼ਨਾ ਨੂੰ ਸ਼ਾਂਤ ਕੀਤਾ ਜਾ ਸਕੇ। ਕਈ ਬਜ਼ੁਰਗਾਂ ਦਾ ਵੀ ਬੱਚਿਆਂ ਵਾਂਗ ਬਹੁਤ ਕੁਝ ਖਾਣ ਨੂੰ ਜੀਅ ਕਰਦਾ ਹੈ। ਉਹ ਤਾਂ ਜਾਣਦੇ ਵੀ ਹੁੰਦੇ ਹਨ ਕਿ ਉਨ੍ਹਾਂ ਲਈ ਕੀ ਖਾਣਾ ਚੰਗਾ ਹੈ ਤੇ ਕੀ ਖਾਣਾ ਮਾੜਾ ਹੈ। ਪਰ ਉਨ੍ਹਾਂ ਦੇ ਮਨ ਅੰਦਰ ਪੈਦਾ ਹੋਇਆ ਬੱਚਾ ਹਰ ਚੰਗੀ-ਮਾੜੀ ਚੀਜ਼ ਦੀ ਮੰਗ ਕਰਦਾ ਹੈ ਪਰ ਬਜ਼ੁਰਗਾਂ ਨੂੰ ਸਮਝਦਾਰ ਮੰਨਦੇ ਹੋਏ ਟੋਕ ਦਿੱਤਾ ਜਾਂਦਾ ਹੈ ਕਿ ਤੁਸੀਂ ਇਹ ਨਾ ਖਾਓ। ਇਹ ਚੀਜ਼ ਤੁਹਾਡੇ ਲਈ ਠੀਕ ਨਹੀਂ। ਇਸ ਤਰ੍ਹਾਂ ਉਨ੍ਹਾਂ ਦੀ ਤ੍ਰਿਸ਼ਨਾ ਅਸ਼ਾਂਤ ਹੀ ਰਹਿੰਦੀ ਹੈ ਜਦ ਕਿ ਉਨ੍ਹਾਂ ਦੀ ਤ੍ਰਿਸ਼ਨਾ ਨੂੰ ਵੀ ਬੱਚਿਆਂ ਦੀ ਤ੍ਰਿਸ਼ਨਾ ਵਾਂਗ ਸ਼ਾਂਤ ਕਰਨਾ ਬਹੁਤ ਜ਼ਰੂਰੀ ਹੈ ਨਹੀਂ ਤਾਂ ਅਸੀਂ ਸਭ ਜਾਣਦੇ ਹਾਂ ਕਿ ਅਸ਼ਾਂਤ ਮਨ ਗੁੱਸੇ ਅਤੇ ਡਿਪਰੈੱਸ਼ਨ ਦਾ ਸਭ ਤੋਂ ਵੱਡਾ ਕਾਰਨ ਹੈ।



ਬੱਚੇ ਆਪਣਾ ਹਰ ਕੰਮ ਮਾਤਾ-ਪਿਤਾ ਤੋਂ ਜ਼ਿੱਦ ਕਰ ਕੇ ਪੂਰਾ ਕਰਵਾ ਲੈਂਦੇ ਹਨ। ਕਈ ਬਜ਼ੁਰਗ ਵੀ ਜ਼ਿੱਦੀ ਹੋ ਜਾਂਦੇ ਹਨ। ਉਹ ਬੱਚਿਆਂ ਵਾਂਗ ਆਪਣੇ ਬੱਚਿਆਂ ਨੂੰ ਜ਼ਿੱਦ ਕਰਦੇ ਹਨ ਕਿ ਫਲਾਣਾ ਕੰਮ ਕਿਸੇ ਵੀ ਤਰ੍ਹਾਂ ਪੂਰਾ ਕਰੋ। ਜੇ ਪੂਰਾ ਨਾ ਹੋਵੇ ਤਾਂ ਉਨ੍ਹਾਂ ਨੂੰ ਨਿਰਾਸ਼ਾ ਘੇਰ ਲੈਂਦੀ ਹੈ। ਬੱਚਿਆਂ ਤੇ ਬਜ਼ੁਰਗਾਂ ਦੀ ਇਕਾਗਰਤਾ ਸ਼ਕਤੀ ਇੱਕੋ ਜਿਹੀ ਹੁੰਦੀ ਹੈ। ਉਹ ਜੇ ਕਿਸੇ ਚੀਜ਼ ਦੀ ਮੰਗ ਕਰਦੇ ਹਨ ਤਾਂ ਉਸ ਸਮੇਂ ਤੱਕ ਉਨ੍ਹਾਂ ਦਾ ਧਿਆਨ ਉਸ ਚੀਜ਼ ਵੱਲ ਹੀ ਰਹਿੰਦਾ ਹੈ, ਜਦੋਂ ਤੱਕ ਮਿਲ ਨਹੀਂ ਜਾਂਦੀ। ਕੁਝ ਬੱਚੇ ਤੇ ਬਜ਼ੁਰਗ ਸ਼ਾਂਤ ਸੁਭਾਅ ਦੇ ਮਾਲਕ ਹੁੰਦੇ ਹਨ। ਇਸ ਦੇ ਉਲਟ ਕੁਝ ਬੱਚੇ ਤੇ ਬਜ਼ੁਰਗ ਗੁੱਸੇ ਵਾਲੇ ਸੁਭਾਅ ਦੇ ਹੁੰਦੇ ਹਨ। ਬੱਚਿਆਂ ਦੇ ਗੁੱਸੇ ਦਾ ਕਾਰਨ ਲੱਭ ਕੇ ਉਨ੍ਹਾਂ ਨੂੰ ਸ਼ਾਂਤ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਬਜ਼ੁਰਗਾਂ ਦੇ ਗੁੱਸੇ ਦਾ ਕਾਰਨ ਲੱਭਣ ਦੀ ਬਜਾਏ ਕਈ ਵਾਰ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਤੁਸੀਂ ਤਾਂ ਵੱਡੇ ਹੋ, ਸਿਆਣੇ ਹੋ, ਸਮਝਦਾਰ ਹੋ। ਤੁਹਾਨੂੰ ਤਾਂ ਸਮਝਣਾ ਚਾਹੀਦਾ ਹੈ। ਤੁਸੀਂ ਇੰਝ ਨਾ ਕਰੋ। ਅਜਿਹੇ ਵਿਚ ਘਰਾਂ ਵਿਚ ਅਸ਼ਾਂਤੀ ਤੇ ਵੱਖ-ਵਖਰਾਅ ਦਾ ਮਾਹੌਲ ਬਣ ਜਾਂਦਾ ਹੈ। ਬੱਚੇ ਚਾਹੁੰਦੇ ਹਨ ਕਿ ਸਾਰਾ ਦਿਨ ਉਨ੍ਹਾਂ ਕੋਲ ਬੈਠ ਕੇ ਕੋਈ ਖੇਡੇ, ਗੱਲਾਂ ਕਰੇ, ਸਾਥੀ ਬਣੇ। ਬਜ਼ੁਰਗਾਂ ਨੂੰ ਵੀ ਕੋਈ ਗੱਲਾਂ ਕਰਨ ਨੂੰ ਚਾਹੀਦਾ ਹੈ। ਅਜਿਹੇ ਵਿਚ ਉਹ ਆਪਣੇ ਸਾਰੇ ਦੁੱਖ-ਤਕਲੀਫ਼ਾਂ ਭੁੱਲ ਜਾਂਦੇ ਹਨ। ਇਹੀ ਕਾਰਨ ਹੈ ਕਿ ਬੱਚਿਆਂ ਤੇ ਬਜ਼ੁਰਗਾਂ ਦੀ ਕਾਫ਼ੀ ਨੇੜਤਾ ਹੁੰਦੀ ਹੈ। ਉਹ ਇੱਕ-ਦੂਜੇ ਦੇ ਸਾਥੀ ਬਣ ਖੁਸ਼ ਹੁੰਦੇ ਹਨ। ਬੱਚਿਆਂ ਤੇ ਬਜ਼ੁਰਗਾਂ ਦੀ ਜੋੜੀ ਦੀ ਆਪਸੀ ਸਾਂਝ ਉਨ੍ਹਾਂ ਨੂੰ ਇਕ ਅਲੱਗ ਹੀ ਦੁਨੀਆ ਵਿਚ ਲੈ ਜਾਂਦੀ ਹੈ। ਬੱਚੇ ਆਲ਼ੇ-ਭੋਲ਼ੇ ਹੁੰਦੇ ਹਨ। ਉਨ੍ਹਾਂ ਨੂੰ ਬਹਿਲਾ-ਫੁਸਲਾ ਕੇ ਧਿਆਨ ਕਿਸੇ ਹੋਰ ਪਾਸੇ ਕੇਂਦਰਿਤ ਕੀਤਾ ਜਾ ਸਕਦਾ ਹੈ। ਪਰ ਬਜ਼ੁਰਗਾਂ ਨੂੰ ਸਭ ਸਮਝ ਆਉਂਦਾਹੈ ਕਿ ਉਨ੍ਹਾਂ ਨਾਲ ਕੀ ਚੰਗਾ ਹੋ ਰਿਹਾ ਹੈ ਅਤੇ ਕੀ ਮਾੜਾ ਹੋ ਰਿਹਾ ਹੈ।

### ਕਿਵੇਂ ਜਾਣੀਏ ਮਨ ਦੀ ਰਮਜ਼


ਜਿਵੇਂ ਅਸੀਂ ਬੱਚਿਆਂ ਨੂੰ ਹਰ ਗੱਲ ਵਿੱਚ ਟੋਕਣ ਤੋਂ ਗੁਰੇਜ਼ ਕਰਦੇ ਹਾਂ ਤਾਂ ਜੋ ਉਹ ਗ਼ਲਤ ਰਾਹ ਨਾ ਪੈ ਜਾਣ ਪਰ ਬਜ਼ੁਰਗਾਂ ਨੂੰ ਟੋਕਣ ਤੋਂ ਪਹਿਲਾਂ ਅਸੀਂ ਕਿਤੇ ਨਾ ਕਿਤੇ ਇਹ ਭੁੱਲ ਜਾਂਦੇ ਹਾਂ ਕਿ ਉਨ੍ਹਾਂ ਦਾ ਦਿਮਾਗ ਵੀ ਕੁਝ ਹੱਦ ਤੱਕ ਬੱਚਾ ਬਣ ਗਿਆ ਹੈ। ਘਰ ਵਿਚ ਸ਼ਾਮਿਲ ਬਜ਼ੁਰਗਾਂ ਨੂੰ ਬੱਚਿਆਂ ਦੀ ਗਿਣਤੀ ਵਿੱਚ ਸ਼ਾਮਿਲ ਕਰ ਲੈਣਾ ਚਾਹੀਦਾ ਹੈ। ਕਿਉਂਕਿ ਉਨ੍ਹਾਂ ਨੂੰ ਵੀ ਬੱਚਿਆਂ ਵਾਂਗ ਸਹਾਰੇ ਦੀ ਲੋੜ ਹੁੰਦੀ ਹੈ। ਉਹ ਵੀ ਹਰ ਗੱਲ ਦਿਲ ਨੂੰ ਲਗਾ ਲੈਂਦੇ ਹਨ। ਉਹ ਵੀ ਬੱਚਿਆਂ ਵਾਂਗ ਸਾਥ ਭਾਲਦੇ ਹਨ। ਬੱਚਿਆਂ ਤੇ ਬਜ਼ੁਰਗਾਂ ਵਿੱਚ ਜੇ ਕੋਈ ਫ਼ਰਕ ਹੈ ਤਾਂ ਉਹ ਹੈ-ਉਮਰ,ਸਮਝ ਤੇ ਤਜਰਬੇ ਦਾ। ਬੱਚਿਆਂ ਦੇ ਸੁਭਾਅ ਵਿੱਚ ਤਾਂ ਬਦਲ ਲਿਆਉਣਾ ਸੰਭਵ ਹੈ। ਪਰ ਬਜ਼ੁਰਗਾਂ ਦੇ ਸੁਭਾਅ ਵਿੱਚ ਬਦਲ ਲਿਆਉਣਾ ਸੌਖਾ ਨਹੀਂ ਹੁੰਦਾ। ਕੁਝ ਬਜ਼ੁਰਗ ਤਾਂ ਆਪਣੀ ਉਮਰ, ਸਮਝ ਅਤੇ ਤਜਰਬੇ ਨਾਲ ਆਪਣੇ ਸੁਭਾਅ ਵਿੱਚ ਆਪ ਹੀ ਸਮੇਂ ਦੇ ਅਨੁਕੂਲ ਤਬਦੀਲੀ ਲੈ ਆਉਂਦੇ ਹਨ ਪਰ ਸਾਰੇ ਬਜ਼ੁਰਗ ਨਹੀਂ...। ਉਸ ਵੇਲੇ ਇਹੀ ਫ਼ਰਕ ਕਈ ਬਜ਼ੁਰਗਾਂ ਲਈ ਤਾਂ ਵਰਦਾਨ ਸਾਬਿਤ ਹੁੰਦਾ ਹੈ ਤੇ ਕਈ ਬਜ਼ੁਰਗਾਂ ਦੇ ਲਈ। ਸੋ ਜਿਨ੍ਹਾਂ ਘਰਾਂ ਵਿੱਚ ਬਜ਼ੁਰਗਾਂ ਨਾਲ ਬੱਚਿਆਂ ਵਾਂਗ ਵਰਤਾਅ ਕੀਤਾ ਜਾਂਦਾ ਹੈ, ਉਨ੍ਹਾਂ ਘਰਾਂ ਵਿੱਚ ਖੁਸ਼ੀ ਬਣੀ ਰਹਿੰਦੀ ਹੈ। ਜਿੱਥੇ ਬਜ਼ੁਰਗਾਂ ਨੂੰ ਸਿਰਫ਼ ਤੇ ਸਿਰਫ਼ ਵੱਡੇ, ਸਿਆਣੇ ਅਤੇ ਸਮਝਦਾਰ ਹੀ ਸਮਝਿਆ ਜਾਂਦਾ ਹੈ, ਉੱਥੇ ਘਰ ਦੇ ਹਾਲਾਤ ਸਭ ਕੁਝ ਕਰਨ ਦੇ ਬਾਵਜੂਦ ਵੀ ਖ਼ਰਾਬ ਤੇ ਅਸ਼ਾਂਤ ਰਹਿੰਦੇ ਹਨ। ਬੱਚਿਆਂ ਵਿੱਚ ਛੁਪੀਆਂ ਰੁਚੀਆਂ ਨੂੰ ਬਾਹਰ ਲਿਆਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਜੋ ਉਹ ਜ਼ਿੰਦਗੀ ਵਿੱਚ ਕਾਮਯਾਬ ਇਨਸਾਨ ਬਣ ਸਕਣ। ਬੁਢਾਪੇ ਦੀ ਅਵਸਥਾ ਵਿੱਚ ਬਜ਼ੁਰਗਾਂ ਦੇ ਅੰਦਰ ਛੁਪੀਆਂ ਰੁਚੀਆਂ ਨੂੰ ਵੀ ਪਛਾਣਨਾ ਤੇ ਬਾਹਰ ਲਿਆਉਣਾ ਜ਼ਰੂਰੀ ਹੈ ਤਾਂ ਜੋ ਉਸ ਰੁਚੀ ਜਾਂ ਸ਼ੌਂਕ ਦੇ ਸਹਾਰੇ ਜ਼ਿੰਦਗੀ ਜ਼ਿੰਦਾਦਿਲੀ ਨਾਲ ਗੁਜ਼ਾਰ ਸਕਣ। ਅਸੀਂ ਸਾਰੇ ਹੀ ਆਪਣੇ ਮਾਂ-ਬਾਪ ਦੀ ਜਮ੍ਹਾਂ ਪੂੰਜੀ ਹਾਂ ਤੇ ਇਹ ਜਮ੍ਹਾਂ ਪੂੰਜੀ ਬੁਢਾਪੇ ਵਿਚ ਉਨ੍ਹਾਂ ਦੇ ਕੰਮ ਆਉਣੀ ਚਾਹੀਦੀ ਹੈ। ਇਹੀ ਕਹਿ ਸਕਦੇ ਹਾਂ ਕਿ

ਸੁਖਾਵਾਂ ਜੇ ਮਾਹੌਲ ਬਣਾਉਣਾ,<br>
ਇਸ ਗੱਲ ਨੂੰ ਅਪਣਾਉਣਾ ਪੈਣਾ।<br>
ਬੱਚਿਆਂ ਤੇ ਬਜ਼ੁਰਗਾਂ ਨੂੰ,<br>
ਇੱਕ ਥਾਂ ਰੱਖ ਕੇ ਚੱਲਣਾ ਪੈਣਾ।<br>
ਕਹਿਣੀ ਤੇ ਕਰਨੀ ਦੇ ਵਿਚਲਾ ਫ਼ਰਕ ਮਿਟਾਉਣਾ ਪੈਣਾ।

ਜੇ ਇਹ ਜਮ੍ਹਾਂ ਪੂੰਜੀ ਉਨ੍ਹਾਂ ਦੇ ਕੰਮ ਆਈ ਤਾਂ ਇਹੀ ਸਾਡੇ ਜਿਉਂਦੇ ਰਹਿਣ ਦਾ ਸਬੂਤ ਹੈ। ਬਜ਼ੁਰਗਾਂ ਨੂੰ ਇੱਥੇ ਬਸ ਇੱਕ ਹੀ ਗੱਲ ਸਮਝਣੀ ਚਾਹੀਦੀ ਹੈ ਕਿ ਜੇ ਉਨ੍ਹਾਂ ਦੇ ਬੱਚੇ ਕਦੇ-ਕਦਾਈਂ ਗੁੱਸੇ ਵਿੱਚ ਕੁਝ ਕਹਿ ਦੇਣ ਤਾਂ ਉਹ ਮੁਆਫ਼ੀ ਵਾਲਾ ਸੁਭਾਅ ਕਾਇਮ ਰੱਖਣ। ਜਿਵੇਂ ਉਹ ਬਚਪਨ ਵਿੱਚ ਕਰਦੇ ਸਨ ਕਿਉਂਕਿ ਬੱਚੇ ਤਾਂ ਜਿੰਨੇ ਮਰਜ਼ੀ ਵੱਡੇ ਹੋ ਜਾਣ ਰਹਿਣਗੇ ਬੱਚੇ ਹੀ ਤੇ ਗ਼ਲਤੀਆਂ ਤਾਂ ਬੱਚਿਆਂ ਕੋਲੋਂ ਹੋ ਹੀ ਜਾਂਦੀਆਂ ਹਨ। ਵੱਡੇ ਤੇ ਸਿਆਣੇ ਤਾਂ ਤੁਸੀਂ ਹੀ ਕਹਾਓਗੇ। ਇਹ ਵੀ ਸੱਚ ਹੈ ਕਿ ਜੇਕਰ ਦੋਵੇਂ ਹੀ ਰੁੱਸ ਬੈਠੇ ਤਾਂ ਮਨਾਊ ਕੌਣ...।

# ਪਹਿਲਾਂ ਉੱਠ ਕੇ ਦੁੱਧ ਮੈਂ ਰਿੜਕਾਂ..

**ਜੋਗਿੰਦਰ ਕੌਰ ਅਗਨੀਹੋਤਰੀ**





ਇਤਿਹਾਸ ਅਤੇ ਮਿਥਿਹਾਸ ਇਸ ਗੱਲ ਦੇ ਗਵਾਹ ਹਨ ਕਿ ਔਰਤ ਅਬਲਾ ਨਹੀਂ ਬਲਕਿ ਸਬਲਾ ਹੈ। ਮਿਥਿਹਾਸ ਦੀ ਗੱਲ ਕਰੀਏ ਤਾਂ ਦੁਰਗਾ ਮਾਤਾ ਦਾ ਜ਼ਿਕਰ ਸਭ ਤੋਂ ਪਹਿਲਾਂ ਆਉਂਦਾ ਹੈ, ਜਿਨ੍ਹਾਂ ਨੇ ਜ਼ੁਲਮ ਅਤੇ ਅਨਿਆਂ ਲਈ ਆਪਣਾ ਚੰਡੀਕਾ ਰੂਪ ਧਾਰਨ ਕੀਤਾ ਅਤੇ ਦੈਂਤਾਂ ਨੂੰ ਮਾਰਿਆ। ਆਪਣੇ ਦੇਸ਼ ਅਤੇ ਧਰਮ ਦੀ ਖਾਤਰ ਹੋਰ ਅਨੇਕ ਵੀਰ ਔਰਤਾਂ ਨੇ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ। ਇਨ੍ਹਾਂ ਵਿੱਚ ਮਾਈ ਭਾਗੋ ਦਾ ਨਾਂ ਵੀ ਪ੍ਰਸਿੱਧ ਹਸਤੀ ਵਜੋਂ ਲਿਆ ਜਾਂਦਾ ਹੈ। ਜਿਸ ਨੇ ਆਦਮੀਆਂ ਨੂੰ ਵੰਗਾਰ ਕੇ ਖ਼ੁਦ ਯੁੱਧ ਵਿੱਚ ਕੁੱਦਣ ਦਾ ਸਾਹਸ ਦਿਖਾਇਆ। ਝਾਂਸੀ ਦੀ ਰਾਣੀ ਲਕਸ਼ਮੀ ਬਾਈ ਦੀ ਬਹਾਦਰੀ ਅਤੇ ਦਲੇਰੀ ਵੀ ਇਸ ਗੱਲ ਦੀ ਗਵਾਹ ਹੈ ਕਿ ਉਸ ਨੇ ਦੇਸ਼ ਦੀ ਆਜ਼ਾਦੀ ਲਈ ਅੰਗਰੇਜ਼ ਹਕੂਮਤ ਖਿਲਾਫ਼ ਹਥਿਆਰ ਚੁੱਕੇ ਅਤੇ ਆਪਣਾ ਬਲੀਦਾਨ ਦਿੱਤਾ। ਇਸ ਤਰ੍ਹਾਂ ਹੋਰ ਅਨੇਕਾਂ ਵੀਰਾਂਗਣਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਔਰਤਾਂ ਦਾ ਕਾਰਜ ਵੀ ਸਲਾਹੁਣਯੋਗ ਹੈ ਜਿਨ੍ਹਾਂ ਦੇ ਉਪਦੇਸ਼ਾਂ ਸਦਕਾ ਆਦਮੀਆਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ।

ਤੀਰ ਚਲਾਉਣ ਜਾਂ ਬੰਦੂਕ ਚਲਾਉਣ ਤੋਂ ਇਲਾਵਾ ਕਿਸੇ ਵਿਰੁੱਧ ਰੋਸ ਪ੍ਰਗਟ ਕਰਨ ਲਈ ਕਲਮ ਦੀ ਤਾਕਤ ਵੀ ਬਹੁਤ ਜ਼ਿਆਦਾ ਬਲ ਰੱਖਦੀ ਹੈ ਪਰ ਅਨਪੜ੍ਹ ਜਾਂ ਅੱਖਰਾਂ ਤੋਂ ਕੋਰੇ ਵਿਅਕਤੀ ਵੀ ਆਪਣੇ ਬੋਲਾਂ ਰਾਹੀਂ ਜਾਂ ਨਾਅਰਿਆਂ ਦਾ ਪ੍ਰਯੋਗ ਕਰਕੇ ਜ਼ਾਲਮ ਹਕੂਮਤ ਦੇ ਵਿਰੁੱਧ ਆਵਾਜ਼ ਉਠਾਉਣ ਦੀ ਸਮਰੱਥਾ ਰੱਖਦੇ ਹਨ। ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਆਪਣਾ ਯੋਗਦਾਨ ਔਰਤਾਂ ਨੇ ਲੋਕ ਗੀਤਾਂ ਰਾਹੀਂ ਵੀ ਪ੍ਰਗਟਾਇਆ ਹੈ। ਇਹ ਉਨ੍ਹਾਂ ਦੀ ਆਪਣੀ ਆਵਾਜ਼ ਹੈ:

ਅੱਗ ਲੱਗ ਜੇ ਫਿਰੰਗੀਆ ਤੇਰੇ ਬੰਗਲੇ<br>
ਵਿੱਚੇ ਤੇਰੀ ਮੇਮ ਮੱਚ ਜੇ।

ਔਰਤਾਂ ਬਾਰੇ ਆਮ ਕਹਾਵਤ ਹੈ ਕਿ ਜੇਕਰ ਔਰਤ ਕਿਸੇ ਚੀਜ਼ ਨੂੰ ਪੁੱਟਣ 'ਤੇ ਆ ਜਾਵੇ ਤੇ ਉਹ ਸੂਈ ਦੀ ਨੋਕ ਨਾਲ ਪੁੱਟਣਾ ਸ਼ੁਰੂ ਕਰ ਦੇਵੇ ਤਾਂ ਵੀ ਉਹ ਉਸ ਨੂੰ ਉਖਾੜਨ ਵਿੱਚ ਸਫਲ ਹੋ ਜਾਂਦੀ ਹੈ। ਦੇਸ਼ ਦੀ ਆਜ਼ਾਦੀ ਅਤੇ ਮੁਗਲਾਂ ਦੇ ਖ਼ਿਲਾਫ਼ ਆਪਣੀ ਅਣਖ ਖਾਤਰ ਮਿਟਣ ਵਾਲੀਆਂ ਔਰਤਾਂ ਨੇ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਜੇ ਗੱਲ ਗੁਰੂ ਪਰਿਵਾਰ ਦੀ ਕੀਤੀ ਜਾਵੇ ਤਾਂ ਮਾਤਾ ਗੁਜਰੀ ਦੀ ਸ਼ਖ਼ਸੀਅਤ ਦਾ ਪ੍ਰਭਾਵ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਅਤੇ ਸਾਹਿਬਜ਼ਾਦਿਆਂ ਦੀ ਜ਼ਿੰਦਗੀ ਵਿੱਚੋਂ ਸਪੱਸ਼ਟ ਦਿਖਦਾ ਹੈ। ਇਹ ਮਾਤਾ ਜੀ ਦੀ ਹੱਲਾਸ਼ੇਰੀ ਕਾਰਨ ਹੀ ਸੰਭਵ ਹੋਇਆ ਕਿ ਸਾਹਿਬਜ਼ਾਦੇ ਅਡੋਲ ਰਹੇ। ਸ਼ਿਵਾ ਜੀ ਮਰਹੱਟੇ ਦੀ ਮਾਤਾ ਜੀਜਾ ਬਾਈ ਨੇ ਵੀ ਮੁਗ਼ਲ ਹਕੂਮਤ ਦੇ ਖ਼ਿਲਾਫ਼ ਆਪਣੇ ਪੁੱਤਰ ਨੂੰ ਸਿੱਖਿਅਤ ਕੀਤਾ। ਔਰਤ ਹਰ ਖੇਤਰ ਵਿੱਚ ਆਪਣਾ ਯੋਗਦਾਨ ਪਾ ਰਹੀ ਹੈ। ਦਫ਼ਤਰਾਂ ਵਿੱਚ ਕੰਮ ਕਰਨ ਤੋਂ ਲੈ ਕੇ ਫ਼ੌਜ ਵਰਗੇ ਸਖ਼ਤ ਅਨੁਸ਼ਾਸਨ ਵਾਲੀ ਡਿਊਟੀ ਵੀ ਅੱਜ ਕੱਲ੍ਹ ਔਰਤ ਨਿਭਾ ਰਹੀ ਹੈ। ਪੁਲੀਸ ਵਿਭਾਗ ਵਿੱਚ ਵੀ ਔਰਤਾਂ ਕੰਮ ਕਰ ਰਹੀਆਂ ਹਨ। ਇਸ ਡਿਊਟੀ ਵਿੱਚੋਂ ਉਨ੍ਹਾਂ ਦੀ ਦਲੇਰੀ ਝਲਕਦੀ ਹੈ। ਆਦਮੀਆਂ ਦੇ ਬਰਾਬਰ ਕੰਮ ਕਰਨ ਬਦਲੇ, ਔਰਤਾਂ ਨੂੰ ਬਰਾਬਰ ਦੀ ਤਨਖਾਹ ਅਤੇ ਅਧਿਕਾਰ ਪ੍ਰਾਪਤ ਹਨ। ਇਹੀ ਔਰਤ ਅਧਿਕਾਰੀ ਸੰਗੀਨ ਅਪਰਾਧਕ ਕੇਸਾਂ ਨੂੰ ਵੀ ਬੜੀ ਹਿੰਮਤ ਅਤੇ ਦਲੇਰੀ ਨਾਲ ਸੁਲਝਾਉਂਦੀਆਂ ਹਨ। ਇਸ ਹਿਸਾਬ ਨਾਲ ਔਰਤ ਕਮਜ਼ੋਰ ਨਹੀਂ ਹੈ, ਹਾਂ ਇੱਕਾ ਦੁੱਕਾ ਕੇਸ ਹੋ ਸਕਦੇ ਹਨ। ਅਪਰਾਧ ਕਰਨ ਵਿੱਚ ਔਰਤਾਂ ਦਾ ਨਕਾਰਾਤਮਕ ਰਵੱਈਆ ਉਨ੍ਹਾਂ ਦੀ ਕਠੋਰਤਾ ਅਤੇ ਨਿਡਰਤਾ ਦਾ ਸਬੂਤ ਦਿੰਦਾ ਹੈ। ਔਰਤਾਂ ਵੱਲੋਂ ਹਥਿਆਰ ਚੁੱਕਣਾ ਅਤੇ ਨਿਡਰਤਾ ਨਾਲ ਅੱਗੇ ਵਧਣਾ ਉਨ੍ਹਾਂ ਦੀ ਵੀਰਤਾ ਜਾਂ ਸਾਹਸ ਨੂੰ ਦਰਸਾਉਂਦਾ ਹੈ। ਇਹੋ ਜਿਹੀਆਂ ਉਦਾਹਰਨਾਂ ਲੋਕ ਗੀਤਾਂ ਵਿੱਚੋਂ ਮਿਲਦੀਆਂ ਹਨ:

ਨੰਦ ਕੁਰ, ਚੰਦ ਕੁਰ ਦੋਵੇਂ ਭੈਣਾਂ<br>
ਦੋਵੇਂ ਮਾਰਦੀਆਂ ਡਾਕੇ<br>
ਘੇਰ ਘੇਰ ਮੁੰਡੇ ਪਟੜੀ ਪਾ ਲੇ<br>
ਦੂਰੋਂ ਸੁਣਨ ਭੜਾਕੇ।

ਔਰਤਾਂ ਦਾ ਡਾਕੂ ਬਣਨਾ ਜਾਂ ਡਾਕੂਆਂ ਨਾਲ ਰਲਣਾ ਵੀ ਉਨ੍ਹਾਂ ਦੀ ਦਲੇਰੀ, ਅਣਖ ਜਾਂ ਬੁਲੰਦ ਹੌਸਲੇ ਦਾ ਪ੍ਰਤੱਖ ਪ੍ਰਮਾਣ ਹੈ ਭਾਵੇਂ ਇਸ ਅਪਰਾਧਕ ਕਿੱਤੇ ਵਿੱਚ ਜਾਣ ਪਿੱਛੇ ਉਨ੍ਹਾਂ ਦੀ ਕੋਈ ਮਜਬੂਰੀ ਰਹੀ ਹੋਵੇ। ਔਰਤ ਆਪਣੇ ਨਾਲ ਹੋਈ ਜ਼ਿਆਦਤੀ ਦਾ ਬਦਲਾ ਲੈਣ ਦੇ ਸਮਰੱਥ ਹੈ। ਉਹ ਆਪਣੇ ਨਾਲ ਹੋਏ ਅਨਿਆਂ ਅਤੇ ਜ਼ਾਲਮਾਨਾ ਵਤੀਰੇ ਦੀ ਪੂਰੀ ਘੋਖ ਕਰਕੇ ਹੀ ਰਣਨੀਤੀ ਤਿਆਰ ਕਰਦੀ ਹੈ ਅਤੇ ਉਸ ਨੂੰ ਲੁਕਵੇਂ ਛੁਪਵੇਂ ਰੂਪ ਵਿੱਚ ਸ਼ੁਰੂ ਕਰ ਦਿੰਦੀ ਹੈ। ਉਹ ਲਲਕਾਰਦੀ ਹੈ, ਫਿਟਕਾਰਦੀ ਹੈ ਅਤੇ ਮੌਕਾ ਦੇਖ ਕੇ ਝਪਟ ਵੀ ਮਾਰਦੀ ਹੈ।

ਜਦੋਂ ਕਿਸੇ ਔਰਤ ਨੂੰ ਧਿਰ ਬਣ ਕੇ ਅਤੇ ਬਰਾਬਰ ਖੜ੍ਹ ਕੇ ਲੜਨ ਦਾ ਮੌਕਾ ਮਿਲਦਾ ਹੈ ਤਾਂ ਉਹ ਪਿੱਛੇ ਨਹੀਂ ਹਟਦੀ। ਉਹ ਸੱਚ ਨੂੰ ਸਵੀਕਾਰ ਕਰਦੀ ਹੈ ਅਤੇ ਸੱਚ ਦੀ ਖਾਤਰ ਲੜਦੀ ਹੈ। ਅਜਿਹੇ ਮੌਕੇ ਉਹ ਆਪਣੀ ਜਾਨ ਦੀ ਪਰਵਾਹ ਨਹੀਂ ਕਰਦੀ ਬਲਕਿ ਪੂਰੀ ਨਿਡਰਤਾ ਨਾਲ ਕਹਿੰਦੀ ਹੈ:

**ਡਰਦੀ ਨਹੀਂ ਡਿਪਟੀ ਤੋਂ**<br>
**ਰੱਬ ਨਾ ਫੱਤੀ ਨੂੰ ਮਾਰੇ**

ਸਮਾਜ ਵਿੱਚ ਵਿਚਰਦੇ ਹਰ ਵਿਅਕਤੀ ਦਾ ਜੀਵਨ ਸੰਘਰਸ਼ ਵਿੱਚੋਂ ਲੰਘਦਾ ਹੈ। ਅਨੇਕਾਂ ਸਮੱਸਿਆਵਾਂ ਨਾਲ ਸੁਲਝਣਾ ਮਨੁੱਖ ਦਾ ਸੁਭਾਅ ਬਣ ਗਿਆ ਹੈ। ਇਹ ਸਮੱਸਿਆਵਾਂ ਸਿਰਫ਼ ਇੱਕ ਮਨੁੱਖ ਦੀਆਂ ਹੀ ਨਹੀਂ ਬਲਕਿ ਇੱਕ ਪਰਿਵਾਰ ਦੀਆਂ ਹਨ। ਇਸ ਪਰਿਵਾਰ ਵਿੱਚ ਮੁੱਖ ਵਿਅਕਤੀ ਦੋ ਹੀ ਹੁੰਦੇ ਹਨ ਔਰਤ ਅਤੇ ਮਰਦ। ਭਾਵੇਂ ਪਰਿਵਾਰ ਵਿੱਚ ਹੋਰ ਵੀ ਮੈਂਬਰ ਹੋਣ ਪ੍ਰੰਤੂ ਇਹ ਹੀ ਮੁਖੀ ਮੰਨੇ ਜਾਂਦੇ ਹਨ। ਦੋਵਾਂ ਦਾ ਰਲ ਕੇ ਪਰਿਵਾਰ ਨੂੰ ਚਲਾਉਣਾ ਅਤੇ ਪਾਲਣਾ ਹੀ ਮੁੱਖ ਕੰਮ ਹੈ। ਇਸ ਕੰਮ ਨੂੰ ਕਰਨ ਲਈ ਮਿਹਨਤ ਕਰਦਿਆਂ ਉਨ੍ਹਾਂ ਨੂੰ ਪੇਸ਼ ਆਉਣ ਵਾਲੀਆਂ ਦਿੱਕਤਾਂ ਦੂਰ ਕਰਨੀਆਂ ਪੈਂਦੀਆਂ ਹਨ ਅਤੇ ਭਵਿੱਖ ਵਿੱਚ ਸੁਖੀ ਜੀਵਨ ਬਤੀਤ ਕਰਨ ਲਈ ਨਵੀਆਂ ਵਿਉਂਤਾਂ ਘੜਨੀਆਂ ਪੈਂਦੀਆਂ ਹਨ। ਸੰਯੁਕਤ ਪਰਿਵਾਰਾਂ ਵਿੱਚ ਕਈ ਵਾਰ ਘਰੇਲੂ ਝੰਜਟ ਅਤੇ ਝਗੜੇ ਪੈਦਾ ਹੁੰਦੇ ਹਨ। ਜਿਸ ਕਾਰਨ ਪਰਿਵਾਰ ਵਿੱਚ ਦੋਫਾੜ ਤੱਕ ਗੱਲ ਪਹੁੰਚ ਜਾਂਦੀ ਹੈ। ਅਜਿਹੇ ਮੌਕੇ ਆਪਸੀ ਤਾਅਨੇ ਮਿਹਣੇ ਵੀ ਦਿੱਤੇ ਜਾਂਦੇ ਹਨ। ਸੋ ਝਗੜੇ ਦਾ ਫ਼ੈਸਲਾ ਕਰਨ ਲਈ ਪੰਚਾਇਤ ਦੀ ਲੋੜ ਪੈ ਜਾਂਦੀ ਹੈ। ਭਾਵੇਂ ਮਿਹਣੇ ਜ਼ਰਨਾ ਹਰ ਇੱਕ ਦੇ ਵੱਸ ਦੀ ਗੱਲ ਨਹੀਂ। ਬਹੁਤੀ ਵਾਰੀ ਇਨ੍ਹਾਂ ਤਾਅਨਿਆਂ-ਮਿਹਣਿਆਂ ਕਾਰਨ ਆਦਮੀ ਤੇ ਔਰਤਾਂ ਅਲੱਗ ਹੋਣ ਦਾ ਫ਼ੈਸਲਾ ਕਰ ਲੈਂਦੇ ਹਨ। ਇਸ ਸਮੇਂ ਦੀ ਸਥਿਤੀ ਨੂੰ ਦੇਖਦਿਆਂ ਲੋਕ ਗੀਤਾਂ ਰਾਹੀਂ ਇੰਝ ਦਰਸਾਇਆ ਗਿਆ ਹੈ:

ਪਹਿਲਾਂ ਉੱਠ ਕੇ ਦੁੱਧ ਮੈਂ ਰਿੜਕਾ<br>
ਫੇਰ ਚੱਕੀ ਝੋਣ ਬਹਿੰਦੀ<br>
ਆਏ ਗਏ ਦਾ ਆਦਰ ਕਰਦੀ<br>
ਸਭ ਨੂੰ ਜੀ ਜੀ ਕਹਿੰਦੀ<br>
ਬੋਲ ਸ਼ਰੀਕਾਂ ਦੇ<br>
ਮੈਂ ਨਾ ਸਹਿੰਦੀ।

ਪਿੰਡਾਂ ਵਿੱਚ ਸ਼ਹਿਰਾਂ ਨਾਲੋਂ ਪਹਿਲਾਂ ਵੀ ਸੁੱਖ ਦੇ ਸਾਧਨ ਘੱਟ ਸਨ ਅਤੇ ਹੁਣ ਵੀ ਕੁਝ ਕਮੀ ਰੜਕਦੀ ਹੈ। ਆਮ ਕਹਾਵਤ ਅਨੁਸਾਰ ਸ਼ਹਿਰੀ ਲੋਕਾਂ ਨੂੰ ਚੁਸਤ ਸਮਝਿਆ ਜਾਂਦਾ ਹੈ ਪ੍ਰੰਤੂ ਪਿੰਡਾਂ ਵਾਲਿਆਂ ਨੂੰ ਭੋਲੇ ਭਾਲੇ। ਪਿੰਡਾਂ ਦੀਆਂ ਔਰਤਾਂ ਵੱਲੋਂ ਕੰਮ ਜ਼ਿਆਦਾ ਕਰਨ ਕਰਕੇ, ਉਨ੍ਹਾਂ ਨੂੰ ਕੰਮਕਾਜੀ ਔਰਤਾਂ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਆਮ ਖ਼ਿਆਲ ਕੀਤਾ ਜਾਂਦਾ ਹੈ ਕਿ ਪੇਂਡੂ ਔਰਤਾਂ ਕੋਲ ਸਮਾਜਿਕ, ਰਾਜਨੀਤਕ ਅਤੇ ਹੋਰ ਤਬਦੀਲੀਆਂ ਦੀ ਬਹੁਤੀ ਜਾਣਕਾਰੀ ਨਹੀਂ ਹੁੰਦੀ ਪ੍ਰੰਤੂ ਇਸ ਵਿੱਚ ਸੱਚਾਈ ਨਹੀਂ। ਇਨ੍ਹਾਂ ਔਰਤਾਂ ਨੂੰ ਆਲੇ ਦੁਆਲੇ ਦੀ ਸਥਿਤੀ ਅਤੇ ਸਮਾਜਿਕ ਵਰਤਾਰੇ ਬਾਰੇ ਪੂਰੀ ਜਾਣਕਾਰੀ ਹੁੰਦੀ ਹੈ। ਸੋ ਇਸ ਬੁਲੰਦ ਆਵਾਜ਼ ਦੀ ਮਲਿਕਾ ਔਰਤ 'ਤੇ ਕਮਜ਼ੋਰੀ ਦਾ ਠੱਪਾ ਲਾਉਣਾ ਠੀਕ ਨਹੀਂ ਬਲਕਿ ਉਸ ਨੂੰ ਸਤਿਕਾਰ ਅਤੇ ਹੱਲਾਸ਼ੇਰੀ ਦੇਣ ਦੀ ਜ਼ਰੂਰਤ ਹੈ।

# ਪੱਤਣਾਂ 'ਤੇ ਮਲਾਹ ਹੋਵੇ...



**ਡਾ. ਪ੍ਰਿਤਪਾਲ ਸਿੰਘ ਮਹਿਰੋਕ**<br>
98885-10185

ਪੱਤਣ ਤੇ ਦਰਿਆ, ਦਰਿਆ ਤੇ ਪੱਤਣ ਨੂੰ ਇੱਕ ਦੂਜੇ ਤੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਪੱਤਣ ਤੋਂ ਬਿਨਾਂ ਦਰਿਆ ਤੇ ਦਰਿਆ ਤੋਂ ਬਿਨਾਂ ਪੱਤਣ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ। ਦੋਵੇਂ ਇੱਕ ਦੂਜੇ ਦੇ ਪੂਰਕ ਹਨ। ਪੰਜਾਬ ਦੀ ਵਾਸਤਵਿਕ ਹੋਂਦ ਲੱਭਣ ਲਈ ਪੰਜਾਂ ਦਰਿਆਵਾਂ ਦੀ ਗਿਣਤੀ ਵਿੱਚ ਪਈ ਘਾਟ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਜਾਂਦਾ ਹੈ। ਭੂਗੋਲਿਕ ਹੱਦਬੰਦੀ ਨੇ ਪੰਜਾਬ ਦੇ ਦਰਿਆਵਾਂ ਨੂੰ ਖੋਰਾ ਲਗਾਇਆ ਹੈ। ਫਿਰ ਵੀ ਦਰਿਆਵਾਂ ਸੰਗ ਦੋਸਤੀ, ਦਰਿਆਵਾਂ ਪ੍ਰਤੀ ਆਪਣੇਪਨ ਦੀ ਭਾਵਨਾ, ਦਰਿਆਵਾਂ ਨਾਲ ਜੁੜੀ ਉਪਜੀਵਕਾ, ਦਰਿਆਵਾਂ 'ਤੇ ਨਿਰਭਰਤਾ ਅਤੇ ਦਰਿਆਵਾਂ ਵਰਗੀ ਵਿਸ਼ਾਲਤਾ ਲਈ ਮਨੁੱਖ ਦਰਿਆਵਾਂ ਦਾ ਕਰਜ਼ਦਾਰ ਹੈ। ਦਰਿਆਵਾਂ ਵਰਗੀ ਰਵਾਨੀ ਪੰਜਾਬੀਆਂ ਦੇ ਸੁਭਾਅ ਦਾ ਅੰਗ ਬਣ ਜਾਣ ਵਾਲਾ ਪਹਿਲੂ ਹੈ। ਪੰਜਾਬੀ ਲੋਕ ਜੀਵਨ ਦਰਿਆਵਾਂ ਦੇ ਅੰਗ ਸੰਗ ਤੁਰਦਾ ਰਿਹਾ ਹੈ। ਦਰਿਆਵਾਂ ਦੇ ਪੱਤਣਾਂ ਨਾਲ ਕਿਸੇ ਗੂੜ੍ਹੀ ਸਾਂਝ ਦੀ ਖਿੱਚ ਪੰਜਾਬੀਆਂ ਦੇ ਦਿਲਾਂ ਨੂੰ ਧੂਹ ਪਾਉਂਦੀ ਰਹੀ ਹੈ।

ਪੁਰਾਣੇ ਪੰਜਾਬ ਦੇ ਦਰਿਆਵਾਂ ਦੇ ਕੰਢਿਆਂ 'ਤੇ ਮਿਹਨਤ ਮਜਦੂਰੀ ਕਰਨ ਵਾਲੇ ਲੋਕ ਝੁੱਗੀਆਂ ਬਣਾ ਕੇ ਰਹਿੰਦੇ ਸਨ ਤੇ ਛੋਟੀ ਖੇਤੀ ਕਰਦੇ ਸਨ। ਆਮ ਤੌਰ 'ਤੇ ਉਹ ਪਾਲਤੂ ਪਸ਼ੂ ਰੱਖਦੇ ਸਨ ਤੇ ਲੋੜ ਅਨੁਸਾਰ ਜਿਥੇ ਪਾਣੀ ਤੇ ਘਾਹ-ਪੱਠਾ ਹੁੰਦਾ, ਉਥੇ ਜਾ ਵੱਸਦੇ ਸਨ। ਉਹ ਲੋਕ ਜਿਥੇ ਵੀ ਜਾਂਦੇ, ਦਰਿਆਵਾਂ ਦੇ ਪੱਤਣ ਆਬਾਦ ਹੋ ਜਾਂਦੇ ਸਨ। ਉਨ੍ਹਾਂ ਅਲਬੇਲੇ ਲੋਕਾਂ ਨੇ ਪੰਜਾਬ ਨੂੰ ਕਈ ਪ੍ਰੇਮ ਕਹਾਣੀਆਂ ਦਿੱਤੀਆਂ ਤੇ ਕਈ ਲੋਕ ਨਾਇਕ/ਨਾਇਕਾਵਾਂ ਨੂੰ ਅਮਰ ਕਰ ਦਿੱਤਾ :

ਪੱਤਣੋਂ ਪਾਰ ਮੇਰੇ ਮਾਹੀ ਦਾ ਡੇਰਾ<br>
ਮੈਨੂੰ ਵੀ ਲੈ ਚੱਲ ਨਾਲ ਘੜਿਆ<br>
ਜਿਥੇ ਵੱਸੇ ਮੇਰਾ ਦਿਲਦਾਰ ਘੜਿਆ...

ਪੱਤਣ ਉਹ ਸਥਾਨ ਹੈ, ਜਿਸ ਥਾਣੀਂ ਲੰਘ ਕੇ ਹੀ ਦਰਿਆ ਦੇ ਆਰ-ਪਾਰ ਆਉਣ ਜਾਣ ਦਾ ਹੀਲਾ-ਵਸੀਲਾ ਬਣ ਸਕਦਾ ਹੈ। ਪੱਤਣ ਨੇ ਪੰਜਾਬ ਦੇ ਲੋਕ ਸਾਹਿਤ ਦੇ ਕੁਝ ਹਿੱਸੇ ਨੂੰ ਸਦੀਵਤਾ ਪ੍ਰਦਾਨ ਕੀਤੀ ਹੈ। ਪੱਤਣ ਪ੍ਰਕਿਰਤੀ ਅਤੇ ਪ੍ਰਾਕਿਰਤਕ ਸੁੰਦਰਤਾ ਦਾ ਪ੍ਰਤੀਕ ਬਣਦਾ ਹੈ। ਕੰਢਿਆਂ ਤੋਂ ਬਾਹਰ ਛਲਕਦਾ ਹੋਇਆ ਦਰਿਆ ਦਾ ਪਾਣੀ ਦੂਰ ਤੱਕ ਵਿਛੀ ਚਾਂਦੀ ਰੰਗੀ ਚਾਦਰ ਵਾਂਗ ਪ੍ਰਤੀਤ ਹੁੰਦਾ ਹੈ। ਦਰਿਆ ਦੇ ਪਾਣੀ ਦੇ ਸ਼ੋਰ ਤੇ ਉਸਦੀ ਰਵਾਨੀ ਦੇ ਮਨ ਲੁਭਾਵਣੇ ਦ੍ਰਿਸ਼ ਸਭ ਨੂੰ ਚੰਗੇ ਲੱਗਦੇ ਹਨ। ਕਹਿੰਦੇ ਹਨ ਪ੍ਰੇਮੀ ਜੋੜਿਆਂ ਦੀਆਂ ਰੂਹਾਂ ਵੀ ਪੱਤਣਾਂ 'ਤੇ ਵਾਸਾ ਕਰਦੀਆਂ ਰਹੀਆਂ ਹਨ। ਪੰਜਾਬੀ ਲੋਕ ਗੀਤਾਂ ਵਿੱਚ ਪੱਤਣ ਦਾ ਜ਼ਿਕਰ ਵਾਰ ਵਾਰ ਆਉਂਦਾ ਹੈ। ਮਿਲਣ ਦੀ ਤਾਂਘ, ਵਿਛੋੜੇ ਦੀ ਕਸਕ ਤੇ ਉਡੀਕ ਦੀ ਬਿਹਬਲਤਾ ਨੂੰ ਬਿਆਨਣ ਵਾਲੇ ਇੱਕ ਲੋਕ ਗੀਤ ਦੀਆਂ ਤੁਕਾਂ ਵਿੱਚ ਪ੍ਰੇਮੀ ਨੂੰ ਪੱਤਣ ਲੰਘ ਕੇ ਆਉਣ ਦੀਆਂ ਅਰਜ਼ੋਈਆਂ ਕੀਤੀਆਂ ਗਈਆਂ ਹਨ :

ਮੇਰੇ ਕਾਗ ਬਨੇਰੇ ਉੱਤੇ ਬੋਲਿਆ<br>
ਮੇਰਾ ਦਿਲ ਤੱਤੜੀ ਦਾ ਡੋਲਿਆ<br>
ਮੈਂ ਮੰਦੜਾ ਬੋਲ ਨਾ ਬੋਲਿਆ<br>
ਓ ਯਾਰ, ਲੰਘ ਆ ਜਾ, ਪੱਤਣ ਝਨਾਂ ਦਾ<br>
ਵੇ ਮੈਂ ਕੋਠੇ 'ਤੇ ਚੜ੍ਹ ਖਲੀ ਆਂ<br>
ਮੇਰੀਆਂ ਸੜਨ ਪੈਰਾਂ ਦੀਆਂ ਤਲੀਆਂ<br>
ਝੁੱਲੀ ਵਾ ਤੇ ਜ਼ੁਲਫ਼ਾਂ ਹਿੱਲੀਆਂ<br>
ਓ ਯਾਰ, ਲੰਘ ਆ ਜਾ, ਪੱਤਣ ਝਨਾਂ ਦਾ...

ਜੇ ਪੱਤਣ ਨੂੰ ਵਿਸ਼ਾਲ ਅਰਥਾਂ ਵਿੱਚ ਤੇ ਵਿਸਤ੍ਰਿਤ ਪਰਿਪੇਖ ਵਿੱਚ ਸਮਝਣ ਦਾ ਯਤਨ ਕਰੀਏ ਤਾਂ ਪੱਤਣ ਮਨੁੱਖਤਾ ਲਈ, ਦੇਸ਼ ਦੇਸ਼ਾਂਤਰਾਂ ਲਈ, ਕੌਮਾਂ, ਧਰਮਾਂ, ਨਸਲਾਂ ਆਦਿ ਦੇ ਵਿਤਕਰਿਆਂ ਤੋਂ ਉਪਰ ਉੱਠ ਕੇ ਮਾਨਵਤਾ ਲਈ ਪਿਆਰ ਤੇ ਸਾਂਝਾਂ ਦਾ ਪੁਲ ਜਾਂਦਾ ਹੈ। ਪੱਤਣ ਮਨੁੱਖ ਨੂੰ ਉਸ ਵਾਦੀ ਵਿੱਚ ਲੈ ਕੇ ਜਾ ਸਕਦਾ ਹੈ - ਜਿਥੇ ਵੈਰ-ਵਿਰੋਧ ਨਾ ਹੋਵੇ, ਵੱਖਰੇਵਾਂ ਨਾ ਹੋਵੇ, ਵਿੱਥਾਂ ਨਾ ਹੋਵਣ ! ਜਿਹੜਾ ਮਨੁੱਖ ਪਿਆਰ ਦੇ ਪੱਤਣਾਂ ਦੇ ਆਰ-ਪਾਰ ਲੰਘ ਜਾਂਦਾ ਹੈ, ਉਹ ਨਿਮਰਤਾ ਨੂੰ ਆਪਣੀ ਜ਼ਿੰਦਗੀ ਦੀ ਰਾਸ ਬਣਾ ਸਕਦਾ ਹੈ। ਪੱਤਣ ਦਾ ਖੁਸ਼ਗਵਾਰ ਮਾਹੌਲ ਤੇ ਮਨਮੋਹਕ ਦ੍ਰਿਸ਼ ਹਰ ਕਿਸੇ ਨੂੰ ਚੰਗਾ ਲੱਗਦਾ ਹੈ। ਪੱਤਣ ਦਾ ਚੌਗਿਰਦਾ ਮਨੁੱਖ ਦੀ ਜ਼ਿੰਦਗੀ ਨੂੰ ਹੁਸੀਨ ਬਣਾ ਦਿੰਦਾ ਹੈ :

ਮੈਂ ਤਾਂ ਪਾਣੀ ਭਰੇਂਨੀਂ ਆਂ ਪੱਤਣੂੰ<br>
ਭੈੜੇ ਨੈਣ ਨਾ ਰਹਿੰਦੇ ਤੱਕਣੂੰ<br>
ਸੁੰਝੇ ਦੰਦ ਨਾ ਰਹਿੰਦੇ ਹੱਸਣੂੰ<br>
ਮੇਰਾ ਢੋਲ ਜੁਆਨੀਆਂ ਮਾਣੇ<br>
ਭਾਵੇਂ ਜਾਣੇ ਤੇ ਭਾਵੇਂ ਨਾ ਜਾਣੇ...

ਬਿਰਹਾ ਦੇ ਸੱਲ੍ਹ ਸਹਿ ਰਹੇ ਲੋਕ ਕਿਸੇ ਦੀ ਉਡੀਕ ਕਰਦਿਆਂ ਏਨੇਂ ਉਤਸੁਕ ਹੋ ਜਾਂਦੇ ਹਨ ਕਿ ਉਹ ਬੇਸਬਰੀ ਨਾਲ ਪੱਤਣਾਂ 'ਤੇ ਖੜੇ ਪੁਕਾਰਦੇ ਸੁਣੇ ਜਾ ਸਕਦੇ ਹਨ :

ਲੱਕ ਬੰਨ੍ਹ ਪੱਤਣਾਂ 'ਤੇ ਖੜੀਆਂ<br>
ਜਿਨ੍ਹਾਂ ਨੂੰ ਲੋੜ ਮਿੱਤਰਾਂ ਦੀ।<br>
ਪੱਤਣਾਂ 'ਤੇ ਰੋਣ ਖੜੀਆਂ,<br>
ਜਿਨ੍ਹਾਂ ਦੇ ਰਾਤੀਂ ਯਾਰ ਵਿਛੜੇ...<br>
ਔਹ ਗਏ ਸੱਜਣ ,ਔਹ ਗਏ ਨੀ ਮਾਏ<br>
ਲੰਘ ਗਏ ਕਾਲੀ ਧਾਰ<br>
ਉੱਚੇ ਪੱਤਣੂੰ ਚੜ੍ਹ ਵੇਖਦੀ ਨੀ ਮਾਏ<br>
ਬਰਕਤ ਮਰਦਾਂ ਦੇ ਨਾਲ...

ਕਈ ਵਿਯੋਗੇ ਲੋਕ ਪੱਤਣਾਂ 'ਤੇ ਜਾ ਕੇ ਹਵਾਵਾਂ ਨਾਲ ਆਪਣਾ ਦੁੱਖ ਸੁੱਖ ਸਾਂਝਾ ਕਰਦੇ ਹਨ। ਵਹਿੰਦੇ ਪਾਣੀਆਂ ਨਾਲ ਗੱਲਾਂ ਕਰਕੇ, ਉਨ੍ਹਾਂ ਨੂੰ ਆਪਣੇ ਦੁੱਖੜੇ ਦੱਸਦੇ ਹਨ। ਫਿਰ ਵੀ ਦਰਿਆ ਦੇ ਪੱਤਣ ਤੇ ਕਹਿਰਾਂ ਦੇ ਹੁਸਨ ਦੀ ਗੱਲ ਪੰਜਾਬੀ ਲੋਕ ਗੀਤਾਂ ਵਿੱਚ ਛਿੜਦੀ ਹੈ :

ਸੱਕ ਮਲ਼ਦੀਆਂ, ਪਾਣੀ ਦੇ ਪੱਤਣਾਂ ਨੂੰ<br>
ਅੱਗ ਲਾਣ ਲਾਹੌਰਨਾਂ ਚੱਲੀਆਂ ਨੇ।<br>
ਇੱਕ ਮਾਹੇ, ਦੋ ਮਾਹੇ, ਤਿੰਨ ਮਾਹੇ ਚੱਲਦੇ ਆਏ ਵੇ ਲਾਲ ਜੰਮੂ ਦਰਿਆ, ਤੁਸਾਂ ਪੱਤਣ ਡੇਰੇ ਲਾਏ।<br>
ਚੇਤਰ ਦੇ ਮਹੀਨੇ ਵੇ ਲਾਲ ਚਿਤ ਲੱਗਦਾ ਨਾ ਮੇਰਾ<br>
ਪੱਤਣ ਤੋਂ ਪਾਰ ਰੱਬਾ ਡਾਢਿਆ, ਮਾਹੀ ਦਾ ਡੇਰਾ।

ਪੱਤਣਾਂ ਨਾਲ ਕਿਸੇ ਪ੍ਰੇਮੀ, ਯੋਧੇ, ਸੰਤ, ਫਕੀਰ, ਪੈਗੰਬਰ ਦੀ ਜੀਵਨ ਗਾਥਾ ਦੀ ਕੋਈ ਘਟਨਾ ਜਾਂ ਕੋਈ ਪ੍ਰਸੰਗ ਵੀ ਜੁੜਿਆ ਹੁੰਦਾ ਹੈ। ਪੱਤਣਾਂ ਨਾਲ ਜੁੜੇ ਕਈ ਅਜਿਹੇ ਬਿਰਤਾਂਤ ਵੀ ਵੇਖੇ ਸੁਣੇ ਜਾ ਸਕਦੇ ਹਨ :

ਕਿਹੜੇ ਪੱਤਣ ਤੇਰੀਆਂ ਮੱਝੀਆਂ ਲੰਘੀਆਂ<br>
ਕਿਹੜੇ ਪੱਤਣ ਗਾਈਂ<br>
ਕਿਹੜੇ ਪੱਤਣ ਮੀਆਂ ਰਾਂਝਾ ਲੰਘਿਆ<br>
ਹੀਰ ਨਿਮਾਣੀ ਦਾ ਸਾਈਂ।

ਵਗਦੇ ਦਰਿਆ ਸੁੰਦਰ ਲੱਗਦੇ ਹਨ। ਪਾਣੀ ਤੋਂ ਬਿਨਾਂ ਦਰਿਆ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਪੱਤਣ ਦੀ ਰੌਣਕ ਵਗਦੇ ਦਰਿਆਵਾਂ ਨਾਲ ਹੀ ਹੁੰਦੀ ਹੈ। ਪੱਤਣਾਂ 'ਤੇ ਕਈ ਮੇਲੇ ਲੱਗਦੇ ਹਨ। ਲੋਕ ਅਨੁਸ਼ਠਾਨਾਂ ਅਨੁਸਾਰ ਲੋਕ ਕਈ ਤਰ੍ਹਾਂ ਦੀ ਪੂਜਾ ਸਮੱਗਰੀ ਪਾਣੀ ਦੀ ਭੇਂਟ ਚੜ੍ਹਾਉਂਦੇ ਹਨ, ਜਿਸ ਨੂੰ ਸਮਰਪਣ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਪੱਤਣਾਂ 'ਤੇ ਇਸ਼ਨਾਨ ਕੀਤਾ ਜਾਂਦਾ ਹੈ। ਪੱਤਣਾਂ ਨਾਲ ਸਥਿਤ ਧਾਰਮਿਕ ਅਸਥਾਨਾਂ ਦੀ ਰੌਣਕ ਵੇਖਣ ਵਾਲੀ ਹੁੰਦੀ ਹੈ। ਪੱਤਣ ਮਨੁੱਖ ਨੂੰ ਰੋਟੀ ਰੋਜ਼ੀ ਪ੍ਰਦਾਨ ਕਰਨ ਵਾਲਾ ਮਹੱਤਵਪੂਰਨ ਸਥਾਨ ਬਣਦਾ ਹੈ। ਜਲ ਜੀਵ ਮਨੁੱਖ ਵਾਸਤੇ ਬੜਾ ਅਹਿਮ ਜੀਵ ਧਨ ਬਣਦੇ ਹਨ। ਪੱਤਣ ਤੇ ਟਿਕਾਣਾ ਕਰਕੇ ਸਵਾਰੀਆਂ ਤੇ ਮਾਲ ਦੀ ਢੋਆ ਢੁਆਈ ਤੋਂ ਵੀ ਮਨੁੱਖ ਕਮਾਈ ਕਰਦਾ ਹੈ। ਪਾਣੀ ਦਾ ਭੰਡਾਰ ਕਰਕੇ, ਉਸ ਨੂੰ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਪਾਣੀ ਜੀਵਨ ਦਾਤਾ ਹੈ। ਧਰਤੀ ਨੂੰ ਹਰਿਆਵਲ ਤੇ ਖੁਸ਼ਹਾਲੀ ਬਖਸ਼ਦਾ ਹੈ। ਬਨਸਪਤੀ ਪਾਣੀ ਨਾਲ ਹੀ ਵਧਦੀ ਫੁੱਲਦੀ ਹੈ। ਪੱਤਣ ਦਾ ਪਾਣੀ ਨਾਲ ਯੁਗਾਂ ਪੁਰਾਣਾ ਨਾਤਾ ਹੈ। ਸ਼ਾਲਾ ! ਦਰਿਆ ਦਾ ਪਾਣੀ, ਮਿੱਤਰਤਾ ਦਾ ਪੱਤਣ, ਸਦ ਭਾਵਨਾ ਦਾ ਪੱਤਣ, ਮਜ਼ਬੂਤੀ ਦਾ ਪੱਤਣ ਬਣੇ ! ਸਮਾਜਿਕ ਤੇ ਵਿਵਹਾਰਕ ਜੀਵਨ ਵਿੱਚ ਵੀ ਪੱਤਣ ਦਾ ਵਿਸ਼ੇਸ਼ ਮਹੱਤਵ ਹੈ। ਇੱਕ ਮੁਟਿਆਰ ਮੈਦਾਨੀ ਇਲਾਕੇ ਵਿੱਚੋਂ ਪਹਾੜਾਂ ਵਿੱਚ ਕਿਸੇ ਦੂਰ ਦੁਰੇਡੀ ਥਾਂ 'ਤੇ ਵਿਆਹੀ ਜਾਂਦੀ ਹੈ। ਪੱਤਣ ਤੇ ਆਪਣੀਆਂ ਸਖੀਆਂ ਦੇ ਨਾਲ ਮਾਣੇ ਸਾਥ ਨੂੰ ਯਾਦ ਕਰਕੇ ਉਹ ਆਖਦੀ ਹੈ :

ਬਾਬਲ ਦਿੱਤੜਾ ਦਾਜ ਘੋੜੇ ਪਾਲਕੀਆਂ<br>
ਅਸਾਂ ਜਾਣਾ ਪੱਤਣੋਂ ਪਾਰ<br>
ਪਰਬਤ ਸਾਡੇ ਆਲ੍ਹਣੇ... (**ਬਾਕੀ ਸਫ਼ਾ 31 'ਤੇ**)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨਤਾ ਦਿਵਸ ’ਤੇ ਵਿਸ਼ੇਸ਼

# ਅਜੋਕੇ ਯੁੱਗ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਭੂਮਿਕਾ

**ਦਿਲਜੀਤ ਸਿੰਘ ਬੇਦੀ**

ਗੁਰੂ ਨਾਨਕ ਦੇਵ ਜੀ ਨੇ ਚਾਰਾਂ ਦਿਸ਼ਾਵਾਂ ਦੀ ਯਾਤਰਾ ਕਰਕੇ ਸਮੇਂ ਦੇ ਧਰਮੀ ਚਿੰਤਕਾਂ ਨਾਲ ਸੰਵਾਦ ਰਚਾਉਂਦੇ ਹੋਏ ਨਵੀਨਤਮ ਕ੍ਰਾਂਤੀਕਾਰੀ ਵਿਗਿਆਨਕ ਯੁੱਗ ਦੇ ‘ਧਰਮ ਗ੍ਰੰਥ’ ਦੇ ਸੰਕਲਨ ਦਾ ਬੀਜ ਬੀਜਿਆ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ 1604 ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ‘ਆਦਿ ਗ੍ਰੰਥ’ ਵਜੋਂ ਰੂਪਮਾਨ ਕੀਤਾ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਰ ਬਚਨ ਸਰਬ-ਸਾਂਝੀਵਾਲਤਾ ਦਾ ਸੰਚਾਰ ਤੇ ਪ੍ਰਸਾਰ ਕਰਦਾ ਹੈ। ਅੱਜ ਗਲੋਬਲ ਪੱਧਰ ’ਤੇ ਸੰਜਮ ਵਿਹੂਣੇ ਸਭਿਆਚਾਰ ਦਾ ਪਸਾਰਾ ਹੈ। ਸਮੁੱਚੀ ਮਨੁੱਖਤਾ ਕਈ ਤਰ੍ਹਾਂ ਦੇ ਵਖਰੇਵਿਆਂ ਵੰਡਾਂ-ਦਰ-ਵੰਡਾਂ ਦੇ ਘੇਰਿਆਂ ਵਿੱਚ ਬੁਰੀ ਤਰ੍ਹਾਂ ਫਸੀ ਹੋਈ ਮਹਿਸੂਸ ਹੋ ਰਹੀ ਹੈ। ਵੱਖਰੇ-ਵੱਖਰੇ ਦੇਸ਼ਾਂ, ਕੌਮਾਂ ਅਤੇ ਧਾਰਮਿਕ ਵਖਰੇਵਿਆਂ ਵਿਚਕਾਰ ਖੋਹਾ-ਖਿੰਝੀ ਨਫਰਤੀ ਖਿੱਚੋਤਾਣ ਜਾਰੀ ਹੈ।ਖ਼ੁਸ਼ਹਾਲ ਬਹੁ-ਧਰੁਵੀ ਸੰਸਾਰ ਸਿਰਜਣ ਦੇ ਸਮਰੱਥ ਗੁਰੂ ਗ੍ਰੰਥ ਸਾਹਿਬ ਦੀਆਂ ਦਾਰਸ਼ਨਿਕ, ਵਿਗਿਆਨਕ ਤੇ ਵਿਚਾਰਧਾਰਕ ਸੰਭਾਵਨਾਵਾਂ ਅਸੀਂ ਅਜੇ ਤੱਕ ਜਗਤ-ਜਲੰਦੇ ਅੱਗੇ ਸਹੀ ਦਿਸ਼ਾ ਵਿੱਚ ਰੱਖ ਨਹੀਂ ਸਕੇ। ਸਮਾਂ ਤੇਜ਼ੀ ਨਾਲ ਬਦਲ ਰਿਹਾ ਹੈ। ਸੁਹਿਰਦਤਾ ਤੇ ਸੁਚੇਤਨਾ ਨਾਲ ਗਲੋਬਲ ਪੱਧਰੀ ਵੱਸ ਰਹੇ ਸਿੱਖ ਹੁਣ ਗੁਰੂ ਗ੍ਰੰਥ ਸਾਹਿਬ ਦੇ ਮਹੱਤਵ ਨੂੰ ਵਿਸ਼ਵ ਸਾਹਮਣੇ ਪ੍ਰਗਟ ਕਰਕੇ ‘ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ’ ਦੇ ਅਧਿਕਾਰੀ ਬਣ ਸਕਦੇ ਹਨ। ਜਦੋਂ ਕਦੇ ਵੀ ਸਿੱਖਾਂ ਵਿੱਚ ਨਿਰਾਸ਼ਤਾ ਪਸਰੀ ਉਦੋਂ ਹੀ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਸਮੇਂ-ਸਮੇਂ ਗੁਰਮਤਿ ਸਮਾਗਮਾਂ ਰਾਹੀਂ ਸਿੱਖੀ ਪ੍ਰਚਾਰ ਨੂੰ ਪ੍ਰਚੰਡ ਕਰਨ ਦੇ ਉੱਦਮ ਕਰਦੀ ਰਹੀ ਹੈ। ਜਿਸ ਦੇ ਸਿੱਟੇ ਵਜੋਂ ਸਿੱਖਾਂ ਨੇ ਹਰ ਚੁਣੌਤੀ ਨੂੰ ਕਬੂਲਿਆ ਤੇ ਉਸ ਦਾ ਡਟ ਕੇ ਮੁਕਾਬਲਾ ਕੀਤਾ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਪਦੇਸ਼ਾਂ ਸਦਕਾ ਪੈਰੋਕਾਰ ਜਮਾਂਦਰੂ ਹੀ ਸੰਘਰਸ਼ੀ ਹਨ।

ਸਭ ਤੋਂ ਵੱਡਾ ਸੰਕਟ ਇਸ ਸਮੇਂ ਇਹ ਹੈ ਕਿ ਕਲਾਸਕੀ ਪੂੰਜੀਵਾਦ ਤੇ ਕਲਾਸਕੀ ਸਾਮਵਾਦ ਦੋਵੇਂ ਹੀ ਖੀਣ ਹੋ ਚੁੱਕੇ ਹਨ। ਦੋਨਾਂ ਦੀ ਅਸਮਰੱਥਾ ਸਾਹਮਣੇ ਆ ਚੁੱਕੀ ਹੈ। ਪੱਛਮ ਦਾ ਵਿਕਸਿਤ, ਕੰਪਿਊਟਰੀ ਯੁੱਗ ਤੋਂ ਪਿਛੋਂ ਦਾ ਪੂੰਜੀਵਾਦ ਜੋ ਵਿਸ਼ਵੀਕਰਨ ਦੇ ਨਾਂ ’ਤੇ ਸਮੁੱਚੀ ਦੁਨੀਆਂ ਨੂੰ ਆਪਣੀ ਲਪੇਟ ਵਿੱਚ ਲੈਣ ਦੇ ਆਹਰ ਵਿੱਚ ਹੈ, ਕਿਤੇ ਬਹੁ-ਕੌਮੀ ਕੰਪਨੀਆਂ ਦੇ ਵਪਾਰ ਰਾਹੀਂ, ਕਿਤੇ ਜੰਗ ਰਾਹੀਂ, ਕਿਤੇ ਧੌਂਸ ਰਾਹੀਂ, ਉਸ ਦਾ ਸੰਕਟ ਪਹਿਲਾਂ ਹੀ ਸਾਹਮਣੇ ਹੈ ਤੇ ਸੰਸਾਰ ਉਸ ਨੂੰ ਵਿਚਾਰਧਾਰਕ ਤੌਰ ’ਤੇ ਸਵੀਕਾਰ ਨਹੀਂ ਕਰ ਰਿਹਾ। ਸੱਭਿਆਚਾਰਾਂ ਦੇ ਤਣਾਅ ਸਾਹਮਣੇ ਹਨ। ਅਜਿਹੀ ਸਥਿਤੀ ਵਿਚਾਰਧਾਰਾ ਦੇ ਸੰਕਟ ਨੂੰ ਜਨਮ ਦਿੰਦੀ ਹੈ। ਮਨੁੱਖ ਨੂੰ ਭਵਿੱਖ ਲਈ ਇੱਕ ਵਾਰੀ ਫਿਰ ਵਿਚਾਰਧਾਰਾ ਦੀ ਤਲਾਸ਼ ਹੈ। ਅਜਿਹੀ ਸਥਿਤੀ ਦੇ ਸਾਹਵੇਂ ਹੁੰਦਿਆਂ ਗੁਰੂ ਗ੍ਰੰਥ ਸਾਹਿਬ ਦੀ ਇਸ ਵਿਸ਼ਵ ਵਿਚਾਰਧਾਰਾ ਨੂੰ ਸਪੱਸ਼ਟ ਕਰਨ ਦੀ ਲੋੜ ਹੈ ਜੋ ਸਮੁੱਚੇ ਮਨੁੱਖ ਲਈ ਭਵਿੱਖਮੁਖੀ ਰਾਹ ਲਈ ਬੈਠੀ ਹੈ। ਲੋੜ ਇਸ ਨੂੰ ਤੰਗ ਵਲਗਣਾਂ ਵਿਚੋਂ ਕੱਢਣ ਦੀ ਹੈ। ਸੰਸਾਰ ਉੱਤਰ ਆਧੁਨਿਕਤਾਵਾਦ ਅਤੇ ਗਲੋਬਲਾਈਜ਼ੇਸ਼ਨ ਤੱਕ ਜਿਸ ਦੌਰ ਵਿੱਚ ਪਹੁੰਚਿਆ ਹੈ, ਲੋੜ ਉਸ ਵਿੱਚ ਇਸ ਦੀ ਯੋਗਤਾ ਨੂੰ ਪਛਾਨਣ ਦੀ ਹੈ। ਗੁਰੂ ਨਾਨਕ ਦੇਵ ਜੀ ਦੇ ਅਗੰਮੀ ਪ੍ਰਕਾਸ਼ ਨਾਲ ਭਾਰਤੀ ਉਪ ਮਹਾਂਦੀਪਾਂ ਵਿੱਚ ਇੱਕ ਸਫ਼ਲ ਕ੍ਰਾਂਤੀ ਦਾ ਜਨਮ ਹੋਇਆ। ਭਾਈ ਗੁਰਦਾਸ ਜੀ ਲਿਖਦੇ ਹਨ:

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ॥

ਪੰਜਵੀਂ ਪਾਤਸ਼ਾਹੀ ਰਾਹੀਂ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਸਾਂਝੀਵਾਲਤਾ, ਨਿਆਂ, ਸੱਚ, ਹੱਕ, ਜਾਤ-ਪਾਤ ਤੋਂ ਉੱਪਰ ‘ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ’ ਦਾ ਗੁਰਮਤਿ ਸਿਧਾਂਤ ਹੈ। ਇਸ ਗ੍ਰੰਥ ਵਿੱਚ ਬਿਨਾਂ ਕਿਸੇ ਵਿਤਕਰੇ ਦੇ ਹਰ ਧਰਮ ਦੇ ਭਗਤਾਂ ਦੀ ਬਾਣੀ ਉਸੇ ਸਤਿਕਾਰ ਨਾਲ ਦਰਜ ਹੈ, ਜਿਸ ਸਤਿਕਾਰ ਨਾਲ ਗੁਰੂਆਂ ਦੀ ਬਾਣੀ।

ਧਰਮ ਗ੍ਰੰਥਾਂ ਵਿੱਚ ਦਰਜ ਸਿਧਾਂਤ ਮਨੁੱਖਤਾ ਨੂੰ ਉਨ੍ਹਾਂ ਦੇ ਪੈਰੋਕਾਰਾਂ ਨਾਲ ਜੁੜੇ ਰਹਿਣ ਦਾ ਰਾਹ ਦੱਸਦੇ ਹਨ। ਧਾਰਮਿਕ ਪੈਰੋਕਾਰਾਂ ਨੇ ਆਪਣੀ ਅਧਿਆਤਮਿਕਤਾ ਦੇ ਸਿਖਰ ’ਤੇ ਪਹੁੰਚ ਕੇ ਕੁਝ ਅਜਿਹੇ ਉਪਦੇਸ਼ ਮਨੁੱਖਤਾ ਦੇ ਰੂਬਰੂ ਕੀਤੇ ਹੁੰਦੇ ਹਨ, ਜਿਨ੍ਹਾਂ ਨੂੰ ਅਪਣਾ ਕੇ ਮਨੁੱਖ ਆਪਣੀ ਜ਼ਿੰਦਗੀ ਦਾ ਅੰਤਿਮ ਲਕਸ਼ ਭਾਵ ਪ੍ਰਭੂ ਪ੍ਰਾਪਤੀ ਅਤੇ ਆਪਣੇ ਸੰਸਾਰ ਵਿੱਚ ਆਉਣ ਦੇ ਮਨੋਰਥ ਨੂੰ ਸਮਝਣ ਦੇ ਸਮਰੱਥ ਹੋ ਜਾਂਦਾ ਹੈ। ਸੰਸਾਰ ਦੇ ਇਤਿਹਾਸ ਵਿੱਚ ਅਨੇਕਾਂ ਅਜਿਹੇ ਹਵਾਲੇ ਮਿਲਦੇ ਹਨ ਜਿਨ੍ਹਾਂ ਅੰਦਰ ਇਹ ਜ਼ਿਕਰ ਹੈ ਕਿ ਜਿਨ੍ਹਾਂ ਧਰਮਾਂ ਨੇ ਆਪਣੇ ਧਰਮ ਗ੍ਰੰਥਾਂ ਦੀ ਸੰਭਾਲ ਵਿੱਚ ਕੁਤਾਹੀ ਵਰਤੀ ਉਹ ਆਪਣੇ ਰਹਿਬਰਾਂ ਦੇ ਅਨਮੋਲ ਵਚਨਾਂ ਤੋਂ ਵਾਂਝੇ ਹੋ ਗਏ, ਇੱਥੋਂ ਤੱਕ ਕਿ ਉਨ੍ਹਾਂ ਗ੍ਰੰਥਾਂ ਨੂੰ ਸਤਿਕਾਰ ਵੀ ਨਹੀਂ ਮਿਲ ਸਕਿਆ। ਧਰਮ ਗ੍ਰੰਥਾਂ ਦੇ ਰੂਪ ਵਿਚ ਉਪਲਬਧ ਅਧਿਆਤਮਕ ਖ਼ਜ਼ਾਨੇ ਨੂੰ ਆਪਣੀ ਵਿਰਾਸਤ ਸਮਝ ਕੇ ਸੰਭਾਲਣਾ ਅਤਿ ਜ਼ਰੂਰੀ ਹੈ।

ਵਿਸ਼ਵ ਪੱਧਰ ’ਤੇ ਭਵਿੱਖ ਦਾ ਜੋ ਖ਼ਾਕਾ ਉੱਭਰ ਰਿਹਾ ਹੈ, ਉਹ ਉਤਸ਼ਾਹਜਨਕ ਵੀ ਹੈ ਅਤੇ ਨਿਰਾਸ਼, ਤਬਾਹਕੁੰਨ ਵੀ। ਐਟਮੀ ਤਾਕਤਾਂ ਗਿਆਨ ਵਿਗਿਆਨ ਦੇ ਉਭਾਰ ਨਾਲ ਮਾਨਵਤਾ ਲਈ ਕਈ ਚੁਨੌਤੀਆਂ ਵੀ ਸਾਹਮਣੇ ਆ ਖਲੋਈਆਂ ਹਨ। ਵਿਭਿੰਨ ਤਰ੍ਹਾਂ ਦੇ ਪ੍ਰਦੂਸ਼ਣ ਕਾਰਨ ਆਕਾਸ਼ ਵਿਚਲੀ ਓਜ਼ੋਨ ਦੀ ਬਹੁ ਪਰਤ ਵਿੱਚ ਛੇਕ ਹੋ ਗਿਆ ਹੈ। ਕਾਦਰ ਦੀ ਕੁਦਰਤ ਇਨ੍ਹਾਂ ਆਕਾਸ਼ੀ ਤੱਤਾਂ ‘ਤੇ ਆਧਾਰਿਤ ਹੈ।

ਮਨੁੱਖ ਨੇ ਟੈਕਨੌਲੋਜੀ ਦੇ ਪੱਖੋਂ ਬੜੀ ਤਰੱਕੀ ਕੀਤੀ ਹੈ। ਜਿਸ ਕਾਰਨ ਮਾਨਵ ਜੀਵਨ ਸੁਖੀ ਵੀ ਹੋਇਆ ਹੈ। ਦੂਜੇ ਪਾਸੇ ਅਮਾਨਵੀ ਅਤੇ ਅਨੈਤਿਕ ਬੁਰਾਈਆਂ ਦੀ ਭਰਮਾਰ ਵੀ ਹੈ। ਜੰਗ ਮਾਨਵੀ ਹਿੰਸਾ ਹੈ। ਅਮਨ ਸਰਬਪੱਖੀ ਖ਼ੁਸ਼ਹਾਲੀ ਹੈ। ਕੁਦਰਤੀ ਵਸੀਲਿਆਂ ਦੀ ਅੰਧਾ ਧੁੰਦ ਵਰਤੋਂ ਅਤੇ ਦੁਰਉਪਯੋਗ ਨਾਲ ਬਹੁਤ ਸਾਰੇ ਜੀਵ ਜੰਤੂ, ਪਸ਼ੂ ਪੰਛੀ, ਪੌਦੇ ਅਤੇ ਦਵਾਈਆਂ ਲਈ ਅਨੇਕ ਤਰ੍ਹਾਂ ਦੀਆਂ ਜੜ੍ਹੀਆਂ ਬੂਟੀਆਂ ਧਰਤੀ ਤੋਂ ਅਲੋਪ ਹੋ ਰਹੇ ਹਨ। ਇਹ ਜੀਵ ਸ੍ਰਿਸ਼ਟੀ ਅਤੇ ਪ੍ਰਕ੍ਰਿਤੀ ਵੀ ਸਾਡਾ ਸਭ ਦਾ ਸਾਂਝਾ ਭਾਈਚਾਰਾ ਹੈ। ਇਸ ਦੀ ਰੱਖਿਆ ਸੰਭਾਲ ਅਤੇ ਸਰਬਪੱਖੀ ਉਸਾਰੀ ਦੇ ਅਸੀਂ ਸਭ ਜ਼ਿੰਮੇਵਾਰ ਹਾਂ। ਵਿਗਿਆਨ ਤੇ ਵਿਸਫੋਟ ਨੇ ਭੁਚਾਲ, ਸੁਨਾਮੀ, ਹੜ੍ਹ, ਤੂਫਾਨ, ਸੋਕਾ, ਫਸਲਾਂ ਫੁੱਲ ਅਤੇ ਸਬਜ਼ੀਆਂ, ਅਨਾਜ ਜ਼ਹਿਰੀਲੇ ਕਰ ਦਿੱਤੇ ਹਨ। ਇਹ ਵਿਗਿਆਨਕ ਦੁਖਾਂਤ ਬਣਦਾ ਹੈ। ਕਾਰਖ਼ਾਨਿਆਂ ਨੇ ਅਨਾਜ ਦੀ ਪੈਦਾਵਾਰ ਨੂੰ ਘਟਾਇਆ ਹੈ। ਪ੍ਰਦੂਸ਼ਣ ਅਤੇ ਵਿਗਿਆਨਕ ਕਾਢਾਂ ਤੋਂ ਪੈਦਾ ਹੋਏ ਅਸਾਂਵਲੇਪਣ ਦੇ ਸੰਕਟ ਨਾਲ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਇਲਾਹੀ ਸੰਦੇਸ਼ ਦੀ ਰੌਸ਼ਨੀ ਵਿੱਚ ਇਨ੍ਹਾਂ ਸਭ ਖ਼ਤਰਿਆਂ, ਵਿਰੋਧਾਂ ਨਾਲ ਨਿਪਟ ਸਕਦੇ ਹਾਂ।

ਨਸ਼ੀਲੇ ਪਦਾਰਥਾਂ ਦਾ ਸੇਵਨ ਹੋ ਰਿਹਾ ਹੈ। ਏਡਜ਼ ਵਰਗੀਆਂ ਲਾ-ਇਲਾਜ ਬਿਮਾਰੀਆਂ ਫੈਲ ਰਹੀਆਂ ਹਨ। ਭਰੂਣ ਹੱਤਿਆ ਜਿਹਾ ਘੋਰ ਨਰਕ ਅਤੇ ਵਿਕਲਪ ਗੈਰ ਅਮਾਨਵੀ ਹੈ। ਇਸ ਸੰਦਰਭ ਵਿੱਚ ਵਿਸ਼ਵ ਪੱਧਰ ‘ਤੇ ਸਿਹਤਮੰਦ ਤੇ ਸਭਿਅਕ ਸਮਾਜ ਦੀ ਸਿਰਜਣਾ ਕਰਨੀ ਤੇ ਆਦਰਸ਼ਕ ਨਾਗਰਿਕ, ਸੂਰਮੇ ਪੈਦਾ ਕਰਨੇ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਅਤੇ ਉਪਦੇਸ਼ ਵਿਸ਼ੇਸ਼ ਲਾਭਕਾਰੀ ਹੈ। ਗੁਰੂ ਘਰ ਵਿੱਚ ਨਾਰੀ ਦਾ ਸਤਿਕਾਰ ਹੈ। ਸਤਿਕਾਰ ਹੀ ਨਹੀਂ ਇਸਤਰੀਆਂ ਨਾਲ ਹੋ ਰਹੇ ਵਿਤਕਰੇ ਅਤੇ ਅਨਿਆਂ ਪ੍ਰਤੀ ਵੀ ਸਿੱਖ ਪੰਥ ਦਾ ਸੰਪੂਰਨ ਸੰਘਰਸ਼ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਔਰਤ ਨੂੰ ਮਰਦ ਦੇ ਈਮਾਨ ਦੀ ਰਖਵਾਲੀ ਦੱਸਿਆ ਹੈ। ਭਾਈ ਗੁਰਦਾਸ ਜੀ ਔਰਤ ਦੇ ਸਤਿਕਾਰ ਵਿੱਚ ਲਿਖਦੇ ਹਨ:


(ਬਾਕੀ ਸਫ਼ਾ 31 ’ਤੇ)



## ਸੰਪੂਰਨਤਾ ਦਿਵਸ 'ਤੇ ਵਿਸ਼ੇਸ਼

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

## (ਸ਼ਬਦ ਗੁਰ ਪੀਰਾ)





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਅਗਿਆਨ ਅਤੇ ਵਹਿਮਾਂ ਭਰਮਾਂ ਵਿੱਚ ਭਟਕਦੀ ਮਨੁੱਖਤਾ ਨੂੰ ਰਾਹ ਵਿਖਾਉਣ ਲਈ ਅਵਤਾਰੀ ਪੁਰਸ਼ ਸੰਸਾਰ ਵਿੱਚ ਆਉਂਦੇ ਹਨ। ਅੱਠਵੀਂ ਸਦੀ ਮੱਧ ਕਾਲ ਵਿੱਚ ਭਗਤੀ ਲਹਿਰ ਦਾ ਆਰੰਭ ਦੱਖਣੀ ਭਾਰਤ ਬਨਾਰਸ ਵਿੱਚ ਹੋਇਆ। ਇਹ ਇੱਕ ਧਾਰਮਿਕ ਜਾਗ੍ਰਿਤੀ ਦੀ ਲਹਿਰ ਸੀ। ਇਸ ਲਹਿਰ ਦੇ ਬਾਨੀ ਸਮਾਜ ਸੁਧਾਰਕਾਂ ਨੇ ਆਪਣੀ ਬਾਣੀ ਰਾਹੀਂ ਸਮਾਜਿਕ ਨਾਬਰਾਬਰੀ ਅਤੇ ਨਫ਼ਰਤ ਨੂੰ ਖਤਮ ਕਰਕੇ ਸਾਂਝੀਵਾਲਤਾ ਨਾਲ ਜੋੜਿਆ। ਸਿੱਖ ਧਰਮ ਦੇ ਪਹਿਲੇ ਗੁਰੂ , ਗੁਰੂ ਨਾਨਕ ਦੇਵ ਜੀ ਨੇ ਭਗਤੀ ਲਹਿਰ ਦੇ ਇਸ ਅਧਿਆਤਮਕ ਕਾਰਜ ਨੂੰ ਬੜੀ ਸ਼ਿੱਦਤ ਨਾਲ ਕ੍ਰਾਂਤੀਕਾਰੀ ਢੰਗ ਰਾਹੀਂ ਪਸਾਰਿਆ। ਬਾਕੀ ਸਿੱਖ ਗੁਰੂ ਸਾਹਿਬਾਨ ਨੇ ਵੀ ਰੱਬੀ ਬਾਣੀ ਦਾ ਪ੍ਰਚਾਰ ਕਰਦਿਆਂ ਇਸ ਅਧਿਆਤਮਕ ਕਾਰਜ ਨੂੰ ਅੱਗੇ ਵਧਾਇਆ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖ ਧਰਮ ਦੀ ਉੱਨਤੀ ਵਿੱਚ ਹਰਿਮੰਦਰ ਸਾਹਿਬ ਦੀ ਉਸਾਰੀ ਉਪਰੰਤ ਸੰਸਾਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਵੱਡੀ ਬਖਸ਼ਿਸ਼ ਕੀਤੀ ਹੈ। ਆਪ ਜੀ ਨੇ ਅਨੁਭਵ ਕੀਤਾ ਕਿ ਜਦ ਹੁਣ ਸਿੱਖਾਂ ਦਾ ਧਾਰਮਿਕ ਕੇਂਦਰ ਸਥਾਪਤ ਹੋ ਗਿਆ ਹੈ ਤਾਂ ਇੱਕ ਅਜਿਹੇ ਧਾਰਮਿਕ ਗ੍ਰੰਥ ਦੀ ਲੋੜ ਹੈ, ਜਿਸ ਵਿੱਚ ਜਾਤ ਪਾਤ ਦੇ ਵਿਤਕਰਿਆਂ ਤੋਂ ਉੱਪਰ ਉੱਠ ਕੇ ਗੁਰਬਾਣੀ ਦਰਜ਼ ਹੋਵੇ ਕਿ ਜਿਸ ਦੇ ਗਿਆਨ ਅਤੇ ਅਮਲ ਨਾਲ ਸਮੁੱਚੀ ਮਾਨਵਤਾ ਦਾ ਕਲਿਆਣ ਹੋ ਸਕੇ। ਜਿਵੇਂ ਪਰਮਾਤਮਾ ਆਪ ਸਰਬ ਵਿਆਪੀ ਹੈ, ਉਸੇ ਤਰਾਂ ਉਸ ਦਾ ਉਪਦੇਸ਼ ਵੀ ਸਰਬ ਵਿਆਪਕ ਹੈ।

ਗੁਰੂ ਗ੍ਰੰਥ ਸਾਹਿਬ ਅਧਿਆਤਮਕ ਮਿਆਰੀ ਗਿਆਨ ਦਾ ਅਥਾਹ ਸਾਗਰ ਹੈ। ਜਿਸ ਵਿੱਚ ਟੁੱਭੀ ਲਗਾ ਕੇ ਹਰ ਜਗਿਆਸੂ ਆਪਣੀ ਆਤਮਾ ਦੀ ਭੁੱਖ ਦੂਰ ਕਰਨ ਵਾਸਤੇ ਆਤਮਿਕ ਭੋਜਨ ਪ੍ਰਾਪਤ ਕਰਕੇ ਸਦਾ ਲਈ ਤ੍ਰਿਪਤੀ ਪ੍ਰਾਪਤ ਕਰ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਹਰ ਮਨੁੱਖ ਆਪਣੀ ਆਤਮਾ ਨੂੰ ਬ੍ਰਹਮ ਵਿੱਚ ਲੀਨ ਦਾ ਮਾਰਗ ਪ੍ਰਾਪਤ ਕਰ ਸਕਦਾ ਹੈ। ਬ੍ਰਹਮ ਵਿੱਚ ਸਮਾਈ ਕਰ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਸਹਿਜ ਸੁਹੇਲਾ ਜੀਵਨ ਜਿਉਣ ਦੀ ਅਗਵਾਈ ਮਿਲਦੀ ਹੈ। ਮਾਰਗ ਦਰਸ਼ਨ ਅਨੁਸਾਰ ਪ੍ਰਭੂ ਵਿੱਚ ਅਭੇਦਤਾ ਲਈ ਕੋਈ ਕਠਿਨ ਯਤਨ ਕਰਨ ਦੀ ਲੋੜ ਨਹੀਂ ਹੈ। ਸੰਸਾਰ ਵਿੱਚ ਰਹਿੰਦਿਆਂ ਦੁਨਿਆਵੀ ਹਰ ਥਾਂ 'ਤੇ ਪ੍ਰਭੂ ਮੌਜੂਦ ਹੈ। ਪ੍ਰਭੂ ਨੂੰ ਹਰ ਥਾਂ ਹਰ ਸਥਿਤੀ ਵਿੱਚ ਸਹਿਜ ਮਾਰਗ 'ਤੇ ਚੱਲ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਸਹਿਜ ਸੁਹੇਲਾ ਸੰਤੁਲਨ ਵਿੱਚ ਰਹਿ ਕੇ ਰਸ ਭਰਿਆ ਜੀਵਨ ਬਤੀਤ ਕਰਨ ਦੀ ਜਾਂਚ ਪ੍ਰਦਾਨ ਹੁੰਦੀ ਹੈ।

ਹੇ ਨਾਨਕ! ਜੇ ਸਤਿਗੁਰੂ ਮਿਲ ਪਏ ਤਾਂ ਜੀਵਨ ਦੀ ਠੀਕ ਜਾਚ ਆ ਜਾਂਦੀ ਹੈ ਤੇ ਜੀਵਨ ਹੱਸਦਿਆਂ ਖੇਡਦਿਆਂ ਖਾਂਦਿਆਂ ਪਹਿਨਦਿਆਂ ਭਾਵ ਦੁਨੀਆਂ ਦੇ ਸਾਰੇ ਕੰਮ ਕਾਰ ਕਰਦਿਆਂ ਮਾਇਆ ਵਿੱਚ ਵਰਤਦਿਆਂ ਹੀ ਕਾਮਾਦਿਕ ਵਿਕਾਰਾਂ ਤੋਂ ਬਚੇ ਰਹੀਦਾ ਹੈ।

ਜਿਹੜੇ ਮਨੁੱਖ ਹਰ ਵੇਲੇ ਸਤਿਗੁਰੂ ਦੀ ਬਾਣੀ ਵਿੱਚ ਜੁੜੇ ਰਹਿੰਦੇ ਹਨ, ਉਹਨਾਂ ਨੂੰ ਬੇਅੰਤ ਪਰਮਾਤਮਾ ਦਾ ਉਹ ਨਾਮ ਰਤਨ ਮਿਲ ਜਾਂਦਾ ਹੈ। ਜਿਸ ਦੇ ਬਰਾਬਰ ਦੀ ਕੀਮਤ ਦਾ ਹੋਰ ਕੋਈ ਪਦਾਰਥ ਨਹੀਂ ਹੈ। ਜਾਂ ਫਿਰ ਹੇ ਭਾਈ! ਪਰਮਾਤਮਾ ਦੀ ਭਗਤੀ ਸਤਿਗੁਰੂ ਦੀ ਬਾਣੀ ਮਾਨੋ ਲਾਲਾਂ ਦੇ ਖ਼ਜ਼ਾਨੇ ਹਨ। ਗੁਰਬਾਣੀ ਗਾਉਂਦਿਆਂ ਸੁਣਦਿਆਂ ਤੇ ਕਮਾਉਂਦਿਆਂ ਮਨ ਸਦਾ ਖਿੜਿਆ ਰਹਿੰਦਾ ਹੈ।

ਹੇ ਗੁਰ ਸਿੱਖੋ ਹਰ ਰੋਜ਼ ਭਾਵ ਹਰ ਵੇਲੇ ਨਾਮ ਜਪੋ ਤਾਂ ਕਿ ਸਿਰਜਣਹਾਰ ਹਰੀ ਇਹੋ ਜਿਹਾ ਸਤਿਗੁਰੂ ਤੁਹਾਡੇ ਹਿਰਦੇ ਵਿੱਚ ਵਸਾ ਦੇਵੇ। ਹੇ ਗੁਰਸਿੱਖੋ ਸਤਿਗੁਰੂ ਦੀ ਬਾਣੀ ਸੱਚ ਸਮਝੋ ਕਿਉਂਕਿ ਸਿਰਜਣਹਾਰ ਪ੍ਰਭੂ ਆਪ ਇਹ ਬਾਣੀ ਸਤਿਗੁਰੂ ਦੇ ਮੂੰਹ ਤੋਂ ਅਖਵਾਉਂਦਾ ਹੈ।

ਹੇ ਭਾਈ! ਦੰਮ -ਬ-ਦੰਮ ਪ੍ਰਭੂ ਨੂੰ ਯਾਦ ਕਰ ਤਾਂ ਜੁ ਤੇਰੇ ਮਨ ਦੇ ਅੰਦਰ ਦੀ ਚਿੰਤਾ ਮਿੱਟ ਜਾਏ। ਜਾਂ ਫਿਰ ਭਾਈ ਕੰਨਾ ਨਾਲ ਪਰਮਾਤਮਾ ਦੀ ਆਤਮਿਕ ਜੀਵਨ ਦੇਣ ਵਾਲੀ ਸਿਫ਼ਤ ਸਲਾਹ ਸੁਣਦੇ ਰਹਿਣਾ ਚਾਹੀਦਾ ਹੈ। ਜਿਸ ਦੇ ਸੁਣਿਆ ਸਦਾ ਆਤਮਿਕ ਅਨੰਦ ਪੈਦਾ ਹੁੰਦਾ ਹੈ ਤੇ ਮਨ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪਹਿਲੇ ਪੰਜ ਗੁਰੂ ਸਾਹਿਬਾਨ ਜੀ ਦੀ ਬਾਣੀ ਅਤੇ ਭਗਤ ਭੱਟਾਂ, ਸੰਤਾਂ, ਸਿੱਖ ਬਾਣੀਕਾਰਾਂ ਦੀ ਬੜੀ ਪਵਿੱਤਰ ਰਚਨਾਂ ਨੂੰ ਸੰਭਾਲਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰੱਬੀ ਬਾਣੀ ਹੈ। ਥਾਂਵਾਂ ਥਾਂਵਾਂ ਤੋਂ ਗੁਰੂ ਕੀ ਬਾਣੀ ਇਕਤ੍ਰਤ ਕੀਤੀ। ਗੋਇੰਦਵਾਲ ਸਾਹਿਬ ਤੋਂ ਵੀ ਬਾਣੀ ਦੀਆਂ ਪੋਥੀਆਂ ਬੜੇ ਅਦਬ ਸਤਿਕਾਰ ਨਾਲ ਪਾਲਕੀ ਸਾਹਿਬ ਵਿੱਚ ਬਿਰਾਜਮਾਨ ਕਰਕੇ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸੰਗਤਾਂ ਨਾਲ ਰਲ ਕੇ ਲਿਆਂਦੀਆਂ ਤੇ ਅੰਮ੍ਰਿਤਸਰ ਸਾਹਿਬ ਦੁੱਖ ਭੰਜਨੀ ਬੇਰੀ ਸਾਹਿਬ ਦੇ ਨੇੜੇ ਅੱਠ ਸੱਠ ਵਾਲੇ ਥਾਂ 'ਤੇ ਸਸ਼ੋਭਿਤ ਕਰਕੇ ਗੁਰਬਾਣੀ ਨੂੰ ਵਾਚਿਆ। ਗੁਰਾਂ ਨੇ ਖੁਸ਼ੀ ਅਤੇ ਵੈਰਾਗ ਵਿੱਚ ਉਚਾਰਨ ਕੀਤਾ ਕਿ ਅਸੀਂ ਬੜੇ ਭਾਗਸ਼ੀਲ ਹਾਂ ਜਿਹਨਾਂ ਕੋਲ ਆਦਿਲੇ ਸਾਹਿਬਾਂ ਦੀ ਗੁਰਬਾਣੀ ਦਾ ਅਮੋਲਕ ਖ਼ਜ਼ਾਨਾ ਹੈ। ਜੋ ਇਸ ਗੁਰਬਾਣੀ ਨਾਲ ਜੁੜੇਗਾ। ਉਹ ਸਹਿਜ ਸੁਭਾਅ ਹੀ ਪ੍ਰਭੂ ਨਾਲ ਜੁੜ ਜਾਵੇਗਾ।

ਗੁਰਬਾਣੀ ਦਾ ਸੰਕਲਨ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਇਆ। ਸੰਪਾਦਨਾ ਰਾਮ ਸਰੋਵਰ ਦੇ ਰਮਣੀਕ ਕੰਢੇ 'ਤੇ ਨਿਭਾਈ ਗਈ। ਗੁਰਬਾਣੀ ਦਾ ਕਾਰਜ 1601-1604 ਈ. ਤਕ ਸੰਪੂਰਨ ਹੋਇਆ। ਸਮੁੱਚੀ ਬਾਣੀ ਨੂੰ 31 ਰਾਗਾਂ ਵਿੱਚ ਤਰਤੀਬ ਦੇ ਕੇ 30 ਅਗਸਤ 1604 ਨੂੰ ਆਦਿ ਗ੍ਰੰਥ ਸੰਪੰਨ ਹੋਇਆ। ਉਪਰੰਤ 1 ਸਤੰਬਰ 1604 ਨੂੰ ਆਦਿ ਗ੍ਰੰਥ ਇੱਕ ਕੀਰਤਨ ਦੇ ਰੂਪ ਵਿੱਚ ਬੜੀ ਸ਼ਾਨ ਨਾਲ ਸੱਚਖੰਡ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਹੋਏ। ਭਾਈ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਅਰਜਨ ਦੇਵ ਜੀ ਦੇ ਨਾਲ ਸੰਗਤਾਂ ਵੀ ਆਦਿ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੈਠੀਆਂ। ਪਹਿਲੇ ਪ੍ਰਕਾਸ਼ ਸਮੇਂ ਹੁਕਮਨਾਮਾ ਪ੍ਰਾਪਤ ਹੋਇਆ " ਸੂਹੀ ਮਹਲਾ ਪੰਜਵਾਂ ਸੰਤਾ ਕੇ ਕਾਰਜ ਆਪਿ ਖਲੋਇਆ ਹਰਿ ਕੰਮ ਕਰਾਵਣ ਆਇਆ ਰਾਮ। "

ਆਦਿ ਗ੍ਰੰਥ ਸਾਹਿਬ ਜੀ ਨੂੰ ਹੋਰ ਵਿਸ਼ਾਲ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇੱਕਤਰ ਕਰਦਿਆਂ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਦੁਆਰਾ ਦਰਜ਼ ਕਰਵਾ ਕੇ 1705 ਵਿੱਚ ਸੰਪੂਰਨਤਾ ਬਖਸ਼ੀ। ਅਕਤੂਬਰ 20, 1708 ਈ. ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਇੱਕ ਦਿਨ ਪਹਿਲਾਂ ਨੰਦੇੜ ਸਾਹਿਬ ਵਿਖੇ ਗੁਰਤਾ ਗੱਦੀ ਆਦਿ ਗ੍ਰੰਥ ਸਾਹਿਬ ਜੀ ਨੂੰ ਸੌਂਪ ਦਿੱਤੀ ਤੇ ਨਾਮ 'ਗੁਰੂ ਗ੍ਰੰਥ ਸਾਹਿਬ ' ਹੋ ਗਿਆ। ਗੁਰੂ ਸੰਸਥਾ ਦੇ ਸਰੂਪ ਨੂੰ ਸੰਪੂਰਨ ਕੀਤਾ। ਗੁਰਾਂ ਨੇ ਉਪਦੇਸ਼ ਦਿੱਤਾ ਕਿ

ਆਗਿਆ ਭਈ ਅਕਾਲ ਦੀ ਤਬੈ ਚਲਾਯੋ ਪੰਥ॥
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

ਉਹਨਾਂ ਸਾਰੇ ਸਿੱਖ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਚੱਲਣ ਦਾ ਆਦੇਸ਼ ਦਿੱਤਾ। ਉਹਨਾਂ ਦੇ ਹੁਕਮ ਅਨੁਸਾਰ ' ਗੁਰੂ ਗ੍ਰੰਥ ਸਾਹਿਬ' ਜੀ ਹੀ ਹਰ ਸਿੱਖ ਦੇ ਗੁਰੂ ਹਨ। ਰੋਜ਼ਾਨਾ ਅਰਦਾਸ ਵਿੱਚ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਆਦੇਸ਼ ਦੁਹਰਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਸਿੱਖੀ ਦਾ ਧੁਰਾ ਹੈ। ਸਿੱਖ ਪੰਥ ਲਈ ਸ਼ਰਧਾ ਤੇ ਪ੍ਰੇਰਨਾ ਦਾ ਸ੍ਰੋਤ ਹੈ। ਇਸ ਦੀ ਅਗਵਾਈ ਹੇਠ ਹੀ ਸਿੱਖ ਕੌਮ ਦਾ ਗੌਰਵਮਈ ਵਿਰਸਾ ਅਤੇ ਇਤਿਹਾਸ ਹੈ।

ਗੁਰਬਾਣੀ ਜੀਵਨ ਦੇ ਹਰ ਪਹਿਲੂ ਜਿਵੇਂ ਅਧਿਆਤਮਕ, ਸਮਾਜਿਕ , ਰਾਜਸੀ ਅਤੇ ਆਰਥਿਕ ਉੱਨਤੀ ਲਈ ਅਗਵਾਈ ਕਰਦੀ ਹੈ। ਸਿੱਖ ਧਰਮ ਵਿੱਚ ਸ਼ਬਦ ਗੁਰੂ ਨੇ ਸਿੱਖ ਪੰਥ ਦੀ ਹਮੇਸ਼ਾ ਅਗਵਾਈ ਕੀਤੀ ਹੈ। ਧੁਰ ਕੀ ਬਾਣੀ ਜੁਗੋ ਜੁਗ ਅੱਟਲ ਹੈ। ਕੇਵਲ ਬਾਣੀ ਹੀ ਮਿਆਰੀ ਗੁਰੂ ਹੈ। ਗੁਰੂ ਦੇ ਸ਼ਬਦ ਨੂੰ ਵਿਚਾਰੇ, ਇਹੀ ਸਦਾ ਥਿਰ ਰਹਿਣ ਵਾਲਾ ਸੌਦਾ ਹੈ। ਇਹੀ ਸੱਚ ਹੱਟ ਹ। ਜਿਸ ਵਿੱਚ ਰਤਨਾਂ ਦੇ ਭੰਡਾਰ ਭਰੇ ਪਏ ਹਨ। ਜੋ ਦੇਣ ਵਾਲਾ ਹਰੀ ਦੇਵੇ ਤਾਂ ਇਹ ਖ਼ਜ਼ਾਨੇ ਸਤਿਗੁਰੂ ਦੀ ਕ੍ਰਿਪਾ ਨਾਲ ਮਿਲਦੇ ਹਨ।

ਹੇ ਨਾਨਕ! ਜੋ ਮਨੁੱਖ ਸਦਾ ਉੱਚੇ ਆਤਮਿਕ ਮੰਡਲ ਵਿੱਚ ਵਸਦਾ ਹੈ , ਉਸ ਦੇ ਅੰਦਰ ਆਤਮਿਕ ਭਾਵ ਪੈਦਾ ਹੁੰਦੇ ਹਨ। ਆਤਮਿਕ ਗੁਣਾਂ ਨਾਲ ਉਹ ਡੂੰਘੀ ਸਾਂਝ ਪਾਈ ਰਖਦਾ ਹੈ। ਆਤਮਿਕ ਗੁਣਾਂ ਨਾਲ ਉਸ ਦੀ ਸੁਰਤ ਜੁੜੀ ਰਹਿੰਦੀ ਹੈ। ਉਸ ਦੇ ਮਨ ਨੂੰ ਪਰਮਾਤਮਾ ਦਾ ਨਾਮ ਪਿਆਰਾ ਲੱਗਦਾ ਹੈ। ਉਹ ਸਿਮਰਦਾ ਹੈ, ਪ੍ਰੇਰਦਾ ਹੈ। ਉਹ ਸਦਾ ਜਗਤ ਮੂਲ ਪ੍ਰਭੂ ਦੀ ਸਿਫ਼ਤ ਸਲਾਹ ਕਰਦਾ ਹੈ। ਗੁਰ ਪੀਰ ਦੇ ਸ਼ਬਦ ਨੂੰ ਹਿਰਦੇ ਵਿੱਚ ਟਿਕਾ ਕੇ ਉਹ ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ ਪਰ ਗੁਰ ਸ਼ਬਦ ਤੋਂ ਖੁੰਝ ਕੇ ਜਗਤ ਮਾਇਆ ਦੇ ਮੋਹ ਵਿੱਚ ਕਮਲਾ ਹੋਇਆ ਫਿਰਦਾ ਹੈ। ਉਹ ਪੂਰਨ ਤਿਆਗੀ ਮਨੁੱਖ ਅਡੋਲ ਆਤਮਿਕ ਅਵਸਥਾ ਵਿੱਚ ਟਿੱਕ ਕੇ ਚੰਗੇ ਭਾਗਾਂ ਵਾਲਾ ਬਣ ਜਾਂਦਾ ਹੈ। ਉਸ ਦਾ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਯਾਦ ਨੂੰ ਹੀ ਆਪਣਾ ਜੀਵਨ ਨਿਸ਼ਾਨਾ ਮੰਨਦਾ ਹੈ।

ਵਾਹੁ ਵਾਹ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨਾ ਕੋਇ॥

ਗੁਰੂ ਗ੍ਰੰਥ ਸਾਹਿਬ ਜੀ ਸ਼ਬਦ ਰੂਪੀ ਸੰਦੀਵੀ ਗੁਰੂ ਹਨ। ਅਜਿਹਾ ਗ੍ਰੰਥ ਜਿਸ ਨੂੰ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ, ਜਿਸ ਦੀ ਸਿੱਖਿਆ ਭਾਵਨਾ , ਚਿੰਤਨ, ਦ੍ਰਿਸ਼ਟੀਕੋਣ ਜਨ ਕਲਿਆਣ ਵਾਸਤੇ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਧਾਰਮਿਕ ਦੁਨੀਆਂ ਵਿੱਚ ਵੱਖਰੀ ਦਿੱਖ ਹੈ। ਧੁਰ ਕੀ ਬਾਣੀ ਬ੍ਰਹਮ ਵਿਚਾਰ ਹੈ, ਗੁਰਬਾਣੀ ਵਿੱਚ ਦਰਜ਼ ਬ੍ਰਹਮ ਉਪਦੇਸ਼ ਸਭਨਾਂ ਲਈ ਸਾ ਹੈ। ਜੋ ਵੀ ਇਸ ਉਪਦੇਸ਼ ਨੂੰ ਸੁਣ ਕੇ ਕਮਾਵੇਗਾ, ਉਸ ਦਾ ਨਿਸਚੈ ਹੀ ਪਾਰ ਉਤਾਰਾ ਹੋ ਜਾਵੇਗਾ। ਗੁਰਬਾਣੀ ਜਗਿਆਸੂ ਦਾ ਸੰਪਰਕ ਪਰਮਾਤਮਾ ਨਾਲ ਜੋੜ ਦਿੰਦੀ ਹੈ। ਸਿੱਖ ਗੁਰੂਆਂ ਨੇ ਦੇਹਧਾਰੀ ਗੁਰੂਆਂ ਤੋਂ ਹਟਾ ਕੇ ਸ਼ਬਦ ਗੁਰੂ ਦੇ ਲੜ ਲਾਇਆ ਹੈ। ਗੁਰਬਾਣੀ ਦੇ ਉਪਦੇਸ਼ ਤੋਂ ਨਿਰੰਕਾਰ ਨਾਲ ਜੁੜਨ ਦੀ ਸੋਝੀ ਆਉਂਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਤੇ ਸੁੱਖ ਆਸਣ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਸਾਹਿਬ ਵਿਖੇ ਹੁੰਦਾ ਹੈ। ਇਹ ਸਿੱਖ ਧਰਮ ਦੀ ਸ਼ਰਧਾ ਅਤੇ ਸ਼ਕਤੀ ਦਾ ਕੇਂਦਰੀ ਧੁਰਾ ਹੈ। ਸ਼ਬਦ ਗੁਰੂ ਦਾ ਸਤਿਕਾਰ ਪਰਮਾਤਮਾ ਦਾ ਸਤਿਕਾਰ ਹੈ ਜੋ ਸ਼ਬਦ ਗੁਰਪੀਰਾ ਹੈ। ਜੋ ਗੁਰੂ ਮੰਨਿਆ ਜਾਂਦਾ ਹੈ। ਕਿਸੇ ਦੇਹਧਾਰੀ ਜਾਂ ਮੂਰਤੀ ਨੂੰ ਨਹੀਂ ਮੰਨਿਆ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਰੱਬੀ ਬਾਣੀ ਦਾ ਸੰਪਾਦਨ ਕੀਤਾ ਤਾਂ ਆਪ ਜੀ ਨੇ ਭਗਤੀ ਦੇ ਜੋਗ ਨੂੰ ਜਿੱਤ ਲਿਆ ਹੈ। ਭਾਵ ਆਪਣੇ ਭਗਤੀ ਦਾ ਮਿਲਾਪ ਪਾ ਲਿਆ ਹੈ। ਹਰੀ ਨੇ ਆਪ ਨੂੰ ਜਨਕ ਪੈਦਾ ਕੀਤਾ ਹੈ। ਆਪਨੇ ਗੁਰੂ ਸ਼ਬਦ ਨੂੰ ਪ੍ਰਗਟ ਕੀਤਾ ਹੈ ਤੇ ਹਰੀ ਨੂੰ ਆਪ ਨੇ ਜੀਭ ਉੱਤੇ ਵਸਾਇਆ ਹੈ।

ਬਾਬਾ ਦੀਪ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਸੰਗਤਾਂ ਵਿੱਚ ਵੰਡੇ ਸਨ। ਹੁਣ ਇਹ 1430 ਅੰਗ ਵਾਲੀ ਬੀੜ ਦੀ ਛਪਾਈ ਦੀ ਮਾਨਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟਟੀ ਅੰਮ੍ਰਿਤਸਰ ਕੋਲ ਰਾਖਵੀਂ ਹੈ।


ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਰਧਾ ਕਰਕੇ ਹੀ ਮਹਾਰਾਜਾ ਰਣਜੀਤ ਸਿੰਘ ਜੀ ਨੇ ਸੁਤੰਤਰ ਖਾਲਸਾ ਸਾਮਰਾਜ ਦੀ ਨੀਂਹ ਰੱਖੀ। ਸਭਨਾਂ ਦਾ ਸਾਂਝਾ ਸਿੱਖ ਰਾਜ ਸਥਾਪਿਤ ਕੀਤਾ। ਮਹਾਰਾਜਾ ਦਾ ਜੀਵਨ ਗੁਰੂ ਗਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਹੀ ਕੇਂਦਰਿਤ ਰਿਹਾ। ਮਹਾਰਾਜਾ ਪੰਥ ਦੇ ਸਮਾਗਮਾਂ ਵੇਲੇ ਹਰਿਮੰਦਰ ਸਾਹਿਬ ਜਾ ਕੇ ਮੱਥਾ ਟੇਕਦੇ ਅਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ।

ਸਿੱਖਾਂ ਵਾਸਤੇ ਸ਼ਰਧਾ ਦਾ ਇਕੋ ਇੱਕ ਸਮੁੱਚਾ ਗ੍ਰੰਥ ਹੈ। ਜਿਸ ਤੋਂ ਮਨੁੱਖਤਾ ਦੇ ਜੀਵਨ ਦੀ ਅਗਵਾਈ ਮਿਲਦੀ ਹੈ। ਸੰਗਤਾਂ ਦੇ ਅਥਾਹ ਵਿਸ਼ਵਾਸ ਅਤੇ ਸ਼ਰਧਾ ਨਾਲ ਆਸਾਂ ਪੂਰੀਆਂ ਹੁੰਦੀਆਂ ਹਨ। ਰੱਬ ਦੇ ਭਾਣੇ ਵਿੱਚ ਰਹਿ ਕੇ ਚੜ੍ਹਦੀ ਕਲਾ ਦਾ ਵਿਸ਼ਵਾਸ ਮਿਲਦਾ ਹੈ। ਜੀਵਨ ਵਿੱਚ ਉਤਸ਼ਾਹ ਅਤੇ ਖੇੜਾ ਆਉਂਦਾ ਹੈ।






# ਹਮੇਸ਼ਾ ਦੋਹਰੀ ਜ਼ਿੰਮੇਵਾਰੀ ਨਿਭਾਉਂਦੀਆਂ ਨੇ ਨੌਕਰੀਪੇਸ਼ਾ ਔਰਤਾਂ



ਨੌਕਰੀਪੇਸ਼ਾ ਔਰਤ ਲਈ ਘਰ ਅਤੇ ਦਫ਼ਤਰ ਨੂੰ ਨਾਲੋ-ਨਾਲ ਸੰਭਾਲਣਾ ਬਹੁਤ ਔਖਾ ਅਤੇ ਚੁਣੌਤੀਪੂਰਨ ਹੁੰਦਾ ਹੈ। ਇਹ ਸਮਾਂ ਉਸ ਸਮੇਂ ਨਾਲੋਂ ਵੱਖਰਾ ਹੈ ਜਦੋਂ ਤੁਸੀਂ ਆਪਣੇ ਵਿਆਹ ਤੋਂ ਪਹਿਲਾਂ ਕਿਸੇ ਵੀ ਖੇਤਰ ਵਿੱਚ ਕੰਮ ਕਰ ਰਹੇ ਹੁੰਦੇ ਹੋ, ਤਾਂ ਤੁਹਾਨੂੰ ਘਰ ਨੂੰ ਅਲੱਗ ਤੋਂ ਸੰਭਾਲਣ ਅਤੇ ਸਮਾਂ ਦੇਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇਹ ਇੱਕ ਵਿਆਹੁਤਾ ਔਰਤ ਲਈ ਜ਼ਰੂਰੀ ਹੈ। ਵਿਆਹ ਤੋਂ ਬਾਅਦ, ਔਰਤ ਲਈ ਆਪਣੇ ਨਵੇਂ ਘਰ ਦੀਆਂ ਜ਼ਿੰਮੇਵਾਰੀਆਂ ਕਾਰਨ ਵਿਆਹ ਤੋਂ ਪਹਿਲਾਂ ਵਾਂਗ ਖੁੱਲ੍ਹ ਕੇ ਕੰਮ ਕਰਨਾ ਸੰਭਵ ਨਹੀਂ ਹੁੰਦਾ ਅਤੇ ਜੇਕਰ ਤੁਹਾਡੇ ਕੋਲ ਕੋਈ ਬੱਚਾ ਹੈ, ਤਾਂ ਤੁਹਾਨੂੰ ਘਰ ਅਤੇ ਦਫ਼ਤਰ ਨੂੰ ਇਕੱਠੇ ਚਲਾਉਣਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ ਕਿਉਂਕਿ ਦਫ਼ਤਰ ਦੇ ਨਾਲ ਹੀ ਘਰ ਅਤੇ ਬੱਚੇ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਵੀ ਤੁਹਾਡੀ ਹੈ। ਪਰ ਇਹ ਵੀ ਸੱਚ ਹੈ ਕਿ ਅੱਜ ਦੀ ਔਰਤ ਹਰ ਖੇਤਰ ਅਤੇ ਪਹਿਲੂ ਵਿੱਚ ਮਰਦਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਹੀ ਹੈ। ਉਹ ਇੱਕ ਅਜਿਹੀ ਔਰਤ ਹੈ ਜੋ ਪੁਰਾਣੇ ਸਮਾਜ ਦੀ ਰੂੜ੍ਹੀਵਾਦੀ ਸੋਚ ਨੂੰ ਪਿੱਛੇ ਛੱਡ ਕੇ ਅੱਗੇ ਵਧੀ ਹੈ ਜਿੱਥੇ ਇਹ ਮੰਨਿਆ ਜਾਂਦਾ ਸੀ ਕਿ ਇੱਕ ਔਰਤ ਸਿਰਫ਼ ਬੱਚਿਆਂ ਅਤੇ ਚੁੱਲ੍ਹੇ ਦੀ ਦੇਖਭਾਲ ਲਈ ਹੁੰਦੀ ਹੈ। ਉਸ ਨੂੰ ਮਰਦਾਂ ਵਾਂਗ ਪੜ੍ਹਨ, ਲਿਖਣ ਅਤੇ ਨੌਕਰੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਅੱਜ ਦੀ ਔਰਤ ਆਪਣੇ ਅੰਦਰ ਛੁਪੀ ਸ਼ਕਤੀ ਨੂੰ ਪਛਾਣਦੀ ਹੈ ਅਤੇ ਘਰ ਦੀਆਂ ਜ਼ਿੰਮੇਵਾਰੀਆਂ ਦੇ ਨਾਲ-ਨਾਲ ਨੌਕਰੀ ਕਰਕੇ ਆਪਣਾ ਕੈਰੀਅਰ ਕਿਵੇਂ ਸੰਭਾਲਣਾ ਜਾਣਦੀ ਹੈ। ਅੱਜ ਦੀ ਔਰਤ ਚੰਗੀ ਤਰ੍ਹਾਂ ਜਾਣਦੀ ਹੈ ਕਿ ਘਰ ਅਤੇ ਦਫ਼ਤਰ ਵਿੱਚ ਆਪਣੇ ਕੰਮ ਵਿੱਚ ਸੰਤੁਲਨ ਕਿਵੇਂ ਬਣਾਈ ਰੱਖਣਾ ਹੈ।

ਜੇਕਰ ਤੁਸੀਂ ਵੀ ਇੱਕ ਵਰਕਿੰਗ ਵੂਮੈਨ ਹੋ, ਤਾਂ ਕੰਮਕਾਜੀ ਔਰਤਾਂ ਘਰ ਅਤੇ ਦਫ਼ਤਰ ਦਾ ਪ੍ਰਬੰਧਨ ਕਿਵੇਂ ਕਰਦੀਆਂ ਹਨ, ਇਸ ਬਾਰੇ ਸਾਡੇ ਸੁਝਾਅ ਤੁਹਾਡੇ ਲਈ ਬਹੁਤ ਫਾਇਦੇਮੰਦ ਹੋਣਗੇ। ਆਓ ਇਸ ਨਾਲ ਸਬੰਧਿਤ ਹਰ ਚੀਜ਼ ਨੂੰ ਵਿਸਥਾਰ ਵਿੱਚ ਵੇਖੀਏ: -

**1. ਆਪਣੇ ਲਈ ਸਮਾਂ ਕੱਢੋ**

ਕਈ ਵਾਰ ਕੰਮਕਾਜੀ ਔਰਤਾਂ ਦਫ਼ਤਰ ਅਤੇ ਘਰ ਦੇ ਮਾਮਲੇ ਵਿੱਚ ਆਪਣੇ ਆਪ ਨੂੰ ਲਗਭਗ ਭੁੱਲ ਜਾਂਦੀਆਂ ਹਨ। ਜੇਕਰ ਸਰਲ ਭਾਸ਼ਾ ਵਿੱਚ ਕਿਹਾ ਜਾਵੇ ਤਾਂ ਇਹ ਆਪਣੇ ਲਈ ਸਮਾਂ ਕੱਢਣ ਦੇ ਸਮਰੱਥ ਹੈ, ਜੋ ਕਿ ਬਹੁਤ ਗਲਤ ਗੱਲ ਹੈ। ਅਜਿਹਾ ਕਰਨ ਨਾਲ ਤੁਸੀਂ ਮਾਨਸਿਕ ਤੌਰ 'ਤੇ ਤਣਾਅਗ੍ਰਸਤ ਹੋ ਸਕਦੇ ਹੋ। ਹਰ ਰੋਜ਼ ਆਪਣੇ ਆਪ ਨੂੰ ਲਗਭਗ 30 ਮਿੰਟ ਦਾ ਸਮਾਂ ਦੇਣਾ ਜ਼ਰੂਰੀ ਹੈ। ਘਰ ਆ ਕੇ ਦਫ਼ਤਰ ਦੇ ਸਾਰੇ ਕੰਮ ਭੁੱਲ ਜਾਂਦੇ ਹਨ। ਆਪਣੇ ਆਪ ਨੂੰ ਥੋੜਾ ਤਾਜ਼ਾ ਮਹਿਸੂਸ ਕਰਨ ਦਿਓ। ਆਪਣੀ ਸਿਹਤ ਦੇ ਨਾਲ-ਨਾਲ ਸੁੰਦਰਤਾ ਦਾ ਵੀ ਧਿਆਨ ਰੱਖੋ। ਜੇ ਹੋ ਸਕੇ ਤਾਂ ਰਾਤ ਨੂੰ ਸਾਰੇ ਕੰਮ ਨਿਪਟਾ ਕੇ ਪਰਿਵਾਰ ਨਾਲ ਸੈਰ ਕਰਨ ਜਾਓ। ਸਵੇਰੇ ਸੰਭਵ ਹੋਵੇ ਤਾਂ ਕਸਰਤ ਜਾਂ ਯੋਗਾ ਕਰੋ। ਇਹ ਸਾਰੀਆਂ ਚੀਜ਼ਾਂ ਤੁਹਾਨੂੰ ਬਹੁਤ ਵਧੀਆ ਮਹਿਸੂਸ ਕਰਨਗੀਆਂ।

**2. ਆਪਣੇ ਆਪ ਨੂੰ ਦੋਸ਼ੀ ਮਹਿਸੂਸ ਨਾ ਕਰੋ**

ਕਈ ਵਾਰ ਕੰਮਕਾਜੀ ਔਰਤਾਂ ਦਫ਼ਤਰ ਅਤੇ ਘਰ ਦੇ ਕਾਰਨ ਪਰਿਵਾਰ ਅਤੇ ਆਪਣੇ ਬੱਚਿਆਂ ਨੂੰ ਪੂਰਾ ਸਮਾਂ ਨਹੀਂ ਦੇ ਪਾਉਂਦੀਆਂ ਹਨ ਅਤੇ ਅਜਿਹੀ ਸਥਿਤੀ ਵਿੱਚ ਉਹ ਆਪਣੇ ਆਪ ਨੂੰ ਅਪਰਾਧੀ ਵਰਗਾ ਮਹਿਸੂਸ ਕਰਦੀਆਂ ਹਨ। ਅਜਿਹਾ ਤੁਹਾਡੇ ਨਾਲ ਬਿਲਕੁਲ ਵੀ ਨਾ ਹੋਣ ਦਿਓ, ਜੇਕਰ ਤੁਸੀਂ ਆਪਣੇ ਆਪ ਨੂੰ ਅਪਰਾਧੀ ਸਮਝਦੇ ਹੋ ਤਾਂ ਤੁਹਾਡਾ ਮਨੋਬਲ ਕਮਜ਼ੋਰ ਹੋਵੇਗਾ ਅਤੇ ਤੁਸੀਂ ਮਾਨਸਿਕ ਤੌਰ 'ਤੇ ਦੁਖੀ ਹੋਵੋਗੇ। ਸੋਚੋ ਕਿ ਜੋ ਹੋ ਰਿਹਾ ਹੈ ਉਹ ਜਲਦੀ ਹੀ ਸੁਧਰ ਜਾਵੇਗਾ। ਤੁਸੀਂ ਸਭ ਕੁਝ ਚੰਗੀ ਤਰ੍ਹਾਂ ਪ੍ਰਬੰਧਿਤ ਕਰੋਗੇ। ਅਜਿਹੀ ਸੋਚ ਨਾਲ ਤੁਹਾਡਾ ਆਤਮ-ਵਿਸ਼ਵਾਸ ਬਣਿਆ ਰਹੇਗਾ ਅਤੇ ਤੁਸੀਂ ਆਪਣੇ ਸਾਰੇ ਟੀਚੇ ਹਾਸਲ ਕਰ ਸਕੋਗੇ।

**3. ਦੂਜਿਆਂ ਦੀਆਂ ਗੱਲਾਂ ਨੂੰ ਨਜ਼ਰ ਅੰਦਾਜ਼ ਕਰਨਾ ਸਿੱਖੋ**

ਕਈ ਵਾਰ ਕੰਮਕਾਜੀ ਔਰਤਾਂ ਨੂੰ ਦਫ਼ਤਰ ਵਿੱਚ ਕੰਮ ਕਰਦਿਆਂ, ਘਰ ਦੇ ਅੰਦਰ ਅਤੇ ਬਾਹਰ ਇਸ ਸਮਾਜ ਦੇ ਅਜਿਹੇ ਲੋਕਾਂ ਤੋਂ ਕੁਝ ਕੌੜੀਆਂ ਗੱਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਅੱਜ ਵੀ ਸਮਾਜ ਦੀ ਰੂੜ੍ਹੀਵਾਦੀ ਸੋਚ ਦਾ ਸ਼ਿਕਾਰ ਹਨ। ਜਿਨ੍ਹਾਂ ਦਾ ਮੰਨਣਾ ਹੈ ਕਿ ਔਰਤਾਂ ਸਿਰਫ਼ ਘਰ ਸੰਭਾਲਣ ਲਈ ਹੁੰਦੀਆਂ ਹਨ ਅਤੇ ਸਿਰਫ਼ ਮਰਦਾਂ ਨੂੰ ਹੀ ਕੰਮ ਕਰਨ ਦਾ ਹੱਕ ਹੈ। ਅਜਿਹੇ ਲੋਕਾਂ ਦੀਆਂ ਗੱਲਾਂ ਨੂੰ ਹਮੇਸ਼ਾ ਨਜ਼ਰ ਅੰਦਾਜ਼ ਕਰਨ ਦੀ ਆਦਤ ਬਣਾਓ। ਕੇਵਲ ਤਦ ਹੀ ਤੁਸੀਂ ਆਪਣੇ ਕੰਮ ਦੇ ਖੇਤਰ ਵਿੱਚ ਇੱਕ ਹੁਨਰਮੰਦ ਘਰੇਲੂ ਔਰਤ ਦੇ ਨਾਲ-ਨਾਲ ਇੱਕ ਹੁਨਰਮੰਦ ਕਰਮਚਾਰੀ ਬਣਨ ਦੇ ਯੋਗ ਹੋਵੋਗੇ।

**4. ਸਵੇਰ ਦੇ ਕੰਮਾਂ ਨੂੰ ਆਸਾਨ ਬਣਾਉਣ ਲਈ ਨਿਯਮ ਬਣਾਓ**

ਕਈ ਵਾਰ ਕੰਮਕਾਜੀ ਔਰਤਾਂ ਨੂੰ ਅਕਸਰ ਸਵੇਰੇ ਜਲਦੀ ਉੱਠਣਾ ਪੈਂਦਾ ਹੈ ਅਤੇ ਆਪਣੇ ਦਫ਼ਤਰ ਅਤੇ ਘਰ ਦੇ ਕੰਮਾਂ ਨੂੰ ਸੰਤੁਲਿਤ ਕਰਨ ਲਈ ਸੁਪਰ ਮਾਂ ਵਾਂਗ ਸਾਰੇ ਕੰਮ ਕਰਨੇ ਪੈਂਦੇ ਹਨ। ਪਰ ਤੁਸੀਂ ਸਵੇਰੇ ਜਿੰਨੀ ਮਰਜ਼ੀ ਜਲਦੀ ਕਰੋ, ਹਮੇਸ਼ਾ ਦੇਰ ਹੋ ਜਾਂਦੀ ਹੈ ਅਤੇ ਇਸ ਦੇ ਨਾਲ ਹੀ ਕੰਮ ਵਿੱਚ ਕੁਝ ਵਿਘਨ ਪੈਂਦਾ ਹੈ। ਅਜਿਹੇ 'ਚ ਬਿਹਤਰ ਹੈ ਕਿ ਤੁਸੀਂ ਕੁਝ ਕੰਮ ਰਾਤ ਨੂੰ ਹੀ ਪੂਰਾ ਕਰ ਲਓ, ਜਿਵੇਂ ਕਿ ਸਬਜ਼ੀਆਂ ਕੱਟਣਾ, ਸਵੇਰੇ ਡ੍ਰੈਸਰ ਤਿਆਰ ਕਰਨਾ, ਮੋਬਾਇਲ ਚਾਰਜਿੰਗ ਵਰਗੇ ਛੋਟੇ-ਮੋਟੇ ਕੰਮ। ਸਵੇਰ ਦੇ ਕੰਮਾਂ ਲਈ ਅਜਿਹੇ ਨਿਯਮ ਬਣਾਉਣ ਨਾਲ ਸਮੇਂ ਦੀ ਕਮੀ ਅਤੇ ਤਣਾਅ ਦੀ ਸਮੱਸਿਆ ਤਾਂ ਘੱਟ ਜਾਵੇਗੀ, ਇਸ ਦੇ ਨਾਲ ਹੀ ਤੁਹਾਨੂੰ ਚੰਗਾ ਨਾਸ਼ਤਾ ਕਰਨ ਲਈ ਵੀ ਕੁਝ ਸਮਾਂ ਮਿਲੇਗਾ।

**5. ਬੱਚੇ ਅਤੇ ਪਰਿਵਾਰ ਨੂੰ ਸਮਾਂ ਜ਼ਰੂਰ ਦੇਣਾ ਚਾਹੀਦਾ ਹੈ**

ਅਕਸਰ ਕੰਮਕਾਜੀ ਔਰਤਾਂ ਆਪਣੇ ਦਫ਼ਤਰੀ ਕੰਮ ਦੌਰਾਨ ਆਪਣੇ ਬੱਚਿਆਂ ਅਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਲੋੜੀਂਦਾ ਸਮਾਂ ਨਹੀਂ ਦੇ ਪਾਉਂਦੀਆਂ ਹਨ। ਅਜਿਹਾ ਤੁਹਾਡੇ ਅਤੇ ਤੁਹਾਡੇ ਪਰਿਵਾਰ ਨਾਲ ਨਾ ਹੋਣ ਦਿਓ। ਜਿੱਥੇ ਵੀ ਸੰਭਵ ਹੋਵੇ, ਸ਼ਾਮ ਨੂੰ ਦਫ਼ਤਰ ਤੋਂ ਵਾਪਸ ਆਉਣ ਤੋਂ ਬਾਅਦ, ਆਪਣੇ ਬੱਚਿਆਂ ਨਾਲ ਥੋੜ੍ਹੀ ਜਿਹੀ ਗੱਲ ਕਰੋ ਕਿ ਉਨ੍ਹਾਂ ਨੇ ਦਿਨ ਭਰ ਕੀ ਕੀਤਾ, ਉਨ੍ਹਾਂ ਦਾ ਦਿਨ ਕਿਵੇਂ ਰਿਹਾ, ਅੱਜ ਉਨ੍ਹਾਂ ਨੇ ਸਕੂਲ ਵਿੱਚ ਕੀ ਸਿੱਖਿਆ ਆਦਿ। ਚਾਹ ਪੀਣ ਤੋਂ ਬਾਅਦ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਥੋੜ੍ਹੀ ਜਿਹੀ ਗੱਲਬਾਤ ਕਰੋ, ਕੁਝ ਮਸਤੀ ਕਰੋ ਅਤੇ ਆਪਣੇ ਸਾਥੀ ਨਾਲ ਕੁਝ ਪਿਆਰ ਭਰੀਆਂ ਗੱਲਾਂ ਕਰੋ। ਅਜਿਹਾ ਕਰਨ ਨਾਲ ਤੁਸੀਂ ਚੰਗਾ ਮਹਿਸੂਸ ਕਰੋਗੇ ਅਤੇ ਬਹੁਤ ਹਲਕਾ ਮਹਿਸੂਸ ਕਰੋਗੇ। ਛੁੱਟੀ ਵਾਲੇ ਦਿਨ, ਆਪਣੇ ਪਰਿਵਾਰ ਨਾਲ ਬਾਹਰ ਘੁੰਮਣ ਲਈ ਜਾਓ, ਡੇਅ ਆਊਟਿੰਗ ਕਰੋ, ਪਿਕਨਿਕ ਕਰੋ, ਖਰੀਦਦਾਰੀ ਕਰੋ ਅਤੇ ਮਸਤੀ ਕਰੋ।

**6. ਦਫ਼ਤਰ ਵਿੱਚ ਸਾਰੇ ਸਹਿਯੋਗੀਆਂ ਨਾਲ ਚੰਗੇ ਸਬੰਧ ਬਣਾ ਕੇ ਰੱਖੋ**

ਕੰਮਕਾਜੀ ਔਰਤਾਂ ਨੂੰ ਦਫ਼ਤਰ ਦੇ ਨਾਲ-ਨਾਲ ਘਰ ਦੇ ਲੋਕਾਂ ਨਾਲ ਵੀ ਆਪਣੇ ਸਬੰਧ ਹਮੇਸ਼ਾ ਮਿੱਠੇ ਅਤੇ ਚੰਗੇ ਰੱਖਣੇ ਚਾਹੀਦੇ ਹਨ। ਛੋਟੇ-ਛੋਟੇ ਮੁੱਦਿਆਂ 'ਤੇ ਆਪਣੇ ਸਾਥੀਆਂ ਨਾਲ ਕਦੇ ਵੀ ਝਗੜਾ ਨਾ ਕਰੋ। ਅਜਿਹਾ ਨਾ ਕਰੋ ਕਿ ਜਿਸ ਦਿਨ ਘਰ 'ਚ ਕੋਈ ਤਣਾਅ ਹੋਵੇ, ਤੁਸੀਂ ਆਪਣਾ ਸਾਰਾ ਗੁੱਸਾ ਆਪਣੇ ਸਹਿ-ਕਰਮਚਾਰੀਆਂ 'ਤੇ ਕੱਢ ਦਿਓ। ਅਜਿਹਾ ਕਰਨ ਨਾਲ ਤੁਹਾਡੇ ਸਾਥੀ ਵੀ ਲੋੜ ਪੈਣ 'ਤੇ ਕਦੇ ਵੀ ਤੁਹਾਡਾ ਸਾਥ ਨਹੀਂ ਦੇਣਗੇ, ਹਮੇਸ਼ਾ ਤੁਹਾਡੇ ਤੋਂ ਦੂਰੀ ਬਣਾ ਕੇ ਰੱਖਣਗੇ, ਜੋ ਭਵਿੱਖ ਵਿੱਚ ਤੁਹਾਡੇ ਕੈਰੀਅਰ ਲਈ ਚੁਣੌਤੀ ਬਣ ਸਕਦਾ ਹੈ। ਅਜਿਹੇ ਕਿਸੇ ਵੀ ਮਾਹੌਲ ਤੋਂ ਬਚੋ, ਪਰ ਇਸ ਦਾ ਇਹ ਮਤਲਬ ਵੀ ਨਹੀਂ ਹੈ ਕਿ ਤੁਸੀਂ ਆਪਣੇ ਕਿਸੇ ਵੀ ਸਾਥੀ ਦੀ ਗਲਤ ਗੱਲ ਜਾਂ ਕਾਰਵਾਈ ਨੂੰ ਬਰਦਾਸ਼ਤ ਕਰੋ। ਅਜਿਹੀ ਸਥਿਤੀ ਵਿੱਚ ਤੁਹਾਨੂੰ ਵੀ ਆਪਣੀ ਆਵਾਜ਼ ਬੁਲੰਦ ਕਰਨ ਦਾ ਪੂਰਾ ਹੱਕ ਹੈ।

**7. ਪਾਲਣ-ਪੋਸਣ ਦੇ ਨਵੇਂ ਤਰੀਕੇ ਅਪਣਾਓ**

ਕੰਮਕਾਜੀ ਔਰਤਾਂ ਕੋਲ ਦਿਨ ਵੇਲੇ ਦਫ਼ਤਰੀ ਕੰਮ ਕਾਰਨ ਬੱਚਿਆਂ ਲਈ ਜ਼ਿਆਦਾ ਸਮਾਂ ਨਹੀਂ ਹੁੰਦਾ। ਅਜਿਹੀ ਸਥਿਤੀ ਵਿੱਚ, ਬੱਚਿਆਂ ਦੇ ਪਾਲਣ-ਪੋਸਣ ਦੇ ਨਵੇਂ ਤਰੀਕੇ ਹਨ, ਜਿਵੇਂ ਕਿ ਇੱਕ ਤਜਰਬੇਕਾਰ ਨਾਨੀ ਰੱਖਣਾ। ਜੇਕਰ ਤੁਹਾਡਾ ਬੱਚਾ ਵੱਡਾ ਹੈ ਤਾਂ ਉਸ ਨੂੰ ਵਧੀਆ ਡੇ ਕੇਅਰ ਵਿੱਚ ਭੇਜੋ। ਇਨ੍ਹਾਂ ਸਾਰੀਆਂ ਚੀਜ਼ਾਂ ਦੀ ਚੋਣ ਕਰਦੇ ਸਮੇਂ ਜ਼ਰੂਰੀ ਸਾਵਧਾਨੀਆਂ ਨੂੰ ਧਿਆਨ ਵਿੱਚ ਰੱਖੋ, ਜਿਵੇਂ ਕਿ ਇੱਕ ਚੰਗੀ ਨੈਨੀ ਦੀ ਚੋਣ ਕਰਦੇ ਸਮੇਂ, ਉਸ ਦੀ ਪੜ੍ਹਾਈ ਅਤੇ ਪਰਿਵਾਰਕ ਪਿਛੋਕੜ ਨਾਲ ਜੁੜੀਆਂ ਸਾਰੀਆਂ ਛੋਟੀਆਂ-ਵੱਡੀਆਂ ਗੱਲਾਂ ਦਾ ਧਿਆਨ ਰੱਖੋ। ਡੇਅ ਕੇਅਰ ਦੀ ਚੋਣ ਕਰਦੇ ਸਮੇਂ ਇਸ ਨਾਲ ਜੁੜੀਆਂ ਸਾਰੀਆਂ ਛੋਟੀਆਂ-ਵੱਡੀਆਂ ਗੱਲਾਂ ਦੀ ਵੀ ਜਾਂਚ ਕਰੋ।

# ਆਧੁਨਿਕ ਸਮਾਜ 'ਚ ਵੀ ਹੁੰਦੇ ਹਨ ਔਰਤਾਂ ਖ਼ਿਲਾਫ਼ ਜੁਰਮ

ਡਾ. ਅਰਵਿੰਦਰ ਕੌਰ ਕਾਕੜਾ

ਸਾਡਾ ਸਮਾਜ ਜਮਾਤੀ ਹੈ ਜਿਸ ਵਿੱਚ ਅਮੀਰੀ ਗ਼ਰੀਬੀ ਤੇ ਜਾਤ ਪਾਤ ਦਾ ਕੋਹੜ ਤਾਂ ਹੈ, ਨਾਲ ਹੀ ਪਿਤਰਕੀ ਸੋਚ ਵੀ ਗਹਿਰੇ ਰੂਪ ਵਿੱਚ ਸਮਾਜਿਕ ਜੜ੍ਹਾਂ ਜਮਾਈ ਬੈਠੀ ਹੈ। ਇਸੇ ਕਾਰਨ ਔਰਤ ਨੂੰ ਮਰਦ ਦੇ ਮੁਕਾਬਲੇ ਦੂਜਾ ਦਰਜਾ ਦਿੱਤਾ ਗਿਆ ਹੈ। ਔਰਤਾਂ ਦੇ ਦਮਨ ਅਤੇ ਵਿਤਕਰੇ ਨੂੰ ਰੋਜ਼ਮੱਰਾ ਜ਼ਿੰਦਗੀ ਵਿਚੋਂ ਪਛਾਣਿਆ ਜਾ ਸਕਦਾ ਹੈ ਜਿਸ ਦੇ ਅਨੇਕ ਪੱਖ ਇਸ ਪਿਤਰਕੀ ਸੱਤਾ ਦੀ ਪੈਦਾਵਾਰ ਹਨ। ਔਰਤ ਨੂੰ ਬੌਧਿਕ ਤੌਰ 'ਤੇ ਮਰਦ ਬਰਾਬਰ ਨਹੀਂ ਸਮਝਿਆ ਜਾਂਦਾ। ਔਰਤ ਮਰਦ ਇੱਕ ਦੂਜੇ ਦੇ ਪੂਰਕ ਹੁੰਦੇ ਹੋਏ ਸਮਾਜ ਦੇ ਵਿਕਾਸ ਵਿੱਚ ਬਰਾਬਰ ਦਾ ਯੋਗਦਾਨ ਪਾ ਰਹੇ ਹਨ। ਸੰਵਿਧਾਨਕ ਤੌਰ 'ਤੇ ਤਾਂ ਭਾਵੇਂ ਔਰਤ ਨੂੰ ਕਈ ਹੱਕ ਪ੍ਰਾਪਤ ਹਨ ਪਰ ਅਸਲ ਵਿੱਚ ਸਥਿਤੀ ਕੁਝ ਹੋਰ ਹੈ। ਘਰ ਤੋਂ ਸ਼ੁਰੂ ਹੋ ਕੇ ਪੜ੍ਹਾਈ, ਨੌਕਰੀ ਅਤੇ ਸਮਾਜ ਵਿੱਚ ਉਸ ਨੂੰ ਆਰਥਿਕ, ਸਰੀਰਕ ਅਤੇ ਮਾਨਸਿਕ ਤੇ ਲਿੰਗਕ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅੱਜ ਸਥਿਤੀ ਇਹ ਹੈ ਕਿ ਔਰਤਾਂ/ਕੁੜੀਆਂ ਨਾਲ ਹੋ ਰਹੀਆਂ ਜਬਰ ਜਨਾਹ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ।

ਕਿਤੇ ਔਰਤ ਨੂੰ ਨੀਵਾਂ ਦਿਖਾਉਂਦਿਆਂ ਗੀਤ ਵਿੱਚ ਭੇਡ ਕਿਹਾ ਗਿਆ ਤੇ ਕਿਤੇ ਡਾਂਸਰ ਕੁੜੀ ਦੀ ਅਸਹਿਮਤੀ 'ਤੇ ਮਰਦਾਵੀਂ ਹੈਂਕੜ ਸ਼ਰਾਬ ਦਾ ਗਲਾਸ ਉਸ ਵੱਲ ਵਗ੍ਹਾ ਮਾਰਦੀ ਹੈ। ਵਧ ਰਹੇ ਬਲਾਤਕਾਰ, ਕਿਤੇ ਅਣਖ ਦੇ ਨਾਂ 'ਤੇ ਕਤਲ ਸਮਾਜ ਦੇ ਮੂੰਹ 'ਤੇ ਦਾਗ਼ ਹਨ। ਅਜਿਹੀਆਂ ਘਟਨਾਵਾਂ ਲਈ ਜਿੱਥੇ ਜਗੀਰੂ ਮਾਨਸਿਕਤਾ ਤੇ ਮਰਦਾਵੀਂ ਸੱਤਾ ਜ਼ਿੰਮੇਵਾਰ ਹੈ, ਉਥੇ ਦੇਸ਼ ਦੇ ਹਾਕਮ ਵੀ ਔਰਤਾਂ ਖ਼ਿਲਾਫ਼ ਹੋ ਰਹੇ ਅਪਰਾਧਾਂ ਨੂੰ ਰੋਕਣ ਵਿੱਚ ਅਸਫਲ ਰਹੇ ਹਨ। ਇਹ ਪ੍ਰਬੰਧ ਔਰਤਾਂ ਨੂੰ ਸੁਰੱਖਿਅਤ ਮਾਹੌਲ ਦੇਣ ਵਿੱਚ ਨਾਕਾਮ ਰਿਹਾ ਹੈ ਜਿਸ ਕਾਰਨ ਔਰਤਾਂ ਖ਼ਿਲਾਫ਼ ਜ਼ੁਲਮ ਵਧ ਰਿਹਾ ਹੈ।




ਅਸਲ ਵਿੱਚ ਔਰਤ ਨੂੰ ਮਹਿਜ਼ ਭੋਗ ਦੀ ਵਸਤੂ ਸਮਝਿਆ ਜਾ ਰਿਹਾ ਹੈ। ਮੰਡੀ ਸੱਭਿਆਚਾਰ ਨੇ ਤਾਂ ਕੁੜੀ ਨੂੰ ਨੁਮਾਇਸ਼ ਦੀ ਵਸਤ ਬਣਾ ਕੇ ਉਸ ਦਾ ਬਿੰਬ ਹੋਰ ਵਿਗਾੜ ਦਿੱਤਾ ਹੈ। ਜਦੋਂ ਵੀ ਕੋਈ ਲੜਾਈ, ਦੰਗਾ ਹੋਵੇ ਜਾਂ ਬਦਲਾ ਲੈਣਾ ਹੋਵੇ ਤਾਂ ਔਰਤ ਨਾਲ ਜ਼ਿਆਦਤੀ ਕੀਤੀ ਜਾਂਦੀ ਹੈ। ਉਂਝ ਵੀ ਸਮਾਜ ਦਾ ਨਜ਼ਰੀਆ ਇਹ ਬਣਿਆ ਹੋਇਆ ਹੈ ਕਿ ਔਰਤ ਤੇ ਮਰਦ ਦੋਹਾਂ ਦੇ ਕਸੂਰਵਾਰ ਹੋਣ 'ਤੇ ਦੋਸ਼ ਔਰਤ ਸਿਰ ਮੜ੍ਹਿਆ ਜਾਂਦਾ ਹੈ। ਅਣਖ ਦੇ ਨਾਂ 'ਤੇ ਹੋ ਰਹੇ ਕਤਲ ਵੀ ਜ਼ਿਆਦਾਤਰ ਔਰਤ ਕੇਂਦਰਿਤ ਹਨ। ਇਸ ਸਮਾਜ ਨੇ ਅਣਖ ਦਾ ਸਵਾਲ ਵੀ ਔਰਤ ਨਾਲ ਜੋੜ ਦਿੱਤਾ ਹੈ।

ਅਣਖ ਦੇ ਵੀ ਦੋ ਵੱਖੋ-ਵੱਖਰੇ ਅਰਥ ਹਨ। ਉਦੋਂ ਅਣਖ ਗੌਰਵ ਦਾ ਪ੍ਰਤੀਕ ਬਣਦੀ ਹੈ ਜਦੋਂ ਬੰਦਾ ਸਮੂਹਿਕ ਹਿੱਤਾਂ ਲਈ ਕਾਰਵਾਈ ਕਰਦਾ ਹੋਇਆ ਮਨੁੱਖੀ ਲੁੱਟ ਦੇ ਖ਼ਿਲਾਫ਼ ਖੜ੍ਹਦਾ ਹੈ। ਅਜਿਹੇ ਅਣਖੀ ਮਨੁੱਖ ਦੀ ਸਮਾਜ ਵਿੱਚ ਇੱਜ਼ਤ ਵਧਦੀ ਹੈ। ਜਦ ਅਣਖ ਤੇ ਇੱਜ਼ਤ ਦਾ ਸੰਕਲਪ ਘਰ, ਪਰਿਵਾਰ, ਘਰਾਣੇ, ਜਾਤ, ਧਰਮ ਤੋਂ ਪੈਦਾ ਹੰਕਾਰ ਨਾਲ ਜੁੜਦਾ ਹੈ ਤਾਂ ਮਨੁੱਖ ਅੰਦਰਲੀ ਦੁਬਿਧਾ ਬਾਹਰੀ ਰੂਪ ਵਿੱਚ ਘਾਤਕ ਬਣਦੀ ਹੈ ਜੋ ਹੈਵਾਨੀਅਤ ਵਿੱਚ ਢਲਦੀ ਗ਼ਲਤ ਠੀਕ ਦੀ ਪਛਾਣ ਭੁੱਲ ਜਾਂਦੀ ਹੈ।

ਅਸਲ ਵਿੱਚ ਅਜੋਕੇ ਮਨੁੱਖ ਦੀਆਂ ਪਦਾਰਥਕ ਰੁਚੀਆਂ ਨੇ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੱਤਾ। ਮਨੁੱਖੀ ਰਿਸ਼ਤਿਆਂ ਦੇ ਨਿਘਾਰ ਦਾ ਕਾਰਨ ਮਨੁੱਖ ਅੰਦਰੋਂ ਨੈਤਿਕ, ਸਦਾਚਾਰਕ ਕਦਰਾਂ ਕੀਮਤਾਂ ਦਾ ਖ਼ਾਤਮਾ ਹੈ। ਇੱਕ ਪਾਸੇ ਉਪਰੋਂ ਪੈ ਰਿਹਾ ਆਧੁਨਿਕਤਾ ਦਾ ਪ੍ਰਭਾਵ, ਦੂਜੇ ਪਾਸੇ ਮੱਧਯੁਗ ਦੀ ਚੱਕੀ ਵਿੱਚ ਪਿਸ ਰਹੀ ਲੁਕਾਈ ਨੇ ਗੈਰ-ਜ਼ਿੰਮੇਵਾਰਾਨਾ ਸਥਿਤੀ ਨੂੰ ਜਨਮ ਦਿੱਤਾ ਹੈ। ਅਜਿਹੇ ਹਾਲਾਤ ਵਿੱਚ ਨਵੀਂ ਤੇ ਪੁਰਾਣੀ ਪੀੜ੍ਹੀ ਦੇ ਸੋਚਣ ਵਿਚਰਨ ਦਾ ਫਾਸਲਾ ਕਈ ਘਟਨਾਵਾਂ ਨੂੰ ਜਨਮ ਦੇ ਰਿਹਾ ਹੈ। ਮਾਪੇ ਜਦੋਂ ਪਿਛਾਂਹਖਿੱਚੂ ਸੋਚ ਦੇ ਧਾਰਨੀ ਬਣਦੇ ਤੇ ਬੱਚੇ ਆਜ਼ਾਦੀ ਦੇ ਭਰਮ ਨੂੰ ਅੰਤਿਮ ਸੱਚ ਮੰਨ ਲੈਂਦੇ ਤਾਂ ਇਹ ਟਕਰਾਵੀ ਸਥਿਤੀ ਕਿਸੇ ਨਾ ਕਿਸੇ ਪਾਸੇ ਮੋੜ ਲੈਂਦੀ ਹੈ। ਜੇ ਪਿਆਰ ਵਿਆਹ ਵਿੱਚ ਦੋਹਾਂ ਧਿਰਾਂ ਦੀ ਸਹਿਮਤੀ ਬਣਦੀ ਹੈ ਤਾਂ ਅਣਸੁਖਾਵੀਂ ਘਟਨਾ ਦਾ ਡਰ ਨਹੀਂ ਰਹਿੰਦਾ। ਮਾਪਿਆਂ ਦੀ ਸਹਿਮਤੀ ਤੋਂ ਬਿਨਾਂ ਕਰਵਾਏ ਵਿਆਹ ਬਾਰੇ ਪੰਜਾਬੀ/ਭਾਰਤੀ ਸਮਾਜ ਦੁਬਿਧਾ ਵਿੱਚ ਹੈ। ਇਹ ਪਿਛਾਖੜੀ ਸੋਚ ਕਿਸੇ ਨਾਲ ਅਸਹਿਮਤੀ, ਬਦਲਾ ਲੈਣਾ, ਨੀਚਾ ਦਿਖਾਉਣ, ਬਰਬਾਦ ਕਰਨ ਆਦਿ ਕਈ ਰੂਪਾਂ ਵਿੱਚ ਪ੍ਰਗਟਦੀ ਹਿੰਸਕ ਘਟਨਾ ਤੱਕ ਪਹੁੰਚ ਜਾਂਦੀ ਹੈ। ਔਰਤ ਨੂੰ ਨਿੱਜੀ ਜਾਇਦਾਦ ਸਮਝਣ ਵਾਲਾ ਇਹ ਸਮਾਜ ਰਿਸ਼ਤੇ, ਵਿਆਹ, ਇੱਜ਼ਤ ਤੇ ਰੁਤਬੇ 'ਤੇ ਟਿਕਿਆ ਹੈ। ਪਿਆਰ ਵਿਆਹ ਪ੍ਰਤੀ ਇਸ ਸਮਾਜ ਵਿੱਚ ਅਣਖ ਦਾ ਮਸਲਾ ਬਹੁਤ ਟੇਢਾ ਹੈ।

(ਬਾਕੀ ਸਫ਼ਾ 31 'ਤੇ)

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT

MAJOR NETWORK OF TRUCK STOPS

## FUEL CARDS

NO CREDIT - NO PROBLEM

BEST CUSTOMER SERVICE




FLEET ONE FACTORING

WE WANT TO MAKE FACTORING EASY FOR YOU

SAME-DAY FUNDING - NO HIDDEN FEES

COMPETITIVE RATES - 97% ADVANCE RATE

## YOU BREAK DOWN

WE SHOW UP

24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT

NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

# ‘ਥਿਰਕਦੀਆਂ ਉਂਗਲਾਂ ਤੇ ਫਰਕਦੇ ਬੁੱਲ੍ਹ’



**ਰਾਮ ਸਰੂਪ ਜੋਸ਼ੀ**

ਪਹਿਲਾ ਨਾਉਂ ਉਸ ਦਾ ਕੇਸ਼ੋ ਰਾਮ ਸੀ। ਫੇਰ ਉਸ ਨੇ ਆਪਣਾ ਨਾਉਂ ਨਾਹਰ ਸਿੰਘ ਰੱਖ ਲਿਆ ਸੀ। ਅੱਧਾ ਪਿੰਡ ਉਸ ਨੂੰ ਕੇਸ਼ੋ ਪੰਡਤ ਕਹਿੰਦਾ ਅਤੇ ਅੱਧਾ ਨਾਹਰ ਸਿੰਘ। ਲੰਮੇ ਕੱਦ, ਕਣਕ-ਵੰਨੇ ਰੰਗ, ਤਿੱਖੇ ਨੈਣ ਨਕਸ਼ ਵਾਲਾ ਇਹ ਮਨੁੱਖ ਲੰਮੀਆਂ-ਲੰਮੀਆਂ ਡਿੰਗਾ ਪੁੱਟਦਾ ਹਰ ਵੇਲ਼ੇ ਏਧਰੋਂ-ਉਧਰ ਤੇ ਉਧਰੋਂ-ਏਧਰ ਤੁਰਿਆ ਰਹਿੰਦਾ। ਬਾਜ਼ ਵਰਗੀਆਂ ਅੱਖਾਂ ਨਾਲ ਖਲਾਅ ਵਿੱਚ ਝਾਕਦਿਆਂ ਤੁਰੇ ਜਾਂਦਿਆਂ ਵੀ ਉਸਦੇ ਸੱਜੇ ਹੱਥ ਦੀਆਂ ਉਂਗਲਾਂ ਅਜੀਬ ਹਰਕਤਾਂ ਕਰਦੀਆਂ । ਨ੍ਰਿਤ ਕਰ ਰਹੀਆਂ ਹੋਣ ਅਤੇ ਬੁੱਲ੍ਹ ਇੰਝ ਫਰਕਦੇ ਰਹਿੰਦੇ ਜਿਵੇਂ ਕੋਈ ਮੌਨ ਰਾਗ ਅਲਾਪ ਰਹੇ ਹੋਣ। ਅਸੀਂ ਕਿੱਕਰਾਂ ਤੋਂ ਵੱਢ ਕੇ ਲਿਆਂਦੀਆਂ ਖੁੰਡੀਆਂ ਨਾਲ ਲੀਰਾਂ ਦੀ ਗੇਂਦ ਬਣਾ ਕੇ ਖੇਡਦੇ ਸਾਂ। ਕੱਚੇ ਪਹਿਆਂ ਦੀ ਧੂੜ ਖੁੰਡੀਆਂ ਤੇ ਸਾਡੇ ਪੈਰਾਂ ਨਾਲ ਗਰਦ ਦੀ ਹਨੇਰੀ ਲਿਆ ਦਿੰਦੀ ਸੀ ਪਰ ਸਾਨੂੰ ਭੋਰਾ ਵੀ ਪਰਵਾਹ ਨਹੀਂ ਸੀ ਹੁੰਦੀ। ਪੂਰੇ ਅਨੰਦ ਨਾਲ ਖੇਡਦੇ-ਖੇਡਦੇ ਵਿਘਨ ਉਦੋਂ ਪੈ ਜਾਂਦਾ ਜਦੋਂ ਲੀਰਾਂ ਦੀ ਗੇਂਦ ਦੀਆਂ ਲੀਰਾਂ ਦੂਜੇ ਤੀਜੇ ਦਿਨ ਹੀ ਵੱਖ-ਵੱਖ ਹੋ ਜਾਦੀਆਂ। ਦਿਨ ਇੱਕ ਮੁੰਡਾ ਲੀਰਾਂ ਦੀ ਇਕ ਅਜਿਹੀ ਗੇਂਦ ਲਿਆਇਆ ਜਿਹੜੀ ਸੂਤ ਦੀ ਰੱਸੀ ਨੂੰ ਸੂਏ ’ਚ ਪਾ ਕੇ ਖੋੜੀਆਂ ਪਾ ਕੇ ਬਣਾਈ ਗਈ ਸੀ। ਇਹ ਦੇਖਣ ਨੂੰ ਬਹੁਤ ਸੋਹਣੀ ਲੱਗਦੀ ਸੀ ਅਤੇ ਕਈ ਦਿਨ ਟੁੱਟੀ ਵੀ ਨਾ। ਉਸ ਮੁੰਡੇ ਨੇ ਦੱਸਿਆ ਕਿ ਇਹ ਗੇਂਦ ਕੇਸ਼ੋ ਪੰਡਤ ਨੇ ਬਣਾਈ ਸੀ। ਅਸੀਂ ਸਾਰੇ ਹੀ ਗੇਂਦ ਕਰਕੇ ਉਨ੍ਹਾਂ ਨੂੰ ਪਿਆਰ ਤੇ ਸਤਿਕਾਰ ਨਾਲ ਦੇਖਣ ਲੱਗੇ। ਸਾਨੂੰ ਖੇਡਦਿਆਂ ਨੂੰ ਦੇਖਣ ਲਈ ਉਹ ਕਿਸੇ-ਕਿਸੇ ਦਿਨ ਸਾਡੇ ਪਾਸ ਖੜ੍ਹੇ ਹੋ ਜਾਂਦੇ । ਅਜਿਹੇ ਸਮਿਆਂ ਉੱਤੇ ਉਹ ਮੈਨੂੰ ਆਪਣੇ ਕੋਲ ਬੁਲਾ ਕੇ ਗੋਦੀ ’ਚ ਲੈ ਕੇ ਕਈ ਵਾਰੀ ਸ਼ਾਬਾਸ਼ੀ ਵੀ ਦਿੰਦੇ। ਮੈਂ ਉਨ੍ਹਾਂ ਦੇ ਅਜਿਹਾ ਕਰਨ ਸਬੰਧੀ ਆਪਣੀ ਮਾਂ ਨੂੰ ਦੱਸਿਆ। ਮਾਂ ਕਹਿਣ ਲੱਗੀ, ‘ਪੁੱਤਰ, ਉਹ ਤੇਰਾ ਚਾਚਾ ਲੱਗਦਾ ਹੈ। ਉਸ ਦੀ ਮਾਂ ਅਤੇ ਤੇਰੇ ਪਿਤਾ ਜੀ ਦੀ ਮਾਂ ਸਕੀਆਂ ਭੈਣਾਂ ਹਨ । ਉਨ੍ਹਾਂ ਦਾ ਘਰ ਪਿੰਡ ਦੇ ਦੂਜੇ ਪਾਸੇ ਹੈ । ਇਹ ਗੱਲ ਮੈਂ ਬੜੇ ਮਾਣ ਨਾਲ ਆਪਣੇ ਸਾਥੀਆਂ ਨੂੰ ਦੱਸੀ। ਹੁਣ ਤਾਂ ਗੇਂਦ ਟੁੱਟਣ ਤੋਂ ਪਹਿਲਾਂ ਹੀ ਮੈਂ ਦੂਜੀ ਗੇਂਦ ਬਣਵਾ ਲੈਂਦਾ। ਨਾ ਭਤੀਜਾ ਫਰਮਾਇਸ਼ ਕਰਦਾ ਝਕਦਾ ਅਤੇ ਨਾ ਹੀ ਚਾਚਾ ਕਦੇ ਨਾਂਹ-ਨੁੱਕਰ ਕਰਦਾ। ਚਾਚੇ ਦੇ ਹੱਥਾਂ ਵਿੱਚ ਜਾਦੂ ਭਰੀ ਕਲਾ ਸੀ।

ਕਿਸੇ ਨੇ ਸੂਤ ਦੀ ਪੀੜ੍ਹੀ ਜਾਂ ਸੂਤ ਦੇ ਰੰਗ-ਬਿਰੰਗੇ ਪਲੰਘ ਬਣਾਉਣੇ ਹੁੰਦੇ ਤਾਂ ਉਹ ਚਾਚੇ ਦੀ ਭਾਲ਼ ਕਰਦੇ। ਬਲਦਾਂ ਦੇ ਰੱਸੇ ਜਾਂ ਨੱਥਾ ਬਣਾਉਣ ਦਾ ਕੰਮ ਛਿੜਿਆ ਹੀ ਰਹਿੰਦਾ। ਲੋਕ ਕਹਿੰਦੇ ਸਨ ਕਿ ਦਹੀਂ ਰਿੜਕਨ ਵਾਲੀ ਨੇਤੀ ਤਾਂ ਚਾਚੇ ਵਰਗੀ ਕਿ ਸੇਤੋਂ ਬਣਦੀ ਹੀ ਨਹੀਂ ਸੀ। ਪਿੰਡ ਦਾ ਕੋਈ ਨਾ ਕੋਈ ਬੰਦਾ ਆਪਣਾ ਕੋਈ ਨਾ ਕੋਈ ਕੰਮ ਕਰਵਾਉਣ ਲਈ ਆਮ ਹੀ ਉਸ ਨੂੰ ਲੱਭਦਾ ਫਿਰਦਾ। ਕੋਈ ਪੁੱਛਦਾ,‘ਕੇਸ਼ੋ ਪੰਡਤ ਨੀ ਦੇਖਿਆ ? ‘ਦੂਜਾ ਪੁੱਛਦਾ, ‘ਨਾਹਰ ਸਿੰਘ ਨੀ ਏਧਰ ਆਇਆ ? ਚਾਚਾ ਆਪ ਤਾਂ ਟੱਲਾਂ ਵਾਲੇ ਸਾਧ ਵਾਂਗ ਕਿਤੇ ਖੜਦ੍ਹਾ ਜਾਂ ਰੁਕਦਾ ਨਹੀਂ ਸੀ, ਉਸ ਨੂੰ ਲੱਭਣ ਵਾਲੇ ਵੀ ਕਈ ਤੁਰੇ ਹੀ ਰਹਿੰਦੇ। ਉਹ ਕਿਸੇ ਨੂੰ ਵੀ ਕਿਸੇ ਕੰਮ ਤੋਂ ਜਵਾਬ ਨਹੀਂ ਸੀ ਦਿੰਦਾ। ਇਹੋ ਕਾਰਨ ਸੀ ਕਿ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਚਾਚੇ ਨੂੰ ਲੱਭਣ ਲਈ ਪਿੰਡ ਹੀ ਤੁਰਿਆ ਫਿਰਦਾ ਹੋਵੇ। ਚਾਚਾ ਨਾਹਰ ਸਿੰਘ ਕੇਵਲ ਪੰਜਾਬੀ ਹੀ ਪੜ੍ਹਨੀ ਅਤੇ ਲਿਖਣੀ ਜਾਣਦਾ ਸੀ। ਪਰ ਉਸ ਦਾ ਹਿੰਦੂ ਅਤੇ ਸਿੱਖ ਧਰਮ ਬਾਰੇ ਗਿਆਨ ਬਹੁਤ ਵਸੀਹ ਅਤੇ ਡੂੰਘਾ ਸੀ। ਉਹ ਕਵਿਤਾ ਵੀ ਲਿਖਦਾ ਸੀ। ਆਪਣੀਆਂ ਕਵਿਤਾਵਾਂ ਵਿੱਚ ਉਹ ਸਿੱਖ ਧਰਮ ਦੀਆਂ ਇਤਿਹਾਸਕ ਸਾਖੀਆਂ ਦਾ ਵਿਸ਼ੇਸ਼ ਵਰਨਣ ਕਰਦਾ ਸੀ। ਇਨ੍ਹਾਂ ਕਵਿਤਾਵਾਂ ਨੂੰ ਸੁਣਾ ਕੇ ਉਹ ਸੰਗਰਾਂਦ, ਪੂਰਨਮਾਸ਼ੀ ਜਾਂ ਕਿਸੇ ਹੋਰ ਧਾਰਮਿਕ ਤੇ ਸਮਾਜਿਕ ਸਮਾਗਮ ਵਿੱਚ ਵਾਹ-ਵਾਹ ਖੱਟਦਾ ਸੀ। ਮਿਡਲ ਸਕੂਲ ਗੜਾਂਗਾ ਵਿੱਚ ਕੋਈ ਸਮਾਗਮ ਸੀ। ਉਨ੍ਹਾਂ ਨੇ ਉੱਥੇ ਵੀ ਸਟੇਜ ਸੰਭਾਲੀ। ਉਸ ਦਿਨ ਤੋਂ ਹੀ ਉਹ ਅਤੇ ਮੁੱਖ ਅਧਿਆਪਕ ਸ. ਰਨਗਿੰਦਰ ਸਿੰਘ ਗਿੱਲ ਦੋਸਤ ਬਣ ਗਏ। ਉਨ੍ਹਾਂ ਦੀ ਦਿੱਤੀ ਹੋਈ ਇੱਕ ਕਵਿਤਾ ਮੈਂ ਵੀ ਸੁਣਾਈ। ਮੈਂ ਪੜ੍ਹਨ ਵਿੱਚ ਪਹਿਲਾਂ ਹੀ ਅੱਵਲ ਆਉਂਦਾ ਸੀ, ਹੁਣ ਕਵਿਤਾ ਵੀ ਬੇਝਿਜਕ ਹੋ ਕੇ ਸੁਣਾ ਦਿੱਤੀ। ਚਾਚੇ ਨੇ ਸਟੇਜ ’ਤੇ ਇਹ ਵੀ ਦੱਸ ਦਿੱਤਾ ਕਿ ਇਹ ਮੁੰਡਾ ਮੇਰਾ ਭਤੀਜਾ ਹੈ। ਫੇਰ ਕੀ ਸੀ, ਆਪਾਂ ਹੀਰੋ ਬਣ ਗਏ।

ਮੁਖੀ ਜੀ ਸਦਾ ਹੀ ਮੈਨੂੰ ਪੰਡਤ ਜੀ ਕਹਿ ਕੇ ਬੁਲਾਉਣ ਲੱਗ ਪਏ। ਕਿਸੇ ਦੇ ਕੰਮ ਆਉਣ ਦਾ ਜਜ਼ਬਾ ਉਨ੍ਹਾਂ ਵਿੱਚ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਇੱਕ ਦਿਨ ਹੈੱਡ ਮਾਸਟਰ ਨਗਿੰਦਰ ਸਿੰਘ ਗਿੱਲ, ਆਪਣੇ ਪਿੰਡ ਚੜਿੱਕ ਤੋਂ ਘੜੂੰਏਂ ਤੱਕ ਤਾਂ ਪਹੁੰਚ ਗਏ ਅਤੇ ਅੱਗੇ ਰਾਹ ਵਿੱਚ ਚੋਈ ਦਾ ਪਾਣੀ ਤੇਜ਼ ਵੱਗ ਰਿਹਾ ਸੀ ਅਤੇ ਗਿੱਲ ਸਾਹਿਬ ਤੁਰਨ ਲਈ ਫੋਹੁੜੀ ਦਾ ਸਹਾਰਾ ਵੀ ਲੈਂਦੇ ਸਨ। ਉਨ੍ਹਾਂ ਘੜੂਏਂ ਸਕੂਲ ਤੋਂ ਸੇਵਾਦਾਰ ਨੂੰ ਚਾਚਾ ਜੀ ਕੋਲ ਬੱਤੇ ਭੇਜਿਆ ਕਿ ਗੜਾਂਗਾਂ ਪਹੁੰਚਾਣ ਦਾ ਪ੍ਰਬੰਧ ਕਰਨ। ਕੱਚਾ ਰਾਹ ਤੇ ਚੋਈ ਦਾ ਵੱਗਦਾ ਪਾਣੀ। ਚਾਚਾ ਜੀ ਝੱਟ ਪਿੰਡ ਦੇ ਸਰਦੇ ਪੁੱਜਦੇ ਘਰ ਪਹੁੰਚ ਗਏ। ਉਸ ਘਰ ਵਾਲਿਆਂ ਨੇ ਆਪਣੇ ਬਜ਼ੁਰਗ, ਕਰਤਾਰ ਸਿੰਘ ਦੇ ਜਾਣ ਆਉਣ ਕਈ ਇੱਕ ਛੋਟੇ ਕੱਦ ਦੀ ਸੀਲ ਘੋੜੀ ਲੈ ਰੱਖੀ ਸੀ। ਸਾਰੀ ਗੱਲ ਦੱਸ ਕੇ ਘੋੜੀ ਲੈ ਕੇ ਘੜੂੰਏਂ ਤੋਂ ਹੈੱਡਮਾਸਟਰ ਜੀ ਨੂੰ ਘੋੜੀ ’ਤੇ ਬੈਠਾ ਕੇ ਆਪ ਪੈਦਲ ਤੁਰਦਾ ਹੋਇਆ ਗੜਾਂਗਾ ਪਹੁੰਚਿਆ। ਚਾਚਾ ਸਟੇਜ ਦਾ ਧਨੀ ਸੀ। ਉਸ ਨੂੰ ਗੱਲ ਕਹਿਣ ਦਾ ਸ਼ਊਰ ਤੇ ਸਲੀਕਾ ਸੀ। ਉਹ ਹਰ ਕਿਸੇ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੁੰਦਾ ਸੀ। ਉਸ ਵੇਲੇ ਕੁੜੀ ਦੇ ਵਿਆਹ ਸਮੇਂ ਸਿੱਖਿਆ ਅਤੇ ਮੁੰਡੇ ਦੇ ਵਿਆਹ ਸਮੇਂ ਸਿਹਰਾ ਪੜਨ੍ਹ ਦਾ ਰਿਵਾਜ ਸੀ।

ਚਾਚੇ ਨੇ ਸਿਹਰਾ ਤੇ ਸਿੱਖਿਆ ਲਿਖ ਕੇ ਪੱਕੇ ਹੀ ਰੱਖੇ ਹੋਏ ਸਨ। ਘਰ ਵਾਲਿਆਂ ਅਤੇ ਰਿਸ਼ਤਦਾਰਾਂ ਦੇ ਨਾਉਂ ਬਦਲ ਕੇ ਪੁਰਾਣੇ ਨੂੰ ਨਵਾਂ ਬਣਾ ਲੈਣਾ ਉਸ ਦੇ ਖੱਬੇ ਹੱਥ ਦਾ ਕੰਮ ਸੀ। ਸਾਥੋਂ ਕੁਝ ਕੁ ਕਿਲੋਮੀਟਰ ਦੂਰ ਕਲੌੜ ਪਿੰਡ ਤੋਂ ਅੱਗੇ ਗੋਪਾਲੋਂ ਪਿੰਡ ’ਚ ਇੱਕ ਬ੍ਰਹਮ ਗਿਆਨੀ ਸੰਤ ਰਹਿਣ ਲੱਗ ਪਏ। ਥੋੜ੍ਹੇ ਸਮੇਂ ਵਿੱਚ ਹੀ ਉਨ੍ਹਾਂ ਦੀ ਮਹਿਮਾ ਦੀ ਸੁਗੰਧੀ ਇਲਾਕੇ ਵਿੱਚ ਫੈਲ ਗਈ। ਉਸ ਡੇਰੇ ਵਿੱਚ ਪੂਰਨਮਾਸ਼ੀ ਦਾ ਦਿਹਾੜਾ ਮਨਾਇਆ ਜਾਂਦਾ ਸੀ।

ਇੱਕ ਵਾਰ ਚਾਚਾ ਨਾਹਰ ਸਿੰਘ ਵੀ ਓਥੇ ਚਲੇ ਗਏ ਅਤੇ ਸਿੱਖ ਇਤਿਹਾਸ ਨਾਲ ਸਬੰਧਿਤ ਇੱਕ ਸਾਖੀ ਕਵਿਤਾ ਵਿੱਚ ਸੁਣਾਈ। ਸੰਤਾਂ ਨੇ ਹਰ ਪੂਰਨਮਾਸ਼ੀ ਹੀ ਆਉਣ ਲਈ ਕਹਿ ਦਿੱਤਾ। ਇਸ ਤਰ੍ਹਾਂ ਉਥੇ ਆਉਣ ਵਾਲੀ ਕਿੰਨੇ ਹੀ ਪਿੰਡਾਂ ਦੀ ਸੰਗਤ ਨਾਲ ਚਾਚੇ ਦੀ ਜਾਣ-ਪਛਾਣ ਬਣ ਗਈ। ਚਾਚਾ ਨਾਹਰ ਸਿੰਘ ਦੇ ਜੀਵਨ ਦੀ ਇੱਕ ਅਨੋਖੀ ਅਤੇ ਮਹੱਤਵਪੂਰਨ ਘਟਨਾ ਨੇ ਪਿੰਡ ਦੇ ਵਸਨੀਕਾਂ ਦੇ ਮਨਾਂ ਵਿੱਚ ਇੱਕ ਨਵੀਂ ਚੇਤਨਾ ਅਤੇ ਉਤਸ਼ਾਹ ਪੈਦਾ ਕੀਤਾ। ਗੱਲ ਇਸ ਤਰ੍ਹਾਂ ਹੋਈ ਕਿ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਆਉਣ ਵਾਲਾ ਸੀ। ਚਾਚੇ ਨੇ ਪਿੰਡ ਦੇ ਕੁਝ ਬੰਦੇ ਨਾਲ ਲੈ ਕੇ ਘਰੋ-ਘਰੀ ਜਾ ਕੇ ਗੁਰਪੁਰਬ ਮਨਾਉਣ ਲਈ ਰਸਦ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਅਸੀਂ ਸਕੂਲੀ ਬੱਚੇ ਵੀ ਚਾਉ-ਚਾਉ ਵਿੱਚ ਨਾਲ ਤੁਰ ਪੈਂਦੇ। ਹਰ ਘਰ ਦੇ ਅੱਗੇ ਜਾ ਕੇ ਅਸੀਂ ਹੀ ਘੜਿਆਲ ਵਜਾਉਂਦੇ ਤਾਂ ਕਿ ਘਰ ਦਾ ਮਾਲਕ ਜਾਂ ਮਾਲਕਣ ਬਾਹਰ ਆ ਕੇ ਗੱਲ ਸੁਣ ਲਵੇ। ਦਾਲ, ਆਟਾ, ਗੁੜ-ਸ਼ੱਕਰ ਅਤੇ ਘੀ ਆਦਿ ਜੋ ਕੁਝ ਮਿਲਦਾ ਬੋਰੀਆਂ ’ਚ ਪਾਈ ਜਾਂਦੇ। ਘੀ ਨੂੰ ਇੱਕ ਬਾਲਟੀ ਵਿੱਚ ਪਾਈ ਜਾਂਦਾ। ਸੋਚੀ-ਸਮਝੀ ਸਕੀਮ ਅਨੁਸਾਰ ਉਸ ਨੇ ਗੁਰਪੁਰਬ ਵਾਲੇ ਦਿਨ ਸੁਵੱਖਤੇ ਹੀ ਚਾਰ-ਪੰਜ ਬੰਦੇ ਅਤੇ ਸੱਤ-ਅੱਠ ਮੁੰਡੇ ਨਾਲ ਲੈ ਕੇ ਪਿੰਡ ਤੋਂ 2 ਕੁ ਕਿਲੋਮੀਟਰ ਦੂਰ ਸ਼ਕਰੁੱਲਾਪੁਰ ਪਿੰਡ ਨੂੰ ਚਾਲੇ ਪਾ ਦਿੱਤੇ। ਪਾਣੀ ਲਈ ਇੱਕ ਗੰਗਾ ਸਾਗਰ ਤੇ ਘੜਿਆਲ ਨਾਲ ਲੈ ਲਏ। ਸ਼ਕਰੁੱਲਾਪੁਰ ਨਿਰਮਲੇ ਸੰਤਾਂ ਦਾ ਡੇਰਾ ਸੀ, ਉਹ ਪਹਿਲਾਂ ਹੀ ਸਾਡੀ ਉਡੀਕ ਕਰ ਰਹੇ ਸਨ। ਓਥੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਇੱਕ ਬੰਦੇ ਦੇ ਸਿਰ ਉੱਪਰ ਰੁਮਾਲਾ ਸਜਾ ਕੇ, ਚਾਚਾ ਆਪ ਚੌਰ ਕਰਨ ਲੱਗ ਪਿਆ। ਪਾਣੀ ਦਾ ਜੱਗ ਭਰ ਕੇ ਇੱਕ ਜਣਾ ਅਸਵਾਰੀ ਦੇ ਅੱਗੇ-ਅੱਗੇ ਤੁਪਕਾ-ਤੁਪਕਾ ਸਿੱਟਦਾ ਅਤੇ ਅਸੀਂ ਖ਼ੁਸ਼ੀ-ਖ਼ੁਸ਼ੀ, ਬਦਲ ਬਦਲ ਕੇ, ਘੜਿਆਲ ਵਜਾਉਂਦੇ। ਰਸਤੇ ਵਿੱਚ ਮਿਲਣ ਵਾਲੇ ਬੰਦੇ ਆਪਣਾ ਕੰਮ ਛੱਡ ਕੇ, ਹੱਥ ਬੰਨ ਕੇ, ਸਿਰ ਨੀਵਾਂ ਕਰ ਕੇ ਖਲੋ ਜਾਂਦੇ। ਸਾਡੇ ਵਿਚੋਂ ਇੱਕ ਜਣਾ ਉਨ੍ਹਾਂ ਨੂੰ ਫੁਲੀਆਂ-ਪਤਾਸਿਆਂ ਦਾ ਪ੍ਰਸ਼ਾਦ ਦਿੰਦਾ। ਇਸ ਤਰ੍ਹਾਂ ਅਸੀਂ ਪਿੰਡ ਪੁੱਜ ਗਏ। ਚਾਚੇ ਨੇ ਪਹਿਲਾਂ ਹੀ ਕੁਝ ਬੰਦਿਆਂ ਦੀ ਧਰਮਸ਼ਾਲਾ ਨੂੰ ਸਾਫ਼ ਕਰ ਕੇ, ਫ਼ਰਸ਼ ਵਿਛਾਉਣ ਦੀ ਡਿਊਟੀ ਲਾਈ ਹੋਈ ਸੀ। ਇੱਕ ਪਾਸੇ ਤਖ਼ਤਪੋਸ਼ ਉੱਤੇ ਸੂਤ ਦੀ ਸਾਫ਼ਡ-ਸੁਥਰੀ ਪੀੜ੍ਹੀ ਰੱਖ ਕੇ ਉਸ ਉੱਪਰ ਨਵਾਂ ਗਦੈਲਾ ਤੇ ਸੋਹਣੀ ਚਾਦਰ ਵਿਛੀ ਸੀ। ਇਸ ਪੀੜ੍ਹੀ ਉੱਪਰ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸਜਾ ਦਿੱਤੀ ਗਈ। ਉਪਰੰਤ ਅਰਦਾਸ ਕਰਕੇ ਮਹਾਰਾਜ ਦਾ ਪ੍ਰਕਾਸ਼ ਕਰ ਕੇ ਹੁਕਮਨਾਮਾ ਲਿਆ ਗਿਆ। ਹੁਣ ਚਾਚੇ ਨੇ ਸਟੇਜ ਸੰਭਾਲੀ। ਸਿੱਖ ਗੁਰੂਆਂ ਅਤੇ ਸਿੱਖ ਇਤਿਹਾਸ ਸਬੰਧੀ ਕੁਝ ਲੈਕਚਰ ਕੀਤਾ ਅਤੇ ਇੱਕ ਦੋ ਕਵਿਤਾਵਾਂ ਵੀ ਸੁਣਾਈਆਂ। ਸਭ ਤੋਂ ਵੱਡੀ ਗੱਲ ਇਹ ਹੋਈ ਕਿ ਉਸ ਨੇ ਸੰਗਤ ਨੂੰ ਪ੍ਰੇਰਿਤ ਕੀਤਾ ਕਿ ਅਗਲਾ ਗੁਰਪੁਰਬ ਮਨਾਉਣ ਲਈ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਜਾਵੇ। ਚਾਚੇ ਦੀ ਲਾਈ ਜਾਗ ਕਰ ਕੇ ਗੁਰਦੁਆਰੇ ਲਈ ਛੱਡੀ ਜ਼ਮੀਨ ਵਿੱਚ ਪਹਿਲਾਂ ਛੰਨਾਂ ਪਾਈਆਂ ਗਈਆਂ ਅਤੇ ਫੇਰ ਗੁਰਦੁਆਰਾ ਸਾਹਿਬ ਵੀ ਬਣ ਗਿਆ। ਸੰਗਰਾਂਦ ਅਤੇ ਹੋਰ ਧਾਰਮਿਕ ਦਿਹਾੜੇ ਇੱਥੇ ਮਨਾਏ ਜਾਣ ਲੱਗੇ।

ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਮੌਕੇ ਪਿੰਡ ਵਿੱਚ ਨਗਰ ਕੀਰਤਨ ਹੋਣ ਲੱਗਾ। ਨਗਰ ਕੀਰਤਨ ਪਿੰਡ ਵਿੱਚ ਪੰਜ ਥਾਵਾਂ ’ਤੇ ਕੁਝ-ਕੁਝ ਸਮੇਂ ਲਈ ਠਹਿਰਦਾ। ਹਰ ਪੜਾਅ ’ਤੇ ਚਾਚਾ ਆਪ ਲੈਕਚਰ ਕਰਦਾ ਅਤੇ ਸਾਡੇ ਵਿਚੋਂ ਕੋਈ ਨਾ ਕੋਈ ਬੱਚਾ ਹੀ ਦਿੱਤੀ ਕੋਈ ਕਵਿਤਾ ਸੁਣਾਉਂਦਾ। ਚਾਚੇ ਦੀ ਲਾਈ ਲਾਗ ਕਾਰਨ ਪਿੰਡ ਦਾ ਮਾਹੌਲ ਹੀ ਬਦਲਣਾ ਸ਼ੁਰੂ ਹੋ ਗਿਆ ਸੀ। ਨਿੱਜੀ ਤੌਰ ’ਤੇ ਮੈਂ ਆਪ ਇਹ ਮਹਿਸੂਸ ਕਰਦਾ ਹਾਂ ਕਿ ਸਟੇਜ ’ਤੇ ਖੜ੍ਹ ਕੇ ਬਿਨਾਂ ਝਿਜਕ ਆਪਣੇ ਵਿਚਾਰ ਪ੍ਰਗਟ ਕਰਨਾ ਅਤੇ ਪੰਜਾਬੀ ਸਾਹਿਤ ਵੱਲ ਰੁਚਿਤ ਹੋਣਾ, ਕੇਵਲ ਤੇ ਕੇਵਲ ਚਾਚਾ ਨਾਹਰ ਸਿੰਘ ਦੀ ਹੀ ਦੇਣ ਹੈ। ਪਿੰਡ ਵਿੱਚ ਸੱਤ ਦਹਾਕੇ ਪਹਿਲਾਂ ਬਣੀ ਗੁਰਦੁਆਰਾ ਸਾਹਿਬ ਦੀ ਪੁਰਾਣੀ ਬਿਲਡਿੰਗ ਢਾਹ ਕੇ ਨਵੀਂ ਉਸਾਰੀ ਜਾ ਰਹੀ ਹੈ। ਪੁਰਾਣੀ ਵਿੱਚ ਕਿੰਨੇ ਗੁਰਪੁਰਬ ਮਨਾਏ ਗਏ ਅਤੇ ਨਵੀਂ ਵਿੱਚ ਵੀ ਮਨਾਏ ਜਾਣਗੇ ਪਰ ਪਿੰਡ ਵਿੱਚ ਸਭ ਤੋਂ ਪਹਿਲਾ ਗੁਰਪੁਰਬ ਪਿੰਡ ਦੀ ਧਰਮਸ਼ਾਲਾ ਵਿੱਚ ਹੀ ਮਨਾ ਕੇ ਜਿਹੜੀ ਪਿਰਤ ਚਾਚਾ ਨਾਹਰ ਸਿੰਘ ਨੇ ਪਾਈ, ਉਸ ਲਈ ਉਸ ਨੂੰ ਸਦਾ ਚੇਤੇ ਕੀਤਾ ਜਾਂਦਾ ਰਹੇਗਾ। ਚਾਚਾ ਨਾਹਰ ਸਿੰਘ ਨੇ ਕਈ ਕਿੱਸੇ ਅਤੇ ਸਿੱਖ ਸਾਖੀਆਂ ਨਾਲ ਸਬੰਧਿਤ ਬਹੁਤ ਸਾਰੀਆਂ ਕਵਿਤਾਵਾਂ ਵੀ ਲਿਖੀਆਂ। ਉਨ੍ਹਾਂ ਨੇ ਇੱਕ ਕਵੀਸ਼ਰੀ ਜਥਾ ਵੀ ਬਣਾਇਆ। ਉਨ੍ਹਾਂ ਦੇ ਚੇਲੇ, ਗੜਾਂਗਾਂ ਵਾਲੇ ਲਾਭ ਸਿੰਘ ਨੇ ਖੰਨੇ ਦੇ ਇਲਾਕੇ ਵਿੱਚ ਇੱਕ ਨਵਾਂ ਕਵੀਸ਼ਰੀ ਜਥਾ ਬਣਾਇਆ। ਇਸ ਜਥੇ ਨੇ ਚਾਚੇ ਦੀਆਂ ਰਚਨਾਵਾਂ ਨੂੰ ਗਾ ਕੇ ਆਲੇ ਦੁਆਲੇ ਦੇ ਪਿੰਡਾ ਵਿੱਚ ਖੂਬ ਨਾਮਣਾ ਖੱਟਿਆ। ਚਾਚੇ ਦਾ ਸਮੁੱਚਾ ਜੀਵਨ ਸਾਡੇ ਪਿੰਡ ਲਈ ਇੱਕ ਸੁਖਦ ਘਟਨਾ ਸੀ ਪਰ ਉਸ ਦਾ ਅੰਤ ਇੱਕ ਦੁਰਘਟਨਾ ਵਿੱਚ ਹੋਇਆ। ਮੋਰਿੰਡੇ ਦੇ ਰੇਲਵੇ ਫਾਟਕਾਂ ਉੱਤੇ ਇੱਕ ਬੱਸ ਨੇ ਉਸ ਨੂੰ ਸਾਈਕਲ ਸਮੇਤ ਦਰੜ ਦਿੱਤਾ। ਸਾਰੇ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ। ਲਗਪਗ ਹਰ ਘਰ ਵਿੱਚ ਉਸ ਦੀ ਬਣਾਈ ਕੋਈ ਨਾ ਕੋਈ ਚੀਜ਼ ਪਈ ਸੀ। ਇਨ੍ਹਾਂ ਚੀਜ਼ਾਂ ਨੂੰ ਦੇਖ-ਦੇਖ ਲੋਕ ਉਸ ਨੂੰ ਯਾਦ ਕਰ ਕਰ ਹੰਝੂ ਵਹਾਉਂਦੇ ਰਹੇ। ਚਾਚੇ ਦੀਆਂ ਅਣਛਪੀਆਂ ਕਿਰਤਾਂ ਅਤੇ ਇਕੱਠੀਆਂ ਕੀਤੀਆਂ ਕਈਂ ਕਿਤਾਬਾਂ ਨੂੰ ਉਸ ਦੀ ਅੰਤਮ ਅਰਦਾਸ ਪਿੱਛੋਂ ਪਿੰਡ ਦੇ ਪਤਵੰਤੇ ਸੱਜਣਾਂ ਨੇ ਇੱਕ ਖ਼ੂਬਸੂਰਤ ਚਾਦਰ ਵਿੱਚ ਬੰਨ੍ਹ ਕੇ ਉਸ ਦੇ ਚੇਲੇ ਲਾਭ ਸਿੰਘ ਨੂੰ ਸੌਂਪੀਆਂ। ਲਾਭ ਸਿਘ ਨੇ ਬੜੇ ਸਤਿਕਾਰ ਨਾਲ ਹੱਥ ਬੰਨ੍ਹ ਕੇ ਅਤੇ ਸਿਰ ਝੁਕਾ ਕੇ ਇਸ ਅਨਮੋਲ ਖ਼ਜ਼ਾਨੇ ਨੂੰ ਨਮਸਕਾਰ ਕਰ ਕੇ ਆਪਣੇ ਸਿਰ ਉੱਪਰ ਰੱਖਿਆ। ਮੈਨੂੰ ਉਸ ਗਠੜੀ ’ਚੋਂ ਵੀ ਚਾਚੇ ਦੀਆਂ ਥਿਰਕਦੀਆਂ ਉਂਗਲਾਂ ਤੇ ਫਰਕਦੇ ਬੁੱਲ੍ਹਾਂ ਦਾ ਝਾਉਲ਼ਾ ਪੈਂਦਾ ਰਿਹਾ।

# ਮਿਨੀ ਕਹਾਣੀਆਂ

## ਦੁਬਿਧਾ

**ਅਮਨ ਦਾਤੇਵਾਸੀਆ**

ਲੰਮੀ ਕਾਰ ਡਰਾਈਵਿੰਗ ਦੌਰਾਨ ਕਾਰ ਅਤੇ ਖ਼ੁਦ ਨੂੰ ਦਮ ਦਿਵਾਉਣ ਲਈ ਮੈਂ ਕਾਰ ਸੜਕ ਦੇ ਇੱਕ ਪਾਸੇ ਖਤਾਨਾਂ ਕੋਲ ਰੋਕ ਲਈ। ਜ਼ੋਰ ਦੀ ਅੰਗੜਾਈ ਲੈਂਦਿਆਂ ਮੇਰੀ ਨਜ਼ਰ ਝਾੜੀਆਂ ਕੋਲ ਬੇਸਬਰੀ ਨਾਲ ਆਪਣੀ ਮਾਂ ਦਾ ਦੁੱਧ ਚੁੰਘਦੇ ਕਤੂਰੇ ’ਤੇ ਪਈ। ਦੋਵੇਂ ਇਸ ਕੁਦਰਤੀ ਕਿਰਿਆ ਦਾ ਆਨੰਦ ਲੈ ਹੀ ਰਹੇ ਸੀ ਕਿ ਦੂਜਾ ਕਤੂਰਾ ਜਦੋਂ ਦੁੱਧ ਪੀਣ ਲਈ ਅੱਗੇ ਵਧਿਆ ਤਾਂ ਮਾਂ ਉੱਠ ਖੜੋਤੀ। ਦੁੱਧ ਨਾ ਮਿਲਣ ਕਰਕੇ ਉਹ ਕਤੂਰਾ ਹਿੰਸਕ ਹੋ ਗਿਆ ਤੇ ਦੁੱਧ ਪੀ ਹਟੇ ਕਤੂਰੇ ਨੂੰ ਹੂਰੀ ਲੈ ਕੇ ਪੈ ਗਿਆ। ਦੇਖਦੇ ਹੀ ਦੇਖਦੇ ਉਸ ਨੇ ਚੱਕ ਵੱਢਦੇ ਉਸ ਨੂੰ ਬੌਂਦਲਾਅ ਦਿੱਤਾ। ਮਾਂ ਦੁਬਿਧਾ ਵਿੱਚ ਪੈ ਗਈ ਕਿ ਦੋਵਾਂ ਨੂੰ ਕਿੰਵ ਸਮਝਾਵੇ। ਉਸ ਨੇ ਪੀੜਤ ਬੱਚੇ ਨੂੰ ਤੇਜ਼ੀ ਨਾਲ ਆਪਣੀ ਜੀਭ ਨਾਲ ਸਹਿਲਾਇਆ ਤੇ ਦੂਜੇ ਨੂੰ ਕਲਾਵੇ ਵਿੱਚ ਲੈ ਕੇ ਬੈਠ ਗਈ। ਥੋੜ੍ਹੀ ਦੇਰ ਬਾਅਦ ਹਿੰਸਕ ਕਤੂਰਾ ਵੀ ਸ਼ਾਂਤ ਹੋ ਕੇ ਆਪਣੀ ਮਾਂ ਜਾਏ ਨਾਲ ਅਠਖੇਲੀਆਂ ਕਰਨ ਲੱਗਿਆ। ਦੇਖਦੇ ਹੀ ਦੇਖਦੇ ਦੋ ਹੋਰ ਕਤੂਰੇ ਮਾਂ ਦੁਆਲੇ ਘੇਰਾ ਘੱਤ ਦੁੱਧ ਪੀਣ ਲਈ ਉਸ ਵੱਲ ਉੱਲਰੇ। ਮਾਂ ਦੀ ਦੁਬਿਧਾ ਹੋਰ ਵਧ ਗਈ ਕਿ ਬੱਚਿਆਂ ਦੀ ਭੁੱਖ ਕਿਵੇਂ ਸ਼ਾਂਤ ਕਰੇ। ਉਹ ਉਨ੍ਹਾਂ ਨੂੰ ਛੱਡ ਧਰਤੀ ਨੂੰ ਸੁੰਘਦੀ-ਸੁੰਘਦੀ ਪਰ੍ਹਾਂ ਚਲੀ ਗਈ। ਮੈਂ ਆਪਣੀ ਭੁੱਖ ਸ਼ਾਂਤ ਕਰਨ ਲਈ ਕਾਰ ਵਿੱਚ ਪਏ ਬਿਸਕੁਟਾਂ ਦਾ ਪੈਕੇਟ ਖੋਲ੍ਹਿਆ। ਏਨੇ ਨੂੰ ਉਹ ਕਾਰ ਕੋਲ ਆ ਕੇ ਪੂਛ ਹਿਲਾਉਣ ਲੱਗੀ। ਉਸ ਦੇ ਹਾਵ-ਭਾਵ ਦੇਖ ਕੇ ਮੈਨੂੰ ਸਮਝਣ ਵਿੱਚ ਦੇਰ ਨਾ ਲੱਗੀ ਕਿ ਉਸ ਨੂੰ ਖਾਣ ਲਈ ਕੁਝ ਚਾਹੀਦਾ ਹੈ। ਜ਼ੋਰ ਦੀ ਭੁੱਖ ਲੱਗੀ ਹੋਣ ਕਰਕੇ ਮੈਂ ਦੁਬਿਧਾ ਵਿੱਚ ਪੈ ਗਿਆ ਕਿ ਮੈਂ ਆਪਣੀ ਭੁੱਖ ਸਾਂਤ ਕਰਾਂ ਜਾਂ ਉਸ ਦੀ! ਮਨ ਵਿੱਚ ਕਤੂਰਿਆਂ ਦਾ ਚੇਤਾ ਆਉਂਦਿਆਂ ਹੀ ਮੈਂ ਸਾਰੇ ਬਿਸਕੁਟ ਉਸੇ ਨੂੰ ਖੁਆ ਦਿੱਤੇ। ਪਲ ਝਪਕਦਿਆਂ ਹੀ ਮੈਂ ਦੇਖਿਆ ਕਿ ਉਹ ਬੜੇ ਸਕੂਨ ਨਾਲ ਆਪਣੇ ਕਤੂਰਿਆਂ ਨੂੰ ਦੁੱਧ ਪਿਲਾ ਰਹੀ ਸੀ। ਇਹ ਦ੍ਰਿਸ਼ ਦੇਖ ਕੇ ਮੇਰੀ ਭੁੱਖ ਆਪਣੇ ਆਪ ਹੀ ਸ਼ਾਂਤ ਹੋ ਗਈ। ਹੁਣ ਤੱਕ ਮੇਰੀ ਥਕਾਵਟ ਵੀ ਲਹਿ ਗਈ ਸੀ ਤੇ ਮੈਂ ਕਾਰ ਸਟਾਰਟ ਕਰਕੇ ਘਰ ਨੂੰ ਚੱਲ ਪਿਆ।

***

## ਫ਼ਰਕ

**ਗੁਰਤੇਜ ਸਿੰਘ ਖੁਡਾਲ**

“ਕਹਿਣ ਨੂੰ ਤਾਂ ਅੱਜਕੱਲ੍ਹ ਸਾਰੇ ਹੀ ਕਹਿੰਦੇ ਨੇ ਕਿ ਮੁੰਡਾ ਜਾਂ ਕੁੜੀ ਪੈਦਾ ਹੋਵੇ, ਦੋਵਾਂ ਵਿੱਚ ਕੋਈ ਫ਼ਰਕ ਨਹੀਂ ਹੁੰਦਾ! ਪਰ ਇਹ ਸਭ ਕਹਿਣ ਦੀਆਂ ਹੀ ਗੱਲਾਂ ਨੇ। ਸਾਡੇ ਲੋਕ ਅੱਜ ਵੀ ਮੁੰਡੇ ਤੇ ਕੁੜੀ ਵਿੱਚ ਬਹੁਤ ਜ਼ਿਆਦਾ ਫ਼ਰਕ ਸਮਝਦੇ ਹਨ,” ਅਮਰਜੀਤ ਸਿੰਘ ਨੇ ਸੈਰ ਕਰਦੇ ਕਰਦੇ ਕੁਝ ਦੋਸਤਾਂ ਨਾਲ ਆਪਣੀ ਗੱਲ ਸਾਂਝੀ ਕੀਤੀ।

ਰਾਜ ਕੁਮਾਰ ਨੇ ਪੁੱਛਿਆ, “ਕਿਉਂ, ਕੀ ਗੱਲ ਹੋਈ ?” “ਗੱਲ ਕੀ ਹੋਣੀ ਸੀ ਸਾਡੇ ਗੁਆਂਢ ਵਿੱਚ ਰਹਿੰਦੇ ਜਸਕਰਨ ਮਾਸਟਰ ਦੇ ਤਕਰੀਬਨ ਦੋ ਸਾਲ ਪਹਿਲਾਂ ਕੁੜੀ ਹੋਈ, ਉਦੋਂ ਉਨ੍ਹਾਂ ਦੇ ਘਰ ਵਿੱਚ ਬਹੁਤ ਉਦਾਸੀ ਵਾਲਾ ਮਾਹੌਲ ਸੀ! ਜਿਵੇਂ ਕੋਈ ਮਰ ਗਿਆ ਜਾਂ ਬਹੁਤ ਜ਼ਿਆਦਾ ਬਿਮਾਰ ਹੋਵੇ! ਸਾਰੇ ਲੋਕ ਢਿੱਲੇ ਜਿਹੇ ਮੂੰਹ ਬਣਾ ਕੇ ਉਨ੍ਹਾਂ ਦੇ ਘਰੋਂ ਆ ਜਾ ਰਹੇ ਸੀ। ਪਰ ਹੁਣ ਇੱਕ ਹਫ਼ਤਾ ਪਹਿਲਾਂ ਜਸਕਰਨ ਮਾਸਟਰ ਦੇ ਘਰ ਮੁੰਡਾ ਪੈਦਾ ਹੋਇਆ ਹੈ! ਉਸ ਦਿਨ ਤੋਂ ਹੀ ਉਨ੍ਹਾਂ ਦੇ ਘਰ ਵਿੱਚ ਬਹੁਤ ਖ਼ੁਸ਼ੀ ਅਤੇ ਜਸ਼ਨ ਵਾਲਾ ਮਾਹੌਲ ਹੈ। ਜਦੋਂ ਜਸਕਰਨ ਦੀ ਪਤਨੀ ਨੂੰ ਹਸਪਤਾਲ ਤੋਂ ਛੁੱਟੀ ਮਿਲੀ ਤਾਂ ਮੁੰਡੇ ਨੂੰ ਘਰ ਵਿੱਚ ਲਿਆਉਣ ਦਾ ਦ੍ਰਿਸ਼ ਦੇਖਣ ਵਾਲਾ ਸੀ। ਜਿਸ ਗੱਡੀ ਵਿੱਚ ਜੱਚਾ ਬੱਚਾ ਨੂੰ ਲੈ ਕੇ ਆਉਣਾ ਸੀ, ਉਸ ਨੂੰ ਫੁੱਲਾਂ, ਗੁਬਾਰਿਆਂ, ਰਿਬਨਾਂ ਅਤੇ ਗੁਲਦਸਤਿਆਂ ਨਾਲ ਡੋਲੀ ਵਾਲੀ ਗੱਡੀ ਵਾਂਗ ਸ਼ਿੰਗਾਰਿਆ ਹੋਇਆ ਸੀ। ਇੱਕ ਹਫ਼ਤੇ ਤੋਂ ਹੀ ਘਰ ਵਿੱਚ ਢੋਲ ਵੱਜ ਰਹੇ ਹਨ, ਭੰਗੜੇ ਪੈ ਰਹੇ ਹਨ, ਸ਼ਰਾਬਾਂ ਦੇ ਦੌਰ ਚੱਲ ਰਹੇ ਹਨ। ਡੀ.ਜੇ. ਵੱਜ ਰਹੇ ਹਨ। ਉਨ੍ਹਾਂ ਨੇ ਇੱਕ ਹਫ਼ਤੇ ਤੋਂ ਹੀ ਗੁਆਂਢੀਆਂ ਦਾ ਵੀ ਜਿਉਣਾ ਹਰਾਮ ਕੀਤਾ ਹੋਇਆ ਹੈ। ਸਾਰੇ ਗੁਆਂਢੀ ਵੀ ਇਹੀ ਚਰਚਾ ਕਰ ਰਹੇ ਸਨ। ਕੁੜੀ ਹੋਣ ’ਤੇ ਕਿੱਲੋ ਲੱਡੂ ਨਹੀਂ ਵੰਡ ਸਕੇ ਤੇ ਮੁੰਡਾ ਕੀ ਹੋਇਆ ਇੱਕ ਹਫ਼ਤੇ ਤੋਂ ਵਿਆਹ ਵਰਗਾ ਮਾਹੌਲ, ਮੀਟ ਅਤੇ ਸ਼ਰਾਬਾਂ ਦੇ ਦੌਰ ਚੱਲ ਰਹੇ ਹਨ। ਇਹ ਮੁੰਡਾ ਅਤੇ ਕੁੜੀ ਪੈਦਾ ਹੋਣ ਵਿੱਚ ਫ਼ਰਕ ਨਹੀਂ ਤਾਂ ਹੋਰ ਕੀ ਹੈ ?”

# ਮੇਰੀ ਕਲਮ

## ਹੜ੍ਹਾਂ ਦੀ ਮਾਰ
ਹਰਪ੍ਰੀਤ ਪੱਤੋ



ਕਿਧਰੇ ਪਾਣੀ ਲੋਕਾਂ ਨੂੰ ਹੜ੍ਹੀ ਜਾਵੇ,
ਕਿਤੇ ਮਾਰੀ ਜਾਂਦੀ ਸੋਕ ਮੀਆਂ।
ਕੁਝ ਤਰਸਣ ਪਾਣੀ ਦੀ ਬੂੰਦ ਤਾਈਂ,
ਕੁਝ ਘਿਰੇ ਪਾਣੀ ਵਿੱਚ ਲੋਕ ਮੀਆਂ।
ਖ਼ਾਸ ਕਰਕੇ ਪਹਾੜੀਂ ਮੀਂਹ ਆਉਂਦੇ,
ਵਿੱਚ ਮੈਦਾਨਾਂ ਹੁੰਦਾ ਨਾ ਰੋਕ ਮੀਆਂ।
ਹੜ੍ਹ ਜਾਂਦੇ ਘਰ ਬਾਰ ਸੁੱਤਿਆਂ ਦੇ,
ਭੇਡਾਂ ਬੱਕਰੀਆਂ ਸਣੇ ਬੋਕ ਮੀਆਂ।
ਨਾ ਜਾਓ ਬਰਸਾਤੀਂ ਪਹਾੜੀਆਂ 'ਤੇ,
ਮਹਿੰਗੇ ਪੈਂਦੇ ਉੱਥੋਂ ਦੇ ਕੋਕ ਮੀਆਂ।
ਬੱਦਲ ਫੱਟਦੇ ਪਹਾੜਾਂ ਨਾਲ ਲੱਗ ਕੇ,
ਦਿੰਦੇ ਪਰਿਵਾਰਾਂ ਨੂੰ ਮੌਤ ਮੂੰਹ ਝੋਕ ਮੀਆਂ।
ਫ਼ਸਲ ਪੱਕੀ ਕਿਉਂ ਤੁਸੀਂ ਉਜਾੜ ਦਿੰਦੇ,
ਦੁੱਖ ਦਿੰਦੀ ਪਿੱਛੋਂ ਫਿਰ ਫੋਕ ਮੀਆਂ।
ਰੁੱਤ ਚੰਗੀ ਹੋਵੇ ਘਰੋਂ 'ਪੱਤੋ' ਤਾਂ ਤੁਰੀਏ,
ਕਰੁੱਤੀ ਲੱਗਦੀ ਸੀਨੇ 'ਤੇ ਨੋਕ ਮੀਆਂ।

## ਨਸ਼ੇ ਦੇ ਸੌਦਾਗਰ
ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ



ਪੰਜਾਬ ਨੂੰ ਕੋਈ ਇਹੋ ਜਿਹੀ, ਬਣਵਾ ਦਿਓ ਗਾਗਰ ਮੀਆਂ
ਜਿਸ ਵਿੱਚ ਬੰਦ ਹੋ ਜਾਣ, ਨਸ਼ੇ ਦੇ ਸਾਰੇ ਸੌਦਾਗਰ ਮੀਆਂ
ਨਾ ਕਿਸੇ ਦਾ ਪੁੱਤ ਮਰੇ, ਨਾ ਕਿਸੇ ਸੁਹਾਗਣ ਦਾ ਪਤੀ ਮਰੇ
ਸਾਰੇ ਹੱਸਣ ਖੇਡਣ, ਹੋਵੇ ਨਾ ਕਿਸੇ ਦਾ ਦੁੱਖ ਉਜਾਗਰ ਮੀਆਂ
ਵੇਖੋ ਚਾਰ ਚੁਫ਼ੇਰੇ ਖ਼ੂਨ ਦੀਆਂ ਵਗਣ ਲੱਗ ਪਈਆਂ ਨਦੀਆਂ
ਖ਼ੂਨ ਨਾਲ ਲਾਲੋ ਲਾਲ ਹੋ ਕੇ, ਲਾਲ ਕਰਤੇ ਸਾਗਰ ਮੀਆਂ
ਗੁਰੂਆਂ ਪੀਰਾਂ ਦਾ ਵਸਾਇਆ ਹੋਇਆ ਹੈ ਪੰਜਾਬ ਸੋਹਣਾ
ਕਹੇ ਜਸਵਿੰਦਰ ਕਰੀਏ ਅਰਦਾਸ ਹੋ ਕੇ ਇਕਾਗਰ ਮੀਆਂ।

## ਗ਼ਜ਼ਲ
ਬਲਵਿੰਦਰ ਬਾਲਮ ਗੁਰਦਾਸਪੁਰ

ਕਿੰਨੇ ਸੱਜਣ ਦੂਰ ਗਏ ਨੇ ਕਿੰਨੇ ਕੁ ਨਜ਼ਦੀਕ ਰਹੇ।
ਸੋਚ ਰਿਹਾ ਹਾਂ ਕਿੰਨੇ ਤੁਰ ਗਏ ਕਿੰਨੇ ਬਾਕੀ ਠੀਕ ਰਹੇ।
ਅਗਰ ਜ਼ਰੂਰਤ ਪੈ ਗਈ ਏ ਆਪਾਂ ਸਭ ਦਾ ਸਾਥ ਨਿਭਾਇਆ,
ਜੀਵਨ ਦੇ ਵਿੱਚ ਬੇਸ਼ੱਕ ਆਪਾਂ ਹਾਸ਼ੀਏ ਵਾਲੀ ਲੀਕ ਰਹੇ।
ਜਿਹੜੇ ਲੋਕੀਂ ਰਾਹ ਦਸੇਰਾ ਉਨ੍ਹਾਂ ਸ਼ੋਭਾ ਪਾਉਣੀ ਏ,
ਜੁਗਨੂੰ, ਦੀਪਕ, ਸੂਰਜ, ਤਾਰੇ ਨ੍ਹੇਰੇ ਦੇ ਪ੍ਰਤੀਕ ਰਹੇ।
ਤੇਜ਼ ਹਵਾਵਾਂ ਨੇ ਰੁੱਖਾਂ ਨੂੰ ਏਦਾਂ ਦੀ ਆਵਾਜ਼ ਹੈ ਬਖ਼ਸ਼ੀ,
ਬੰਦ ਗੁਫ਼ਾਵਾਂ ਦੇ ਵਿੱਚ ਰਹਿ ਕੇ ਜਿੰਦਾਂ ਲੋਕੀਂ ਚੀਕ ਰਹੇ।
ਨਾ ਉਡੀਕਾਂ ਨਾ ਉਮੀਦਾਂ ਨਾ ਮੰਗੀ ਮਦਦ ਕਿਸੇ ਤੋਂ,
ਮੇਰੇ ਦੁੱਖ ਵਿੱਚ ਮੇਰੇ ਹਾਸੇ ਅਪਣੇ ਆਪ ਸ਼ਰੀਕ ਰਹੇ।
ਫੁੱਲਾਂ ਉੱਤੇ ਸ਼ਬਨਮ ਏਦਾਂ ਪੱਥਰ ਹੋ ਕੇ ਰਹਿ ਗਈ ਏ,
ਅੱਜ ਵੀ ਤੜਕ ਸਵੇਰੇ ਤੈਨੂੰ ਗੁਲਸ਼ਨ ਵਿੱਚ ਉਡੀਕ ਰਹੇ।
ਮੇਰੀ ਇਹ ਕਮਜ਼ੋਰੀ ਨਈਂ ਏ ਸਿਰਫ਼ ਤਿਰਾ ਰਾਜ਼ ਛੁਪਾਇਆ,
ਮੇਰੇ ਹੰਝੂ ਤਾਂ ਹੀ ਦਿਲ ਵਿੱਚ ਰੁਕ ਕੇ ਪਲਕਾਂ ਤੀਕ ਰਹੇ।
ਹਾਕਮ ਦੇ ਦਰਬਾਰ 'ਚ ਸਾਰੇ ਨੇਤਾ ਅੰਨ੍ਹੇ ਬੋਲ਼ੇ ਨੇ,
ਬਸਤੀ ਦੇ ਵਿੱਚ ਕੀ ਕੁਝ ਹੋਇਆ ਕਿਉਂ ਲੋਕੀਂ ਫਿਰ ਚੀਕ ਰਹੇ।
ਬਾਲਮ ਉਹੋ ਹਰ ਸੱਚੇ ਵਿੱਚ ਢਲ ਨਾ ਹੋਏ ਆਖ਼ਿਰ ਤਕ,
ਜਿਹੜੇ ਲੋਕ ਵਿਚਾਰਾਂ ਅੰਦਰ ਰੇਤੇ ਵਾਂਗ ਬਾਰੀਕ ਰਹੇ।

## ਗ਼ਜ਼ਲ
ਰੋਜ਼ੀ ਸਿੰਘ

ਉਹ ਜੋ ਸ਼ਾਮ ਸੀ ਤੇਰੇ ਸ਼ਹਿਰ ਦੀ, ਮੇਰੇ ਸੁਪਨਿਆਂ ਵਿੱਚ ਆ ਗਈ।
ਇੱਕ ਨਸ਼ਾ ਰਗਾਂ 'ਚ ਉੱਤਰ ਗਿਆ, ਨਜ਼ਰ 'ਚ ਮਸਤੀ ਸਮਾ ਗਈ।
ਜਿਹੜੀ ਬਾਤ ਉਸਨੇ ਸੁਣੀ ਨਹੀਂ, ਮੇਰੀ ਉਮਰ ਭਰ ਦੀ ਸੀ ਜੁਸਤਜੂ,
ਉਹ ਘੜੀ ਦੋ ਪਲ ਦੀ ਸੀ ਆਰਜ਼ੂ ਮੈਨੂੰ ਖ਼ਾਬ ਕੀ-ਕੀ ਦਿਖਾ ਗਈ।
ਮੈਥੋਂ ਖ਼ਤ 'ਚ ਨਾ ਸਿਮਟ ਸਕੇ, ਮੇਰੇ ਦਿਲ 'ਚ ਜੋ ਵੀ ਸਵਾਲ ਸਨ,
ਤੇਰੇ ਦਿਲ 'ਚ ਸੀ ਜੋ ਨਾਰਾਜ਼ਗੀ, ਉਹ ਤਾਂ ਨੀਂਦ ਮੇਰੀ ਉਡਾ ਗਈ।
ਤੇਰਾ ਪਿਆਰ ਮੇਰਾ ਇਮਾਨ ਹੈ, ਮੇਰੇ ਦਿਲ 'ਚ ਤੇਰਾ ਸਥਾਨ ਹੈ,
ਮੇਰੀ ਤਾਂ ਤਬੀਅਤ ਬਦਲ ਗਈ, ਦਿਲ ਦੀ ਜ਼ਮੀਂ ਨਸ਼ਿਆ ਗਈ।
ਤੇਰੀ ਯਾਦ ਦਾ ਇਹ ਜੋ ਸਿਲਸਿਲਾ, ਮੇਰੇ ਜੀਣ ਦੇ ਲਈ ਏ ਹੌਂਸਲਾ,
ਮੇਰੇ ਮਨ 'ਚ ਸੀ ਜੋ ਵੀ ਦਾਸਤਾਨ ਉਹ ਤੇਰੀ ਜ਼ੁਬਾਨ 'ਤੇ ਆ ਗਈ।
ਉਹਦਾ ਵਾਹ ਰਕੀਬਾਂ ਦੇ ਨਾਲ ਹੈ, ਮੈਨੂੰ ਇਹੋ ਤਾਂ ਬਸ ਮਲਾਲ ਹੈ,
ਘੁਣ ਵਾਂਙ ਉਸ ਦੀ ਇਹ ਬੇਰੁਖ਼ੀ, ਮੈਨੂੰ ਖਾਂਦੀ ਖਾਂਦੀ ਖਾ ਗਈ।

## ਮੀਂਹ ਦਾ ਨਜ਼ਾਰਾ
ਰਣਜੀਤ ਆਜ਼ਾਦ ਕਾਂਝਲਾ



ਮੀਂਹ ਵਰ੍ਹਾ ਦੇ! ਝੜੀਆਂ ਲਾ ਦੇ!
ਦਾਤਾ! ਰਮਣੀਕ ਮੌਸਮ ਬਣਾ ਦੇ!
ਕੜਾਹੀ ਵਿੱਚ ਤੇਲ ਪਾ ਤਪਾਵਾਂਗੇ!
ਗੁਲਗਲੇ-ਪਕੌੜੇ ਤਲ ਕੇ ਖਾਵਾਂਗੇ...।
ਮੀਂਹ ਪਏ ਤੇ ਸਭਨਾਂ ਘਰ ਖ਼ੁਸ਼ੀ!
ਮੁੰਡੇ ਜੰਮੇ ਦੀ, ਇੱਕ ਘਰ ਖ਼ੁਸ਼ੀ!
ਨੱਚ-ਟੱਪ ਕੇ ਭੰਗੜਾ ਪਾਵਾਂਗੇ!
ਖਾਧੇ ਹੋਏ ਗੁਲਗਲੇ ਪਚਾਵਾਂਗੇ...!
ਤਪੀ ਧਰਤੀ ਦਾ ਸੀਨਾ ਠਾਰ ਦੇ!
ਐਸੀ ਮੋਟੀ ਭਾਰੀ ਧਾਰ ਮਾਰ ਦੇ!
ਕੁਦਰਤ ਰਾਣੀ ਸੰਗ ਗਿੱਧਾ ਪਾਵਾਂਗੇ!
ਖਾਧੇ ਗੁਲਗਲੇ ਪਕੌੜੇ ਕੱਢ ਆਵਾਂਗੇ...!
ਬਨਸਪਤੀ ਹਰੀ ਕਚੂਰ ਨਜ਼ਰ ਚੜ੍ਹੇ।
ਮੀਂਹ ਵਰ੍ਹਾ ਕੇ, ਰਜਾ ਦੇ ਮੈਦਾਨ ਰੜੇ!
ਹਰਿਆਲੀ ਵਿੱਚ ਮਸਤ ਹੋ ਗਾਵਾਂਗੇ!
ਚਟਨੀ ਨਾਲ ਖਾਧੇ ਪਕੌੜੇ ਪਚਾਵਾਂਗੇ...!
ਬੀਂਡੇ ਭੌਰੇ ਪਪੀਹੇ ਰਾਗ ਸੁਣਾਉਣਗੇ!
ਖ਼ੁਸ਼ੀ ਵਿੱਚ ਖੀਵੇ ਹੋਏ ਚੱਕਰ ਲਾਉਣਗੇ!
ਖਾ ਖਾ ਪਕੌੜੇ ਡੰਡ ਬੈਠਕਾਂ ਲਾਵਾਂਗੇ!
ਖਾਧੇ ਗੁਲਗੁਲੇ-ਪਕੌੜੇ ਪਚਾਵਾਂਗੇ...!!
ਤਪਸ਼ ਦਿਲਾਂ ਵਿਚਲੀ ਦਾਤਾ ਠਾਰ ਦਿਉ!
ਜਨਤਾ ਦੀ ਅਰਜ਼ੀ ਨੂੰ ਕਰ ਸਵੀਕਾਰ ਲਉ!

## ਮੌਨਸੂਨ
ਮੁਨੀਸ਼ ਭਾਟੀਆ



ਦਿਲ ਨੂੰ ਰੋਸ਼ਨ ਕਰਨ ਲਈ,
ਇੱਕ ਨਵੀਂ ਰੋਸ਼ਨੀ ਬਣ ਕੇ,
ਖ਼ਾਬਾਂ ਦੀ ਧੁੱਪ ਵਿੱਚ ਵਰ੍ਹੇ,
ਉਹ ਠੰਡੀ ਚਾਂਦਨੀ ਬਣ ਕੇ,
ਮੁੜ ਆਵੀਂ ਜੀਵਨ ਵਿੱਚ,
ਫਿਰ ਤੋਂ ਮੌਨਸੂਨ ਦੀ ਤਰ੍ਹਾਂ...!
ਮਨ ਦੀਆਂ ਸੁੰਨੀਆਂ ਗਲੀਆਂ ਵਿੱਚ,
ਕੁਝ ਮਿੱਠੀ ਜਿਹੀ ਕਹਾਣੀ ਬਣ,
ਅਣਕਹੀਆਂ ਗੱਲਾਂ ਦੇ ਵਿੱਚ,
ਕੋਈ ਪਿਆਰ ਨਿਸ਼ਾਨੀ ਬਣ,
ਮੁੜ ਆਵੀਂ ਜੀਵਨ ਵਿੱਚ,
ਫਿਰ ਤੋਂ ਮੌਨਸੂਨ ਦੀ ਤਰ੍ਹਾਂ...!
ਥੋੜ੍ਹਾ ਯਕੀਨ ਕਾਫ਼ੀ ਹੈ,
ਟੁੱਟੇ ਦਿਲ ਨੂੰ ਜੋੜਨ ਲਈ,
ਥੋੜ੍ਹੀ ਜਿਹੀ ਆਸ ਵੀ ਬਹੁਤ,
ਰਾਹਾਂ ਫਿਰ ਤੋਂ ਜੋੜਨ ਲਈ,
ਮੁੜ ਆਵੀਂ ਜੀਵਨ ਵਿੱਚ,
ਫਿਰ ਤੋਂ ਮੌਨਸੂਨ ਦੀ ਤਰ੍ਹਾਂ...!
ਮੇਰੇ ਖ਼ਿਆਲ ਦੇ ਵਿਹੜੇ ਵਿੱਚ,
ਹੁਣ ਵੀ ਹੈ ਤੇਰਾ ਬਸੇਰਾ,
ਤੇਰੀਆਂ ਯਾਦਾਂ ਬੋਲਦੀਆਂ ਹਨ,
ਹਰ ਪਲ, ਹਰ ਇੱਕ ਸਵੇਰਾ,
ਮੁੜ ਆਵੀਂ ਜੀਵਨ ਵਿੱਚ,
ਫਿਰ ਤੋਂ ਮੌਨਸੂਨ ਦੀ ਤਰ੍ਹਾਂ...!
ਸ਼ਿਕਵੇ ਵੀ ਹਨ, ਸ਼ਿਕਾਇਤ ਵੀ,
ਪਰ ਦਿਲ ਵਿੱਚ ਹੈ ਜਗ੍ਹਾ ਤੇਰੀ,
ਹਰ ਮੌਸਮ ਵਿੱਚ ਤੈਨੂੰ ਲੱਭੇ,
ਇਹ ਤਨਹਾ ਜਿਹੀ ਨਜ਼ਰ ਮੇਰੀ,
ਮੁੜ ਆਵੀਂ ਜੀਵਨ ਵਿੱਚ,
ਫਿਰ ਤੋਂ ਮੌਨਸੂਨ ਦੀ ਤਰ੍ਹਾਂ...!

## ਇੱਕ ਤਿਣਕਾ
ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308



ਇੱਕ ਤਿਣਕਾ, ਜ਼ਰਾ ਕਮਜ਼ੋਰ ਜਿਹਾ,
ਕੁੱਝ ਸ਼ੋਖ਼ ਜਿਹਾ, ਮੂੰਹ ਜ਼ੋਰ ਜਿਹਾ।
ਸ਼ੱਕ ਹੋਵੇ ਜਿੱਥੇ, ਉਹ ਜਾ ਖੜ੍ਹਦੈ,
ਝੂਠੇ ਦੀ ਦਾੜ੍ਹੀ 'ਚ, ਵੀ ਜਾ ਵੜਦੈ।
ਸੱਚ ਬੋਲਣਾ ਉਸ ਦਾ, ਹੈ ਖਾਸਾ,
ਨਹੀਂ ਫ਼ਰਜ਼ੋਂ ਮੋੜਦਾ, ਕਦੇ ਪਾਸਾ।
ਲੱਖ ਲਿਤਾੜਿਆ ਗਿਆ, ਪਿਛਾੜਿਆ ਗਿਆ,
ਕਿਤੇ ਝੰਬਿਆ ਗਿਆ, ਕਿਤੇ ਸਾੜਿਆ ਗਿਆ।
ਤਕੜੇ ਦੇ ਜ਼ੋਰ ਨਾਲ਼, ਝੁਕਿਆ ਨਹੀਂ,
ਸੱਚ ਕਹਿਣੋਂ ਕਦੀ, ਉਹ ਰੁਕਿਆ ਨਹੀਂ।
ਠੱਲ੍ਹ ਪਾ ਦੇਵੇ ਜਿੱਥੇ, ਰੁਕੇ ਤਣ ਕੇ,
ਮੋੜੇ ਦਰਿਆਵਾਂ ਦੇ, ਰੁੱਖ ਠਣ ਕੇ।
ਪਰ ਹੰਕਾਰ ਨਹੀਂ, ਫੁੰਕਾਰ ਨਹੀਂ,
ਕਿਸੇ ਮਦਦ ਦਾ ਕੋਈ, ਇੰਤਜ਼ਾਰ ਨਹੀਂ।
ਬੱਸ ਮਾਣ ਹੈ, ਆਪਣੀ ਕਰਨੀ 'ਤੇ,
ਨਿਰਮਾਣੀ ਜਿਹੀ, ਹਠਧਰਮੀ 'ਤੇ।

## ਮਾਂ
ਅਮਨਦੀਪ ਕੌਰ ਹਾਕਮ ਸਿੰਘ ਵਾਲਾ

ਘਰ ਵਿੱਚ ਮਾਂ ਉਡੀਕੇ ਤੈਨੂੰ
ਤੂੰ ਉੱਚੀਆਂ ਚੜ੍ਹੇਂ ਚੜ੍ਹਾਈਆਂ
ਦੇਵੀ ਤੇਰੇ ਘਰ ਦੇ ਅੰਦਰ
ਤੂੰ ਬਾਹਰੋਂ ਆਸਾਂ ਲਾਈਆਂ
ਤਪਦੇ ਕਾਲ਼ਜੇ ਠਾਰ ਨਾ ਸਕਿਆ
ਵਿਅਰਥ ਛਬੀਲਾਂ ਲਾਈਆਂ
ਦੋ ਟੁੱਕ ਮੰਗਦੇ ਬੁੱਢੇ ਮਾਪੇ
ਤੂੰ ਅੱਖਾਂ ਕੱਢ ਵਿਖਾਈਆਂ
ਮਨ ਵਿੱਚ ਤੇਰੇ ਘੁੱਪ ਹਨੇਰਾ
ਕਿਸੇ ਕੰਮ ਨਾ ਜੋਤਾਂ ਜਗਾਈਆਂ
ਮਲ਼ ਮਲ਼ ਕੇ ਤੂੰ ਨਿੱਤ ਨਹਾਵੇਂ
ਮਨੋਂ ਮੈਲਾਂ ਕਦੇ ਨਾ ਲਾਹੀਆਂ
ਵੇਖ ਕੇ ਕਲਯੁੱਗ ਮਨ ਭਰ ਆਉਂਦੈ
ਖੌਰੇ ਕਿਹੜੀਆਂ ਰੁੱਤਾਂ ਆਈਆਂ
ਝੂਠ ਨਹੀਂ ਇਹ ਸੱਚ ਹੈ ਕੋਰਾ
ਲਿਖ ਜੋ ਸਤਰਾਂ ਦੀਪ ਨੇ ਪਾਈਆਂ
* * *

## ਗ਼ਜ਼ਲ
ਗੁਰਜੀਤ ਸਿੰਘ ਟਿਵਾਣਾ

ਭੀੜਾਂ ਵਿੱਚੋਂ ਨਿਕਲ ਕੇ ਨਾਮ ਯਾਰੋ ਬਣਦਾ।
ਜੋ ਹੈ ਤੂਫ਼ਾਨਾਂ ਅੱਗੇ ਹਿੱਕ ਤਾਣ ਖੜ੍ਹਦਾ।
ਮਾੜਾ ਸਮਾਂ ਦੇਖ ਕੇ ਹੌਸਲਾ ਨਾ ਛੱਡੀਂ,
ਮਿਹਨਤੀ ਬੰਦੇ ਨਾਲ ਆਪ ਰੱਬ ਖੜ੍ਹਦਾ।
ਮਾੜਾ ਕੰਮ ਕਰੀਂ ਨਾ ਤੇ ਮਾੜਾ ਕੰਮ ਜਰੀਂ ਨਾ,
ਚੰਗਿਆਈ ਵਾਲਾ ਸੂਰਜ ਆਪੇ ਫੇਰ ਚੜ੍ਹਦਾ।
ਸੋਚ ਆਪਣੀ ਸਦਾ ਹੀ ਉੱਚੀ ਰੱਖੀਂ ਟਿਵਾਣੇ,
ਨੀਵੀਂ ਸੋਚ ਵਾਲੇ ਦੀ ਕੋਈ ਉਂਗਲ ਨਹੀਂ ਫੜਦਾ।

## ਪਰਛਾਵੇਂ
ਬਲਤੇਜ ਸੰਧੂ ਬੁਰਜ ਲੱਧਾ

ਤੂੰ ਸਾਡਾ ਏਂ ਸੱਜਣ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ
ਮਨ ਨਹੀਂ ਮੰਨਦਾ ਫੇਰ ਵੀ ਤੇਰੇ ਸੰਗ ਰਹਿਣਾ ਪੈ ਰਿਹਾ
ਪਲ ਪਲ ਮਰਦੇ ਟੁੱਟਦੇ ਢਹਿੰਦੇ ਹਾਂ ਤੇਰੇ ਦਿੱਤੇ ਜ਼ਖ਼ਮਾਂ ਤੋਂ
ਫੱਟ ਲੱਗੇ ਨੇ ਡੂੰਘੇ ਬੜਾ ਰੂਹ ਨੂੰ ਦਰਦ ਸਹਿਣਾ ਪੈ ਰਿਹਾ
ਤੂੰ ਸਾਡਾ ਹੋ ਕੇ ਵੀ ਯਾਰਾ ਕਦੇ ਸਾਡਾ ਨਹੀਂ ਬਣਿਆ
ਸਿੱਲੀ ਅੱਖ ਤੇ ਰੋਂਦੇ ਦਿਲ ਨੂੰ ਆਖ਼ਰ ਕਹਿਣਾ ਪੈ ਰਿਹਾ
ਅਸੀਂ ਰੂਹ ਤੋਂ ਚਾਹੁੰਦੇ ਸੀ ਤੂੰ ਪਿਆਰ ਹੀ ਜਿਸਮਾਂ ਨੂੰ ਕਰਦਾ ਸੀ
ਏਸੇ ਕਰਕੇ ਹੀ ਸੱਜਣਾ ਚੰਦਰੇ ਵਕ ?ਤ ਦੇ ਹੱਥੋਂ ਢਹਿਣਾ ਪੈ ਰਿਹਾ
ਬੇਗਾਨਿਆਂ ਤੋਂ ਵੱਧ ਖ਼ਤਰਾ ਅੱਜਕੱਲ੍ਹ ਆਪਣਿਆਂ ਤੋਂ ਲੱਗਦਾ ਏ
ਏਸੇ ਕਰਕੇ ਜਿੰਦੜੀ ਨੂੰ ਦੁੱਖਾਂ ਦੇ ਪਰਛਾਵੇਂ ਸੰਗ ਬਹਿਣਾ ਪੈ ਰਿਹਾ
ਹੱਥੀਂ ਦੇ ਕੇ ਪਾਣੀ ਜਦ ਮਾਲੀ ਹੀ ਕੁਚਲ ਜਾਵੇ ਫੁੱਲਾਂ ਨੂੰ
ਤਾਂ ਹੀ ਬਗੀਚੀ ਨੂੰ ਕੰਡਿਆਲੀ ਤਾਰ ਦਾ ਸਹਾਰਾ ਲੈਣਾ ਪੈ ਰਿਹਾ
ਕੀ ਦੋਸ਼ ਕਿਸੇ ਨੂੰ ਏਥੇ ਆਪਣੇ ਛੁਰੀਆਂ ਪਿੱਠ ਪਿੱਛੇ ਚਲਾਉਂਦੇਨੇ
ਤਾਹੀਓਂ ਪੈਰ ਪੈਰ 'ਤੇ ਲੱਧੇ ਵਾਲੇ ਸੰਧੂਆ ਧੋਖਾ ਸਹਿਣਾ ਪੈ ਰਿਹਾ।
* * *

# ਪੰਜਾਬ ਦੇ ਸਾਰੇ ਪਿੰਡਾਂ ਵਿੱਚ ਖੇਡ ਮੈਦਾਨ ਬਣਾਉਣ ਦੀ ਯੋਜਨਾ ਤਿਆਰ


## ਪੰਜਾਬ ਦੇ 3,073 ਪਿੰਡਾਂ ਵਿੱਚ ਖੇਡ ਮੈਦਾਨ ਬਣਾਉਣ ਦਾ ਕੰਮ ਸ਼ੁਰੂ

ਪੰਜਾਬ ਸਰਕਾਰ ਨੇ ਸੂਬੇ ਦੇ ਖਿਡਾਰੀਆਂ ਨੂੰ ਉਲੰਪਿਕ ਅਤੇ ਹੋਰ ਵਿਸ਼ਵ ਪੱਧਰੀ ਖੇਡ ਮੁਕਾਬਲਿਆਂ ਦੇ ਯੋਗ ਬਣਾਉਣ ਲਈ ਸੂਬੇ ਦੇ ਸਾਰੇ ਪਿੰਡਾਂ ਵਿੱਚ ਖੇਡ ਮੈਦਾਨ ਬਣਾਉਣ ਦੀ ਯੋਜਨਾ ਤਿਆਰ ਕੀਤੀ ਹੈ। ਇਸ ਯੋਜਨਾ ਤਹਿਤ ਸੂਬੇ ਦੇ 13 ਹਜ਼ਾਰ ਪਿੰਡਾਂ ਵਿੱਚੋਂ 3,073 ਪਿੰਡਾਂ ਵਿੱਚ ਖੇਡ ਮੈਦਾਨਾਂ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ ਹੈ, ਜਿਸ ਨੂੰ ਜਲਦ ਹੀ ਨੇਪਰੇ ਚਾੜ੍ਹ ਦਿੱਤਾ ਜਾਵੇਗਾ।



ਇਸ ਗੱਲ ਦਾ ਪ੍ਰਗਟਾਵਾ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਦੂਜੇ ਪੜਾਅ ਵਿੱਚ ਹੋਰਨਾਂ ਚਾਰ ਹਜ਼ਾਰ ਦੇ ਕਰੀਬ ਪਿੰਡਾਂ ਵਿੱਚ ਖੇਡ ਮੈਦਾਨ ਬਣਾਉਣੇ ਸ਼ੁਰੂ ਕੀਤੇ ਜਾਣਗੇ। ਸ੍ਰੀ ਸੌਂਦ ਨੇ ਕਿਹਾ ਕਿ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਸਦਕਾ ਸੂਬੇ ਦੇ ਹਾਲਾਤ ਹੁਣ ਦਿਨ-ਬ-ਦਿਨ ਬਦਲ ਰਹੇ ਹਨ। ਖੇਡ ਮੈਦਾਨਾਂ ਦੇ ਕਾਰਜਸ਼ੀਲ ਹੋਣ ਤੋਂ ਬਾਅਦ ਨੌਜਵਾਨ ਨਸ਼ਿਆਂ ਦਾ ਸਦਾ ਲਈ ਤਿਆਗ ਕਰਕੇ ਖੇਡਾਂ ਨਾਲ ਜੁੜਨਗੇ। ਨੌਜਵਾਨਾਂ ਦੀ ਦਿਲਚਸਪੀ ਖੇਡਾਂ ਵਿੱਚ ਜਾਗੇਗੀ ਅਤੇ ਉਹ ਨਸ਼ਿਆਂ ਵਰਗੀਆਂ ਬੁਰੀਆਂ ਆਦਤਾਂ ਤੋਂ ਆਪ ਮੁਹਾਰੇ ਹੀ ਦੂਰ ਹੋ ਜਾਣਗੇ। ਉਨ੍ਹਾਂ ਕਿਹਾ ਕਿ ਪੁਰਾਣੇ ਸਮੇਂ ਤੋਂ ਵੱਖ-ਵੱਖ ਖੇਡਾਂ ਦੀਆਂ ਦੇਸ਼ ਪੱਧਰੀ ਟੀਮਾਂ ਵਿੱਚ ਪੰਜਾਬ ਦੇ ਖਿਡਾਰੀ ਵੱਡੀ ਗਿਣਤੀ ਵਿੱਚ ਰਹੇ ਹਨ। ਹੁਣ ਵੀ ਹਾਕੀ ਦੀ ਟੀਮ ਵਿੱਚ ਪੰਜਾਬ ਦੇ ਖਿਡਾਰੀ ਦੇਸ਼ ਦਾ ਨਾਮ ਦੁਨੀਆ ਭਰ ਵਿੱਚ ਰੌਸ਼ਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਗੁਆਚੀ ਸ਼ਾਨ ਬਹਾਲ ਕਰਨ ਸਬੰਧੀ ਆਪਣੇ ਯਤਨਾਂ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

## ਸਾਰਾ ਤੇ ਵਵਾਸੋਰੀ ਨੇ ਯੂ.ਐੱਸ. ਓਪਨ ਟੈਨਿਸ ਟੂਰਨਾਮੈਂਟ 'ਚ ਮਿਕਸਡ ਡਬਲਜ਼ ਦਾ ਖ਼ਿਤਾਬ ਬਰਕਰਾਰ ਰੱਖਿਆ



ਨਿਊਯਾਰਕ/ਏ.ਟੀ.ਨਿਊਜ਼: ਸਾਰਾ ਇਰਾਨੀ ਤੇ ਐਂਡਰੀਆ ਵਵਾਸੋਰੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਿਛਲੇ ਦਿਨੀਂ ਰਾਤ ਸਮੇਂ ਖੇਡੇ ਗਏ ਫਾਈਨਲ 'ਚ ਜਿੱਤ ਦਰਜ ਕਰਕੇ ਯੂ.ਐੱਸ. ਓਪਨ ਟੈਨਿਸ ਟੂਰਨਾਮੈਂਟ 'ਚ ਮਿਕਸਡ ਡਬਲਜ਼ ਦਾ ਖ਼ਿਤਾਬ ਬਰਕਰਾਰ ਰੱਖਿਆ ਹੈ।

ਇਟਲੀ ਦੀ ਇਸ ਜੋੜੀ ਨੇ ਖ਼ਿਤਾਬੀ ਮੁਕਾਬਲੇ 'ਚ ਇਗਾ ਸਵਿਆਤੇਕ ਤੇ ਕੈਸਪਰ ਰੁੱਡ ਦੀ ਜੋੜੀ ਨੂੰ 6-3, 5-7 (10-6) ਨਾਲ ਹਰਾਇਆ ਅਤੇ ਦੋ ਦਿਨਾਂ 'ਚ ਚਾਰ ਮੈਚ ਜਿੱਤ ਕੇ 10 ਲੱਖ ਡਾਲਰ ਦੀ ਇਨਾਮੀ ਰਾਸ਼ੀ ਹਾਸਲ ਕੀਤੀ ਜੋ ਪਿਛਲੇ ਸਾਲ ਉਨ੍ਹਾਂ ਨੂੰ ਮਿਲੀ ਪੁਰਸਕਾਰ ਰਾਸ਼ੀ ਤੋਂ ਕਿਤੇ ਜ਼ਿਆਦਾ ਹੈ। ਇਰਾਨੀ ਤੇ ਵਵਾਸੋਰੀ ਉਨ੍ਹਾਂ ਕਈ ਖਿਡਾਰੀਆਂ 'ਚ ਸ਼ਾਮਲ ਸਨ, ਜਿਨ੍ਹਾਂ ਨੇ ਪਹਿਲਾਂ ਇਸ ਨਵੇਂ ਫਾਰਮੈਟ ਦੀ ਆਲੋਚਨਾ ਕੀਤੀ ਸੀ ਪਰ ਚੈਂਪੀਅਨ ਬਣਨ ਮਗਰੋਂ ਉਹ ਖੁਸ਼ ਨਜ਼ਰ ਆ ਰਹੇ ਸਨ। ਵਵਾਸੋਰੀ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਇੰਨੇ ਜ਼ਿਆਦਾ ਦਰਸ਼ਕਾਂ ਸਾਹਮਣੇ ਇਸ ਮੈਦਾਨ 'ਚ ਖੇਡਣਾ ਸ਼ਾਨਦਾਰ ਸੀ ਅਤੇ ਮੈਂ ਇਸ ਮਾਹੌਲ ਲਈ ਤਹਿ ਦਿਲੋਂ ਧੰਨਵਾਦ ਕਰਦਾ ਹਾਂ।"

# ਮਹਿਲਾ ਏਸ਼ੀਆ ਹਾਕੀ ਕੱਪ ਲਈ 20 ਮੈਂਬਰੀ ਭਾਰਤੀ ਹਾਕੀ ਟੀਮ ਦੀ ਚੋਣ

## ਮਿਡਫੀਲਡਰ ਸਲੀਮਾ ਟੇਟੇ ਨੂੰ ਬਣਾਇਆ ਕਪਤਾਨ

ਨਵੀਂ ਦਿੱਲੀ/ਏ.ਟੀ.ਨਿਊਜ਼: ਤਜਰਬੇਕਾਰ ਮਿਡਫੀਲਡਰ ਸਲੀਮਾ ਟੇਟੇ ਨੂੰ ਚੀਨ ਦੇ ਹਾਂਗਜ਼ੋਓ ਵਿੱਚ 5 ਤੋਂ 14 ਸਤੰਬਰ ਤੱਕ ਹੋਣ ਵਾਲੇ ਮਹਿਲਾ ਏਸ਼ੀਆ ਹਾਕੀ ਕੱਪ ਲਈ 20 ਮੈਂਬਰੀ ਭਾਰਤੀ ਹਾਕੀ ਟੀਮ ਦੀ ਕਪਤਾਨ ਬਰਕਰਾਰ ਰੱਖਿਆ ਗਿਆ ਹੈ।ਇਹ ਟੂਰਨਾਮੈਂਟ ਕਾਫੀ ਅਹਿਮ ਹੈ ਕਿ ਕਿਉਂਕਿ ਇਸ ਦਾ ਜੇਤੂ 2026 ਐੱਫ.ਆਈ.ਐੱਚ. ਮਹਿਲਾ ਹਾਕੀ ਵਿਸ਼ਵ ਕੱਪ ਲਈ ਕੁਆਲੀਫਾਈ ਕਰੇਗਾ। ਭਾਰਤ ਨੂੰ ਪੂਲ 'ਬੀ' ਵਿੱਚ ਰੱਖਿਆ ਗਿਆ ਹੈ। ਭਾਰਤੀ ਟੀਮ ਆਪਣੀ ਚੁਣੌਤੀ ਦੀ ਸ਼ੁਰੂਆਤ 5 ਸਤੰਬਰ ਨੂੰ ਥਾਈਲੈਂਡ ਖ਼ਿਲਾਫ਼ ਕਰੇਗੀ ਅਤੇ ਫਿਰ 6 ਸਤੰਬਰ ਨੂੰ ਜਪਾਨ ਨਾਲ ਭਿੜੇਗੀ। ਭਾਰਤ ਆਪਣਾ ਆਖ਼ਰੀ ਪੂਲ ਮੈਚ 8 ਸਤੰਬਰ ਨੂੰ ਸਿੰਗਾਪੁਰ ਖ਼ਿਲਾਫ਼ ਖੇਡੇਗਾ। ਮੁੱਖ ਕੋਚ ਹਰਿੰਦਰ ਸਿੰਘ ਨੇ ਕਿਹਾ, "ਹਾਂਗਜ਼ੋਓ ਵਿੱਚ ਹੋਣੀ ਵਾਲੇ ਮਹਿਲਾ ਏਸ਼ੀਆ ਕੱਪ ਲਈ ਅਸੀਂ ਜਿਹੜੀ ਟੀਮ ਚੁਣੀ ਹੈ ਉਸ ਨੂੰ ਲੈ ਕੇ ਅਸੀਂ ਉਤਸ਼ਾਹਿਤ ਹਾਂ।"



ਟੀਮ ਵਿੱਚ ਗੋਲਚੀ ਬੰਸਰੀ ਸੋਲੰਕੀ ਅਤੇ ਬੀਡੀ ਖਾਰੀਬਾਮ ਹਨ। ਡਿਫੈਂਸ ਲਾਈਨ ਵਿੱਚ ਨਿੱਕੀ ਪ੍ਰਧਾਨ ਤੇ ਉਦਿਤਾ ਵਰਗੀਆਂ ਤਜਰਬੇਕਾਰ ਖਿਡਾਰਨਾਂ ਹੋਣਗੀਆਂ ਜਿਨ੍ਹਾਂ ਦੇ ਨਾਲ ਮਨੀਸ਼ਾ ਚੌਹਾਨ, ਜਯੋਤੀ, ਸੁਮਨ ਦੇਵੀ ਥੋਡਮ ਅਤੇ ਇਸ਼ਿਕਾ ਚੌਧਰੀ ਹੋਣਗੀਆਂ। ਮਿਡਫੀਲਡ ਵਿੱਚ ਨੇਹਾ, ਸਲੀਮਾ, ਲਾਲਰੇਮਸਿਆਮੀ, ਸ਼ਰਮਿਲਾ ਦੇਵੀ, ਸੁਨੇਲਿਟਾ ਟੌਪੋ ਅਤੇ ਵੈਸ਼ਨਵੀ ਵਿੱਠਲ ਫਾਲਕੇ ਵਰਗੀਆਂ ਮਜ਼ਬੂਤ ਖਿਡਾਰਨਾਂ ਹਨ। ਫਾਰਵਰਡ ਲਾਈਨ ਵਿੱਚ ਨਵਨੀਤ ਕੌਰ, ਸੰਗੀਤਾ ਕੁਮਾਰੀ, ਮੁਮਤਾਜ ਖ਼ਾਨ, ਦੀਪਿਕਾ, ਬਿਊਟੀ ਡੁੰਗਡੁੰਗ ਅਤੇ ਰੁਤਜਾ ਦਾਦਾਸੋ ਪਿਸਲ ਸ਼ਾਮਲ ਹਨ।

## ਬਿਹਾਰ ਦੇ ਰਾਜਗੀਰ 'ਚ ਹੋਵੇਗਾ ਏਸ਼ੀਆ ਕੱਪ ਹਾਕੀ ਟੂਰਨਾਮੈਂਟ

ਨਵੀਂ ਦਿੱਲੀ/ਏ.ਟੀ.ਨਿਊਜ਼: ਬਿਹਾਰ ਦੇ ਰਾਜਗੀਰ 'ਚ ਹੋਣ ਵਾਲੇ ਏਸ਼ੀਆ ਕੱਪ ਹਾਕੀ ਲਈ ਅੱਜ 18 ਮੈਂਬਰੀ ਭਾਰਤੀ ਟੀਮ ਦਾ ਐਲਾਨ ਕਰ ਦਿੱਤਾ ਗਿਆ ਹੈ। ਡਰੈਗ ਫਲਿੱਕਰ ਹਰਮਨਪ੍ਰੀਤ ਸਿੰਘ ਨੂੰ ਟੀਮ ਦਾ ਕਪਤਾਨ ਬਣਾਇਆ ਗਿਆ ਹੈ। ਇਸ ਵਿੱਚ ਫਾਰਵਰਡ ਖਿਡਾਰੀ ਸ਼ਿਲਾਨੰਦ ਲਾਕੜਾ ਅਤੇ ਦਿਲਪ੍ਰੀਤ ਸਿੰਘ ਨੇ ਆਪਣੀ ਜਗ੍ਹਾ ਬਰਕਰਾਰ ਰੱਖੀ ਹੈ। ਇਹ ਟੂਰਨਾਮੈਂਟ 29 ਅਗਸਤ ਤੋਂ 7 ਸਤੰਬਰ ਤੱਕ ਚੱਲੇਗਾ ਅਤੇ ਇਸ ਦਾ ਜੇਤੂ ਅਗਲੇ ਸਾਲ ਹੋਣ ਵਾਲੇ ਐੱਫ.ਆਈ.ਐੱਚ. ਪੁਰਸ਼ ਵਿਸ਼ਵ ਕੱਪ ਲਈ ਸਿੱਧਾ ਕੁਆਲੀਫਾਈ ਕਰੇਗਾ।



ਰਾਜਿੰਦਰ ਸਿੰਘ, ਸ਼ਿਲਾਨੰਦ ਲਾਕੜਾ ਅਤੇ ਦਿਲਪ੍ਰੀਤ ਸਿੰਘ ਆਸਟ੍ਰੇਲੀਆ ਦੌਰੇ 'ਤੇ ਭਾਰਤੀ ਟੀਮ ਦਾ ਹਿੱਸਾ ਸਨ। ਰਾਜਿੰਦਰ ਨੂੰ ਸ਼ਮਸ਼ੇਰ ਸਿੰਘ ਦੀ ਜਗ੍ਹਾ ਚੁਣਿਆ ਗਿਆ, ਜਦਕਿ ਲਾਕੜਾ ਨੇ ਹਾਲ ਹੀ ਵਿੱਚ ਕੌਮਾਂਤਰੀ ਹਾਕੀ ਨੂੰ ਅਲਵਿਦਾ ਕਹਿਣ ਵਾਲੇ ਲਲਿਤ ਉਪਾਧਿਆਏ ਦੀ ਜਗ੍ਹਾ ਲਈ ਹੈ। ਦਿਲਪ੍ਰੀਤ ਨੂੰ ਗੁਰਜੰਟ ਸਿੰਘ ਨਾਲੋਂ ਤਰਜੀਹ ਦਿੱਤੀ ਗਈ ਹੈ। ਗੋਲਕੀਪਿੰਗ ਦੀ ਜ਼ਿੰਮੇਵਾਰੀ ਕ੍ਰਿਸ਼ਨ ਬੀ ਪਾਠਕ ਅਤੇ ਸੂਰਜ ਕਰਕੇਰਾ 'ਤੇ ਹੋਵੇਗੀ। ਡਿਫੈਂਸ ਵਿੱਚ ਹਰਮਨਪ੍ਰੀਤ ਅਤੇ ਅਮਿਤ ਰੋਹਿਦਾਸ ਦੇ ਨਾਲ ਜਰਮਨਪ੍ਰੀਤ ਸਿੰਘ, ਸੁਮਿਤ, ਸੰਜੈ ਅਤੇ ਜੁਗਰਾਜ ਸਿੰਘ ਹਨ। ਮਿਡਫੀਲਡ ਵਿੱਚ ਮਨਪ੍ਰੀਤ ਸਿੰਘ, ਵਿਵੇਕ ਸਾਗਰ ਪ੍ਰਸਾਦ, ਰਾਜਿੰਦਰ, ਰਾਜ ਕੁਮਾਰ ਪਾਲ ਅਤੇ ਹਾਰਦਿਕ ਸਿੰਘ ਹੋਣਗੇ। ਫਾਰਵਰਡ ਲਾਈਨ ਵਿੱਚ ਮਨਦੀਪ ਸਿੰਘ, ਅਭਿਸ਼ੇਕ, ਸੁਖਜੀਤ ਸਿੰਘ, ਲਾਕੜਾ ਅਤੇ ਦਿਲਪ੍ਰੀਤ ਜ਼ਿੰਮੇਵਾਰੀ ਸੰਭਾਲਣਗੇ। ਨੀਲਮ ਸੰਜੀਪ ਸੇਸ ਅਤੇ ਸੇਲਵਮ ਕਾਰਤੀ ਨੂੰ ਰਿਜ਼ਰਵ ਵਿੱਚ ਰੱਖਿਆ ਗਿਆ ਹੈ। ਭਾਰਤੀ ਟੀਮ ਆਪਣਾ ਪਹਿਲਾ ਮੈਚ 29 ਅਗਸਤ ਨੂੰ ਚੀਨ ਖ਼ਿਲਾਫ਼ ਖੇਡੇਗੀ।

## ਦੁਬਈ ਵਿਖੇ 9 ਸਤੰਬਰ ਤੋਂ ਸ਼ੁਰੂ ਹੋਵੇਗਾ ਏਸ਼ੀਆ ਕੱਪ ਟੀ-20

ਅਗਲੇ ਮਹੀਨੇ ਦੁਬਈ ਵਿੱਚ ਖੇਡੇ ਜਾਣ ਵਾਲੇ ਏਸ਼ੀਆ ਕੱਪ ਟੀ20 ਮੁਕਾਬਲਿਆਂ ਲਈ ਭਾਰਤੀ ਟੀਮ ਦਾ ਐਲਾਨ ਕਰ ਦਿੱਤਾ ਗਿਆ ਹੈ।

ਪਹਿਲਾਂ ਵਾਂਗ ਕਪਤਾਨ ਦੀ ਜ਼ਿੰਮੇਵਾਰੀ ਸੂਰਿਆਕੁਮਾਰ ਯਾਦਵ ਕੋਲ ਹੀ ਰਹੇਗੀ ਜਦੋਂਕਿ ਸ਼ੁਭਮਨ ਗਿੱਲ ਨੂੰ ਟੀਮ ਵਿੱਚ ਉਪ ਕਪਤਾਨ ਵਜੋਂ ਸ਼ਾਮਲ ਕੀਤਾ ਗਿਆ ਹੈ।




ਤੇਜ਼ਤਰਾਰ ਬੱਲੇਬਾਜ਼ ਰਿੰਕੂ ਸਿੰਘ, ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਤੇ ਸਪਿੰਨਰ ਕੁਲਦੀਪ ਯਾਦਵ ਵੀ ਟੀਮ ਵਿਚ ਥਾਂ ਬਣਾਉਣ 'ਚ ਸਫ਼ਲ ਰਹੇ ਹਨ। ਖੱਬੇ ਹੱਥ ਦੇ ਬੱਲੇਬਾਜ਼ ਯਸ਼ਸਵੀ ਜੈਸਵਾਲ ਨੂੰ ਟੀਮ ਵਿਚ ਸ਼ਾਮਲ ਨਹੀਂ ਕੀਤਾ ਗਿਆ। ਮੁੱਖ ਚੋਣਕਾਰ ਅਜੀਤ ਅਗਰਕਰ ਨੇ ਕਿਹਾ ਕਿ ਜੈਸਵਾਲ ਨੂੰ ਅਜੇ ਕ੍ਰਿਕਟ ਦੀ ਇਸ ਵੰਨਗੀ ਲਈ ਅਜੇ ਥੋੜ੍ਹੀ ਹੋਰ ਉਡੀਕ ਕਰਨੀ ਹੋਵੇਗੀ। ਟੀਮ ਦੀ ਚੋਣ ਮਗਰੋਂ ਕਪਤਾਨ ਸੂਰਿਆਕੁਮਾਰ ਯਾਦਵ ਨੇ ਕਿਹਾ ਕਿ ਉਨ੍ਹਾਂ ਕੋਲ ਟੀਮ ਵਿੱਚ ਬਹੁਤੇ ਪ੍ਰਤਿਭਾਵਾਨ ਖਿਡਾਰੀ ਹਨ, ਜਿਸ ਨਾਲ ਉਨ੍ਹਾਂ ਦਾ ਕੰਮ ਕੁਝ ਸੁਖਾਲਾ ਹੋ ਜਾਂਦਾ ਹੈ।

ਏਸ਼ੀਆ ਕੱਪ 9 ਸਤੰਬਰ ਤੋਂ ਸ਼ੁਰੂ ਹੋਵੇਗਾ ਤੇ ਭਾਰਤ ਆਪਣਾ ਪਹਿਲਾ ਮੁਕਾਬਲਾ 10 ਸਤੰਬਰ ਨੂੰ ਯੂ.ਏ.ਈ. ਖ਼ਿਲਾਫ਼ ਖੇਡੇਗਾ। ਏਸ਼ੀਆ ਦੀ ਦੋ ਸਿਖਰਲੀਆਂ ਟੀਮਾਂ ਤੇ ਰਵਾਇਤੀ ਵਿਰੋਧੀ ਭਾਰਤ ਤੇ ਪਾਕਿਸਤਾਨ 14 ਸਤੰਬਰ ਨੂੰ ਆਹਮੋ ਸਾਹਮਣੇ ਹੋਣਗੇ।

# ਹੁਣ ਕਾਨੂੰਨ ਬਣ ਗਿਆ ਹੈ ਰਾਸ਼ਟਰੀ ਖੇਡ ਪ੍ਰਸ਼ਾਸਨ ਬਿੱਲ

ਰਾਸ਼ਟਰਪਤੀ ਦ੍ਰੌਪਦੀ ਮੁਰਮੂ ਦੀ ਮਨਜ਼ੂਰੀ ਮਿਲਣ ਮਗਰੋਂ ਰਾਸ਼ਟਰੀ ਖੇਡ ਪ੍ਰਸ਼ਾਸਨ ਬਿੱਲ ਹੁਣ ਕਾਨੂੰਨ ਬਣ ਗਿਆ ਹੈ। ਇਸ ਵਿੱਚ ਭਾਰਤ ਦੇ ਖੇਡ ਪ੍ਰਸ਼ਾਸਨ ਵਿੱਚ ਵਿਆਪਕ ਪੱਧਰ 'ਤੇ ਸੁਧਾਰ ਕਰਨ ਦਾ ਵਾਅਦਾ ਕੀਤਾ ਗਿਆ ਹੈ। ਕੇਂਦਰ ਸਰਕਾਰ ਵੱਲੋਂ ਜਾਰੀ ਗਜ਼ਟ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਦੀ ਮਨਜ਼ੂਰੀ ਮਿਲ ਗਈ ਹੈ। ਪਿਛਲੇ ਹਫਤੇ ਇਸ ਨੂੰ ਲੋਕ ਸਭਾ ਤੇ ਰਾਜ ਸਭਾ ਵਿੱਚ ਪਾਸ ਕੀਤਾ ਗਿਆ ਸੀ। ਮੂਲ ਬਿੱਲ ਵਿੱਚ ਦੋ ਵੱਡੇ ਸੋਧ ਕੀਤੇ ਗਏ ਹਨ। ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਦੇ ਦਾਇਰੇ ਨੂੰ ਸੀਮਤ ਕਰਕੇ ਸਿਰਫ ਉਨ੍ਹਾਂ ਖੇਡ ਸੰਸਥਾਵਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ, ਜੋ ਸਰਕਾਰੀ ਫੰਡਾਂ ਅਤੇ ਸਹਾਇਤਾ 'ਤੇ ਨਿਰਭਰ ਹਨ। ਇਸ ਤਰ੍ਹਾਂ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਨੂੰ ਦਾਇਰੇ ਤੋਂ ਬਾਹਰ ਕਰ ਦਿੱਤਾ ਗਿਆ ਹੈ। ਕ੍ਰਿਕਟ ਬੋਰਡ ਆਰ.ਟੀ.ਆਈ. ਦੇ ਦਾਇਰੇ ਵਿੱਚ ਆਉਣ ਦਾ ਵਿਰੋਧ ਕਰ ਰਿਹਾ ਸੀ ਕਿਉਂਕਿ ਇਹ ਸਰਕਾਰੀ ਫੰਡਾਂ 'ਤੇ ਨਿਰਭਰ ਨਹੀਂ ਹੈ।

ਇਸ ਤੋਂ ਇਲਾਵਾ ਰਾਸ਼ਟਰੀ ਫੈਡਰੇਸ਼ਨਾਂ ਵਿੱਚ ਉੱਚ ਅਹੁਦਿਆਂ ਲਈ ਚਾਹਵਾਨ ਉਮੀਦਵਾਰਾਂ ਨੂੰ ਕਾਰਜਕਾਰੀ ਕਮੇਟੀ ਵਿੱਚ ਸਿਰਫ਼ ਇੱਕ ਕਾਰਜਕਾਲ ਜ਼ਰੂਰੀ ਹੋਵੇਗਾ। ਪਹਿਲਾਂ ਇਹ ਦੋ ਕਾਰਜਕਾਲ ਸੀ। ਐਕਟ ਅਨੁਸਾਰ, 'ਕੋਈ ਵੀ ਵਿਅਕਤੀ ਉਦੋਂ ਤੱਕ ਪ੍ਰਧਾਨ, ਜਨਰਲ ਸਕੱਤਰ ਜਾਂ ਖਜ਼ਾਨਚੀ ਦੇ ਅਹੁਦੇ ਲਈ ਚੋਣ ਲੜਨ ਜਾਂ ਨਾਮਜ਼ਦ ਹੋਣ ਦੇ ਯੋਗ ਨਹੀਂ ਹੋਵੇਗਾ ਜਦੋਂ ਤੱਕ ਉਹ ਉਚ ਯੋਗਤਾ ਵਾਲਾ ਖਿਡਾਰੀ ਨਾ ਹੋਵੇ ਜਾਂ ਪਹਿਲਾਂ ਕਿਸੇ ਰਾਸ਼ਟਰੀ ਖੇਡ ਸੰਸਥਾ ਦੀ ਕਾਰਜਕਾਰੀ ਕਮੇਟੀ ਵਿੱਚ ਘੱਟੋ-ਘੱਟ ਇੱਕ ਪੂਰੇ ਕਾਰਜਕਾਲ ਲਈ ਮੈਂਬਰ ਦੇ ਰੂਪ ਵਿੱਚ ਜਾਂ ਉਸ ਦੀ ਕਿਸੇ ਸਬੰਧਤ ਇਕਾਈ ਦੇ ਪ੍ਰਧਾਨ, ਜਨਰਲ ਸਕੱਤਰ ਜਾਂ ਖਜ਼ਾਨਚੀ ਵਜੋਂ ਸੇਵਾ ਨਾ ਨਿਭਾਈ ਹੋਵੇ।' ਖੇਡ ਬਿੱਲ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਲਟਕਿਆ ਹੋਇਆ ਸੀ। ਇਸ ਨੂੰ ਪਿਛਲੇ ਇੱਕ ਸਾਲ ਵਿੱਚ ਵੱਖ-ਵੱਖ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਪਾਸ ਕੀਤਾ ਗਿਆ ਸੀ। ਇਹ ਬਿੱਲ 23 ਜੁਲਾਈ ਨੂੰ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ ਸੀ ਅਤੇ 11 ਅਗਸਤ ਨੂੰ ਉੱਥੇ ਪਾਸ ਹੋ ਗਿਆ ਸੀ। ਇਸ ਤੋਂ ਇੱਕ ਦਿਨ ਬਾਅਦ ਰਾਜ ਸਭਾ ਨੇ ਦੋ ਘੰਟਿਆਂ ਤੋਂ ਵੱਧ ਚੱਲੀ ਚਰਚਾ ਤੋਂ ਬਾਅਦ ਇਸ ਨੂੰ ਪਾਸ ਕਰ ਦਿੱਤਾ। ਨਵਾਂ ਕਾਨੂੰਨ ਨਾ ਸਿਰਫ਼ ਪ੍ਰਸ਼ਾਸਕੀ ਮਾਪਦੰਡ ਨਿਰਧਾਰਤ ਕਰਦਾ ਹੈ, ਸਗੋਂ ਵਿਵਾਦਾਂ ਦੇ ਜਲਦੀ ਨਿਬੇੜੇ ਲਈ ਰਾਸ਼ਟਰੀ ਖੇਡ ਟ੍ਰਿਬਿਊਨਲ ਦੇ ਗਠਨ ਦੀ ਵੀ ਵਿਵਸਥਾ ਕਰਦਾ ਹੈ।

# ਹਮੇਸ਼ਾ ਲਈ ਖਾਮੋਸ਼ ਹੋ ਗਿਆ ਹਾਸਿਆਂ ਦਾ ਬਾਦਸ਼ਾਹ



ਤੇਜਿੰਦਰ ਕੌਰ ਥਿੰਦ

ਛਣਕਾਟਿਆਂ ਦੀ ਬਹਾਰ ਲਾਉਣ ਵਾਲਾ, ਕੋਕੇ ਜੜਨ ਵਾਲਾ ਹਰਦਿਲ ਆਜ਼ੀਜ਼, ਪੰਜਾਬੀ ਸਿਨੇਮਾ ਦੀ ਧੜਕਣ ਡਾ. ਜਸਵਿੰਦਰ ਸਿੰਘ ਭੱਲਾ ਪਿਛਲੇ ਦਿਨੀਂ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਨੂੰ ਚਾਹੁਣ ਵਾਲਿਆਂ ਦੀਆਂ ਤਾਂ ਅੱਖਾਂ ਨਮ ਹਨ ਪਰ ਸਦਾ ਹਾਸੇ ਵੰਡਣ ਵਾਲਾ ਚਾਚਾ ਚਤਰਾ ਅੱਜ ਹਰ ਪਾਸੇ ਦੁੱਖ, ਉਦਾਸੀ ਤੇ ਹਰ ਇਕ ਪੰਜਾਬੀ ਨੂੰ ਪਿਆਰ ਕਰਨ ਵਾਲੇ ਨੂੰ ਗਮਗੀਨ ਕਰ ਗਿਆ ਹੈ।

ਡਾ. ਜਸਵਿੰਦਰ ਭੱਲਾ ਆਪਣੀ ਕਾਮੇਡੀ ਸਦਕਾ ਪ੍ਰਸਿੱਧ ਹੋਏ। ਫਿਲਮੀ ਪਰਦੇ ਦੀ ਸ਼ਾਨ ਬਣ ਚੁੱਕੇ ਜਸਵਿੰਦਰ ਭੱਲਾ ਨੂੰ ਇਸ ਮੁਕਾਮ 'ਤੇ ਪਹੁੰਚਣ ਲਈ ਕਾਫੀ ਲੰਬਾ ਸੰਘਰਸ਼ ਵੀ ਕਰਨਾ ਪਿਆ। ਗਾਇਕੀ ਤੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਕਰਨ ਵਾਲੇ ਜਸਵਿੰਦਰ ਭੱਲਾ ਨੂੰ ਸਫਲਤਾ ਅਤੇ ਪਛਾਣ ਇੱਕ ਕਾਮੇਡੀਅਨ ਤੇ ਅਦਾਕਾਰ ਵਜੋਂ ਜ਼ਿਆਦਾ ਮਿਲੀ। ਅੱਜ ਵੀ ਜਦੋਂ ਸੱਥਾਂ ਅੰਦਰ ਉਸ ਦੇ ਮਸ਼ਹੂਰ ਹੋਏ ਛਣਕਾਟਿਆਂ ਦੀ ਛਣਕਾਰ ਦੀਆਂ ਗੱਲਾਂ ਹੁੰਦੀਆਂ ਹਨ ਤਾਂ ਚਾਚੇ ਚਤਰੇ ਦੀਆਂ ਸ਼ੁਰਲੀਆਂ ਅਤੇ ਯਾ..ਯਾ.. ਵਾਲੇ ਐੱਨ.ਆਰ.ਆਈ. ਭਾਨੇ ਦੀਆਂ ਜੱਬਲੀਆਂ ਦੇ ਨਾਲ ਸਾਥੀ ਕਲਾਕਾਰਾਂ ਦੀ ਤਿੱਕੜੀ ਦੇ ਸੁਮੇਲ ਦੀ ਚਰਚਾ ਵੀ ਜ਼ਰੂਰ ਹੁੰਦੀ ਹੈ। ਇਸ ਤਿੱਕੜੀ 'ਚ ਜਸਵਿੰਦਰ ਭੱਲਾ, ਭਤੀਜ ਬਾਲ ਮੁਕੰਦ ਸ਼ਰਮਾ ਤੇ ਮੈਡਮ ਨੀਲੂ ਆਉਂਦੇ ਹਨ। ਇਨ੍ਹਾਂ ਤਿੰਨਾਂ ਨੇ ਲੰਮਾ ਸਮਾਂ 'ਛਣਕਾਟਾ' ਟਾਈਟਲ ਹੇਠ ਆਈਆਂ ਐਲਬਮਜ਼ 'ਚ ਆਪਣੀ ਕਲਾ ਦਾ ਖ਼ੂਬ ਪ੍ਰਦਰਸ਼ਨ ਕੀਤਾ ਤੇ ਸਰੋਤਿਆਂ ਨੇ ਵੀ ਇਨ੍ਹਾਂ ਦੀ ਕਲਾ ਨੂੰ ਰੱਜਵਾਂ ਪਿਆਰ ਦਿੱਤਾ ਹੈ।

## ਜਨਮ ਅਤੇ ਪੜ੍ਹਾਈ

ਜਸਵਿੰਦਰ ਭੱਲਾ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰੱਕਬਾ ਵਿਖੇ ਪਿਤਾ ਬਹਾਦਰ ਸਿੰਘ ਭੱਲਾ ਅਤੇ ਮਾਤਾ ਸਤਵੰਤ ਕੌਰ ਦੇ ਘਰ ਦਾ ਜਨਮ 4 ਮਈ 1960 ਨੂੰ ਪੈਦਾ ਹੋਏ। ਉਸ ਦੇ ਪਿਤਾ ਸਿੱਖਿਆ ਵਿਭਾਗ 'ਚ ਅਫਸਰ ਸਨ। ਸਕੂਲ ਦੌਰਾਨ ਹੀ ਜਸਵਿੰਦਰ ਨੇ ਗਾਉਣਾ ਸ਼ੁਰੂ ਕਰ ਦਿੱਤਾ ਸੀ। ਉਹ ਆਪਣੇ ਗੀਤਾਂ ਨਾਲ ਸਕੂਲ ਦੇ ਹਰ ਸਮਾਗਮ ਵਿੱਚ ਹਾਜ਼ਰੀ ਲਗਵਾ ਕੇ ਸਕੂਲ ਅਧਿਆਪਕਾਂ ਤੋਂ ਸ਼ਾਬਾਸ਼ ਦੇ ਨਾਲ-ਨਾਲ ਕਈ ਇਨਾਮ ਵੀ ਪ੍ਰਾਪਤ ਕਰਦਾ। ਉਨ੍ਹਾਂ ਆਪਣੀ ਮੁੱਢਲੀ ਪੜ੍ਹਾਈ ਦੋਰਾਹਾ ਤੋਂ ਹਾਸਲ ਕੀਤੀ। ਨੌਵੀਂ ਜਮਾਤ 'ਚ ਪੜ੍ਹਦਿਆਂ ਹੀ 1975 ਦੇ ਕਰੀਬ ਭੱਲਾ ਦਾ ਪਹਿਲਾ ਗੀਤ ਆਲ ਇੰਡੀਆ ਰੇਡੀਓ ਸਰੋਤਿਆਂ ਤਕ ਪਹੁੰਚਾਇਆ। ਉਨ੍ਹਾਂ ਬੀਐੱਸਸੀ ਅਤੇ ਐੱਮਐੱਸਸੀ ਦੀ ਡਿਗਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਪ੍ਰਾਪਤ ਕੀਤੀ। ਫਿਰ ਪੀਐੱਚਡੀ ਕਰ ਕੇ ਇਸੇ ਯੂਨੀਵਰਸਿਟੀ 'ਚ ਹੀ ਬਤੌਰ ਪ੍ਰੋਫੈਸਰ ਸੇਵਾ ਵੀ ਨਿਭਾਈ।

ਉਨ੍ਹਾਂ ਨੇ 1984 'ਚ ਯੂਨੀਵਰਸਿਟੀ 'ਚ ਨੌਕਰੀ ਦੀ ਸ਼ੁਰੂਆਤ ਕੀਤੀ। ਸਭ ਤੋਂ ਪਹਿਲਾਂ ਉਨ੍ਹਾਂ ਨੇ ਪੰਜ ਸਾਲ ਤਕ ਏਆਈ/ਏਡੀਓ ਵਜੋਂ ਸੇਵਾ ਨਿਭਾਈ। ਫਿਰ ਸਾਲ 1989 ਵਿੱਚ ਉਹ ਪੀਏਯੂ ਦੇ ਡਿਪਾਰਟਮੈਂਟ ਆਫ ਐਕਸਟੈਂਸ਼ਨ ਐਜੂਕੇਸ਼ਨ ਵਿੱਚ ਸਹਾਇਕ ਪ੍ਰੋਫੈਸਰ ਦੇ ਤੌਰ 'ਤੇ ਸ਼ਾਮਲ ਹੋਏ ਅਤੇ ਹੁਣ ਉਹ ਖੇਤੀਬਾੜੀ ਪ੍ਰਸਾਰ ਵਿਭਾਗ ਤੋਂ 'ਹੈੱਡ ਆਫ ਦੀ ਡਿਪਾਰਟਮੈਂਟ' ਸੇਵਾ ਮੁਕਤ ਹੋਏ।



## ਮਸ਼ਹੂਰ ਹੋਏ ਡਾਇਲਾਗ



ਡਾ. ਜਸਵਿੰਦਰ ਸਿੰਘ ਭੱਲਾ ਦੀ ਖ਼ਾਸੀਅਤ ਹੈ ਕਿ ਜਿੱਥੇ ਉਨ੍ਹਾਂ ਦੀ ਕਾਮੇਡੀ ਨੂੰ ਦਰਸ਼ਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਹੈ ਉੱਥੇ ਹੀ ਉਨ੍ਹਾਂ ਵੱਲੋਂ ਬੋਲੇ ਡਾਇਲਾਗ ਵੀ ਬੇਹੱਦ ਮਸ਼ਹੂਰ ਹੋਏ ਹਨ। ਇਹ ਡਾਇਲਾਗ ਇਸ ਕਦਰ ਮਸ਼ਹੂਰ ਹੋਏ ਹਨ ਕਿ ਉਨ੍ਹਾਂ 'ਤੇ ਕਈ ਟਿਕ ਟਾਕ ਵੀਡੀਓਜ਼ ਵੀ ਬਣ ਚੁੱਕੀਆਂ ਹਨ ਤੇ ਕਈ ਡਾਇਲਾਗ ਤਾਂ ਆਮ ਹੀ ਲੋਕ ਬੋਲਦੇ ਸੁਣਾਈ ਦੇ ਜਾਂਦੇ ਹਨ। ਇਨ੍ਹਾਂ 'ਚੋਂ ਕੁਝ ਡਾਇਲਾਗ ਦਾ ਜ਼ਿਕਰ ਕਰਨਾ ਜ਼ਰੂਰ ਬਣਦਾ ਹੈ ਜਿਵੇਂ ਕਿ 'ਢਿੱਲੋਂ ਨੇ ਕਾਲਾ ਕੋਟ ਐਵੇਂ ਨੀਂ ਪਾਇਆ', 'ਗੰਦੀ ਔਲਾਦ ਨਾ ਮਜ਼ਾ ਨਾ ਸਵਾਦ' (ਫਿਲਮ ਕੈਰੀ ਆਨ ਜੱਟਾ), '365 ਚਲਿੱਤਰ ਨਾਰ ਦੇ, ਸਾਰਾ ਸਾਲ ਬੰਦੇ ਨੂੰ ਮਾਰਦੇ' (ਲੱਕੀ ਦੀ ਅਣ ਲੱਕੀ ਸਟੋਰੀ), 'ਆਂਡੇ ਮੋਗੇ ਤੇ ਕੁੜ ਕੁੜ ਮਲੋਟ, ਮੈਂ ਤਾਂ ਭੰਨ ਦਉਂ ਬੁੱਲਾਂ ਨਾਲ ਅਖਰੋਟ' (ਚੱਕ ਦੇ ਫੱਟੇ), 'ਹਵੇਲੀ ਤੇ ਸਹੇਲੀ ਏਨੀ ਛੇਤੀ ਨਹੀਂ ਬਣਦੀ' (ਜੀਹਨੇ ਮੇਰਾ ਦਿਲ ਲੁੱਟਿਆ), 'ਜੇ ਚੰਡੀਗੜ੍ਹ ਢਹਿ ਜੂ ਤਾਂ ਪਿੰਡਾਂ ਵਰਗਾ ਤਾਂ ਰਹਿ ਜੂ' (ਜੱਟ ਐਂਡ ਜੂਲੀਅਟ), 'ਮਾੜੀ ਸੋਚ ਤੇ ਪੈਰ ਦੀ ਮੋਚ, ਬੰਦੇ ਨੂੰ ਅੱਗੇ ਵਧਣ ਨਹੀਂ ਦਿੰਦੀ' (ਜੱਟ ਬੁਆਏਜ਼ ਪੁੱਤ ਜੱਟਾਂ ਦੇ), 'ਇੱਕ ਤੇਰੀ ਅੜ੍ਹ ਭੰਨਣੀ, ਲੱਸੀ ਪੀਣ ਦਾ ਸ਼ੌਕ ਨਾ ਕੋਈ' (ਰੰਗੀਲੇ), 'ਜ਼ਮੀਨ ਬੰਜਰ ਤੇ ਔਲਾਦ ਕੰਜਰ, ਰੱਬ ਕਿਸੀ ਨੂੰ ਨਾ ਦੇਵੇ' (ਜੱਟ ਏਅਰਵੇਜ਼)। ਜਸਵਿੰਦਰ ਸਿੰਘ ਭੱਲਾ ਵੈਸੇ ਵੀ ਅਜਿਹੇ ਪੰਜਾਬੀ ਕਾਮੇਡੀਅਨ ਮੰਨੇ ਗਏ ਹਨ ਜੋ ਕੋਈ ਵੀ ਸੰਵਾਦ ਕਾਫ਼ੀ ਤੇਜ਼ੀ ਨਾਲ ਬੋਲਣ ਦੀ ਜਾਚ ਰੱਖਦੇ ਹਨ। ਭੱਲਾ ਦੀ ਸਫਲਤਾ ਪਿੱਛੇ ਉਨ੍ਹਾਂ ਦੀ ਸਾਦਗੀ ਤੇ ਸਖ਼ਤ ਮਿਹਨਤ ਸਹਿਜੇ ਹੀ ਨਜ਼ਰ ਆਉਂਦੀ ਹੈ। ਇਸ 'ਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਅੱਜ ਜਸਵਿੰਦਰ ਭੱਲਾ ਤੋਂ ਬਿਨਾਂ ਪੰਜਾਬੀ ਫਿਲਮਾਂ ਨੂੰ ਅਧੂਰਾ ਮੰਨਿਆ ਜਾਂਦਾ ਹੈ। ਇਹ ਵੀ ਦਿਲਚਪਸ ਗੱਲ ਹੈ ਕਿ ਪੰਜਾਬੀ ਫਿਲਮਾਂ 'ਚ ਜਸਵਿੰਦਰ ਭੱਲਾ ਦੀ ਬੀਐੱਨ ਸ਼ਰਮਾ, ਗੁਰਪ੍ਰੀਤ ਘੁੱਗੀ, ਰਾਣਾ ਰਣਬੀਰ ਤੇ ਵੀਨੂੰ ਢਿੱਲੋਂ ਵਰਗੇ ਅਦਾਕਾਰਾ ਨਾਲ ਵਿਖਾਈ ਅਦਾਕਾਰੀ ਦਰਸ਼ਕ ਹੋਰ ਵੀ ਜ਼ਿਆਦਾ ਪਸੰਦ ਕਰਦੇ ਹਨ।

## ਨਿੱਜੀ ਜੀਵਨ

ਡਾ. ਜਸਵਿੰਦਰ ਸਿੰਘ ਭੱਲਾ ਦਾ ਵਿਆਹ ਪਰਮਦੀਪ ਭੱਲਾ ਨਾਲ ਹੋਇਆ ਹੈ ਜੋ ਇੱਕ ਫਾਈਨ ਆਰਟਸ ਅਧਿਆਪਕ ਹਨ। ਇਨ੍ਹਾਂ ਦੇ ਘਰ ਬੇਟੀ ਅਰਸ਼ਦੀਪ ਕੌਰ ਭੱਲਾ ਤੇ ਬੇਟਾ ਪੁਖਰਾਜ ਭੱਲਾ ਨੇ ਜਨਮ ਲਿਆ। ਅੱਜਕੱਲ੍ਹ ਪੁਖਰਾਜ ਭੱਲਾ ਵੀ ਆਪਣੇ ਪਿਤਾ ਦੀਆਂ ਪਾਈਆਂ ਪੈੜਾਂ 'ਤੇ ਚੱਲਦਿਆਂ ਫਿਲਮ ਜਗਤ 'ਚ ਆਪਣੀ ਚੰਗੀ ਪਛਾਣ ਬਣਾ ਰਿਹਾ ਹੈ।



## ਦੂਰਦਰਸ਼ਨ ਵੱਲ ਕਦਮ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਹੀ ਜਸਵਿੰਦਰ ਭੱਲਾ ਦਾ ਮੇਲ ਬਾਲ ਮੁਕੰਦ ਸ਼ਰਮਾ ਨਾਲ ਹੋਇਆ। ਇੱਥੋਂ ਹੀ ਇਨ੍ਹਾਂ ਦੀ ਦੋਸਤੀ ਗੂੜ੍ਹੀ ਹੋਈ ਤੇ ਇਹ ਸਫਰ ਅੱਗੇ ਵਧਿਆ। ਇਨ੍ਹਾਂ ਦੋਵਾਂ ਦੀ ਜੋੜੀ ਨੇ ਯੂਨੀਵਰਸਿਟੀ ਦੇ ਸੱਭਿਆਚਾਰਕ ਪ੍ਰੋਗਰਾਮਾਂ 'ਚ ਕਾਮੇਡੀ ਪੇਸ਼ਕਾਰੀ ਨਾਲ ਆਪਣੀ ਪਛਾਣ ਬਣਾਉਣ ਵਿੱਚ ਸਫਲ ਹੋ ਗਈ। ਪੀਏਯੂ 'ਚ ਲੱਗਦੇ ਕਿਸਾਨ ਮੇਲਿਆਂ ਦੀ ਡਾ. ਭੱਲਾ ਨੇ ਅਗਵਾਈ ਕਰਦਿਆਂ ਕਿਸਾਨਾਂ ਦੇ ਹਿੱਤ ਦੀਆਂ ਵੀ ਗੱਲਾਂ ਕੀਤੀਆਂ। ਇਸ ਨਾਲ ਹੀ ਕਿਰਸਾਨੀ ਦੀ ਬਿਹਤਰੀ ਲਈ ਆਪਣਾ ਵੱਡਮੁੱਲਾ ਯੋਗਦਾਨ ਵੀ ਪਾਇਆ।

ਯੂਨੀਵਰਸਿਟੀ 'ਚ ਆਪਣੀ ਪਛਾਣ ਬਣਾਉਣ ਤੋਂ ਬਾਅਦ ਜਸਵਿੰਦਰ ਭੱਲਾ ਨੇ ਜਲੰਧਰ ਦੂਰਦਰਸ਼ਨ ਦੇ ਮਸ਼ਹੂਰ ਪ੍ਰੋਗਰਾਮ 'ਰੁਲਦੇ ਦਾ ਵਿਆਹ' ਵਿੱਚ ਬਾਲ ਮੁਕੰਦ ਸ਼ਰਮਾ ਅਤੇ ਦਿਵਿਆ ਦੱਤਾ ਨਾਲ ਛੋਟੇ ਪਰਦੇ 'ਤੇ ਸ਼ਾਨਦਾਰ ਐਂਟਰੀ ਕੀਤੀ। ਇਸ ਪ੍ਰੋਗਰਾਮ ਨੂੰ ਸਰੋਤਿਆਂ ਦਾ ਚੰਗਾ ਹੁੰਗਾਰਾ ਮਿਲਿਆ ਤੇ ਇਨ੍ਹਾਂ ਦੀ ਪਛਾਣ ਹੋਰ ਵੀ ਗੂੜ੍ਹੀ ਹੋ ਗਈ।

## ਫਿਲਮੀ ਸਫ਼ਰ ਦਾ ਆਗ਼ਾਜ਼

ਸਟੇਜ ਸ਼ੋਅ, ਕੈਸਿਟਾਂ ਤੇ ਜਲੰਧਰ ਦੂਰਦਰਸ਼ਨ 'ਤੇ ਆਪਣੀ ਅਦਾਕਾਰੀ ਦਾ ਲੋਹਾ ਮਨਵਾਉਣ ਦੇ ਨਾਲ-ਨਾਲ ਜਸਵਿੰਦਰ ਭੱਲਾ ਨੇ ਪੰਜਾਬੀ ਸਿਨੇਮਾ ਦੀ ਤਰੱਕੀ 'ਚ ਵੀ ਆਪਣਾ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਦੇ ਫਿਲਮੀ ਕੈਰੀਅਰ ਦੀ ਸ਼ੁਰੂਆਤ ਪੰਜਾਬੀ ਫਿਲਮ 'ਮਾਹੌਲ ਠੀਕ ਹੈ' (1999) ਤੋਂ ਹੋਈ। ਇਸ ਫਿਲਮ 'ਚ ਉਸ ਨੇ ਇੰਸਪੈਕਟਰ ਦਾ ਕਿਰਦਾਰ ਸ਼ਾਨਦਾਰ ਢੰਗ ਨਾਲ ਨਿਭਾਇਆ ਹੈ। ਇਸ ਫਿਲਮ 'ਚ ਬਾਲ ਮੁਕੰਦ ਸ਼ਰਮਾ ਵੀ ਪੁਲਿਸ ਵਾਲੇ ਦੇ ਕਿਰਦਾਰ 'ਚ ਨਜ਼ਰ ਆਏ। ਇਸ ਫਿਲਮ 'ਚ ਮਰਹੂਮ ਕਾਮੇਡੀ ਕਿੰਗ ਜਸਪਾਲ ਭੱਟੀ ਨੇ ਵੀ ਦਮਦਾਰ ਕਿਰਦਾਰ ਨਿਭਾਇਆ ਹੈ। ਇਸ ਤੋਂ ਬਾਅਦ ਤਾਂ ਹੁਣ ਤਕ ਜਸਵਿੰਦਰ ਭੱਲਾ ਨੇ ਇਕ ਤੋਂ ਇਕ ਸ਼ਾਨਦਾਰ ਕਿਰਦਾਰ ਪੰਜਾਬੀ ਫਿਲਮਾਂ 'ਚ ਨਿਭਾਇਆ ਹੈ। ਇਨ੍ਹਾਂ 'ਚੋਂ ਬਹੁਤੇ ਕਿਰਦਾਰ ਤਾਂ ਸਰੋਤਿਆਂ ਦੇ ਦਿਲੋਂ ਦਿਮਾਗ਼ 'ਚ ਇਸ ਕਦਰ ਵੱਸੇ ਹੋਏ ਹਨ ਕਿ ਜਦੋਂ ਵੀ ਭੱਲਾ ਬਾਰੇ ਕੋਈ ਗੱਲ ਚੱਲਦੀ ਹੈ ਤਾਂ ਉਹ ਕਿਰਦਾਰ ਆਪ ਮੁਹਾਰੇ ਅੱਖਾਂ ਮੂਹਰੇ ਘੁੰਮਣ ਲੱਗਦੇ ਹਨ। ਇਨ੍ਹਾਂ ਫਿਲਮਾਂ 'ਚ 'ਜੀਜਾ ਜੀ', 'ਚੱਕਦੇ ਫੱਟੇ', 'ਮੇਲ ਕਰਾਦੇ ਰੱਬਾ', 'ਜੀਹਨੇ ਮੇਰਾ ਦਿਲ ਲੁੱਟਿਆ', 'ਜੱਟ ਐਂਡ ਜੂਲੀਅਟ', 'ਜੱਟ ਐਂਡ ਜੂਲੀਅਨ 2', 'ਕੈਰੀ ਆਨ ਜੱਟਾ', 'ਸਰਦਾਰ ਜੀ', 'ਸਰਦਾਰ ਜੀ-2', 'ਡੈਡੀ ਕੂਲ ਮੁੰਡੇ ਫੂਲ', 'ਵਿਆਹ 70 ਕਿਲੋਮੀਟਰ', 'ਕਰੇਜ਼ੀ ਟੱਬਰ', 'ਵੇਖ ਬਰਾਤਾਂ ਚੱਲੀਆਂ', 'ਬੈਂਡ ਵਾਜੇ', 'ਗੋਲਕ ਬੁਗਨੀ ਬੈਂਕ ਤੇ ਬਟੂਆ', 'ਮੈਰਿਜ ਪੈਲੇਸ', 'ਪਾਵਰ ਕੱਟ', 'ਕੈਰੀ ਆਨ ਜੱਟਾ-2', 'ਨੌਕਰ ਵਹੁਟੀ ਦਾ' ਆਦਿ ਸ਼ਾਮਲ ਹਨ।

ਭੱਲਾ ਹੁਣ ਤਕ ਉਹ 100 ਦੇ ਕਰੀਬ ਪੰਜਾਬੀ ਫਿਲਮਾਂ 'ਚ ਆਪਣੀ ਕਾਮੇਡੀ ਨਾਲ ਖ਼ੂਬਸੂਰਤ ਰੰਗ ਭਰ ਚੁੱਕੇ ਹਨ। ਇਸੇ ਕਾਮੇਡੀ ਦੇ ਵਿਲੱਖਣ ਅੰਦਾਜ਼ ਨਾਲ ਉਹ ਅੱਜ ਵੀ ਸਿਨੇਮਾ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਦੇ ਹੋਏ ਨਿਰੰਤਰ ਆਪਣੀ ਕਲਾ ਦੇ ਜੌਹਰ ਦਿਖਾ ਰਹੇ ਹਨ। ਜਲਦ ਹੀ ਉਹ ਕਈ ਫਿਲਮਾਂ 'ਚ ਅਹਿਮ ਕਿਰਦਾਰ ਨਿਭਾਉਂਦੇ ਨਜ਼ਰ ਆਉਣਗੇ। ਫਿਲਮਾਂ 'ਚ ਜਸਵਿੰਦਰ ਭੱਲਾ ਵੱਲੋਂ ਬੋਲੇ ਗਏ ਸੰਵਾਦ ਵੀ ਬੇਹੱਦ ਮਸ਼ਹੂਰ ਹੋਏ ਹਨ।

## ਦਿਲਾਂ ਦੀ ਧੜਕਣ ਬਣਿਆ 'ਛਣਕਾਟਾ'

ਜਸਵਿੰਦਰ ਸਿੰਘ ਭਲਾ ਬਾਰੇ ਗੱਲ ਚੱਲ ਰਹੀ ਹੋਵੇ ਤਾਂ ਉਨ੍ਹਾਂ ਦੀਆਂ ਆਈਆਂ 'ਛਣਕਾਟਾ' ਲੜੀ ਦੀਆਂ ਐਲਬਮਜ਼ ਤੇ ਸੀਡੀਜ਼ ਬਾਰੇ ਜ਼ਿਕਰ ਨਾ ਹੋਵੇ ਇਹ ਹੋ ਹੀ ਨਹੀ ਸਕਦਾ। ਜਸਵਿੰਦਰ ਭੱਲਾ, ਬਾਲ ਮੁਕੰਦ



ਸ਼ਰਮਾ ਤੇ ਮੈਡਮ ਨੀਲੂ ਦੀ ਤਿੱਕੜੀ ਨੇ ਛਣਕਾਟੇ ਜ਼ਰੀਏ ਲੰਬਾ ਸਮਾਂ ਲੋਕਾਂ ਦੇ ਦਿਲਾਂ 'ਤੇ ਰਾਜ਼ ਕੀਤਾ। ਚਾਚੇ ਚਤਰੇ ਦਾ 'ਕੋਕਿਆਂ ਨਾਲ ਸਜਾਇਆ ਛਣਕਾਟੇ ਵਾਲਾ ਖੂੰਡਾ' ਕਾਫੀ ਮਕਬੂਲ ਹੋਇਆ ਸੀ। ਅਸਲ 'ਚ ਚਾਚੇ ਚਤਰੇ ਦੇ ਕਿਰਦਾਰ ਰਾਹੀਂ ਜਸਵਿੰਦਰ ਭੱਲਾ ਨੇ ਸਮਾਜਿਕ ਤੇ ਰਾਜਨੀਤੀ ਬੁਰਾਈਆਂ 'ਤੇ ਵਿਅੰਗ ਰਾਹੀਂ ਖ਼ੂਬ ਚਾਨਣਾ ਪਾਉਂਦੇ ਸਨ।

ਭਾਨੇ ਦੇ ਕਿਰਦਾਰ ਰਾਹੀਂ ਉਹ ਐੱਨਆਰਆਈ ਲੋਕਾਂ ਨਾਲ ਜੁੜੀਆਂ ਕਈ ਖੱਟੀਆਂ-ਮਿੱਠੀਆਂ ਗੱਲਾਂ ਤੋਂ ਬਾਖ਼ੂਬੀ ਰੂਬਰੂ ਵੀ ਕਰਵਾਉਂਦੇ ਸਨ। ਇਹ ਕਿਰਦਾਰ ਸਮੇਂ ਦੀ ਮੰਗ ਨੂੰ ਪਛਾਣਦੇ ਹੋਏ ਉਸ ਨੇ ਛਣਕਾਟਿਆਂ 'ਚ ਸ਼ਾਮਲ ਕੀਤਾ ਸੀ ਜੋ ਦਰਸ਼ਕਾਂ ਨੂੰ ਵੀ ਖ਼ੂਬ ਪਸੰਦ ਆਇਆ। ਪੰਜਾਬੀਆਂ ਦੇ ਦਿਲਾਂ 'ਚ ਧੜਕਣ ਬਣੇ ਕੈਸਿਟ ਕਲਚਰ ਤੋਂ ਐਲਬਮ ਦੇ ਦੌਰ ਤੱਕ ਇੱਕ ਤੋਂ ਬਾਅਦ ਇਕ ਜਸਵਿੰਦਰ ਭੱਲਾ ਦੇ ਹਿੱਟ ਛਣਕਾਟਿਆਂ ਦੀ ਲੜੀ ਵੀ ਨਿਰੰਤਰ ਚੱਲਦੀ ਰਹੀ। ਉਨ੍ਹਾਂ ਦਾ ਪਹਿਲਾ 'ਛਣਕਾਟਾ' 1988 'ਚ ਰਿਲੀਜ਼ ਹੋਇਆ। ਇਸ ਮਗਰੋਂ ਫਿਰ ਤਾਂ ਚੱਲ ਸੋ ਚੱਲ ਹੁਣ ਤੱਕ 27 ਛਣਕਾਟੇ ਮਾਰਕੀਟ 'ਚ ਆ ਚੁੱਕੇ ਹਨ। ਇਨ੍ਹਾਂ ਕੈਸਿਟਾਂ ਦੇ ਨਾਂ 'ਚ 'ਛਟਕਾਟੇ' ਤੋਂ ਇਲਾਵਾ 'ਚਾਚਾ ਸ਼ੇਮ ਸ਼ੇਮ', 'ਚਾਚਾ ਸੁਧਰ ਗਿਆ', 'ਅੰਬਰਸਰ ਦਾ ਪਾਣੀ', 'ਜੜ੍ਹਤੇ ਕੋਕੇ', 'ਕੱਢ 'ਤੀਆਂ ਕਸਰਾਂ', '2007 ਦਾ ਕਰ ਤਾਂ ਕੁੰਡਾ', 'ਮਿੱਠੇ ਪੋਚੇ' ਆਦਿ ਵੀ ਟਾਈਟਲ ਜੁੜੇ ਹਨ।

'ਛਣਕਾਟਾ 2006 'ਕੱਢ 'ਤੀਆਂ ਕਸਰਾਂ' ਤਾਂ ਇਸ ਸੀਰੀਜ਼ ਦੀ ਸਿਲਵਰ ਜੁਬਲੀ ਬਣਿਆ ਹੈ। ਦੱਸਣਯੋਗ ਹੈ ਕਿ 2002 ਤੋਂ ਬਾਅਦ ਇਹ ਛਣਕਾਟੇ ਵੀਡੀਓ ਸੀਡੀਜ਼ 'ਚ ਵੀ ਰਿਲੀਜ਼ ਹੋਏ। ਯੂਨੀਵਰਸਿਟੀ ਦੀ ਸਟੇਜ਼ ਤੋਂ ਸ਼ੁਰੂ ਹੋ ਕੇ ਹੁਣ ਤੱਕ ਜਸਵਿੰਦਰ ਭੱਲਾ ਨੇ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਵਰਗੇ ਦੇਸ਼ਾਂ ਸਮੇਤ ਦੁਨੀਆ ਦੇ ਹਰ ਕੋਨੇ 'ਚ ਆਪਣੇ ਸਹਾਇਕ ਕਲਾਕਾਰ ਬਾਲ ਮੁਕੰਦ ਸ਼ਰਮਾ ਨਾਲ ਆਪਣੀ ਕਾਮੇਡੀ ਕਲਾ ਦੇ ਜੌਹਰ ਵਿਖਾਏ ਹਨ। ਭੱਲਾ ਦੀ ਇਸ ਕਲਾ ਨੂੰ ਵੇਖਦੇ ਹੋਏ ਹੁਣ ਤਕ ਕਈ ਮਾਣ-ਸਨਮਾਨ ਵੀ ਉਨ੍ਹਾਂ ਦੀ ਝੋਲੀ ਪੈ ਚੁੱਕੇ ਹਨ। ਜੇ ਇਨ੍ਹਾਂ ਦਾ ਜ਼ਿਕਰ ਕਰਨ ਲੱਗੀਏ ਤਾਂ ਇਕ ਲੰਬੀ ਸੂਚੀ ਤਿਆਰ ਹੋ ਜਾਵੇਗੀ।



## ਪੰਜਾਬ ਦਾ ਅਸਲੀ 'ਵਾਰਸ' ਕੌਣ ?

ਹਰ ਗੱਲ 'ਤੇ ਨਿਖੇਧੀ ਕਰਨ ਵਿੱਚ ਹੀ ਆਪਣਾ ਸਾਰਾ ਜ਼ੋਰ ਲਗਾ ਰਹੇ ਹਨ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਪੰਜਾਬੀਆਂ ਨੇ ਕਾਫ਼ੀ ਹੁੰਗਾਰਾ ਭਰਿਆ, ਜਿਸ ਕਰਕੇ ਕੁਝ ਕਾਂਗਰਸ ਆਗੂਆਂ ਨੂੰ ਇਹ ਮਹਿਸੂਸ ਹੋਣ ਲੱਗਿਆ ਹੈ ਕਿ ਪੰਜਾਬ ਵਿੱਚ ਅਗਲੀ ਸਰਕਾਰ ਕਾਂਗਰਸ ਦੀ ਹੀ ਬਣੇਗੀ। ਕਾਂਗਰਸ ਦੇ ਰਾਜ ਭਾਗ ਸਮੇਂ ਵੀ ਪੰਜਾਬੀਆਂ ਦੇ ਮਸਲੇ ਹੱਲ ਨਹੀਂ ਸੀ ਹੋਏ, ਜਿਸ ਕਰਕੇ ਵੱਡੀ ਗਿਣਤੀ ਪੰਜਾਬੀ ਇਸ ਪਾਰਟੀ ਤੋਂ ਅਜੇ ਵੀ ਨਾਉਮੀਦ ਜਿਹੇ ਹੀ ਹਨ।

ਭਾਜਪਾ ਦੀ ਲੰਬੇ ਸਮੇਂ ਤੋਂ ਇੱਛਾ ਹੈ ਕਿ ਉਹ ਪੰਜਾਬ ਵਿੱਚ ਆਪਣੀ ਸਰਕਾਰ ਬਣਾਵੇ। ਭਾਵੇਂ ਕਿ ਅਕਾਲੀ ਦਲ ਨਾਲ ਸਿਆਸੀ ਗੱਠਜੋੜ ਦੌਰਾਨ ਭਾਜਪਾ ਕਈ ਵਾਰ ਪੰਜਾਬ ਵਿੱਚ ਸੱਤਾ ਦਾ ਸੁੱਖ ਮਾਣ ਚੁੱਕੀ ਹੈ।

ਇਸ ਸਮੇਂ ਵੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਸਿਆਸੀ ਗੱਠਜੋੜ ਸਬੰਧੀ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ। ਭਾਜਪਾ ਵੱਲੋਂ ਪੰਜਾਬ ਵਿੱਚ ਮਜ਼ਬੂਤੀ ਨਾਲ ਆਪਣਾ ਆਧਾਰ ਵਧਾਇਆ ਜਾ ਰਿਹਾ ਹੈ। ਸ਼ਹਿਰਾਂ ਵਿਚੋਂ ਨਿਕਲ ਕੇ ਇਹ ਪਾਰਟੀ ਪੰਜਾਬ ਦੇ ਪਿੰਡਾਂ ਵਿੱਚ ਵੀ ਫੈਲ ਰਹੀ ਹੈ। ਵੱਖ- ਵੱਖ ਸਿਆਸੀ ਪਾਰਟੀਆਂ ਦੇ ਅਨੇਕਾਂ ਸਿੱਖ ਆਗੂਆਂ ਨੂੰ ਭਾਜਪਾ ਵਿੱਚ ਸ਼ਾਮਲ ਕਰਨ ਤੋਂ ਬਾਅਦ ਵੀ ਭਾਜਪਾ ਅਜੇ ਤੱਕ ਪੂਰੀ ਤਰ੍ਹਾਂ ਆਮ ਸਿੱਖਾਂ ਦਾ ਦਿਲ ਨਹੀਂ ਜਿੱਤ ਸਕੀ, ਜਿਸ ਕਰਕੇ ਆਪਣੇ ਬਲਬੂਤੇ ਪੰਜਾਬ ਵਿੱਚ ਸਰਕਾਰ ਬਣਾਉਣਾ ਭਾਜਪਾ ਲਈ ਅਜੇ ਸੰਭਵ ਨਹੀਂ ਲੱਗਦਾ।

ਪੰਜਾਬ ਵਿੱਚ ਵਿਚਰ ਰਹੀਆਂ ਸਾਰੀਆਂ ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਦਾ ਲੇਖਾ ਜੋਖਾ ਕਰਨ ਤੋਂ ਬਾਅਦ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਇਸ ਸਮੇਂ ਪੰਜਾਬ ਵਿੱਚ ਕੋਈ ਵੀ ਅਜਿਹੀ ਸਿਆਸੀ ਪਾਰਟੀ ਨਹੀਂ ਹੈ, ਜੋ ਕਿ ਪੰਜਾਬੀਆਂ ਦੀਆਂ ਉਮੀਦਾਂ 'ਤੇ ਖਰੀ ਉੱਤਰੇ।

ਭਾਵੇਂ ਕਿ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਆਗੂ ਆਪਣੇ ਆਪ ਨੂੰ ਪੰਜਾਬ ਦੇ ਹਿਤੈਸ਼ੀ ਹੋਣ ਦਾ ਦਾਅਵਾ ਕਰਦੇ ਹਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਜਿਹੇ ਰੋਲ ਘਚੋਲੇ ਵਾਲੇ ਸਿਆਸੀ ਮਾਹੌਲ 'ਚ ਪੰਜਾਬ ਦਾ ਅਸਲੀ ਵਾਰਸ ਕੌਣ ਹੈ ? ਕਿਹੜੀ ਸਿਆਸੀ ਧਿਰ ਨੂੰ ਪੰਜਾਬੀ ਆਪਣਾ ਸਮਰਥਨ ਦੇਣਗੇ ? ਅਗਲੀਆਂ ਵਿਧਾਨ ਸਭਾ ਚੋਣਾਂ ਹੋਣ ਵਿੱਚ ਸਿਰਫ਼ ਡੇਢ ਸਾਲ ਦਾ ਸਮਾਂ ਰਹਿ ਗਿਆ ਹੈ ਅਤੇ ਪੰਜਾਬੀ ਆਪਣਾ ਫ਼ੈਸਲਾ ਸੁਣਾਉਣ ਲਈ ਹੁਣੇ ਤੋਂ ਤਿਆਰੀਆਂ ਕਰ ਰਹੇ ਹਨ। ਇਹਨਾਂ ਚੋਣਾਂ ਤੋਂ ਬਾਅਦ ਹੀ ਇਸ ਸਵਾਲ ਦਾ ਜਵਾਬ ਮਿਲੇਗਾ ਕਿ ਪੰਜਾਬ ਦਾ ਅਸਲੀ ਵਾਰਸ ਕੌਣ ਹੈ ? ਸੱਚਾਈ ਤਾਂ ਇਹ ਹੈ ਕਿ ਪੰਜਾਬੀ ਇਸ ਸਮੇਂ ਖੁਦ ਹੀ ਆਪਣੇ 'ਵਾਰਸ' ਬਣ ਰਹੇ ਹਨ, ਜਿਸ ਕਰਕੇ ਪੰਜਾਬੀ ਸਰਕਾਰ ਤੇ ਸਿਆਸੀ ਪਾਰਟੀਆਂ ਤੋਂ ਸਹਾਇਤਾ ਲੈਣ ਜਾਂ ਇਹਨਾਂ ਵੱਲ ਵੇਖਣ ਦੀ ਥਾਂ ਖੁਦ ਹੀ ਸੜਕਾਂ ਅਤੇ ਹੋਰ ਸਾਂਝੀਆਂ ਥਾਂਵਾਂ ਨੂੰ ਠੀਕ ਕਰਨ ਲੱਗੇ ਹਨ। ਇਹ ਗੱਲ ਪੰਜਾਬ ਦੇ ਸਿਆਸੀ ਆਗੂਆਂ ਨੂੰ ਆਉਣ ਵਾਲੇ ਸਮੇਂ ਵਿੱਚ ਭਾਰੀ ਵੀ ਪੈ ਸਕਦੀ ਹੈ।

***

## ਟਰੰਪ ਨੇ ਆਪਣੇ ਸਹਿਯੋਗੀ ਗੋਰ ਨੂੰ

ਵਿੱਚ ਸੰਘੀ ਵਿਭਾਗਾਂ ਅਤੇ ਏਜੰਸੀਆਂ ਵਿੱਚ ਲਗਭਗ 4,000 ਅਧਿਕਾਰੀਆਂ ਦੀ ਭਰਤੀ ਕੀਤੀ ਹੈ, ਜਿਸ ਵਿੱਚ 95 ਪ੍ਰਤੀਸ਼ਤ ਤੋਂ ਵੱਧ ਅਸਾਮੀਆਂ ਭਰੀਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਨਾਂਅ 'ਤੇ ਮੋਹਰ ਲੱਗਣ ਤੱਕ ਗੋਰ ਵ੍ਹਾਈਟ ਹਾਊਸ ਵਿੱਚ ਆਪਣੀ ਮੌਜੂਦਾ ਭੂਮਿਕਾ ਵਿੱਚ ਬਣੇ ਰਹਿਣਗੇ।

ਦੱਸ ਦਈਏ ਕਿ ਇਸ ਤੋਂ ਪਹਿਲਾਂ ਐਰਿਕ ਗਾਰਸੇਟੀ ਮਈ 2023 ਤੋਂ ਜਨਵਰੀ 2025 ਤੱਕ ਭਾਰਤ ਵਿੱਚ ਅਮਰੀਕੀ ਰਾਜਦੂਤ ਸਨ।

***

## ਗ਼ੈਰ ਕਾਨੂੰਨੀ ਪਰਵਾਸੀ

ਸਮੂਹਾਂ ਨੇ ਇੱਕ ਪੂਰਾ ਉਦਯੋਗ ਸਥਾਪਿਤ ਕਰ ਲਿਆ ਹੈ। ਇਹਨਾਂ ਦਾ ਨੈਟਵਰਕ ਏਨਾ ਜ਼ਿਆਦਾ ਮਜ਼ਬੂਤ ਹੁੰਦਾ ਹੈ ਕਿ ਇਹ ਹਮੇਸ਼ਾ ਪੁਲਿਸ ਅਤੇ ਸਰਕਾਰ ਤੋਂ ਬਚੇ ਰਹਿੰਦੇ ਹਨ। ਇਹ ਅਕਸਰ ਆਪਣੀ ਪਹਿਚਾਣ ਵੀ ਬਦਲਦੇ ਰਹਿੰਦੇ ਹਨ ਅਤੇ ਵੱਖ ਵੱਖ ਮੁਲਕਾਂ ਵਿੱਚ ਵੱਖ ਵੱਖ ਨਾਵਾਂ ਹੇਠ ਆਪਣਾ ਮਨੁੱਖੀ ਤਸਕਰੀ ਦਾ ਕੰਮ ਧੰਦਾ ਚਲਾਉਂਦੇ ਹਨ। ਵਿਦੇਸ਼ ਜਾਣ ਦੇ ਚਾਹਵਾਨ ਲੋਕਾਂ ਨੂੰ ਜਦੋਂ ਜਾਇਜ਼ ਤਰੀਕੇ ਨਾਲ ਵੀਜ਼ਾ ਨਹੀਂ ਮਿਲਦਾ ਤਾਂ ਉਹ ਇਹਨਾਂ ਮਨੁੱਖੀ ਤਸਕਰਾਂ ਦੇ ਜਾਲ ਵਿੱਚ ਫਸ ਜਾਂਦੇ ਹਨ ਅਤੇ ਗ਼ੈਰ ਕਾਨੂੰਨੀ ਪਰਵਾਸ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਹ ਠੱਗ ਏਜੰਟ ਅਕਸਰ ਮੋਟੀ ਕਮਾਈ ਕਰਨ ਦੇ ਲਾਲਚ ਵਿੱਚ ਆਮ ਭੋਲੇ ਭਾਲੇ ਪੰਜਾਬੀਆਂ ਨੂੰ ਅਮਰੀਕਾ ਤੇ ਕੈਨੇਡਾ ਵਰਗੇ ਮੁਲਕਾਂ ਵਿੱਚ ਭੇਜਣ ਦਾ ਸੁਪਨਾ ਦਿਖਾ ਕੇ ਜਹਾਜ਼ ਚੜ੍ਹਾ ਕੇ ਅਜਿਹੇ ਮੁਲਕਾਂ ਵਿੱਚ ਭੇਜ ਦਿੰਦੇ ਹਨ, ਜਿਨ੍ਹਾਂ ਮੁਲਕਾਂ ਦਾ ਇਹਨਾਂ ਪੰਜਾਬੀਆਂ ਨੇ ਪਹਿਲਾਂ ਕਦੇ ਨਾਮ ਵੀ ਨਹੀਂ ਸੁਣਿਆ ਹੁੰਦਾ ਅਤੇ ਇਹ ਪੰਜਾਬੀ ਉਥੇ ਪੈਸੇ ਅਤੇ ਭਾਸ਼ਾ ਦੀ ਸਮੱਸਿਆ ਕਾਰਨ ਆਪਣਾ ਪੱਖ ਨਹੀਂ ਦਸ ਸਕਦੇ, ਜਿਸ ਕਾਰਨ ਅਨੇਕਾਂ ਪੰਜਾਬੀ ਬੇਗਾਨੇ ਮੁਲਕਾਂ ਦੀ ਜੇਲ੍ਹਾਂ ਵਿੱਚ ਰੁਲਦੇ ਰਹਿੰਦੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਪੰਜਾਬੀ 'ਡੌਂਕੀ ਸਿਸਟਮ' ਰਾਹੀਂ ਵੀ ਅਮਰੀਕਾ, ਕੈਨੇਡਾ ਅਤੇ ਹੋਰ ਮੁਲਕਾਂ ਨੂੰ ਜਾਣ ਲਈ ਤਰਜੀਹ ਦਿੰਦੇ ਹਨ।

ਏਜੰਟ ਮਾਪਿਆਂ ਦੇ ਰੀਝਾਂ ਨਾਲ ਪਾਲੇ ਪੁੱਤਰਾਂ ਨੂੰ ਪਨਾਮਾ ਵਰਗੇ ਦੇਸ਼ਾਂ ਦੇ ਖਤਰਨਾਕ ਜੰਗਲਾਂ ਵਿੱਚ ਮਰਨ ਲਈ ਤੋਰ ਦਿੰਦੇ ਹਨ। ਜੰਗਲਾਂ ਵਿੱਚ ਭੁੱਖ, ਪਿਆਸ ਤੇ ਜ਼ਹਿਰੀਲੇ ਜਾਨਵਰ ਉਹਨਾਂ ਦੀ ਮੌਤ ਦਾ ਕਾਰਨ ਬਣਦੇ ਹਨ। ਕਈ ਵਾਰ ਉਹ ਲੁਟੇਰੇ ਗੈਂਗਾਂ ਦਾ ਨਿਸ਼ਾਨਾ ਵੀ ਬਣ ਜਾਂਦੇ ਹਨ। ਸਾਰੇ ਖ਼ਤਰੇ ਹੰਢਾਉਂਦਿਆਂ ਉਹਨਾਂ ਦਾ ਇੱਕੋ ਮਕਸਦ ਹੈ ਮੈਕਸੀਕੋ ਵਾਲੀ ਕੰਧ ਟੱਪਣੀ ਹੁੰਦਾ ਹੈ, ਜਿਸ ਤੋਂ ਅੱਗੇ ਸੁਪਨਿਆਂ ਦੀ ਉਹ ਧਰਤੀ ਹੈ, ਜਿੱਥੇ ਪਹੁੰਚਣ ਲਈ ਜ਼ਮੀਨਾਂ ਵੇਚ ਕੇ 30-40 ਲੱਖ ਤੱਕ ਏਜੰਟਾਂ ਨੂੰ ਦਿੱਤੇ ਹੁੰਦੇ ਹਨ। ਪਰ ਉਸ ਕੰਧ ਨੂੰ ਟੱਪ ਸਕਣਾ ਹਰ ਕਿਸੇ ਦੇ ਹਿੱਸੇ ਨਹੀਂ ਹੁੰਦਾ। ਇਨ੍ਹਾਂ ਵਿੱਚੋਂ ਕਈ ਪੰਜਾਬੀ ਤਾਂ ਆਪਣੀ ਮੰਜ਼ਿਲ 'ਤੇ ਕਿਸੇ ਨਾ ਕਿਸੇ ਤਰਾਂ ਪਹੁੰਚ ਜਾਂਦੇ ਹਨ, ਜਦੋਂ ਕਿ ਵੱਡੀ ਗਿਣਤੀ ਪੰਜਾਬੀ ਰਸਤੇ ਵਿੱਚ ਪੈਂਦੇ ਜੰਗਲਾਂ ਵਿੱਚ ਹੀ ਗੁੰਮ ਹੋ ਜਾਂਦੇ ਹਨ ਜਾਂ ਮਾਰੇ ਜਾਂਦੇ ਹਨ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਤੋਂ ਵਿਦੇਸ਼ਾਂ ਵੱਲ ਹੁੰਦੇ ਪਰਵਾਸ ਅਤੇ ਗ਼ੈਰ ਕਾਨੂੰਨੀ ਪਰਵਾਸ ਨੂੰ ਰੋਕਣ ਲਈ ਵੱਡੇ ਉਪਰਾਲੇ ਕਰੇ। ਇਸ ਲਈ ਪੰਜਾਬ ਦੇ ਵੱਡੀ ਗਿਣਤੀ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ, ਚੰਗੇ ਰੁਜ਼ਗਾਰ, ਆਪਣੇ ਕੰਮ ਧੰਦੇ ਖੋਲ੍ਹਣ ਲਈ ਆਸਾਨ ਕਿਸ਼ਤਾਂ 'ਤੇ ਕਰਜ਼ੇ, ਮਿੰਨੀ ਬੱਸਾਂ ਦੇ ਪਰਮਿਟ, ਟੈਕਸਾਂ 'ਚ ਛੋਟ ਆਦਿ ਦਿੱਤੇ ਜਾ ਸਕਦੇ ਹਨ। ਪੰਜਾਬੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਵਿਦੇਸ਼ਾਂ ਦੀ ਚਕਾਚੌਂਧ ਦੇ ਪਿੱਛੇ ਭੱਜਣ ਦੀ ਥਾਂ ਆਪਣੀ ਜੰਮਣ ਭੋਇੰ 'ਤੇ ਰਹਿ ਕੇ ਹੀ ਕੋਈ ਚੰਗਾ ਰੁਜ਼ਗਾਰ ਸਿਰਜਣ, ਇਸ ਲਈ ਉਹਨਾਂ ਨੂੰ ਆਪਣੇ ਪਰਿਵਾਰਾਂ ਦੇ ਨਾਲ ਵੀ ਰਹਿਣਗੇ।

***

## ਟਰੱਕ ਡਰਾਈਵਰ ਹਰਜਿੰਦਰ ਸਿੰਘ

ਅਮਰੀਕਾ ਵਿੱਚ ਦਾਖ਼ਲ ਹੋਇਆ ਸੀ ਅਤੇ ਬਾਅਦ ਵਿੱਚ ਉਸ ਨੇ ਕੈਲੀਫੋਰਨੀਆ ਵਿੱਚ ਕਮਰਸ਼ੀਅਲ ਡਰਾਈਵਰਜ਼ ਲਾਇਸੈਂਸ ਪ੍ਰਾਪਤ ਕੀਤਾ ਸੀ।

ਫਲੋਰਿਡਾ ਦੇ ਗਵਰਨਰ ਰੋਨ ਡੀਸੈਂਟਿਸ ਨੂੰ ਸੰਬੋਧਿਤ ਕੀਤੀ ਗਈ ਇਸ ਆਨਲਾਈਨ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਹਾਦਸਾ ਜਾਣਬੁੱਝ ਕੇ ਨਹੀਂ ਸੀ ਅਤੇ ਸੰਭਾਵਿਤ ਸਜ਼ਾ ਨੂੰ ਅਣਮਨੁੱਖੀ ਕਿਹਾ ਗਿਆ ਹੈ। ਇਸ ਵਿਚ ਸਮਰਥਕ ਅਧਿਕਾਰੀਆਂ ਨੂੰ ਨਰਮੀ, ਪੈਰੋਲ ਦੀ ਯੋਗਤਾ, ਜਾਂ ਕਮਿਊਨਿਟੀ ਸੇਵਾ ਵਰਗੇ ਵਿਕਲਪਾਂ 'ਤੇ ਵਿਚਾਰ ਕਰਨ ਦੀ ਅਪੀਲ ਕਰ ਰਹੇ ਹਨ।

***

## ਆਸਟ੍ਰੇਲੀਆਈ ਲੜਕੀ ਨੇ ਟਰੱਕ ਡਰਾਈਵਰ

ਸਖ਼ਤ ਸਜ਼ਾ ਦੇਣ ਅਤੇ ਹਰਜਿੰਦਰ ਸਿੰਘ ਦੀ ਹਮਾਇਤ ਕਰਨ ਵਾਲਿਆਂ ਨੂੰ ਅਮਰੀਕਾ 'ਚੋਂ ਦੇਸ਼ ਨਿਕਾਲਾ ਦੇਣ ਦੀ ਮੰਗ ਕੀਤੀ ਗਈ ਹੈ ਸ਼ੋਸ਼ਲ ਮੀਡੀਆ 'ਤੇ ਕੁਝ ਪੰਜਾਬੀ ਆਗੂਆਂ ਨੇ ਮਨੀਸ਼ਾ ਕੌਸ਼ਲ ਵੱਲੋਂ ਪਾਈ ਪਟੀਸ਼ਨ ਦਾ ਵੇਰਵਾ ਦੇ ਕੇ ਕਿਹਾ ਹੈ ਕਿ ਪੰਜਾਬੀਆਂ ਨੂੰ ਮਨੀਸ਼ਾ ਵੱਲੋਂ ਪਾਈ ਪਟੀਸ਼ਨ 'ਤੇ ਹਸਤਾਖਰ ਨਹੀਂ ਕਰਨੇ ਚਾਹੀਦੇ ਅਤੇ ਕਿਸੇ ਵੀ ਪਟੀਸ਼ਨ 'ਤੇ ਹਸਤਾਖਰ ਕਰਨ ਤੋਂ ਪਹਿਲਾਂ ਉਸ ਪਟੀਸ਼ਨ ਨੂੰ ਚੰਗੀ ਤਰ੍ਹਾਂ ਪੜ੍ਹ ਲੈਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਪੰਜਾਬੀ ਮਨੀਸ਼ਾ ਵਾਲੀ ਪਟੀਸ਼ਨ ਨੂੰ ਟਰੱਕ ਡਰਾਈਵਰ ਹਰਜਿੰਦਰ ਸਿੰਘ ਦੇ ਹੱਕ ਵਿੱਚ ਪਾਈ ਪਟੀਸ਼ਨ ਨਾ ਸਮਝਣ ਸਗੋਂ ਇਸ ਪਟੀਸ਼ਨ ਦੀ ਅਸਲੀਅਤ ਨੂੰ ਸਮਝਣ। ਉਹਨਾਂ ਦਾਅਵਾ ਕੀਤਾ ਕਿ ਮਨੀਸ਼ਾ ਵੱਲੋਂ ਪਾਈ ਪਟੀਸ਼ਨ ਵਿੱਚ ਟਰੱਕ ਡਰਾਈਵਰ ਹਰਜਿੰਦਰ ਸਿੰਘ ਨੂੰ ਸਖ਼ਤ ਸਜ਼ਾ ਦੇਣ ਅਤੇ ਉਸ ਦੀ ਹਮਾਇਤ ਕਰਨ ਵਾਲਿਆਂ ਨੂੰ ਅਮਰੀਕਾ ਵਿਚੋਂ ਦੇਸ਼ ਨਿਕਾਲਾ ਦੇਣ ਦੀ ਮੰਗ ਕੀਤੀ ਗਈ ਹੈ। ਇਸ ਲਈ ਮਨੀਸ਼ਾ ਦੀ ਇਸ ਪਟੀਸ਼ਨ ਦਾ ਪੰਜਾਬੀ ਵਿਰੋਧ ਕਰਨ।

***

## ਅਮਰੀਕਾ ਸਰਕਾਰ ਨੇ ਇੰਟੈੱਲ ਕਾਰਪੋਰੇਸ਼ਨ

ਇਸ ਕਦਮ ਨਾਲ ਇੰਟੈੱਲ ਦੀ ਏਸ਼ੀਆਈ ਕੰਪਨੀਆਂ ਦੇ ਖਿਲਾਫ਼ ਮੁਕਾਬਲੇਬਾਜ਼ੀ ਵਧਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**ਇੰਡਸਟਰੀ ਦੀ ਪ੍ਰਤੀਕਿਰਿਆ ਅਤੇ ਚੁਣੌਤੀਆਂ**

ਮਾਈਕ੍ਰੋਸਾਫ਼ਟ, ਡੈੱਲ, ਐੱਚ. ਪੀ. ਅਤੇ ਐਮਾਜ਼ੋਨ ਵੈੱਬ ਸਰਵਿਸਿਜ਼ ਵਰਗੀਆਂ ਟੈੱਕ ਕੰਪਨੀਆਂ ਨੇ ਅਮਰੀਕੀ ਚਿਪ ਸਪਲਾਈ ਚੇਨ ਮਜ਼ਬੂਤ ਕਰਨ ਦੇ ਕਦਮ ਦਾ ਸਮਰਥਨ ਕੀਤਾ ਹੈ। ਹਾਲਾਂਕਿ, ਬਲੂਮਬਰਗ ਦੀ ਰਿਪੋਰਟ 'ਚ ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਸਿਰਫ਼ ਪੈਸੇ ਨਾਲ ਇੰਟੈੱਲ ਦੀਆਂ ਪੁਰਾਣੀਆਂ ਸਮੱਸਿਆਵਾਂ ਹੱਲ ਨਹੀਂ ਹੋਣਗੀਆਂ। ਬਰਨਸਟੀਨ ਦੇ ਵਿਸ਼ਲੇਸ਼ਕ ਸਟੇਸੀ ਰੈਸਗਨ ਨੇ ਕਿਹਾ ਕਿ ਫ਼ੰਡਿੰਗ ਦੇ ਨਾਲ ਇੰਟੈੱਲ ਨੂੰ ਜ਼ਿਆਦਾ ਗਾਹਕ ਵੀ ਚਾਹੀਦੇ ਹਨ, ਨਹੀਂ ਤਾਂ ਇਹ ਵਿਸਥਾਰ ਸਫ਼ਲ ਨਹੀਂ ਹੋਵੇਗਾ।

***

## ਭਾਰਤ ਨੂੰ ਅਹਿਮ ਅਤੇ ਲੋਕਤੰਤਰੀ

ਅਤੇ ਤਾਕਤ ਦੇ ਜ਼ੋਰ 'ਤੇ ਸ਼ਾਂਤੀ ਸਥਾਪਿਤ ਕਰਨਾ ਸ਼ਾਮਲ ਹੈ, ਜਿਸ ਦੇ ਮੱਦੇਨਜ਼ਰ ਅਮਰੀਕਾ-ਭਾਰਤ ਸਬੰਧਾਂ ਨੂੰ ਮੁੜ ਲੀਹ 'ਤੇ ਲਿਆਉਣ ਤੋਂ ਵੱਧ ਅਹਿਮ ਹੋਰ ਕੋਈ ਉਦੇਸ਼ ਨਹੀਂ ਹੈ। ਹੇਲੀ ਨੇ ਕਿਹਾ ਕਿ ਭਾਰਤ ਹੁਣ ਤੱਕ ਰੂਸ ਤੋਂ ਤੇਲ ਖ਼ਰੀਦਣ ਲਈ ਪਾਬੰਦੀਆਂ ਤੋਂ ਬਚਦਾ ਰਿਹਾ ਹੈ, ਜਦਕਿ ਉਹ ਮਾਸਕੋ ਦੇ ਸਭ ਤੋਂ ਵੱਡੇ ਗਾਹਕਾਂ 'ਚੋਂ ਇੱਕ ਹੈ। ਹੇਲੀ ਨੇ ਕਿਹਾ ਕਿ ਏਸ਼ੀਆ 'ਚ ਚੀਨੀ ਪ੍ਰਭਾਵ ਦਾ ਮੁਕਾਬਲਾ ਕਰਨ ਵਾਲੇ ਇਕਲੌਤੇ ਮੁਲਕ ਨਾਲ ਸਬੰਧ ਵਿਗਾੜਨਾ ਰਣਨੀਤਕ ਆਫ਼ਤ ਤੋਂ ਘੱਟ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਅਮਰੀਕਾ ਕੱਪੜੇ, ਫੋਨ ਅਤੇ ਸੋਲਰ ਪੈਨਲਾਂ ਵਰਗੇ ਖੇਤਰਾਂ 'ਚ ਚੀਨ ਦੀ ਬਜਾਏ ਅਮਰੀਕਾ ਵੱਲ ਰੁਖ਼ ਕਰ ਸਕਦਾ ਹੈ। ਹੇਲੀ ਮੁਤਾਬਕ ਅਮਰੀਕਾ ਅਤੇ ਭਾਈਵਾਲਾਂ ਨਾਲ ਭਾਰਤ ਦੇ ਵਧ ਰਹੇ ਸੁਰੱਖਿਆ ਸਬੰਧ ਆਲਮੀ ਸੁਰੱਖਿਆ ਲਈ ਅਹਿਮ ਹਨ।

***

## ਕਾਂਗਰਸ ਹਾਈਕਮਾਂਡ ਦੀ ਸਖ਼ਤੀ:

ਵੜਿੰਗ ਨੇ ਧੜੇਬੰਦੀ ਨੂੰ ਨਕਾਰਿਆ ਹੈ ਪਰ ਸੀਨੀਅਰ ਆਗੂ ਉਨ੍ਹਾਂ ਨੂੰ ਬਦਲਣ ਦੀ ਮੰਗ ਕਰ ਰਹੇ ਨੇ। ਵੜਿੰਗ ਨੂੰ ਰਾਹੁਲ ਗਾਂਧੀ ਨਾਲ ਨੇੜਤਾ ਕਾਰਨ ਹਾਈਕਮਾਂਡ ਦਾ ਸਮਰਥਨ ਮਿਲ ਰਿਹਾ ਹੈ ਪਰ ਸੀਨੀਅਰ ਆਗੂ ਉਨ੍ਹਾਂ ਨੂੰ ਅਨੁਭਵਹੀਣ ਮੰਨਦੇ ਨੇ ਅਤੇ ਕਹਿੰਦੇ ਨੇ ਕਿ ਉਹ ਪੰਜਾਬੀ ਤੇ ਸਿੱਖ ਮਾਮਲਿਆਂ ਨੂੰ ਸਮਝ ਨਹੀਂ ਰਹੇ। ਉਨ੍ਹਾਂ ਨੇ ਕਈ ਵਿਵਾਦੀ ਬਿਆਨ ਦਿੱਤੇ ਨੇ, ਜਿਵੇਂ ਕਿ ਅਕਾਲ ਤਖ਼ਤ ਸਾਹਿਬ ਬਾਰੇ ਟਿੱਪਣੀ, ਜੋ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਸੀ। ਬੇਅੰਤ ਸਿੰਘ ਮੁੱਖ ਮੰਤਰੀ ਦੀ ਤਾਰੀਫ ਆਮ ਸਿੱਖਾਂ ਨੂੰ ਹਜਮ ਨਹੀਂ ਹੋ ਰਹੀ। ਇਸ ਨਾਲ ਪਾਰਟੀ ਵਿੱਚ ਅੰਦਰੂਨੀ ਫੁਟ ਵਧ ਰਹੀ ਹੈ ਅਤੇ ਚੋਣਾਂ ਵਿੱਚ ਨੁਕਸਾਨ ਹੋ ਰਿਹਾ ਹੈ।

ਵੜਿੰਗ ਨੇ ਹਾਈਕਮਾਂਡ ਨਾਲ ਮੀਟਿੰਗ ਵਿਚ ਭਰੋਸਾ ਦਿਵਾਇਆ ਸੀ ਕਿ ਭਵਿੱਖ ਵਿੱਚ ਸਭ ਨੂੰ ਸੂਚਨਾ ਮਿਲੇਗੀ। ਹਾਈਕਮਾਂਡ ਨੇ ਆਗੂਆਂ ਨੂੰ ਇਕੱਠੇ ਹੋ ਕੇ ਕੰਮ ਕਰਨ ਅਤੇ ਧੜੇਬੰਦੀ ਤੋਂ ਉੱਪਰ ਉੱਠਣ ਲਈ ਕਿਹਾ ਹੈ। ਹਾਈਕਮਾਂਡ ਨੇ ਪੰਜਾਬ ਵਿੱਚ ਆਪ ਸਰਕਾਰ ਨੂੰ ਨਿਸ਼ਾਨੇ ਤੇ ਰੱਖ ਕੇ ਯੂਨਿਟ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਵੇਂ ਕਿ ਡਰੱਗ ਮਾਫੀਆ ਅਤੇ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਚਲਾਉਣ ਲਈ ਕਿਹਾ ਗਿਆ ਹੈ।

ਹਾਈਕਮਾਂਡ ਵੜਿੰਗ ਨੂੰ ਨਹੀਂ ਬਦਲ ਰਹੀ, ਕਿਉਂਕਿ ਉਹ ਰਾਹੁਲ ਗਾਂਧੀ ਨਾਲ ਨੇੜੇ ਨੇ ਅਤੇ ਨੌਜਵਾਨ ਚਿਹਰੇ ਵਜੋਂ ਵੇਖੇ ਜਾਂਦੇ ਨੇ। ਭੁਪੇਸ਼ ਬਘੇਲ ਨੇ ਸਪੱਸ਼ਟ ਕੀਤਾ ਕਿ ਵੜਿੰਗ ਨੂੰ ਬਦਲਣ ਦੀ ਕੋਈ ਗੱਲ ਨਹੀਂ ਅਤੇ ਪਾਰਟੀ ਏਕਤਾ ਨਾਲ ਚੱਲ ਰਹੀ ਹੈ।ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਧੜੇਬੰਦੀ ਜਾਰੀ ਰਹੀ ਤਾਂ ਬਦਲਾਅ ਹੋ ਸਕਦਾ ਹੈ। ਸੀਨੀਅਰ ਆਗੂ ਸੋਚਦੇ ਨੇ ਕਿ ਪਾਰਟੀ ਨੂੰ ਇਕੱਠਾ ਕਰਨ ਲਈ ਨਵਾਂ ਲੀਡਰ ਚਾਹੀਦਾ ਹੈ।

+-

## ਤਮਿਲ ਸਿੱਖ ਸੰਗਤ ਦੀ ਮੰਗ

ਇਸੇ ਤਰ੍ਹਾਂ, ਤਾਮਿਲ-ਸਿੱਖ ਕਲਚਰਲ ਬ੍ਰਦਰਹੁੱਡ ਅਤੇ ਐਜੂਕੇਸ਼ਨਲ ਫਾਊਂਡੇਸ਼ਨ ਦੇ ਚੇਅਰਮੈਨ ਐਸ. ਸੇਲਵਾ ਸਿੰਘ (ਪਹਿਲਾਂ ਸੇਲਵਾ ਕੁਮਾਰ) ਨੇ ਕਿਹਾ ਕਿ ਸਰਕਾਰ ਨੂੰ ਸਿੱਖਾਂ ਦੇ ਸੰਵਿਧਾਨਕ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਸਪੱਸ਼ਟ ਨੀਤੀ ਬਣਾਉਣ ਦੀ ਜ਼ਰੂਰਤ ਹੈ। ਸਿੱਖ ਧਰਮ ਨੂੰ ਅਪਣਾਉਣ ਵਾਲਿਆਂ ਨੂੰ ਆਪਣੀ ਪਛਾਣ ਸਥਾਪਤ ਕਰਨ ਲਈ ਸਰਕਾਰੀ ਸਹਿਯੋਗ ਦੀ ਲੋੜ ਹੈ, ਪਰ ਅਧਿਕਾਰੀਆਂ ਦੀ ਅਣਜਾਣਕਾਰੀ ਕਾਰਨ ਇਹ ਪ੍ਰਕਿਰਿਆ ਰੁਕਾਵਟ ਬਣ ਰਹੀ ਹੈ।

ਕਿਰਪਾਨ ਨੂੰ ਲੈ ਕੇ ਪੁਲਿਸ ਦੀ ਪ੍ਰੇਸ਼ਾਨੀ

ਤਮਿਲ ਸਿੱਖ ਸੰਗਤ ਦੇ ਮੈਂਬਰਾਂ ਨੇ ਇੱਕ ਹੋਰ ਅਹਿਮ ਮੁੱਦੇ 'ਤੇ ਰੋਸ ਪ੍ਰਗਟ ਕੀਤਾ, ਜੋ ਕਿ ਸਿੱਖਾਂ ਦੇ ਪੰਜ ਕਕਾਰਾਂ ਵਿੱਚੋਂ ਇੱਕ, ਕਿਰਪਾਨ, ਨੂੰ ਲੈ ਕੇ ਪੁਲਿਸ ਵੱਲੋਂ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਹੈ। ਸਿੱਖ ਧਰਮ ਅਨੁਸਾਰ, ਕਿਰਪਾਨ ਸਿੱਖਾਂ ਦਾ ਇੱਕ ਪਵਿੱਤਰ ਪ੍ਰਤੀਕ ਹੈ, ਜਿਸ ਨੂੰ ਹਰ ਸਮੇਂ ਨਾਲ ਰੱਖਣਾ ਉਨ੍ਹਾਂ ਦਾ ਧਾਰਮਿਕ ਅਧਿਕਾਰ ਹੈ। ਪਰ ਤਮਿਲਨਾਡੂ ਵਿੱਚ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਮਾਲਜ਼, ਜਨਤਕ ਸਥਾਨਾਂ ਅਤੇ ਹੋਰ ਥਾਵਾਂ 'ਤੇ ਕਿਰਪਾਨ ਨਾਲ ਜਾਣ ਸਮੇਂ ਪੁਲਿਸ ਵੱਲੋਂ ਰੋਕਿਆ ਜਾਂਦਾ ਹੈ ਅਤੇ ਸਵਾਲ-ਜਵਾਬ ਕੀਤੇ ਜਾਂਦੇ ਹਨ।

ਇਸ ਸਬੰਧੀ ਸੰਗਤ ਨੇ ਮੰਗ ਕੀਤੀ ਕਿ ਪੁਲਿਸ ਅਧਿਕਾਰੀਆਂ ਨੂੰ ਸਿੱਖ ਧਰਮ ਦੀਆਂ ਪਰੰਪਰਾਵਾਂ ਅਤੇ ਕਿਰਪਾਨ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾਵੇ, ਤਾਂ ਜੋ ਸਿੱਖਾਂ ਨੂੰ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਆਪਣੇ ਧਾਰਮਿਕ ਅਧਿਕਾਰਾਂ ਦੀ ਪਾਲਣਾ ਕਰਨ ਦੀ ਆਜ਼ਾਦੀ ਮਿਲ ਸਕੇ। ਸਟੇਟ ਮਾਈਨੋਰਿਟੀ ਕਮਿਸ਼ਨ ਦੇ ਮਾਹਿਰ ਮੈਂਬਰ ਰਮੀਤ ਸਿੰਘ ਕਪੂਰ ਨੇ ਇਸ ਮੁੱਦੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਉਹ ਜ਼ਿਲ੍ਹਾ ਪੁਲਿਸ ਨੂੰ ਕਿਰਪਾਨ ਸਬੰਧੀ ਸੂਚਿਤ ਕਰਨਗੇ, ਤਾਂ ਜੋ ਸਿੱਖ ਭਾਈਚਾਰੇ ਨੂੰ ਪ੍ਰੇਸ਼ਾਨ ਨਾ ਕੀਤਾ ਜਾਵੇ।

ਸਰਕਾਰੀ ਪੱਧਰ 'ਤੇ ਹੱਲ ਦੀ ਉਮੀਦ

ਤਮਿਲਨਾਡੂ ਸਟੇਟ ਮਾਈਨੋਰਿਟੀ ਕਮਿਸ਼ਨ ਦੇ ਮੈਂਬਰ ਰਮੀਤ ਸਿੰਘ ਕਪੂਰ ਨੇ ਦੱਸਿਆ ਕਿ ਸਿੱਖ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਸਿੱਖ ਧਰਮ ਦੱਖਣੀ ਤਮਿਲਨਾਡੂ ਵਿੱਚ ਨਵਾਂ ਹੈ ਅਤੇ ਇਹ ਭਾਈਚਾਰਾ ਅਜੇ ਮਾਈਕਰੋ ਪੱਧਰ 'ਤੇ ਹੈ, ਜਿਸ ਕਾਰਨ ਅਧਿਕਾਰੀਆਂ ਨੂੰ ਇਸ ਦੀਆਂ ਪਰੰਪਰਾਵਾਂ ਅਤੇ ਅਧਿਕਾਰਾਂ ਬਾਰੇ ਪੂਰੀ ਜਾਣਕਾਰੀ ਨਹੀਂ ਹੈ।

ਕਮਿਸ਼ਨ ਨੇ ਵਾਅਦਾ ਕੀਤਾ ਹੈ ਕਿ ਭਾਈਚਾਰਕ ਸਰਟੀਫਿਕੇਟਾਂ ਦੇ ਮੁੱਦੇ 'ਤੇ ਸਰਕਾਰੀ ਪੱਧਰ 'ਤੇ ਨੀਤੀਗਤ ਫੈਸਲਾ ਲਿਆ ਜਾਵੇਗਾ। ਇਸ ਸਬੰਧੀ ਪ੍ਰਿੰਸੀਪਲ ਸਕੱਤਰ ਨੂੰ ਸਿਫਾਰਸ਼ ਭੇਜੀ ਜਾਵੇਗੀ, ਜਿਸ ਨਾਲ ਸਿੱਖਾਂ ਨੂੰ ਅਧਿਕਾਰਤ ਤੌਰ 'ਤੇ ਮਾਨਤਾ ਦੇਣ ਲਈ ਸਰਕਾਰੀ ਹੁਕਮ ਜਾਰੀ ਕੀਤਾ ਜਾ ਸਕੇ। ਇਸ ਦੇ ਨਾਲ ਹੀ, ਪੁਲਿਸ ਅਧਿਕਾਰੀਆਂ ਨੂੰ ਸਿੱਖ ਧਰਮ ਦੀਆਂ ਪਰੰਪਰਾਵਾਂ ਬਾਰੇ ਸਿਖਲਾਈ ਦੇਣ ਦੀ ਵੀ ਯੋਜਨਾ ਹੈ, ਤਾਂ ਜੋ ਭਵਿੱਖ ਵਿੱਚ ਸਿੱਖਾਂ ਨੂੰ ਕਿਰਪਾਨ ਜਾਂ ਹੋਰ ਧਾਰਮਿਕ ਪ੍ਰਤੀਕਾਂ ਨੂੰ ਲੈ ਕੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

****

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ

ਨਗਰ ਕੀਰਤਨ 'ਚ ਸ਼ਾਮਲ ਹੋਣ ਪੁੱਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਗੁਰਮਤਿ ਰਹਿਣੀ ਨੂੰ ਜੀਵਨ ਦਾ ਹਿੱਸਾ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਗੁਰਬਾਣੀ ਮਨੁੱਖ ਨੂੰ ਜੀਵਨ ਦਾ ਰਾਹ ਦਰਸਾਉਂਦੀ ਹੈ ਅਤੇ ਹਰ ਪ੍ਰਾਣੀ ਮਾਤਰ ਦੇ ਜੀਵਨ ਨੂੰ ਸੁਖਦਾਈ ਬਣਾਉਣ ਲਈ ਇਕ ਅਹਿਮ ਮਾਰਗ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੰਗਤਾਂ ਨੂੰ ਗੁਰਬਾਣੀ ਨਿਤਨੇਮ ਨਾਲ ਜੁੜਨ ਅਤੇ ਖੰਡੇ ਬਾਟੇ ਦੀ ਪਹੁਲ ਦੇ ਧਾਰਨੀ ਹੋਣ ਦੀ ਪ੍ਰੇਰਣਾ ਕੀਤੀ।

ਨਗਰ ਕੀਰਤਨ ਸਮੇਂ ਸਿੱਖ ਨੌਜਵਾਨਾਂ ਵੱਲੋਂ ਗਤਕਾ ਪ੍ਰਦਰਸ਼ਨ ਦੇ ਨਾਲ-ਨਾਲ ਸ਼ਬਦੀ ਜਥਿਆਂ ਨੇ ਸ਼ਬਦ ਗਾਇਨ ਕਰਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸੇ ਦੌਰਾਨ ਰਸਤੇ ਵਿਚ ਸ਼ਰਧਾਲੂਆਂ ਵੱਲੋਂ ਵੱਖ-ਵੱਖ ਪਕਵਾਨਾਂ ਦੇ ਲੰਗਰ ਵੀ ਲਗਾਏ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਿੰਦਰਪਾਲ ਸਿੰਘ ਗੋਰਾ, ਅਮਰਜੀਤ ਸਿੰਘ ਭਲਾਈਪੁਰ, ਰਘੁਬੀਰ ਸਿੰਘ ਸਹਾਰਨਮਾਜਰਾ, ਅਮਰਜੀਤ ਸਿੰਘ ਬੰਡਾਲਾ, ਭਾਈ ਮਨਜੀਤ ਸਿੰਘ, ਸ਼੍ਰੋਮਣੀ ਕਮੇਟੀ ਸਕੱਤਰ ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਤੇਜਿੰਦਰ ਸਿੰਘ ਪੱਡਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ, ਗੁਰਨਾਮ ਸਿੰਘ, ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਯੁਵਰਾਜ ਸਿੰਘ, ਗੁਰਤਿੰਦਰਪਾਲ ਸਿੰਘ ਸਮੇਤ ਵੱਖ-ਵੱਖ ਸਭਾ ਸੁਸਾਇਟੀਆਂ ਦੇ ਨੁਮਾਇੰਦੇ ਅਤੇ ਸੰਗਤਾਂ ਨੇ ਹਾਜ਼ਰੀ ਭਰੀ।

***

## ਪੁਲਿਸ ਕੇਸ ਅਤੇ ਅਦਾਲਤੀ ਕਾਰਵਾਈਆਂ 'ਚ

ਪਰ ਅਸਲ ਵਿੱਚ ਇਹ ਜਾਦੂ-ਟੂਣੇ ਵਰਗੇ ਟਰਿੱਕ ਸਨ ਜਿਨ੍ਹਾਂ ਨਾਲ ਉਹ ਲੋਕਾਂ ਨੂੰ ਧਰਮ ਬਦਲਵਾਉਂਦਾ ਸੀ। ਉਸ ਨੇ ਆਪਣੇ ਚਰਚ ਨੂੰ 'ਵਰਲਡ ਨੰਬਰ ਵਨ ਮਿਨਿਸਟਰੀ' ਕਹਿ ਕੇ ਪ੍ਰਚਾਰ ਕੀਤਾ ਤੇ ਸੋਸ਼ਲ ਮੀਡੀਆ ਤੇ ਵਾਇਰਲ ਵੀਡੀਓਜ਼ ਨਾਲ ਪੈਸੇ ਬਣਾਏ। ਬਹੁਤੇ ਫਾਲੋਅਰਜ਼ ਪੰਜਾਬ ਦੇ ਗਰੀਬ ਵਰਗ ਤੋਂ ਸਨ ਜੋ ਡਰੱਗ ਐਡੀਕਸ਼ਨ ਤੇ ਖੇਤੀ ਸੰਕਟ ਕਰਕੇ ਪਰੇਸ਼ਾਨ ਸਨ। ਉਹ ਕਹਿੰਦਾ ਸੀ ਕਿ ਯੇਸ਼ੂ ਨਾਲ ਸਭ ਠੀਕ ਹੋ ਜਾਵੇਗਾ ਪਰ ਅਸਲ ਵਿੱਚ ਲੋਕਾਂ ਨੂੰ ਧੋਖਾ ਦਿੰਦਾ ਸੀ।

ਧਰਮ ਤਬਦੀਲੀਆਂ ਅਤੇ ਵਿਦੇਸ਼ੀ ਫੰਡਿੰਗ

ਬਜਿੰਦਰ ਸਿੰਘ ਨੇ ਪੰਜਾਬ ਤੇ ਰਾਜਸਥਾਨ ਵਿੱਚ ਸਿੱਖਾਂ ਤੇ ਹਿੰਦੂਆਂ ਨੂੰ ਨਿਸ਼ਾਨਾ ਬਣਾ ਕੇ ਧਰਮ ਬਦਲੀਆਂ ਕੀਤੀਆਂ। ਉਹ ਗਰੀਬ ਲੋਕਾਂ ਨੂੰ ਪੈਸੇ ਦੇ ਕੇ ਤੇ ਚਮਤਕਾਰ ਵਿਖਾ ਕੇ ਕ੍ਰਿਸਚੀਅਨ ਬਣਾਉਂਦਾ ਸੀ। ਭਰਤਪੁਰ ਵਿੱਚ ਸੋਨਾਰ ਹਵੇਲੀ ਵਿੱਚ ਉਸ ਨੇ ਵੀਡੀਓਜ਼ ਵਿਖਾ ਕੇ ਲੋਕਾਂ ਨੂੰ ਹਿੰਦੂ ਦੇਵੀ-ਦੇਵਤਿਆਂ ਵਿਰੁੱਧ ਉਕਸਾਇਆ ਤੇ ਬਾਈਬਲ ਵੰਡੀ। ਪੁਲਿਸ ਨੇ ਬਾਈਬਲ ਤੇ ਹੋਰ ਸਮੱਗਰੀ ਬਰਾਮਦ ਕੀਤੀ ਤੇ ਕੁਝ ਉਸਦੇ ਇਸਾਈ ਚੇਲਿਆਂ ਨੂੰ ਗ੍ਰਿਫ਼ਤਾਰ ਕੀਤਾ। ਜਾਂਚ ਵਿੱਚ ਪਤਾ ਲੱਗਾ ਕਿ ਬਜਿੰਦਰ ਨੇ ਕਰੋੜਾਂ ਰੁਪਏ ਵਿਦੇਸ਼ ਤੋਂ ਫੰਡਿੰਗ ਲਈ ਤੇ ਉਸ ਨੇ ਅਕਾਊਂਟਸ ਫ੍ਰੀਜ਼ ਕੀਤੇ ਗਏ ਹਨ। ਉਹ ਪੰਜਾਬ ਵਿੱਚ ਤਾਜਪੁਰ ਤੇ ਮਾਜਰੀ ਵਿੱਚ ਗਰੀਬ ਸਿੱਖ ਫੈਮਿਲੀਆਂ ਨੂੰ ਟਾਰਗੇਟ ਕਰਦਾ ਸੀ ਜਿੱਥੇ ਦੁਖੀ ਤੇ ਬਿਮਾਰ ਲੋਕ ਵੱਡੀ ਗਿਣਤੀ ਵਿੱਚ ਆਉਂਦੇ ਸਨ। ਉਹ ਵਾਅਦੇ ਕਰਦਾ ਸੀ ਕਿ ਧਰਮ ਬਦਲਣ ਨਾਲ ਬਿਮਾਰੀਆਂ ਠੀਕ ਹੋ ਜਾਣਗੀਆਂ ਤੇ ਅਮੀਰੀ ਆ ਜਾਵੇਗੀ। ਬਹੁਤੇ ਕਨਵਰਟਸ ਔਫੀਸ਼ੀਅਲ ਨਹੀਂ ਕਰਦੇ ਸਨ ਤਾਂ ਕਿ ਗਵਰਨਮੈਂਟ ਬੈਨੀਫਿਟਸ ਨਾ ਗਵਾਉਣ। ਉਸ ਨੇ ਹਜ਼ਾਰਾਂ ਲੋਕਾਂ ਨੂੰ ਧਰਮ ਬਦਲਵਾਇਆ ਮੁੱਖ ਤੌਰ ਤੇ ਪੰਜਾਬ ਦੇ ਗਰੀਬ ਇਲਾਕਿਆਂ ਵਿੱਚ। ਰਾਜਸਥਾਨ ਵਿੱਚ ਉਸ ਨੇ ਬੱਚਿਆਂ ਤੇ ਔਰਤਾਂ ਨੂੰ ਨਿਸ਼ਾਨਾ ਬਣਾਇਆ ਤੇ ਸਮਾਗਮ ਕੀਤੇ। ਵਿਦੇਸ਼ੀ ਫੰਡਿੰਗ ਨਾਲ ਉਸ ਨੇ ਜ਼ਮੀਨ ਖਰੀਦੀ ਜਿਵੇਂ ਮੋਹਾਲੀ ਵਿੱਚ 4.3 ਕਰੋੜ ਦੀ ਪਲਾਟ। ਇਨਕਮ ਟੈਕਸ ਨੇ ਰੇਡ ਕੀਤੀ ਤੇ ਡਾਕੂਮੈਂਟਸ ਜ਼ਬਤ ਕੀਤੇ। ਉਹ ਐੱਨਜੀਓ ਵਾਂਗ ਕੰਮ ਕਰਦਾ ਸੀ ਪਰ ਅਸਲ ਵਿੱਚ ਕਨਵਰਜ਼ਨ ਲਈ ਵਰਤਦਾ ਸੀ। ਪੰਜਾਬ ਵਿੱਚ ਉਸ ਨੇ ਸਾਧਾਂ ਦੇ ਡੇਰਿਆਂ ਵਾਂਗ ਆਪਣੇ ਚਰਚ ਬਣਾਏ ਸਨ।

**ਪੁਲਿਸ ਕੇਸ ਅਤੇ ਅਦਾਲਤੀ ਕਾਰਵਾਈਆਂ**

ਬਜਿੰਦਰ ਤੇ ਕਈ ਕੇਸ ਦਰਜ ਹਨ।2006 ਦੌਰਾਨ ਯਮੁਨਾਨਗਰ ਵਿੱਚ ਅਸਾਲਟ ਤੇ ਧੋਖੇਬਾਜ਼ੀ ਦੇ ਦੋਸ਼ ਦਰਜ ਹਨ ।2014 ਵਿੱਚ ਕਰਨਾਲ ਵਿੱਚ ਧਾਰਾ 295ਏ ਅਧੀਨ ਧਰਮ ਦੀ ਨਿੰਦਾ ਕਾਰਨ ਕੇਸ ਦਰਜ ਹੋਇਆ। 2018 ਵਿੱਚ ਜ਼ੀਰਕਪੁਰ ਵਿੱਚ ਰੇਪ ਕੇਸ ਕਾਰਣ ਉਸ ਨੂੰ ਦਿੱਲੀ ਏਅਰਪੋਰਟ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਫਿਰ ਜਮਾਨਤ ਉਪਰ ਬਾਹਰ ਆ ਗਿਆ ਪਰ 2025 ਵਿੱਚ ਗ੍ਰਿਫ਼ਤਾਰ ਹੋ ਗਿਆ। ਫਰਵਰੀ 2025 ਵਿੱਚ ਕਪੂਰਥਲਾ ਵਿੱਚ ਛੇੜਛਾੜ, ਸ਼ੋਸ਼ਣ ਦਾ ਕੇਸ ਦਰਜ ਹੈ।ਮਾਰਚ 2025 ਵਿੱਚ ਹਿੰਸਕ ਹਮਲੇ ਦਾ ਵੀਡੀਓ ਵਾਇਰਲ ਹੋਇਆ ਜਿੱਥੇ ਉਸ ਨੇ ਔਰਤ ਨੂੰ ਥੱਪੜ ਮਾਰੇ ਸਨ।2022 ਵਿੱਚ ਦਿੱਲੀ ਫੈਮਿਲੀ ਨੇ ਫਰਾਡ ਦਾ ਕੇਸ ਕੀਤਾ ਜਿੱਥੇ ਉਸ ਨੇ ਕੈਂਸਰ ਠੀਕ ਕਰਨ ਲਈ ਪੈਸੇ ਲਏ ਪਰ ਧੀ ਮਰ ਗਈ। ਰਾਜਸਥਾਨ ਵਿੱਚ ਧਰਮ ਤਬਦੀਲੀ ਕੇਸ ਵਿੱਚ ਗ੍ਰਿਫ਼ਤਾਰੀ ਹੋਈ ਤੇ ਅਕਾਊਂਟਸ ਫ੍ਰੀਜ਼ ਕੀਤੇ ਗਏ।

## ਆਧੁਨਿਕ ਸਮਾਜ 'ਚ ਵੀ ਹੁੰਦੇ ਹਨ

ਮਰਦਾਵੀਂ ਹੈਂਕੜ ਵਿੱਚ ਨਿਹੰਗ ਸਿੰਘ ਨੇ ਵੀ ਆਪਣੀ ਕੁੜੀ ਨੂੰ ਮਾਰ ਕੇ ਉਸ ਦੀ ਦੇਹ ਮੋਟਰ ਸਾਇਕਲ ਪਿੱਛੇ ਬੰਨ੍ਹ ਕੇ ਗਲੀਆਂ ਵਿੱਚ ਘੁਮਾਉਂਦਿਆਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਮੇਰੀ ਕੁੜੀ ਨੇ ਪਿਆਰ ਸਬੰਧਾਂ ਵਿੱਚ ਪੈ ਕੇ ਘਰ ਦੀ ਇੱਜ਼ਤ ਰੋਲ ਦਿੱਤੀ ਹੈ ਜਿਸ ਦਾ ਨਤੀਜਾ ਇਹ ਹਸ਼ਰ ਹੈ। ਕੁੜੀ ਨੂੰ ਘਰ ਦੀ ਇੱਜ਼ਤ ਨਾਲ ਬੰਨ੍ਹਣਾ ਤੇ ਇੱਜ਼ਤ ਦਾ ਸੁਆਲ ਖੜ੍ਹਾ ਕਰ ਕੇ ਬਦਲਾ ਲੈਣ ਦੀ ਘਟਨਾ ਨੂੰ ਅੰਜਾਮ ਦੇਣਾ ਜਗੀਰੂ/ਪਿਛਾਖੜੀ ਰੂੜੀਵਾਦੀ ਸੋਚ ਦੀ ਦੇਣ ਹੈ।

ਦੂਜੇ ਪਾਸੇ, ਨਵੀਂ ਪੀੜ੍ਹੀ ਖਪਤਕਾਰੀ ਸੱਭਿਆਚਾਰ ਦੇ ਪ੍ਰਭਾਵ ਹੇਠ ਆਜ਼ਾਦੀ ਦੇ ਨਾਂ 'ਤੇ ਖੁੱਲ੍ਹਾਂ ਲੈ ਰਹੀ ਹੈ। ਕਾਮੁਕਤਾ ਅਤੇ ਜਿਸਮਾਨੀ ਖਿੱਚ ਦੇ ਬੁਰੇ ਵੀ ਨਤੀਜੇ ਆ ਰਹੇ ਹਨ। ਪਿਆਰ ਵਿਆਹ ਪ੍ਰਤੀ ਸਮਾਜ ਦਾ ਦ੍ਰਿਸ਼ਟੀਕੋਣ, ਜਾਗੀਰੂ/ਪਿਛਾਖੜੀ ਮਾਨਸਿਕਤਾ, ਮਰਦਾਵੀਂ ਹੈਂਕੜ, ਔਰਤ ਦੀ ਸਥਿਤੀ ਨਾਲ ਜੁੜਿਆ ਹੋਇਆ ਹੈ।

ਇਹ ਚਿੰਤਾ ਦਾ ਵਿਸ਼ਾ ਹੈ ਕਿ ਧੀਆਂ ਭੈਣਾਂ ਅਣਖ ਤੇ ਇੱਜ਼ਤ ਨਾਲ ਬੱਝੀਆਂ ਕਿਤੇ ਵੀ ਸੁਰੱਖਿਅਤ ਨਹੀਂ। ਇਹ ਬਿਮਾਰ ਸਮਾਜ ਦੀ ਨਿਸ਼ਾਨੀ ਹੈ। ਬਿਮਾਰ ਮਾਨਸਿਕਤਾ ਔਰਤ ਦੇ ਸਰੀਰ 'ਤੇ ਹਮਲਾ ਕਰਨ ਤੋਂ ਪਹਿਲਾਂ ਠੋਸ ਨੀਂਹ ਤਿਆਰ ਕਰਦੀ ਹੈ। ਇਹ ਉਹ ਕਾਮੁਕ/ਸਰੀਰਕ ਹਮਲਾ ਹੁੰਦਾ ਹੈ ਜੋ ਕਿਸੇ ਕੁੜੀ/ਔਰਤ ਦੀ ਰਜ਼ਾਮੰਦੀ ਤੋਂ ਬਗੈਰ ਉਸ ਦੇ ਨਾਲ ਸਰੀਰਕ ਜ਼ੋਰ, ਵਧੀਕੀ ਜਾਂ ਬਦਲੇ ਦੀ ਭਾਵਨਾ ਤਹਿਤ ਕੀਤਾ ਜਾਂਦਾ ਹੈ। ਬਿਮਾਰ ਮਾਨਸਿਕਤਾ ਵਾਲੇ ਲੋਕ ਅਜਿਹੇ ਮੌਕੇ ਦੀ ਤਲਾਸ਼ ਵਿੱਚ ਰਹਿੰਦੇ ਹਨ। ਉਹ ਆਪਣੇ ਤੋਂ ਵੱਖਰੀ ਜਾਤ, ਧਰਮ ਜਾਂ ਫਿ ?ਰਕੇ ਨੂੰ ਨੀਵਾਂ ਦਿਖਾਉਣ ਲਈ ਘਟੀਆ ਹਰਕਤਾਂ ਕਰਦੇ ਹਨ। ਅਜਿਹੇ ਮੁਲਜ਼ਮ ਕਿਸੇ ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ ਰਾਜਸੀ ਸ਼ਰਨ ਲੈਂਦੇ ਹਨ। ਇਹੀ ਕਾਰਨ ਹੈ ਕਿ ਅਜਿਹੇ ਲੋਕਾਂ ਨੂੰ ਫੜਨ ਲਈ ਪੁਲਿਸ ਤੇ ਪ੍ਰਸ਼ਾਸਨ ਕੁਝ ਨਹੀਂ ਕਰਦੇ।

ਇਸ ਦੇ ਨਾਲ ਇਹ ਪੱਖ ਵੀ ਸਾਹਮਣੇ ਆਉਂਦਾ ਹੈ ਕਿ ਕਾਨੂੰਨ ਜਿੰਨੇ ਮਰਜ਼ੀ ਬਣ ਜਾਣ ਪਰ ਸਾਰਾ ਕੁਝ ਇਨ੍ਹਾਂ ਨੂੰ ਲਾਗੂ ਕਰਨ ਅਤੇ ਕਰਵਾਉਣ ਵਾਲਿਆਂ 'ਤੇ ਨਿਰਭਰ ਕਰਦਾ ਹੈ। ਘਟਨਾ ਕਿਉਂ ਵਾਪਰਦੀ ਹੈ, ਇਸ ਬਾਰੇ ਸੋਚਣ ਦੀ ਬਜਾਇ ਪ੍ਰਸ਼ਾਸਨ ਤੇ ਸਰਕਾਰ ਉਸ ਵੇਲੇ ਹੀ ਹਰਕਤ ਵਿੱਚ ਆਉਂਦੇ ਹਨ ਜਦੋਂ ਲੋਕਾਂ ਦਾ ਰੋਹ ਸਿਰ ਚੜ੍ਹ ਕੇ ਬੋਲ ਰਿਹਾ ਹੁੰਦਾ ਹੈ। ਅਜਿਹੀਆਂ ਘਟਨਾਵਾਂ ਵਧ ਰਹੀਆਂ ਹਨ। ਦੇਸ਼ ਦੀ ਵੰਡ ਸਮੇਂ, 84 ਦੇ ਕਤਲੇਆਮ, ਗੁਜਰਾਤ ਤੇ ਮੁਜ਼ੱਫਰਨਗਰ ਦੇ ਦੰਗਿਆਂ, ਹਰਿਆਣਾ ਵਿੱਚ ਜਾਟ ਅੰਦੋਲਨ, ਕਸ਼ਮੀਰ ਵਿਚਲੀ ਹਿੰਸਾ ਆਦਿ ਸਮੇਂ ਔਰਤਾਂ ਦੀ ਬੇਪਤੀ ਇਸੇ ਮਕਸਦ ਤਹਿਤ ਹੋਈ ਤੇ ਹੁਣ ਵੀ ਹੋ ਰਹੀ ਹੈ; ਇਹ ਭਾਵੇਂ ਹਾਥਰਸ ਵਾਲੀ ਘਟਨਾ ਹੋਵੇ ਭਾਵੇਂ ਆਸਿਫਾ ਵਾਲੀ। ਜਦੋਂ ਅਜਿਹੀ ਕੋਈ ਘਟਨਾ ਵਾਪਰਦੀ ਹੈ ਤਾਂ ਸਾਡੀ ਲੜਾਈ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਤੇ ਪੀੜਤ ਪਰਿਵਾਰ ਨੂੰ ਨਿਆਂ ਦਿਵਾਉਣ ਤੱਕ ਸੀਮਤ ਨਹੀਂ ਹੋਣੀ ਚਾਹੀਦੀ ਹੈ ਬਲਕਿ ਦਰਿੰਦਿਆਂ ਦੀ ਅਜਿਹੀ ਸੋਚ ਦੀ ਜੜ੍ਹ ਦੇ ਖਾਤਮੇ ਤੱਕ ਜਦੋਜਹਿਦ ਕਰਨੀ ਪਵੇਗੀ। ਅਜਿਹੀ ਘਟਨਾ ਤੋਂ ਬਾਅਦ ਅਕਸਰ ਇਹ ਵਿਚਾਰ ਆਉਂਦਾ ਹੈ ਕਿ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਜਾਂ ਉਨ੍ਹਾਂ ਨੂੰ ਮਾਰ ਦਿੱਤਾ ਜਾਵੇ। ਨਿਰਭਿਆ ਕੇਸ ਵਿੱਚ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ, ਹੈਦਰਾਬਾਦ ਵਿੱਚ ਵੈਟਰਨਰੀ ਡਾਕਟਰ ਦਾ ਸਮੂਹਿਕ ਬਲਾਤਕਾਰ ਕਰਨ ਵਾਲਿਆਂ ਨੂੰ ਮੁਕਾਬਲੇ ਵਿੱਚ ਮਾਰਿਆ ਗਿਆ ਪਰ ਇਨ੍ਹਾਂ ਘਟਨਾਵਾਂ ਨੂੰ ਠੱਲ੍ਹ ਫਿਰ ਵੀ ਨਹੀਂ ਪੈ ਸਕੀ। ਇਸ ਲਈ ਇਨ੍ਹਾਂ ਘਟਨਾਵਾਂ ਨੂੰ ਖ਼ਤਮ ਕਰਨ ਦਾ ਫਾਰਮੂਲਾ ਸਤਹੀ ਪੱਧਰ 'ਤੇ ਨਹੀਂ, ਜੜ੍ਹ ਵਿੱਚ ਦੇਖਣ ਦੀ ਜ਼ਰੂਰਤ ਹੈ।

ਔਰਤਾਂ ਖ਼ਿਲਾਫ਼ ਜੁਰਮ ਰੋਕਣ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਲੋਕ ਸੰਘਰਸ਼ਾਂ ਨਾਲ ਸਰਕਾਰ ਤੇ ਨਿਆਂ ਪ੍ਰਣਾਲੀ 'ਤੇ ਦਬਾਅ ਬਣਾਉਣਾ ਚਾਹੀਦਾ ਹੈ। ਜੇ ਔਰਤ ਨੇ ਦਾਬੇ ਅਤੇ ਵਿਤਕਰੇ ਵਾਲੇ ਸਮਾਜ ਤੋਂ ਮੁਕਤੀ ਲੈਣੀ ਹੈ ਤਾਂ ਨਾਰੀ ਅੰਦੋਲਨਾਂ ਦੀ ਠੀਕ ਦਿਸ਼ਾ ਨਿਰਧਾਰਿਤ ਕਰਨੀ ਹੋਵੇਗੀ। ਨਾਰੀ ਨੂੰ ਆਪਣੀ ਹੋਂਦ ਅਤੇ ਪਛਾਣ ਸਥਾਪਿਤ ਕਰਨ ਲਈ ਖ਼ੁਦ ਅੱਗੇ ਆਉਣਾ ਪਵੇਗਾ। ਸਮਾਜ ਵਿਚਲੀਆਂ ਪਿੱਛਾਂਹਖਿਚੂ ਤੇ ਢਾਹੂ ਕਦਰਾਂ-ਕੀਮਤਾਂ ਖ਼ਤਮ ਕਰਨ ਲਈ ਲਗਾਤਾਰ ਆਵਾਜ਼ ਉਠਾਉਣ ਦੀ ਲੋੜ ਹੈ। ਇਹ ਲੜਾਈ ਵੱਡੇ ਪੱਧਰ 'ਤੇ ਕਰਨ ਦੀ ਲੋੜ ਹੈ ਜਿਸ ਵਿੱਚ ਸਮੁੱਚਾ ਨਾਰੀ ਵਰਗ, ਹੋਰ ਸ਼ੋਸ਼ਿਤ ਧਿਰਾਂ ਅਤੇ ਚਿੰਤਨਸ਼ੀਲ ਲੋਕਾਂ ਨੂੰ ਵੀ ਸ਼ਾਮਿਲ ਕਰਨਾ ਪਵੇਗਾ। ਇਸੇ ਦਿਸ਼ਾ ਵੱਲ ਅੱਗੇ ਵਧਦੇ ਹੋਏ ਅਸੀਂ ਸਿਹਤਮੰਦ ਅਤੇ ਬਰਾਬਰੀ ਵਾਲੇ ਸਮਾਜ ਦੀ ਉਸਾਰੀ ਕਰ ਸਕਦੇ ਹਾਂ।

***

## ਸਾਹਿਤ, ਸਿਆਸੀ ਖਚਰਾਪਨ ਅਤੇ

ਮਾਨਵ ਪ੍ਰਕਿਰਤਿਕ ਆਵੇਸ਼ ਦਾ ਭਾਗ ਹੈ। ਉਹ ਇਸ ਵਿੱਚ ਵਿਵੇਕ ਭਰਪੂਰ ਪ੍ਰਵੇਸ਼ ਕਰਦਿਆਂ ਵਿਪਰਿਤ ਸਥਿਤੀਆਂ ਨਾਲ ਨਿਰੰਤਰ ਟਕਰਾਓ, ਤਣਾਓ ਅਤੇ ਸੰਘਰਸ਼ ਵਿੱਚ ਰਹਿੰਦਾ ਹੈ। ਚੇਤਨਾ ਦਾ ਸੰਘਰਸ਼ ਉਸਨੂੰ ਸਾਹਿਤ ਰਚਨਾ ਲਈ ਪ੍ਰੇਰਿਤ ਕਰਦਾ ਹੈ। ਇਹੋ ਹੀ ਕਾਰਨ ਹੈ ਕਿ ਭਾਰਤੀ ਸਮਾਜਿਕ ਵਿਵਸਥਾ ਵਿੱਚ ਭ੍ਰਿਸ਼ਟਾਚਾਰ, ਦੁਰ-ਅਚਾਰ, ਰਾਜਨੀਤਕ ਮਕਾਰੀ, ਆਰਥਿਕ ਨਾ ਬਰਾਬਰੀ, ਜਾਤੀ-ਪਾਤੀ ਪ੍ਰਥਾ, ਮਿਹਨਤ ਦੀ ਲੁੱਟ, ਅਨੈਤਿਕ ਜਿਨਸੀ ਰਿਸ਼ਤਿਆਂ, ਸਭਿਆਚਾਰਕ ਗਿਰਾਵਟ, ਅਣ-ਮਨੁੱਖੀ ਵਿਵਹਾਰ ਨੂੰ ਹੀ ਸਾਹਿਤਕਾਰਾਂ ਨੇ ਨਿਸ਼ਾਨਾ ਨਹੀਂ ਬਣਾਇਆ ਸਗੋਂ ਇਸ ਵਰਤਾਰੇ ਵਿਰੁੱਧ ਸੰਘਰਸ਼ ਕਰਦੇ ਮਨੁੱਖ ਦੀ ਜਿੱਤ ਨੂੰ ਧੁਨੀ ਦੀ ਮਾਨਤਾ ਦਿੱਤੀ ਹੈ, ਇਥੋਂ ਤੱਕ ਕਿ ਪੰਜਾਬੀ ਮੱਧ ਕਾਲੀ ਕਿੱਸਾ ਕਾਵਿ ਦੀਆਂ ਪ੍ਰੀਤ ਕਥਾਵਾਂ ਹੀਰ-ਰਾਂਝਾਂ, ਸੱਸੀ ਪੁੰਨੂ, ਲੈਲਾ-ਮਜਨੂੰ, ਮਿਰਜ਼ਾ-ਸਾਹਿਬਾ ਆਦਿ ਦਾ ਕੇਂਦਰੀ ਪ੍ਰਤੀਕ ਸਿਰੜੀ ਅਤੇ ਸਿਦਕ ਦਿਲੀ ਵਾਲਾ ਰਿਹਾ ਹੈ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਅਨੁਸਾਰ ਸਾਡੀਆਂ ਇਨ੍ਹਾਂ ਪ੍ਰਾਚੀਨ ਅਤੇ ਮੱਧ ਕਾਲੀਨ ਕਥਾਵਾਂ ਵਿਚਲਾ ਪ੍ਰਤੀਕ ਲੋਕ-ਮਿੱਤਰਤਾ ਵਾਲਾ ਰਿਹਾ ਹੈ ਜਿਸਦਾ ਅਰਥ ਮਨੁੱਖ ਦੁਆਰਾ ਆਪਣੇ ਅਧਿਕਾਰ ਜਾਂ ਇੱਛਾ ਦੀ ਪ੍ਰਾਪਤੀ ਲਈ ਪ੍ਰਕਿਰਤੀ ਜਾਂ ਸਮਾਜ ਉਸਾਰੀ ਦੀਆਂ ਵਿਰੋਧਤਾਈਆਂ ਵਾਲਾ ਹੈ।

ਇਸ ਸਮੇਂ ਸਾਹਿਤ, ਰਾਜਨੀਤੀ ਦੇ ਪਰਛਾਵੇਂ ਹੇਠ ਹੈ। ਨਿਰਪੱਖ ਪੱਤਰਕਾਰੀ, ਲੇਖਨੀ ਦੀ ਗੱਲ ਪ੍ਰਚਾਰੀ ਜਾ ਰਹੀ ਹੈ। ਜਦਕਿ ਇਹ ਸਪਸ਼ਟ ਹੈ ਕਿ ਸਾਹਿਤ,ਪੱਤਰਕਾਰੀ ਨਿਰਪੱਖ ਨਹੀਂ ਹੁੰਦੀ, ਉਹ ਜਾਂ ਤਾਂ ਲੋਕ ਹਿਤੈਸ਼ੀ ਹੁੰਦੀ ਹੈ ਜਾਂ ਲੋਕ ਵਿਰੋਧੀ। ਅੱਜ ਜਦੋਂ ਸਮਕਾਲ ਵਿੱਚ ਫਿਰਕਪ੍ਰਸਤੀ, ਧਾਰਮਿਕ ਕਾਨੂੰਨ ਪੁਨਰ ਸੁਰਜੀਤੀ ਦੀ ਮਾਨਸਿਕਤਾ ਦੜ ਦੜਾਉਂਦੀ ਫਿਰਦੀ ਹੈ। ਨਾਲ ਹੀ ਸਿਆਸਤ ਵਿੱਚ ਭ੍ਰਿਸ਼ਟਾਚਾਰ, ਬਦ ਦਿਆਨਤਕਾਰੀ ਦਾ ਬੋਲਬਾਲਾ ਹੈ ਅਤੇ ਭਾਰਤ ਦਾ ਹਰ ਸਧਾਰਨ ਮਨੁੱਖ ਕਾਲਾ ਬਜ਼ਾਰੀ, ਬੇਰੁਜ਼ਗਾਰੀ, ਮਾਨਸਿਕ ਗੁਲਾਮੀ, ਆਰਥਿਕ ਲੁੱਟ ਦੇ ਪੁੜਾਂ 'ਚ ਪਿੱਸ ਰਿਹਾ ਹੈ ਤਾਂ ਲੇਖਕ ਦਾ ਫਰਜ਼ ਬਣਦਾ ਹੈ ਕਿ ਉਹ ਇਸ ਪ੍ਰਸੰਗਕ ਸੱਚ ਨੂੰ ਬਿਆਨ ਹੀ ਨਾ ਕਰੇ ਸਗੋਂ ਪ੍ਰਸੰਗਕਤਾ ਦੀ ਸਥਿਤੀ ਚੋਂ ਲੋਕਾਂ ਨੂੰ ਮੁਕਤ ਕਰਨ ਦਾ ਰਾਹ ਉਲੀਕੇ। ਮੈਂ ਰਸੂਲ ਹਮਜ਼ਾਤੋਵ ਦੇ ਇਸ ਕਥਨ 'ਇਹ ਨਾ ਕਹੋ ਕਿ ਮੈਨੂੰ ਵਿਸ਼ਾ ਦੇਓ, ਸਗੋਂ ਇਹ ਕਹੋ ਕਿ ਮੈਨੂੰ ਅੱਖਾਂ ਦਿਓ' ਨਾਲ ਆਪਣੇ ਵਿਚਾਰ ਸਮਾਪਤ ਕਰਦਾ ਹਾਂ।

***

## ਭਾਰਤ ਵਿੱਚ ਕੁਪੋਸ਼ਣ ਦਾ ਸੰਕਟ

ਸਥਿਤੀ ਦੀ ਗੰਭੀਰਤਾ ਨੂੰ ਵੇਖਦਿਆਂ ਜ਼ਰੂਰੀ ਹੈ ਕਿ ਮੌਜੂਦਾ ਸਕੀਮਾਂ ਤੇ ਪ੍ਰੋਗਰਾਮਾਂ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇ। ਇੱਥੇ ਆਂਗਣਵਾੜੀ ਵਰਕਰਾਂ ਦੀ ਅਹਿਮ ਭੂਮਿਕਾ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ, ਉਨ੍ਹਾਂ ਨੂੰ ਵਧੇਰੇ ਸਿਖਲਾਈ ਤੇ ਸੇਧ ਦੇਣਾ ਜ਼ਰੂਰੀ ਹੈ। ਸਕੂਲਾਂ ਵਿੱਚ ਵਰਤਾਏ ਜਾਂਦੇ ਮਿਡ-ਡੇ-ਮੀਲ ਦੇ ਨਿਯਮਬੱਧ ਤੇ ਮਿਆਰੀਕਰਨ ਦੀ ਜ਼ਰੂਰਤ ਹੈ। ਬੱਚਿਆਂ ਦੀ ਸਿਹਤ ਸਬੰਧੀ ਸਰਬਪੱਖੀ ਵਿਕਾਸ 'ਤੇ ਨਿਰੰਤਰ ਨਜ਼ਰ ਰੱਖਣੀ ਜ਼ਰੂਰੀ ਹੈ। ਗਰੀਬੀ, ਆਮਦਨ ਨਾ-ਬਰਾਬਰੀ, ਪੀਣ ਵਾਲੇ ਸਾਫ਼ ਪਾਣੀ ਦੀ ਘਾਟ, ਲਿੰਗ ਅਧਾਰਿਤ ਵਿਤਕਰਾ ਤੇ ਕੁਦਰਤੀ ਸਾਧਨਾਂ ਦੀ ਕਾਣੀ ਵੰਡ ਕਾਰਨ ਬਾਲ ਕੁਪੋਸ਼ਣ ਦੀ ਸਮੱਸਿਆ ਗੰਭੀਰ ਹੱਦ ਤੱਕ ਪਹੁੰਚ ਗਈ ਹੈ। ਕੁਪੋਸ਼ਣ ਦੀ ਸਮੱਸਿਆ ਦੀ ਸਥਿਤੀ ਤੇ ਗੰਭੀਰਤਾ ਨੂੰ ਦੇਖਦਿਆਂ ਇਸ ਦੀ ਅਸਲੀਅਤ ਤੇ ਕਾਰਨਾਂ ਨੂੰ ਸਵੀਕਾਰ ਕਰਨ ਤੋਂ ਮੁਨਕਰ ਨਹੀਂ ਹੋਣਾ ਚਾਹੀਦਾ। ਸਰਕਾਰੀ ਵੰਡ ਪ੍ਰਣਾਲੀ ਤਹਿਤ ਦਿੱਤਾ ਜਾਂਦਾ ਅਨਾਜ ਸਹੀ ਤੇ ਜ਼ਰੂਰਤਮੰਦ ਲੋਕਾਂ ਨੂੰ ਲੋੜੀਂਦੀ ਮਾਤਰਾ ਵਿਚ ਮਿਲੇ ਅਤੇ ਪੌਸ਼ਟਿਕ ਆਹਾਰ ਮੁਹੱਈਆ ਕਰਵਾਉਣ ਲਈ ਅਨਾਜ ਤੇ ਹੋਰ ਖਾਧ ਪਦਾਰਥਾਂ ਲਈ ਪਹਿਲਾਂ ਤੋਂ ਚੱਲ ਰਹੀ ਸਰਕਾਰੀ ਵੰਡ ਪ੍ਰਣਾਲੀ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਘਰ-ਘਰ ਭੋਜਨ ਯਕੀਨੀ ਬਣਾਉਣ ਦੇ ਨਾਲ ਹੀ ਹਰ ਘਰ ਰੁਜ਼ਗਾਰ ਦੇਣਾ ਵਧੇਰੇ ਕਾਰਗਰ ਸਾਬਤ ਹੋ ਸਕਦਾ ਹੈ। ਗਰਭਵਤੀ ਮਾਵਾਂ ਲਈ ਖਾਸ ਸਿਹਤ ਸਹੂਲਤਾਂ ਤੇ ਪੌਸ਼ਟਿਕ ਆਹਾਰ ਦੀ ਵਿਵਸਥਾ ਯਕੀਨੀ ਬਣਾਉਣੀ ਚਾਹੀਦੀ ਹੈ। ਦੇਸ਼ ਦੇ ਆਰਥਿਕ ਵਿਕਾਸ ਦੇ ਨਾਲ ਹੀ ਸਮੁੱਚਾ ਮਨੁੱਖੀ ਵਿਕਾਸ ਵੀ ਉਨ੍ਹਾਂ ਹੀ ਮਹੱਤਵਪੂਰਨ ਹੈ, ਇਸ ਲਈ ਮਰਦ-ਔਰਤ ਬਰਾਬਰੀ, ਵਾਤਾਵਰਨ ਤਬਦੀਲੀ ਤੇ ਸੰਤੁਲਿਤ ਪੌਸ਼ਟਿਕ ਆਹਾਰ ਦੀ ਸਹੂਲਤ ਵਿਚਕਾਰ ਤਾਲਮੇਲ ਬਿਠਾਉਣਾ ਲਾਜ਼ਮੀ ਹੈ।

***

## ਪੱਤਣਾਂ 'ਤੇ ਮਲਾਹ ਹੋਵੇ...

ਦੂਰ ਵਿਆਹੀ ਗਈ ਇੱਕ ਭੈਣ ਆਪਣੇ ਪੇਕੇ ਘਰ ਨੇੜਲੇ ਪੱਤਣ ਨੂੰ ਯਾਦ ਕਰਕੇ, ਆਪਣੇ ਭਰਾ ਨੂੰ ਯਾਦ ਕਰਦਿਆਂ ਕਹਿੰਦੀ ਹੈ:

ਹੋਰ ਸਾਨੂੰ ਲੱਖ ਮਿਲਦੇ
ਵੇ, ਗੂੜ੍ਹੇ ਸਾਕ ਸਾਕ ਭਰਾਵਾਂ ਦੇ...
ਪੱਤਣਾਂ 'ਤੇ ਮਲਾਹ ਕੋਈ ਨਾ
ਇਸ ਮੇਰੇ ਮਾਹੀਏ ਦੀ
ਮਿਲਣੇ ਦੀ ਸਲਾਹ ਕੋਈ ਨਾ...
ਪੱਤਣਾਂ 'ਤੇ ਮਲਾਹ ਹੋਵੇ
ਤੇਰੇ ਮੇਰੇ ਮਿਲਣ ਦਾ
ਇਹ ਪੱਤਣ ਗਵਾਹ ਹੋਵੇ...
ਪੱਤਣਾਂ 'ਤੇ ਨਿੰਮ੍ਹਾ ਨਿੰਮ੍ਹਾ ਦੀਵਾ ਬਲਦਾ
ਸੱਜਣਾਂ ਵੇ ਆ ਜਾ, ਰੋਸਾ ਕਿਹੜੀ ਗੱਲ ਦਾ...

ਇੱਕ ਹੋਰ ਲੋਕ ਬੋਲੀ ਵਿੱਚ ਪੱਤਣੋਂ ਪਾਣੀ ਲੰਘਣ, ਬੇੜੀ ਵਿੱਚ ਬੈਠੀਆਂ ਸਵਾਰੀਆਂ ਅਤੇ ਤ੍ਰਿੰਜਣ ਦੀਆਂ ਸਖੀਆਂ ਦੇ ਸਾਥ ਸਬੰਧੀ ਵੀ ਇੱਕ ਅਟੱਲ ਸਚਾਈ ਨੂੰ ਬਿਆਨਿਆ ਗਿਆ ਹੈ:

ਜਿਹੜੇ ਪੱਤਣ ਪਾਣੀ ਅੱਜ ਲੰਘ ਜਾਣਾ
ਫੇਰ ਨਾ ਲੰਘਣਾ ਭਲਕੇ
ਬੇੜੀ ਦਾ ਪੂਰ, ਤ੍ਰਿੰਜਣ ਦੀਆਂ ਕੁੜੀਆਂ
ਫੇਰ ਨਾ ਬੈਠਣ ਰਲ ਕੇ
ਨੱਚ ਕੇ ਵਿਖਾ ਮੇਲਣੇ, ਜਾਈਂ ਨਾ ਗਿੱਧੇ 'ਚੋਂ ਟਲ ਕੇ...

ਦਰਿਆਵਾਂ ਵਿੱਚ ਆਉਣ ਵਾਲੇ ਹੜ੍ਹ ਦੀ ਕਰੋਪੀ ਸਭ ਤੋਂ ਪਹਿਲਾਂ ਪੱਤਣ ਨੂੰ ਹੀ ਝੱਲਣੀ ਪੈਂਦੀ ਹੈ। ਬਿਫ਼ਰੇ ਹੋਏ ਪਾਣੀ ਦੇ ਵਹਿਣ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ। ਅਜਿਹੇ ਮੌਕੇ ਪੱਤਣ ਬੇਵਸ ਹੋ ਜਾਂਦੇ ਹਨ। ਪੱਤਣਾਂ 'ਤੇ ਵੱਸਦੇ ਸੱਤ ਪੱਤਣਾਂ ਦੇ ਤਾਰੂ ਲੋਕ ਆਪਣੇ ਅੰਦਰ ਸਾਂਭ-ਸਾਂਭ ਰੱਖੀਆਂ ਸਤਰੰਗੀਆਂ ਰੀਝਾਂ ਦੀ ਪੂਰਤੀ ਚਾਹੁੰਦੇ ਹਨ। ਸਥਾਨਕ ਤੇ ਪਰਵਾਸੀ ਪੰਛੀ ਵੀ ਇਹਨਾਂ ਪੱਤਣਾਂ ਨੂੰ ਬੇਹੱਦ ਪਿਆਰ ਕਰਦੇ ਹਨ। ਦਰਿਆ ਦਾ ਪਾਣੀ, ਪੱਤਣ ਦਾ ਦਿਲ ਖਿੱਚਵਾਂ ਚੌਗਿਰਦਾ ਤੇ ਮੌਸਮ ਦੀ ਅਨੁਕੂਲਤਾ, ਇਹ ਸਾਰਾ ਕੁਝ ਉਹਨਾਂ ਨੂੰ ਲੰਮੀਆਂ ਵਾਟਾਂ ਤੈਅ ਕਰਕੇ ਪੱਤਣ ਤੱਕ ਲੈ ਆਉਂਦਾ ਹੈ।

ਇਥੇ ਮਨੁੱਖੀ ਮਨ ਦੇ ਪੱਤਣ ਦੀ ਗੱਲ ਕਰਨੀ ਵੀ ਉਚਿਤ ਹੋਵੇਗੀ। ਮਨ ਦੇ ਪੱਤਣ ਦੀ ਦੁਨੀਆ ਬੜੀ ਨਿਰਾਲੀ ਹੈ। ਮਨੁੱਖ ਆਪਣੇ ਮਨ ਦੇ ਪੱਤਣ ਤੋਂ ਸਫ਼ਰ ਪ੍ਰਾਰੰਭ ਕਰਕੇ ਦੂਜਿਆਂ ਦੇ ਮਨ-ਪੱਤਣਾਂ ਤੇ ਦਸਤਕ ਦਿੰਦਾ ਹੈ। ਦੂਜਿਆਂ ਦੇ ਮਨ ਦੇ ਪੱਤਣਾਂ ਦੀ ਥਾਹ ਪਾਉਣੀ ਕਿਸੇ ਕਿਸੇ ਦੇ ਹਿੱਸੇ ਹੀ ਆਉਂਦੀ ਹੈ। ਮਨਾਂ ਦੀ ਆਪਸੀ ਸਾਂਝ, ਨੇੜਤਾ, ਅਪਣੱਤ, ਇੱਕ ਦੂਜੇ ਦੇ ਦੁੱਖ-ਸੁੱਖ ਨੂੰ ਵੰਡਾਉਣ ਦੀ ਚਾਹ ਪੈਦਾ ਕਰਨੀ ਅਜੋਕੇ ਪਦਾਰਥਵਾਦੀ ਯੁੱਗ ਦੀ ਲੋੜ ਹੈ। ਮਨੁੱਖੀ ਮਨ ਸਾਧਾਰਨ ਕਿਸਮ ਦਾ ਪੱਤਣ ਨਹੀਂ ਹੁੰਦਾ। 'ਦਿਲ ਦਰਿਆ ਸਮੁੰਦਰੋਂ ਡੂੰਘੇ' ਹੁੰਦੇ ਹਨ। ਪੱਤਣਾਂ ਤੇ ਬੰਨ੍ਹੀਆਂ ਤੇ ਆਉਂਦੀਆਂ ਜਾਂਦੀਆਂ ਬੇੜੀਆਂ ਮਨਮੋਹਕ ਦ੍ਰਿਸ਼ ਪੇਸ਼ ਕਰਦੀਆਂ ਹਨ। ਗਰਮ ਖ਼ੁਸ਼ਕ ਹਵਾਵਾਂ ਪੱਤਣਾਂ ਤੋਂ ਦੂਰ ਤੱਕ ਫੈਲੇ ਬਰੇਤੇ ਉਪਰੋਂ ਸਰਕ ਸਰਕ ਕੇ ਲੰਘਦੀਆਂ ਹਨ। ਉਹ ਹਵਾਵਾਂ ਉਦੋਂ ਕਈਆਂ ਦੇ ਕਾਲਜੇ ਨੂੰ ਠੰਢ ਪਾਉਂਦੀਆਂ ਹਨ। ਕਈ ਵਾਰ ਦਰਿਆਵਾਂ ਦਾ ਪਾਣੀ ਆਪਣੇ ਵਿੱਚ ਮਿਲੀ ਉਪਜਾਊ ਮਿੱਟੀ ਨੂੰ ਆਸ ਪਾਸ ਦੇ ਖੇਤਾਂ ਵਿੱਚ ਵਿਛਾ ਦਿੰਦਾ ਹੈ ਤੇ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੁੰਦਾ ਹੈ। ਕਈ ਵਾਰ ਇਸਦੇ ਉਲਟ ਵੀ ਵਾਪਰਦਾ ਹੈ। ਸ਼ਾਲਾ! ਦਰਿਆਵਾਂ ਦਾ ਪਾਣੀ ਆਪਣੀ ਗਤੀ ਵਿੱਚ ਵਹਿੰਦਾ ਰਹੇ ਤੇ ਪੱਤਣਾਂ 'ਤੇ ਰੌਣਕਾਂ ਲੱਗਦੀਆਂ ਰਹਿਣ ! ਪਾਣੀ ਪੱਤਣਾਂ ਨੂੰ ਉਲੰਘੇ ਨਾ, ਸਗੋਂ ਆਪਣੀ ਮਸਤ ਚਾਲੇ ਰਵ੍ਹਾਂ-ਰਵ੍ਹੀਂ ਚਲਦਾ ਰਹੇ ਅਤੇ ਪੱਤਣ ਜੀਵਨ ਨੂੰ ਨਿਯੰਤ੍ਰਣ ਵਿੱਚ ਰੱਖਣ ਦਾ, ਵਿਸ਼ਰਾਮ ਦਾ, ਟਿਕਾਓ ਦਾ, ਟਿਕਾਣੇ ਦਾ, ਮੰਜ਼ਿਲ ਆਦਿ ਦਾ ਸੁਨੇਹਾ ਦਿੰਦਾ ਰਹੇ !

***

## ਅਜੋਕੇ ਯੁੱਗ ਵਿੱਚ ਗੁਰੂ ਗ੍ਰੰਥ ਸਾਹਿਬ

ਦੇਖਿ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ।

ਗੁਰੂ ਗ੍ਰੰਥ ਸਾਹਿਬ ਨੂੰ ਹੋਰ ਅਨੇਕਾਂ ਧਰਮਾਂ ਦੀਆਂ ਚੁਣੌਤੀਆਂ ਦਾ ਸਮੇਂ-ਸਮੇਂ 'ਤੇ ਸਾਹਮਣਾ ਕਰਨਾ ਪਿਆ ਪਰ ਪੰਥ ਦੀ ਸਦਾ ਚੜ੍ਹਦੀ ਕਲਾ ਲਈ ਸਿੱਖ ਇਤਿਹਾਸ ਦੀਆਂ ਉੱਚਤਮ ਮਿਸਾਲਾਂ ਸਾਡੇ ਸਾਹਮਣੇ ਹਨ। ਮਸਲਨ ਭਾਈ ਬਿਧੀ ਚੰਦ, ਭਾਈ ਮਨੀ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਤਾਰੂ ਸਿੰਘ ਅਤੇ ਬਾਬਾ ਦੀਪ ਸਿੰਘ ਜੀ ਸ਼ਹੀਦ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਧਰਤੀ 'ਤੇ 1706 ਈ: ਨੂੰ ਬਾਬਾ ਦੀਪ ਸਿੰਘ ਦੇ ਸਹਿਯੋਗ ਨਾਲ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਗੁਰੂ ਗ੍ਰੰਥ ਸਾਹਿਬ ਵਿੱਚ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਦੀ ਬਾਣੀ ਨੂੰ ਸ਼ਾਮਲ ਕਰਕੇ ਸੰਪੂਰਨਤਾ ਪ੍ਰਦਾਨ ਕੀਤੀ।

***

## ਰਿਸ਼ਤਿਆਂ 'ਚ ਵੀ ਸਦਭਾਵਨਾ

ਉਹ ਸਦਾ ਚੜ੍ਹਦੀ ਕਲ੍ਹਾ ਵਿੱਚ ਰਹਿੰਦਾ ਹੈ ਅਤੇ ਸਫ਼ਲਤਾ ਦੀਆਂ ਮੰਜ਼ਿਲਾਂ ਸਰ ਕਰਦਾ ਜਾਂਦਾ ਹੈ। ਉਸ ਲਈ ਜ਼ਿੰਦਗੀ ਦੇ ਔਖੇ ਰਾਹ ਸੌਖੇ ਹੋ ਜਾਂਦੇ ਹਨ। ਅਸੰਭਵ ਕੰਮ ਵੀ ਸੰਭਵ ਹੋ ਨਿੱਬੜਦਾ ਹੈ। ਮਨ ਨੂੰ ਠੰਢਕ ਅਤੇ ਸ਼ਾਂਤੀ ਮਿਲਦੀ ਹੈ, ਜਦ ਕਿ ਇਕੱਲੇ ਬੰਦੇ ਦਾ ਮਨ ਹਰ ਸਮੇਂ ਭਖਿਆ ਹੀ ਰਹਿੰਦਾ ਹੈ। ਉਸ ਨੂੰ ਛੋਟੇ-ਛੋਟੇ ਕੰਮ ਵੀ ਪਹਾੜ ਜਿੱਡੇ ਦਿਸਦੇ ਹਨ। ਪਿਆਰ ਦੇ ਜਜ਼ਬੇ ਨੂੰ ਪਸ਼ੂ, ਪੰਛੀ ਅਤੇ ਜਲ ਜੀਵ ਵੀ ਸੌਖਿਆਂ ਹੀ ਸਮਝ ਜਾਂਦੇ ਹਨ ਅਤੇ ਮਨੁੱਖ ਨੂੰ ਉਸ ਦੇ ਕੰਮਾਂ ਵਿੱਚ ਸਹਿਯੋਗ ਕਰਦੇ ਹਨ।

ਸਮਾਜ ਵਿੱਚ ਬੰਦਾ ਇੱਕ ਦੂਜੇ ਤੋਂ ਬਹੁਤ ਕੁਝ ਸਿੱਖਦਾ ਹੈ। ਹਮੇਸ਼ਾ ਸਮਾਜ ਅਤੇ ਆਪਣੇ ਪਰਿਵਾਰ ਨਾਲ ਜੁੜੇ ਰਹੋ। ਜੇ ਤੁਸੀਂ ਦੂਸਰੇ ਤੋਂ ਸੁੱਖ ਅਤੇ ਸਹਿਯੋਗ ਚਾਹੁੰਦੇ ਹੋ ਤਾਂ ਦੂਜੇ ਨਾਲ ਵੀ ਸੁੱਖ ਅਤੇ ਸਹਿਯੋਗ ਦੀ ਭਾਵਨਾ ਰੱਖੋ। ਮੁਸੀਬਤ ਸਮੇਂ ਉਸ ਦੀ ਮਦਦ ਕਰੋ ਅਤੇ ਮਿੱਠੇ ਬੋਲ-ਬੋਲ ਕੇ ਉਸ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਓ। ਅਸੀਂ ਸਾਰੇ ਪਿਆਰ, ਇਤਫ਼ਾਕ ਅਤੇ ਸਹਿਯੋਗ ਨਾਲ ਹੀ ਉੱਨਤੀ ਕਰ ਸਕਦੇ ਹਾਂ ਅਤੇ ਦੇਸ਼ ਵਿਚੋਂ ਅਨਪੜ੍ਹਤਾ, ਗ਼ਰੀਬੀ, ਵਹਿਮਾਂ ਭਰਮਾਂ ਅਤੇ ਨਸ਼ਿਆਂ ਜਿਹੀਆਂ ਭਿਆਨਕ ਬਿਮਾਰੀਆਂ ਨੂੰ ਜੜ੍ਹੋਂ ਖ਼ਤਮ ਕਰ ਸਕਦੇ ਹਾਂ ਅਤੇ ਦੁਨੀਆ ਨੂੰ ਅਮਨ ਅਤੇ ਸ਼ਾਂਤੀ ਦਾ ਸੰਦੇਸ਼ ਦੇ ਸਕਦੇ ਹਾਂ।

****

## ਭਾਰਤ ਵਿੱਚ ਫਿਰਕੂ ਰਾਸ਼ਟਰਵਾਦ ਤੇ

ਵਾਰ ਸਾਂਸਦ ਰਹੇ ਸਾਕਸ਼ੀ ਮਹਾਰਾਜ ਨੇ ਚੋਣਾਂ ਦੌਰਾਨ ਨੱਥੂ ਰਾਮ ਗੌਡਸੇ ਦੇ ਸੋਹਲੇ ਗਾਏ, ਜਿਨ੍ਹਾਂ ਨੂੰ ਅਨੇਕਾਂ ਭਾਜਪਾ ਉਮੀਦਵਾਰਾਂ ਨੇ ਆਪਣੇ ਚੋਣ ਪ੍ਰਚਾਰ ਵਿੱਚ ਦੁਹਰਾਇਆ। ਦੁਖਾਂਤ ਇਹ ਹੈ ਕਿ ਜ਼ਹਿਰੀਲਾ ਪ੍ਰਚਾਰ ਕਰਨ ਵਾਲੇ ਇਹ ਸਭ ਉਮੀਦਵਾਰ ਬਾਕੀ ਉਮੀਦਵਾਰਾਂ ਨਾਲੋਂ ਵਧੇਰੇ ਵੋਟਾਂ ਦੇ ਫਰਕ ਨਾਲ ਜੇਤੂ ਰਹੇ। 3 ਮਾਰਚ 2019 ਦੇ ਪੰਜਾਬੀ ਟ੍ਰਿਬਿਊਨ ਦੇ ਸੰਪਾਦਕੀ ਅਨੁਸਾਰ ਦੇਸ਼ ਦੇ ਮੀਡੀਆ ਵੱਲੋਂ ਦੇਸ਼ ਭਗਤੀ ਅਤੇ ਰਾਸ਼ਟਰਵਾਦ ਦਾ ਇਹੋ ਜਿਹਾ ਬਿਰਤਾਂਤ ਬੁਣਿਆ ਗਿਆ ਜਿਸ ਵਿੱਚ ਦੇਸ਼ ਦੀ ਵੱਡੀ ਘੱਟ ਗਿਣਤੀ ਵਾਲੇ ਫਿਰਕੇ ਪ੍ਰਤੀ ਘਿਰਣਾ ਅਤੇ ਪਾਕਿਸਤਾਨ ਦੀ ਹਸਤੀ ਨੂੰ ਮਿਟਾ ਦੇਣ ਦੇ ਦਾਅਵੇ ਹੀ ਦੇਸ਼ ਭਗਤੀ ਦੇ ਮੁਢਲੇ ਮਾਪਦੰਡ ਬਣਦੇ ਦਿਖਾਈ ਦਿੱਤੇ।

19 ਜਨਵਰੀ 2020 ਦੇ ਐੱਨ.ਡੀ.ਟੀ.ਵੀ. ਅਨੁਸਾਰ ਨੀਤੀ ਅਯੋਗ ਦੇ ਮੈਂਬਰ ਵੀ.ਕੇ. ਸਰਸਵਤ ਨੇ ਕਿਹਾ ਕਿ ਜੰਮੂ-ਕਸ਼ਮੀਰ ਵਿੱਚ ਇੰਟਰਨੈੱਟ 'ਤੇ ਪਾਬੰਦੀ ਲਾਉਣੀ ਤਾਂ ਜ਼ਰੂਰੀ ਹੈ ਕਿਉਂਕਿ ਉੱਥੇ ਲੋਕ ਗੰਦੀਆਂ ਫਿਲਮਾਂ ਦੇਖਦੇ ਹਨ। ਇਹ ਕਸ਼ਮੀਰ ਦੇ ਲੋਕਾਂ ਨੂੰ ਬਾਕੀ ਦੇਸ਼ ਦੇ ਲੋਕਾਂ ਨਾਲੋਂ ਨਿਖੇੜਕੇ ਦੇਖਣ ਅਤੇ ਬੇਇੱਜ਼ਤ ਕਰਨ ਵਾਲਾ ਹੈ। ਭਾਜਪਾ ਆਗੂਆਂ ਵਿੱਚ ਘੱਟ ਗਿਣਤੀ ਫਿਰਕੇ ਵਿਰੁੱਧ ਨਫਰਤ ਦੀ ਭੱਦੀ ਤੋਂ ਭੱਦੀ ਭਾਸ਼ਾ ਵਰਤਣ ਦੀ ਹੋੜ ਲੱਗੀ ਹੋਈ ਹੈ। 28 ਨਵੰਬਰ 2021 ਦੇ 'ਦ ਹਿੰਦੂ' ਅਨੁਸਾਰ ਪੱਛਮੀ ਬੰਗਾਲ ਭਾਜਪਾ ਪ੍ਰਧਾਨ ਦਲੀਪ ਘੋਸ਼ ਨੇ ਕਿਹਾ ਕਿ ਸਾਡੀ ਉੱਤਰ ਪ੍ਰਦੇਸ਼ ਅਤੇ ਅਸਾਮ ਸਰਕਾਰ ਨੇ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਨੂੰ ਕੁੱਤਿਆਂ ਵਾਂਗ ਗੋਲੀਆਂ ਮਾਰੀਆਂ। ਅਨੁਰਾਗ ਠਾਕੁਰ, ਜੋ ਉਸ ਵਕਤ ਮੋਦੀ ਸਰਕਾਰ ਵਿੱਚ ਵਿੱਤ ਰਾਜ ਮੰਤਰੀ ਸੀ, ਨੇ ਸ਼ਹੀਨ ਬਾਗ ਧਰਨੇ 'ਤੇ ਬੈਠੇ ਘੱਟ ਗਿਣਤੀ ਫਿਰਕੇ ਬਾਰੇ ਇੱਕ ਰੈਲੀ ਵਿੱਚ ਦੇਸ਼ ਕੇ ਗੱਦਾਰੋਂ ਕੋ, ਗੋਲੀਮਾਰੋ ਸਾ... ਕੋ ਦੇ ਨਾਅਰੇ ਲਗਵਾਏ। 18 ਅਪ੍ਰੈਲ 2023 ਦੀ ਏ.ਬੀ.ਸੀ. ਨਿਊਜ਼ ਅਨੁਸਾਰ ਸੁਪਰੀਮ ਕੋਰਟ ਨੇ ਦਿੱਲੀ ਪੁਲਿਸ ਕਮਿਸ਼ਨਰ ਤੋਂ ਅਨੁਰਾਗ ਠਾਕੁਰ ਅਤੇ ਪ੍ਰਵੇਸ਼ ਵਰਮਾ ਦੇ ਭਾਸ਼ਣਾਂ ਸਬੰਧੀ ਜਵਾਬ ਮੰਗਿਆ। ਫਿਰਕੂ ਤੰਤਰ ਅਤੇ ਉਹਨਾਂ ਦੀ ਸੱਤਾ ਕਦੋਂ ਤਕ ਘੱਟ ਗਿਣਤੀਆਂ ਅਤੇ ਸਚਾਈ ਉਜਾਗਰ ਕਰਨ ਵਾਲਿਆਂ ਉੱਤੇ ਜ਼ੁਲਮ ਢਾਹੁੰਦੇ ਰਹਿਣਗੇ।

***

## ਨਵੇਂ ਤੇ ਪੁਰਾਣੇ ਅਕਾਲੀ ਦਲਾਂ 'ਚ

ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਪਹਿਲਾਂ ਢੀਂਡਸਾ ਦੀ ਰਿਹਾਇਸ਼ 'ਤੇ ਪੁੱਜੇ ਸਨ, ਜਿਥੇ ਨਵੀਂ ਸਿਆਸੀ ਪਾਰਟੀ ਬਣਾਉਣ ਲਈ ਚਰਚਾ ਕੀਤੀ ਗਈ। ਉਹ ਵੀ ਉਸ ਵੇਲੇ ਜਦੋਂ ਉਹ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਮਿਲੀ ਸ਼ਿਕਾਇਤ ਦਾ ਨਿਪਟਾਰਾ ਕਰਨ ਵਿੱਚ ਲੱਗੇ ਸਨ। ਸ੍ਰੀ ਗਰੇਵਾਲ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖ਼ਤ 'ਤੇ ਤਲਬ ਕੀਤਾ ਜਾਵੇ ਅਤੇ ਪੰਥ ਦਾ ਦੋਖ਼ੀ ਕਰਾਰਿਆ ਜਾਵੇ।

***

## 'ਗੁਰੂ ਸੀਸ ਮਾਰਗ ਯਾਤਰਾ' 3 ਅਕਤੂਬਰ ਨੂੰ

ਗੁਰਦੁਆਰਾ ਸੀਸ ਗੰਜ ਆਨੰਦਪੁਰ ਸਾਹਿਬ ਵਿੱਚ ਸਮਾਪਤ ਹੋਵੇਗੀ। ਇਹ ਯਾਤਰਾ ਉਨ੍ਹਾਂ ਘੱਟ ਜਾਣੇ-ਪਛਾਣੇ ਸਿੱਖਾਂ ਨੂੰ ਵੀ ਸ਼ਰਧਾਂਜਲੀ ਭੇਟ ਕਰੇਗੀ ਜਿਨ੍ਹਾਂ ਨੇ ਗੁਰੂ ਸਾਹਿਬ ਦੇ ਜੀਵਨ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾਈਆਂ। ਇਨ੍ਹਾਂ ਵਿੱਚ ਭਾਈ ਲੱਖੀ ਸ਼ਾਹ ਵਣਜਾਰਾ, ਭਾਈ ਨਾਨੂੰ, ਭਾਈ ਊਦਾ, ਭਾਈ ਆਗਿਆ ਰਾਮ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਭਾਈ ਦੇਵਾ ਰਾਮ ਅਤੇ ਭਾਈ ਰਾਮ ਦੇਵਾ ਆਦਿ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਦੇਸ਼ ਭਰ ਵਿੱਚ ਵੱਖ-ਵੱਖ ਲਗਪਗ 350 ਜਨਤਕ ਥਾਵਾਂ 'ਤੇ ਗੁਰੂ ਸਾਹਿਬ ਦੇ ਜੀਵਨ ਅਤੇ ਸ਼ਹਾਦਤ ਨਾਲ ਸਬੰਧਿਤ ਪ੍ਰਦਰਸ਼ਨੀਆਂ ਵੀ ਲਾਈਆਂ ਜਾਣਗੀਆਂ ਅਤੇ ਇਹ ਬਹੁ ਭਾਸ਼ਾਵਾਂ ਵਿੱਚ ਹੋਣਗੀਆਂ। ਇਸ ਮੌਕੇ ਡਾ. ਭੁਪਿੰਦਰ ਸਿੰਘ, ਸਰਬਜੀਤ ਸਿੰਘ, ਹਰਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਰਾਜਵਿੰਦਰ ਸਿੰਘ ਰਾਹੀ, ਪ੍ਰੀਤਮ ਸਿੰਘ ਲੁਧਿਆਣਾ, ਮੇਜਰ ਸਿੰਘ ਲੁਧਿਆਣਾ, ਮਲਕੀਤ ਸਿੰਘ ਰਈਆ, ਜਤਿੰਦਰ ਸਿੰਘ ਖਡੂਰ ਸਾਹਿਬ ਤੇ ਹੋਰ ਹਾਜ਼ਰ ਸਨ।


***

## ਭਾਰਤ ਲਈ ਖ਼ਤਰਨਾਕ ਸਾਬਤ ਹੋ ਸਕਦੇ

ਸਗੋਂ ਇਹ ਆਉਣ ਵਾਲੇ ਦਹਾਕਿਆਂ ਵਿੱਚ ਏਸ਼ੀਆ ਵਿੱਚ ਪਾਣੀ ਤੇ ਨਿਯੰਤਰਣ, ਰਾਜਨੀਤੀ ਅਤੇ ਵਾਤਾਵਰਣ 'ਚ ਵੱਡੀਆਂ ਤਬਦੀਲੀਆਂ ਲਿਆ ਸਕਦਾ ਹੈ। ਇਹ ਚੀਨ ਦੀ ਹਾਈਡਰੋਪਾਵਰ ਯੋਜਨਾ ਦਾ ਕੇਂਦਰ ਬਣ ਚੁੱਕਾ ਹੈ ਇਸ ਕਰਕੇ ਇਸ ਨਾਲ ਸੰਬੰਧਿਤ ਖ਼ਤਰੇ ਅਤੇ ਚੁਣੌਤੀਆਂ ਵੀ ਓਨੀਆਂ ਹੀ ਵੱਡੀਆਂ ਹਨ। ਇਸ ਸੰਕਟ ਨਾਲ ਨਿਪਟਣ ਲਈ ਭਾਰਤ, ਚੀਨ ਅਤੇ ਬੰਗਲਾਦੇਸ਼ ਵਿਚਕਾਰ ਸਹਿਮਤੀ ਲਈ ਸਮਝੌਤਾ ਹੋਣਾ ਚਾਹੀਦਾ ਹੈ, ਇਸ ਮੁਤਾਬਿਕ ਡੇਟਾ ਸਾਂਝਾ ਕਰਨ ਵਾਲੀਆਂ ਲਾਈਨਾਂ ਅਤੇ ਸਥਾਈ ਸੰਵਾਦੀ ਵਿਵਸਥਾ ਦੀ ਵੀ ਲੋੜ ਹੈ। ਨਦੀਆਂ ਸਿਰਫ਼ ਸਰਹੱਦਾਂ ਨਾਲ ਨਹੀਂ ਰੁਕਦੀਆਂ, ਤੇ ਇਸ ਕਰਕੇ ਇਨ੍ਹਾਂ ਉੱਤੇ ਕੰਮ ਕਰਦੇ ਹੋਏ ਸਰਹੱਦੀ ਸੋਚ ਤੋਂ ਉੱਪਰ ਉੱਠਣਾ ਹੋਵੇਗਾ। ਜੇਕਰ ਇਹ ਸੰਘਰਸ਼ ਵਧਦਾ ਗਿਆ ਤਾਂ ਨਾ ਸਿਰਫ਼ ਵਾਤਾਵਰਣਿਕ ਤਬਾਹੀ ਹੋਵੇਗੀ, ਸਗੋਂ ਭਾਰਤ-ਚੀਨ ਸੰਬੰਧ ਵੀ ਹੋਰ ਖਰਾਬ ਹੋਣ ਦੇ ਹਲਾਤ ਪੈਦਾ ਹੋਣਗੇ। ਇਸ ਲਈ ਇਹ ਨਿਰਣਾ ਇੱਕ ਵੱਡੀ ਜ਼ਿੰਮੇਵਾਰੀ ਵਾਲੀ ਚੋਣ ਹੈ, ਜੋ ਕੇਵਲ ਇੱਕ ਨਦੀ ਉੱਤੇ ਡੈਮ ਨਹੀਂ, ਸਗੋਂ ਏਸ਼ੀਆ ਦੀ ਭਵਿੱਖੀ ਸਥਿਰਤਾ ਉੱਤੇ ਇੱਕ ਸਵਾਲ ਬਣ ਕੇ ਖੜ੍ਹਾ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD   sling

CREDIBILITY   RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com